








Eighteenth Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 50, December 16, 2017 20451 N Plum Grove Rd., Palatine, IL 60074 Ph:847-359-0746, Fax:847-705-9388

## ਸੁਖਬੀਰ ਦਾ ਧਰਨਿਆਂ ਵਾਲਾ ਪੈਂਤੜਾ ਵੀ ਪੁੱਠਾ ਪਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਵੇਲੇ ਹਾਕਮ ਧਿਰ ਕਾਂਗਰਸ ਦੀ 'ਧੱਕੇਸ਼ਾਹੀ' ਖਿਲਾਫ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਧਰਨਿਆਂ ਵਾਲੇ ਪੈਂਤੜੇ ਉਤੇ ਅਕਾਲੀ ਦਲ ਘਿਰਿਆ ਹੋਇਆ ਹੈ। ਹਾਈ ਕੋਰਟ ਦੇ ਦਖਲ ਕਾਰਨ ਜਿਥੇ ਕੈਪਟਨ ਸਰਕਾਰ ਨੇ ਸੜਕੀ ਆਵਾਜਾਈ ਰੋਕਣ ਦੇ ਦੋਸ਼ ਹੇਠ ਸੁਖਬੀਰ ਸਮੇਤ 1350 ਅਕਾਲੀ ਆਗੂਆਂ ਖਿਲਾਫ ਕੇਸ ਦਰਜ ਕਰ ਲਏ, ਉਥੇ ਲੋਕਾਂ ਦੀ ਖੱਜਲ ਖੁਆਰੀ ਉਤੇ ਬਾਦਲ ਧਿਰ ਨੂੰ ਜਵਾਬ ਦੇਣਾ ਔਖਾ ਹੋਇਆ ਪਿਆ ਹੈ। ਲੋਕ ਸਵਾਲ ਪੁੱਛ ਰਹੇ ਹਨ ਕਿ ਅਕਾਲੀਆਂ ਦੀ ਦਸ ਸਾਲ ਸੱਤਾ ਵੇਲੇ ਧਰਨੇ ਮੁਜ਼ਾਹਰੇ ਕਰਨ ਵਾਲਿਆਂ ਨੂੰ 'ਵਿਹਲੜ' ਅਤੇ 'ਘਰੋਂ ਕੱਢੇ ਹੋਏ' ਕਹਿਣ ਵਾਲੇ ਸੁਖਬੀਰ ਸਿੰਘ ਬਾਦਲ ਹੁਣ ਕਿਹੜੇ ਮੂੰਹ ਨਾਲ ਸੜਕਾਂ ਉਤੇ ਆਏ ਹਨ?

ਬਾਜ਼ੀ ਪੁੱਠੀ ਪੈਂਦੀ ਵੇਖ ਸੁਖਬੀਰ ਨੂੰ ਅਗਲੇ ਹੀ ਦਿਨ ਕੋਰ ਕਮੇਟੀ ਦੀ ਮੀਟਿੰਗ ਸੱਦਣੀ ਪਈ। ਇਸ ਮੀਟਿੰਗ ਵਿਚ ਸੁਖਬੀਰ ਦਾ ਫੈਸਲਾ ਇਸ ਤੋਂ ਵੀ ਹੈਰਾਨ ਕਰਨ ਵਾਲਾ ਸੀ। ਫੈਸਲਾ ਸੀ- ਪੰਜਾਬ ਦੇ ਸਾਢੇ 12 ਹਜ਼ਾਰ ਪਿੰਡਾਂ ਵਿਚੋਂ ਸਵਾ ਲੱਖ ਦੇ ਕਰੀਬ ਵਲੰਟੀਅਰ ਚੁਣੇ ਜਾਣਗੇ। ਇਹ ਵੱਡੀ ਫੌਜ ਪੰਜਾਬ ਭਰ ਵਿਚ ਕਿਸੇ ਵੀ ਜਗ੍ਹਾ ਉਤੇ ਹੋ ਰਹੀ ਧੱਕੇਸ਼ਾਹੀ ਖਿਲਾਫ ਡਟ ਕੇ ਖੜ੍ਹੇਗੀ। ਦੱਸ ਦਈਏ ਕਿ ਫਿਰੋਜ਼ਪੁਰ ਦੇ ਪਿੰਡ ਮੱਲਾਂਵਾਲਾ ਵਿਚ ਨਗਰ ਪੰਚਾਇਤ ਚੋਣਾਂ ਦੀਆਂ ਨਾਮਜ਼ਦਗੀਆਂ ਦੇ ਆਖਰੀ ਦਿਨ ਕਾਂਗਰਸ ਅਤੇ ਅਕਾਲੀ ਵਰਕਰਾਂ ਵਿਚਕਾਰ ਖੂਨੀ ਝੜਪ ਹੋਈ ਸੀ। ਅਕਾਲੀਆਂ ਨੇ ਦੋਸ਼ ਲਾ ਦਿੱਤਾ ਕਿ ਕਾਂਗਰਸੀਆਂ ਨੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਕਾਗਜ਼ ਦਾਖਲ ਨਹੀਂ ਕਰਨ ਦਿੱਤੇ। ਇਹ ਸ਼ਿਕਾਇਤ ਚੋਣ ਕਮਿਸ਼ਨ ਕੋਲ ਗਈ ਜਿਸ ਪਿੱਛੋਂ ਨਾਮਜ਼ਦਗੀਆਂ ਲਈ ਇਕ ਦਿਨ ਹੋਰ ਦੇ ਦਿੱਤਾ ਗਿਆ, ਪਰ ਇਸ ਦੇ ਬਾਵਜੂਦ ਕਿਸੇ ਵੀ ਅਕਾਲੀ ਉਮੀਦਵਾਰ ਨੇ ਕਾਗਜ਼ ਦਾਖਲ ਨਾ ਕੀਤੇ। ਪੁਲਿਸ ਉਤੇ ਇਕਤਰਫਾ ਕਾਰਵਾਈ ਦਾ ਦੋਸ਼ ਲਾਉਂਦਿਆਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਹਰੀਕੇ ਪੱਤਣ ਵਿਚ ਸਤਲੁਜ ਦਰਿਆ ਦੇ ਪੁਲ ਉਤੇ ਧਰਨਾ ਲਾ ਦਿੱਤਾ।

ਸੁਖਬੀਰ ਦੇ ਸੱਦੇ ਪਿੱਛੋਂ ਫਿਰੋਜ਼ਪੁਰ, ਹਰੀਕੇ, ਅਮਲੋਹ (ਫਤਿਹਗੜ੍ਹ ਸਾਹਿਬ), ਜਲੰਧਰ ਤੇ ਬਾਘਾ ਪੁਰਾਣਾ ਸਮੇਤ ਕਈ ਥਾਂਵਾਂ ਉਤੇ ਧਰਨੇ ਸ਼ੁਰੂ ਹੋ ਗਏ। ਇਹ ਧਰਨੇ ਇੰਨੀ ਵਿਉਂਤਬੰਦੀ ਨਾਲ ਲਾਏ ਗਏ ਕਿ ਸੂਬੇ ਦਾ ਇਕ ਦੂਜੇ ਖੇਤਰਾਂ

*(ਬਾਕੀ ਸਫਾ 6 ਉਤੇ)*



### ਅਕਾਲੀਆਂ ਤੇ ਕਾਂਗਰਸੀਆਂ ਦਾ ਗੱਠਜੋੜ?

ਅਕਾਲੀਆਂ ਦੇ ਧਰਨੇ ਤੇ ਕਾਂਗਰਸ ਸਰਕਾਰ ਵੱਲੋਂ ਅਪਣਾਏ ਰੁਖ ਉਤੇ ਵੀ ਸਵਾਲ ਉਠ ਰਹੇ ਹਨ। ਸੁਖਬੀਰ ਬਾਦਲ ਦੀ ਅਗਵਾਈ ਵਿਚ ਹਜ਼ਾਰਾਂ ਅਕਾਲੀ ਵਰਕਰਾਂ ਨੇ ਤਕਰੀਬਨ 24 ਘੰਟੇ ਸੜਕਾਂ ਜਾਮ ਕੀਤੀ ਰੱਖੀਆਂ ਅਤੇ ਪੁਲਿਸ ਇਕ ਪਾਸੇ ਖੜ੍ਹੀ ਤਮਾਸ਼ਾ ਦੇਖਦੀ ਰਹੀ। ਅਕਾਲੀਆਂ ਨੇ ਇਕ ਦਿਨ ਪਹਿਲਾਂ ਸੜਕਾਂ ਜਾਮ ਕਰਨ ਦਾ ਐਲਾਨ ਕੀਤਾ ਸੀ; ਜਦ ਕਿ ਇਸੇ ਤਰ੍ਹਾਂ ਦਾ ਐਲਾਨ ਦੋ ਮਹੀਨੇ ਪਹਿਲਾਂ ਸਰਕਾਰੀ ਲਾਰਿਆਂ ਤੋਂ ਅੱਕੇ ਕਿਸਾਨਾਂ ਨੇ ਕੀਤਾ ਸੀ। ਉਦੋਂ ਕੈਪਟਨ ਸਰਕਾਰ ਨੇ ਰਾਤੋ-ਰਾਤ ਸਾਰੇ ਕਿਸਾਨ ਆਗੂਆਂ ਨੂੰ ਚੁੱਕ ਲਿਆ, ਪਰ ਸੁਖਬੀਰ ਵਾਰੀ ਲੋਕਾਂ ਨੂੰ ਰੱਬ ਆਸਰੇ ਛੱਡ ਦਿੱਤਾ। ਯਾਦ ਰਹੇ ਕਿ ਅਕਾਲੀਆਂ ਤੇ ਕਾਂਗਰਸੀਆਂ ਉਤੇ ਵਿਧਾਨ ਸਭਾ ਚੋਣਾਂ ਵੇਲੇ ਵੀ ਅੰਦਰੋਂ ਇਕਮਿਕ ਹੋਣ ਦੇ ਦੋਸ਼ ਲੱਗੇ ਸਨ ਤੇ ਹੁਣ ਵੀ ਇਹੋ ਸਵਾਲ ਉਠ ਰਹੇ ਹਨ। ਸ਼ਹਿਰੀ ਚੋਣਾਂ ਵਿਚ ਪਹਿਲੀ ਵਾਰ ਤੀਜੀ ਧਿਰ ਆਮ ਆਦਮੀ ਪਾਰਟੀ ਦੋਵਾਂ ਰਵਾਇਤੀ ਧਿਰਾਂ ਨੂੰ ਵੱਡੀ ਟੱਕਰ ਦੇ ਰਹੀ ਹੈ। ਅਕਾਲੀ ਦਲ ਵਿਧਾਨ ਸਭਾ ਚੋਣਾਂ ਵਾਂਗ ਮੁੜ ਤੀਜੇ ਨੰਬਰ 'ਤੇ ਨਹੀਂ ਆਉਣਾ ਚਾਹੁੰਦਾ।

## ਗੁਜਰਾਤ ਵਿਚ ਭਾਜਪਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ

**ਅਹਿਮਦਾਬਾਦ:** ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਦਾ ਅਮਲ ਸਿਰੇ ਚੜ੍ਹ ਚੁੱਕਾ ਹੈ ਤੇ 18 ਦਸੰਬਰ ਨੂੰ ਆਉਣ ਵਾਲੇ ਨਤੀਜਿਆਂ ਵਿਚ ਨਵੀਂ ਸਰਕਾਰ ਬਾਰੇ ਫੈਸਲਾ ਹੋਵੇਗਾ। ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮਾਂ ਸੱਤਾ 'ਤੇ ਕਾਬਜ਼ ਰਹੀ ਭਾਜਪਾ ਲਈ ਇਹ ਸਭ ਤੋਂ ਵੱਡਾ ਦਿਨ ਹੋਵੇਗਾ, ਕਿਉਂਕਿ ਇਸ ਵਾਰ ਉਸ ਨੂੰ ਕਿਸੇ 'ਅਣਹੋਣੀ' ਦਾ ਡਰ ਹੈ। ਪਾਟੀਦਾਰ ਭਾਈਚਾਰੇ ਵੱਲੋਂ ਕਾਂਗਰਸ ਨੂੰ ਹਮਾਇਤ ਨੇ ਤਾਂ ਭਾਜਪਾ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ ਹੋਈ ਹੈ। ਪਹਿਲੇ ਪੜਾਅ ਦੀਆਂ ਵੋਟਾਂ ਤੋਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸਿਆਸੀ ਵਿਰੋਧੀਆਂ ਬਾਰੇ ਜੋ ਰੁਖ ਅਪਣਾਇਆ, ਉਹ ਇਹੀ ਇਸ਼ਾਰਾ ਕਰਦਾ ਹੈ ਕਿ ਇਸ ਵਾਰ ਨਤੀਜੇ ਕੁਝ ਵੱਖਰੇ ਹੋਣਗੇ।

ਭਾਜਪਾ ਹੁਣ ਤੱਕ ਕੌਮਾਂਤਰੀ ਪੱਧਰ 'ਤੇ ਉਤੇ ਆਪਣੇ 'ਗੁਜਰਾਤ ਮਾਡਲ' ਨੂੰ ਪ੍ਰਚਾਰਦੀ ਰਹੀ ਹੈ, ਪਰ ਇਸ ਵਾਰ, ਖਾਸ ਕਰ ਕੇ ਦੂਜੇ ਤੇ ਆਖਰੀ ਪੜਾਅ ਲਈ ਵੋਟਾਂ ਤੋਂ ਤਿੰਨ ਦਿਨ ਪਹਿਲਾਂ ਭਾਜਪਾ ਦੇ ਪ੍ਰਚਾਰ ਵਿਚੋਂ ਇਹ ਵਿਕਾਸ ਮਾਡਲ ਗਾਇਬ ਹੋ ਗਿਆ ਤੇ ਇਸ ਧਿਰ ਨੇ ਕਾਂਗਰਸ ਦੇ 'ਮਾੜੇ ਕੰਮਾਂ' ਨੂੰ ਹਥਿਆਰ ਬਣਾ ਲਿਆ। ਨਰੇਂਦਰ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਥਲ ਸੈਨਾ ਮੁਖੀ ਦੀਪਕ ਕਪੂਰ ਅਤੇ ਪਾਕਿਸਤਾਨੀ ਹਾਈ ਕਮਿਸ਼ਨਰ ਦੀ ਮਨੀਸ਼ੰਕਰ ਅਈਅਰ ਦੇ ਘਰ ਖਾਣੇ ਉਤੇ 6 ਦਸੰਬਰ ਵਾਲੀ ਮੁਲਾਕਾਤ ਨੂੰ ਵੀ ਕਾਂਗਰਸ ਦੇ ਆਗੂਆਂ ਦੀ ਗੁਜਰਾਤ ਚੋਣਾਂ ਲਈ ਪਾਕਿਸਤਾਨ ਨਾਲ ਮਿਲੀਭੁਗਤ ਕਰਾਰ ਦੇ ਦਿੱਤਾ। ਯਾਦ ਰਹੇ, ਮੋਦੀ ਨੇ ਪਹਿਲਾਂ ਨਰਮਦਾ ਦੇ ਪਾਣੀਆਂ, ਫਿਰ ਓ.ਬੀ.ਸੀ. ਤੇ ਫਿਰ ਗੁਜਰਾਤ ਵਿਚ ਵਿਕਾਸ ਦੇ ਮੁੱਦੇ ਉਤੇ ਚੋਣ ਲੜਨ ਦਾ ਐਲਾਨ ਕੀਤਾ ਸੀ, ਪਰ ਵਿਰੋਧੀ ਧਿਰਾਂ ਸਮੇਤ ਆਮ ਲੋਕ ਵਿਕਾਸ ਦੇ ਝੂਠੇ ਮਾਡਲ ਦੀ ਤਸਵੀਰ ਭਾਜਪਾ ਦੀਆਂ ਰੈਲੀਆਂ ਵਿਚ ਲੈ ਕੇ ਪਹੁੰਚਣ ਲੱਗੇ ਤਾਂ ਸੱਤਾਧਿਰ ਘਿਰ ਗਈ।

ਸੀਨੀਅਰ ਕਾਂਗਰਸੀ ਆਗੂ ਮਣੀ ਸ਼ੰਕਰ ਅਈਅਰ ਨੇ ਮੋਦੀ ਨੂੰ 'ਨੀਚ' ਕਹਿ ਕੇ ਭਾਜਪਾ



ਨੂੰ ਵੱਡਾ ਮੁੱਦਾ ਦੇ ਦਿੱਤਾ। ਮੋਦੀ ਨੇ ਇਸ ਨੂੰ ਜਾਤੀ ਸਿਆਸਤ ਨਾਲ ਜੋੜਨ ਵਿਚ ਦੇਰ ਨਾ ਲਾਈ ਤੇ ਇਸ ਬਿਆਨ ਦੇ ਸਿਰਫ ਦੋ ਘੰਟਿਆਂ ਬਾਅਦ ਰੈਲੀ ਵਿਚ ਆਖ ਦਿੱਤਾ ਕਿ 'ਹਾਂ ਉਹ ਨੀਚ ਜਾਤ ਤੋਂ ਹੈ, ਪਰ ਉਸ ਦੇ ਕੰਮ ਨੀਚ ਨਹੀਂ ਹਨ।' ਦੱਸ ਦਈਏ ਕਿ ਕਾਂਗਰਸ ਦੇ ਇਸੇ ਆਗੂ ਨੇ ਲੋਕ ਸਭਾ ਚੋਣਾਂ ਦੌਰਾਨ ਵੀ ਮੋਦੀ ਨੂੰ 'ਚਾਹ ਵਾਲਾ' ਆਖ ਦਿੱਤਾ ਸੀ; ਬੱਸ ਫਿਰ ਕੀ ਸੀ, ਭਾਜਪਾ ਨੇ ਇਨ੍ਹਾਂ ਦੋ ਸ਼ਬਦਾਂ ਦੇ ਸਿਰ 'ਤੇ ਚੋਣ ਮੇਲਾ ਲੁੱਟ ਲਿਆ। ਉਂਜ, ਐਤਕੀਂ ਗੁਜਰਾਤ ਵਿਚ 22 ਸਾਲਾਂ ਦੀ ਹਕੂਮਤ ਤੋਂ ਬਾਅਦ ਭਾਜਪਾ ਨੂੰ ਪਹਿਲੀ ਵਾਰ ਸਥਾਪਤੀ ਵਿਰੋਧੀ ਭਾਵਨਾ ਨਾਲ ਦੋ-ਚਾਰ ਹੋਣਾ ਪਿਆ ਹੈ। ਉਸ ਕੋਲ ਲੋਕਾਂ ਦੇ ਸਵਾਲਾਂ ਦੇ ਜਵਾਬ ਨਹੀਂ।






# ਸੈਮ ਪਿਟਰੋਡਾ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੇ ਬਣੇ ਚੇਅਰਮੈਨ

**ਨਿਊ ਯਾਰਕ (ਬਿਊਰੋ):** ਸੈਮ ਪਿਟਰੋਡਾ ਇਕਜੁੱਟ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੇ ਅੰਬਰੇਲਾ ਬੋਰਡ ਦੇ ਚੇਅਰਮੈਨ ਹੋਣਗੇ ਜਦੋਂਕਿ ਜਾਰਜ ਅਬਰਾਹਮ ਵਾਈਸ ਚੇਅਰਮੈਨ ਤੇ ਡਾ. ਸੁਰਿੰਦਰ ਸਿੰਘ




ਮਲਹੋਤਰਾ ਮੈਂਬਰ ਹੋਣਗੇ। ਮਹਿੰਦਰ ਸਿੰਘ ਗਿਲਜੀਆਂ ਆਉਂਦੀਆਂ ਲੋਕ ਸਭਾ ਚੋਣਾਂ ਤੱਕ ਪਹਿਲਾਂ ਵਾਂਗ ਪਾਰਟੀ ਇਕਾਈ ਦੇ ਪ੍ਰਧਾਨ ਬਣੇ ਰਹਿਣਗੇ। ਇਹ ਐਲਾਨ ਕੁਲ ਹਿੰਦ ਕਾਂਗਰਸ ਕਮੇਟੀ ਦੇ ਇੰਡੀਅਨ ਨੈਸ਼ਨਲ ਓਵਰਸੀਜ਼ ਵਿਭਾਗ ਦੇ ਚੇਅਰਮੈਨ ਸੈਮ ਪਿਟਰੋਡਾ ਵਲੋਂ ਇਥੇ ਲੰਘੇ ਸਨਿਚਰਵਾਰ ਨੂੰ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੀ ਮੀਟਿੰਗ ਵਿਚ ਕੀਤਾ ਗਿਆ।

ਇਸ ਮੌਕੇ ਪਾਰਟੀ ਇਕਾਈ ਦੇ ਸਕੱਤਰ ਜਨਰਲ ਹਰਬਚਨ ਸਿੰਘ ਨੂੰ ਦੋ ਧੜੇ ਮਿਲਾ ਕੇ ਬਣਾਈ ਗਈ ਇਕ ਇਕਾਈ ਇੰਡੀਅਨ ਓਵਰਸੀਜ਼ ਕਾਂਗਰਸ ਯੂ ਐਸ ਏ ਦੇ ਬਾਈਲਾਅਜ਼ ਸੋਧਣ ਲਈ ਬਣਾਏ ਗਏ ਤਿੰਨ ਮੈਂਬਰੀ ਗਰੁਪ ਦਾ ਮੁਖੀ ਬਣਾਉਣ ਦਾ ਐਲਾਨ ਵੀ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਵਿਚ ਕਾਂਗਰਸ ਪਾਰਟੀ ਦੇ ਦੋ ਧੜੇ ਸਨ ਜਿਨ੍ਹਾਂ ਵਿਚੋਂ ਇਕ (ਆਈ ਐਨ ਓ ਸੀ, ਯੂ ਐਸ ਏ) ਦੇ ਮੁਖੀ ਜਾਰਜ ਅਬਰਾਹਮ ਤੇ ਦੂਜੇ (ਆਈ ਐਨ ਓ ਸੀ, ਆਈ) ਦੇ ਸੁਧ ਪ੍ਰਕਾਸ਼ ਸਿੰਘ ਸਨ।

ਜਾਰਜ ਅਬਰਾਹਮ ਨੇ ਇਸ ਮੌਕੇ ਬੋਲਦਿਆਂ ਔਖੇ ਸਮੇਂ ਵੀ ਪਾਰਟੀ ਵਰਕਰਾਂ ਵਲੋਂ ਕਾਂਗਰਸ ਦੇ ਅਸੂਲਾਂ ਉਤੇ ਪਹਿਰਾ ਦੇਣ ਦੀ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਉਮੀਦ ਜ਼ਾਹਰ ਕੀਤੀ ਕਿ ਅਮਰੀਕਾ ਵਿਚ ਸਾਰੇ ਵਰਕਰ ਪਾਰਟੀ ਨੂੰ ਮਜਬੂਤ ਕਰਨ ਲਈ ਸਿਰ ਜੋੜ ਕੇ ਕੰਮ ਕਰਨਗੇ।

ਮਹਿੰਦਰ ਸਿੰਘ ਗਿਲਜੀਆਂ ਨੇ ਸਭ ਪਾਰਟੀ ਵਰਕਰਾਂ ਨੂੰ ਕਾਂਗਰਸ ਨੂੰ ਮਜਬੂਤ ਕਰਨ ਲਈ ਰਲ ਕੇ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦਾ ਇਤਿਹਾਸ ਸ਼ਾਨਾਂਮੱਤਾ ਹੈ ਅਤੇ ਭਵਿੱਖ ਵਿਚ ਵੀ ਇਹ ਜਨਤਾ ਦੀਆਂ ਉਮੀਦਾਂ ਉਤੇ ਪੂਰਾ ਉਤਰੇਗੀ। ਹਰਬਚਨ ਸਿੰਘ ਨੇ ਭਰੋਸਾ ਜ਼ਾਹਰ ਕੀਤਾ ਕਿ ਹਾਲੀਆ ਮੁਸ਼ਕਿਲਾਂ ਦੇ ਬਾਵਜੂਦ ਕਾਂਗਰਸ ਪਾਰਟੀ ਦਾ ਭਵਿੱਖ ਰੌਸ਼ਨ ਹੋਵੇਗਾ। ਡਾ. ਸੁਰਿੰਦਰ ਸਿੰਘ ਮਲਹੋਤਰਾ ਨੇ ਕਾਂਗਰਸ ਦੇ ਇਸ ਗਰੁਪ ਦੇ ਸਾਰੇ ਸੀਨੀਅਰ ਆਗੂਆਂ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ



ਕੀਤੀ। ਗੈਸਟ ਸਪੀਕਰ ਡਾ. ਜਾਰਜ ਮੈਥਿਊ, ਜੋ ਕਿ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਸ, ਨਵੀਂ ਦਿੱਲੀ ਦੇ ਚੇਅਰਮੈਨ ਹਨ, ਨੇ ਕਾਂਗਰਸ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਆਧੁਨਿਕ ਸਮਾਜ ਵਿਚ ਇਸ ਦੇ ਧਰਮ ਨਿਰਪੇਖ ਸਿਸਟਮ ਦੀ ਸ਼ਲਾਘਾ ਕੀਤੀ।

ਇਸ ਮੌਕੇ ਪਾਰਟੀ ਆਗੂਆਂ ਨੇ ਰਾਹੁਲ ਗਾਂਧੀ ਨੂੰ ਕੁਲ ਹਿੰਦ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਦਾ ਭਰਵਾਂ ਸਵਾਗਤ ਕੀਤਾ। ਇਕ ਪਿਛੋਂ ਇਕ ਬੁਲਾਰੇ ਨੇ ਇਸ ਚੋਣ ਉਤੇ ਖੁਸ਼ੀ ਜ਼ਾਹਰ ਕਰਦਿਆਂ ਭਰੋਸਾ ਜ਼ਾਹਰ ਕੀਤਾ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ ਅਗਲੀਆਂ ਚੋਣਾਂ ਵਿਚ ਪਾਰਟੀ ਜਿੱਤ ਹਾਸਲ ਕਰੇਗੀ।

ਮੀਟਿੰਗ ਵਿਚ ਪਾਰਟੀ ਦੀ ਪਹਿਲੀ ਪ੍ਰਧਾਨ ਸੋਨੀਆ ਗਾਂਧੀ ਦੇ ਜਨਮ ਦਿਨ ਦਾ ਕੇਕ ਬੜੇ ਚਾਅ ਅਤੇ ਉਤਸ਼ਾਹ ਨਾਲ ਕੱਟਿਆ ਗਿਆ। ਜਾਰਜ ਅਬਰਾਹਮ ਨੇ ਇਸ ਮੌਕੇ ਬੋਲਦਿਆਂ ਇੰਡੀਅਨ ਓਵਰਸੀਜ਼ ਕਾਂਗਰਸ ਨੂੰ ਅਮਰੀਕਾ ਵਿਚ ਇਕ ਮਜਬੂਤ ਜਥੇਬੰਦੀ ਬਣਾਉਣ ਲਈ ਸੋਨੀਆ ਗਾਂਧੀ ਦੀ ਭੂਮਿਕਾ ਦੀ ਭਰਪੂਰ ਸ਼ਲਾਘਾ ਕੀਤੀ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਗਿੱਲ, ਮਾਲਿਨੀ ਸ਼ਾਹ, ਸਤੀਸ਼ ਸ਼ਰਮਾ, ਸਵਰਨ ਸਿੰਘ, ਜਸਵੀਰ ਸਿੰਘ ਨਵਾਂ ਸ਼ਹਿਰ, ਜੋਸ ਜੈਕਬ, ਜਯਾ ਸੁੰਦਰਮ, ਦਵਿੰਦਰ ਵੋਹਰਾ, ਗੌਤਮ ਸੰਘਵੀ, ਕੁਲਵੀਰ ਸਿੰਘ, ਕੋਸ਼ੀ ਓਮੈਨ ਅਤੇ ਲੀਲਾ ਮੈਰਟ ਨੇ ਵੀ ਸੰਬੋਧਨ ਕੀਤਾ।




## Bhaura Transport LLC

*Noblesville, IN*

### ਡਰਾਈਵਰਾਂ ਦੀ ਲੋੜ ਹੈ



*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .50 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਅਵਤਾਰ ਸਿੰਘ, ਫੋਨ: 317-403-0493**

50-51


## ਪੰਜਾਬੀ ਜੋੜਾ ਕੈਨੇਡਾ ਸਰਹੱਦ 'ਤੇ ਕੋਕੀਨ ਸਣੇ ਗ੍ਰਿਫਤਾਰ

ਫਰਿਜ਼ਨੋ (ਬਿਊਰੋ): ਲੰਘੀ 2 ਦਸੰਬਰ ਨੂੰ ਕੈਨੇਡਾ ਦੀ ਅਲਬਰਟਾ ਸਰਹੱਦ 'ਤੇ ਇਕ ਕੁਇੰਟਲ ਕੋਕੀਨ ਸਣੇ ਫੜ੍ਹੇ



ਗਏ ਟਰੱਕ ਚਾਲਕ ਪਤੀ-ਪਤਨੀ ਦੀ ਪਛਾਣ ਕਲੋਵਿਸ, ਕੈਲੀਫੋਰਨੀਆ ਨਿਵਾਸੀ ਗੁਰਮਿੰਦਰ ਸਿੰਘ ਤੂਰ (31) ਅਤੇ ਕਿਰਨਦੀਪ ਕੌਰ (26) ਵਜੋਂ ਹੋਈ ਹੈ। ਡਰੱਗ ਮਾਈਕਰੋਵੇਵ ਅਤੇ ਟਰੱਕ ਦੇ ਬੈਂਡ ਹੇਠ ਛੁਪਾਈ ਹੋਈ ਸੀ। ਜਿਸ ਟਰੱਕ ਨੂੰ ਇਹ ਚਲਾ ਰਹੇ ਸਨ, ਉਹ ਸਬਜੀਆਂ ਨਾਲ ਲੱਦਿਆ ਹੋਇਆ ਸੀ ਅਤੇ ਕੈਲੀਫੋਰਨੀਆ ਤੋਂ ਅਲਬਰਟਾ (ਕੈਨੇਡਾ) ਜਾ ਰਿਹਾ ਸੀ।

ਕੈਨੇਡਾ ਪੁਲਿਸ ਦੇ ਸੂਤਰਾਂ ਅਨੁਸਾਰ ਕੈਨੇਡਾ-ਅਮਰੀਕਾ ਬਾਰਡਰ 'ਤੇ ਫੜ੍ਹੀ ਗਈ ਕੋਕੀਨ ਦੀ ਇਹ ਸਭ ਤੋਂ ਵੱਡੀ ਖੇਪ ਹੈ ਜਿਸ ਦੀ ਕੀਮਤ ਕਰੀਬ ਅੱਠ ਮਿਲੀਅਨ ਡਾਲਰ (ਕਰੀਬ 42 ਕਰੋੜ ਰੁਪਏ) ਬਣਦੀ ਹੈ। ਇਸ ਮਾਮਲੇ 'ਚ ਪੁਲਿਸ ਵੱਡੀ ਮੱਛੀ ਦੀ ਭਾਲ ਕਰ ਰਹੀ ਹੈ।


## Michigan Truck Driving School

**6405 Middlebelt Road, Romulus, MI 48174**

### ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298



## BTS CARRIER
we move america



## Wanted Owner Operators and Experienced Drivers.

*Long and Local Routes.*

**Drivers: 42 cents to 50 cents per mile.**

**Owner Operator**

With own Truck/Trailer get 92% of gross (8% Dispatch+ Insurance). Using company trailer get 80% of gross.

**Fuel Discount:** 25 Cents To 40 Cents Per Gallon @ Pilot, Flying J, TA And Petro.

**Direct deposit available.**

*For more information please contacts:*

**Rusty Sekhon 734-233-8464**

# Matrimonials

## ਲੜਕੇ ਦੀ ਲੋੜ ਹੈ

Seeking a suitable match for Green card holder, Registered Nurse (RN) girl. 28, 5'-2". Caste no bar. Boy should be well educated, US citizen or green card holder. Ph: 317-712-7190

49-52

Wanted suitable boy for Sikh Ahluwalia beautiful girl, 30, 5'-1", B.Com, MBA from a reputed family, working as an assistant professor. Upper caste no bar. Contact, Ph: 91-98141-09225 or e-mail: Paulsangeeta@yahoo.co.in

49-

## ਲੜਕੀ ਦੀ ਲੋੜ ਹੈ

Wanted suitable US citizen or green card holder girl for Jatt Sikh boy, 32, 6'-3'', PhD (Weed Science), Post-Doctoral research associate at University of Missouri, Columbia, USA. Contact, Ph: 573-529-8325 or 510-209-5298

47-50

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 31 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

49-50

Wanted suitable girl for clean shaven Sikh Rajput (Rathore) boy 29, 5'-9", B.E., MBA (USA). Working in Chicago on H1B visa. Both sisters married and settled in the USA. Contact, Ph: 91-98150-34814 or singhmatri8@gmail.com

47-50

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541

44-51

# ਨਿਊ ਯਾਰਕ ਟਰਾਂਜ਼ਿਟ ਹੱਬ ਬਸ ਸਟੇਸ਼ਨ 'ਤੇ ਬੰਬ ਧਮਾਕਾ

**ਨਿਊ ਯਾਰਕ (ਬਿਊਰੋ):** ਆਈ. ਐਸ. ਆਈ. ਐਸ. ਦੀ ਸੋਚ ਤੋਂ ਪ੍ਰਭਾਵਿਤ ਇਕ ਆਤਮਘਾਤੀ ਹਮਲਾਵਰ ਨੇ ਪੋਰਟ ਅਥਾਰਿਟੀ



ਬੱਸ ਟਰਮੀਨਲ ਸਬਵੇਅ ਸਟੇਸ਼ਨ 'ਤੇ ਘਰ ਵਿਚ ਹੀ ਬਣਾਏ ਗਏ ਵਿਸਫੋਟਕ ਪਦਾਰਥ ਨਾਲ ਧਮਾਕਾ ਕਰ ਦਿੱਤਾ। ਧਮਾਕੇ ਵਿਚ ਹਮਲਾਵਰ ਅਤੇ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ।

ਹਮਲਾਵਰ ਦੀ ਪਛਾਣ ਬਰੁਕਲਿਨ ਵਾਸੀ 27 ਸਾਲਾ ਅਕਾਇਦ ਉਲਾ ਵਜੋਂ ਹੋਈ ਹੈ। ਪੁਲਿਸ ਸੂਤਰਾਂ ਅਨੁਸਾਰ ਅਕਾਇਦ ਨੇ ਦੱਸਿਆ ਕਿ ਇਹ ਕਾਰਾ ਉਸ ਨੇ ਹਾਲ ਹੀ ਵਿਚ ਇਜ਼ਰਾਈਲ ਵਲੋਂ ਗਾਜ਼ਾ ਵਿਚ ਕੀਤੇ ਗਏ ਹਮਲੇ ਦੇ ਰੋਸ ਵਜੋਂ ਕੀਤਾ ਹੈ। ਪੁਲਿਸ ਸੂਤਰਾਂ ਅਨੁਸਾਰ ਹਮਲਾਵਰ ਨੇ ਤਾਰਾਂ ਨਾਲ ਜੁੜੇ ਤੇ 5 ਇੰਚ ਦੇ ਮੈਟਲ ਪਾਈਪ ਬੰਬ ਅਤੇ ਬੈਟਰੀ ਪੈਕ ਨੂੰ ਆਪਣੇ ਲੱਕ ਨਾਲ ਬੰਨਿਆ ਹੋਇਆ ਸੀ, ਤੇ ਉਹ ਮੈਨਹਟਨ ਟਰਾਂਜ਼ਿਟ ਹੱਬ ਰਾਹੀਂ ਤੁਰਿਆ ਜਾ ਰਿਹਾ ਸੀ। ਉਸ ਨੇ 8ਵੇਂ ਐਵਨਿਊ ਅਤੇ ਵੈਸਟ 42 ਸਟਰੀਟ 'ਤੇ ਸਵੇਰੇ ਕਰੀਬ 7:40 ਵਜੇ ਆਪਣੀ ਜੈਕਟ ਦੇ ਸੱਜੇ ਪਾਸੇ ਰੱਖੇ ਬੰਬ ਨਾਲ ਧਮਾਕਾ ਕਰ ਦਿੱਤਾ। ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਨਿਊ ਯਾਰਕ ਪੁਲਿਸ ਦੇ ਸਾਬਕਾ ਕਮਿਸ਼ਨਰ ਬਿੱਲ ਬਰਾਟੇਨ ਨੇ ਮੀਡੀਆ ਨੂੰ ਦੱਸਿਆ ਕਿ ਇਹ ਆਦਮੀ ਆਈ.ਐਸ.ਆਈ.ਐਸ. ਤੋਂ ਪ੍ਰਭਵਿਤ ਹੈ ਅਤੇ ਸੰਭਾਵਤ ਤੌਰ 'ਤੇ ਬੰਗਲਾਦੇਸ਼ ਵਿਚ ਪੈਦਾ ਹੋਇਆ। ਉਹ ਸੱਤ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਸੀ।

## 11 ਸਾਬਕਾ ਸੰਸਦ ਮੈਂਬਰਾਂ ਖਿਲਾਫ਼ ਦੋਸ਼ ਆਇਦ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਪੈਸੇ ਲੈ ਕੇ ਸੰਸਦ ਵਿਚ ਸਵਾਲ ਪੁੱਛਣ ਦੇ ਮਾਮਲੇ ਵਿਚ 11 ਸਾਬਕਾ ਸੰਸਦ ਮੈਂਬਰਾਂ ਖਿਲਾਫ਼ ਦੋਸ਼ ਆਇਦ ਕੀਤੇ ਹਨ। ਵਿਸ਼ੇਸ਼ ਜੱਜ ਕਿਰਨ ਬਾਂਸਲ ਨੇ 11 ਸਾਬਕਾ ਸੰਸਦ ਮੈਂਬਰਾਂ ਅਤੇ ਇਕ ਵਿਅਕਤੀ ਖਿਲਾਫ਼ ਦੋਸ਼ ਤੈਅ ਕੀਤੇ। ਇਸ ਮਾਮਲੇ ਦੀ ਸੁਣਵਾਈ 12 ਜਨਵਰੀ ਤੋਂ ਹੋਵੇਗੀ। ਜ਼ਿਕਰਯੋਗ ਹੈ ਕਿ ਸੰਸਦ ਮੈਂਬਰਾਂ ਖਿਲਾਫ਼ 12 ਦਸੰਬਰ 2005 ਨੂੰ ਇਕ ਸਟਿੰਗ ਉਪਰੇਸ਼ਨ ਕੀਤਾ ਗਿਆ ਸੀ।

# ਜਿਨਸੀ ਦੁਰਵਿਹਾਰ ਮਾਮਲੇ 'ਤੇ ਘਿਰੇ ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ:** ਤਕਰੀਬਨ 60 ਡੈਮੋਕ੍ਰੇਟ ਕਾਨੂੰਨਘਾੜੂ ਔਰਤਾਂ ਦੇ ਗਰੁੱਪ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ ਜਿਨਸੀ ਦੁਰਵਿਹਾਰ ਦੇ ਦੋਸ਼ਾਂ ਦੀ ਮੁਕੰਮਲ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਨਿਗਰਾਨ ਅਤੇ ਸਰਕਾਰੀ ਸੁਧਾਰਾਂ ਬਾਰੇ ਸਦਨ ਦੀ ਕਮੇਟੀ ਦੇ ਚੇਅਰਮੈਨ ਅਤੇ ਰੈਂਕਿੰਗ ਮੈਂਬਰ ਨੂੰ ਲਿਖੇ ਪੱਤਰ ਵਿਚ 54 ਸੰਸਦ ਔਰਤ ਮੈਂਬਰਾਂ ਜਿਨ੍ਹਾਂ ਇਸ ਪੱਤਰ 'ਤੇ ਦਸਤਖਤ ਕੀਤੇ, ਨੇ ਕਿਹਾ ਕਿ ਸਮੁੱਚੇ ਅਮਰੀਕਾ ਵਿਚੋਂ ਔਰਤਾਂ ਜਿਨਸੀ ਤੌਰ ਉਤੇ ਪਰੇਸ਼ਾਨ ਕਰਨ ਅਤੇ ਹਮਲੇ ਕੀਤੇ ਜਾਣ ਦੀਆਂ ਭਿਆਨਕ ਘਟਨਾਵਾਂ ਦੇ ਖੁਲਾਸੇ ਕਰਨ ਲਈ ਅੱਗੇ ਆ ਰਹੀਆਂ ਹਨ।

ਪੱਤਰ ਵਿਚ ਕਿਹਾ ਕਿ ਕਾਂਗਰਸ ਦੇ ਮੈਂਬਰ ਵੀ ਜਿਨਸੀ ਦੁਰਵਿਹਾਰ ਲਈ ਜਾਂਚ ਦੇ ਘੇਰੇ ਵਿਚ ਆਏ ਹੋਏ ਹਨ ਅਤੇ ਕੁਝ ਅਸਤੀਫੇ ਦੇ ਰਹੇ ਹਨ। ਖਾਸਕਰ ਟਰੰਪ ਖਿਲਾਫ ਦੋਸ਼ ਲਾਉਣ ਲਈ ਵੱਡੀ ਗਿਣਤੀ ਅੱਗੇ ਆ ਰਹੀਆਂ ਔਰਤਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਆਪਣੀ ਰੱਖਿਆ ਦੇ ਪੱਖ ਵਿਚ ਸਬੂਤ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਡੈਮੋਕ੍ਰੇਟ ਸੈਨੇਟਰ ਕ੍ਰਿਸਟਨ ਗਿਲੀਬਰਾਂਡ ਨੇ ਇਨ੍ਹਾਂ ਦੋਸ਼ਾਂ ਉਤੇ ਟਰੰਪ ਤੋਂ ਅਸਤੀਫੇ ਦੀ ਮੰਗ ਕੀਤੀ ਹੈ।

# ਅਮਰੀਕਾ 'ਚ ਪਹਿਲੇ ਸਿੱਖ ਅਟਾਰਨੀ ਜਨਰਲ ਹੋਣਗੇ ਗਰੇਵਾਲ

**ਵਾਸ਼ਿੰਗਟਨ:** ਗੁਰਬੀਰ ਸਿੰਘ ਗਰੇਵਾਲ ਅਮਰੀਕਾ ਵਿਚ ਪਹਿਲੇ ਸਿੱਖ ਅਟਾਰਨੀ ਜਨਰਲ ਹੋਣਗੇ। ਨਿਊ ਜਰਸੀ ਦੇ ਗਵਰਨਰ ਫਿਲ ਮਰਫੀ ਨੇ ਗੁਰਬੀਰ ਸਿੰਘ ਗਰੇਵਾਲ ਦਾ ਨਾਂ ਸੂਬੇ ਦੇ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ ਹੈ। ਗਰੇਵਾਲ ਅਮਰੀਕਾ ਦੇ ਕਿਸੇ ਸੂਬੇ 'ਚ ਅਟਾਰਨੀ ਜਨਰਲ ਬਣਨ ਵਾਲੇ ਪਹਿਲੇ ਸਿੱਖ ਹੋਣਗੇ। ਉਨ੍ਹਾਂ ਨੂੰ ਇਸ ਅਹੁਦੇ ਲਈ ਨਾਮਜ਼ਦ ਕੀਤੇ ਜਾਣ 'ਤੇ 'ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ' ਨੇ ਸਵਾਗਤ ਕੀਤਾ ਹੈ।

ਮੌਜੂਦਾ ਸਮੇਂ ਬਰਜਨ ਕਾਊਂਟੀ 'ਚ ਸਰਕਾਰੀ ਵਕੀਲ ਵਜੋਂ ਸੇਵਾਵਾਂ ਨਿਭਾ ਰਹੇ ਗਰੇਵਾਲ ਨੇ ਆਪਣੇ ਕਾਨੂੰਨੀ ਪੇਸ਼ੇ ਦਾ ਜ਼ਿਆਦਾ ਸਮਾਂ ਲੋਕ ਸੇਵਾ 'ਚ ਲਗਾਇਆ। ਹੁਣ ਉਹ ਨਿਊ ਜਰਸੀ 'ਚ ਤਕਰੀਬਨ 10 ਲੱਖ ਲੋਕਾਂ ਨੂੰ ਆਪਣੇ 265 ਸਟਾਫ ਮੈਂਬਰਾਂ ਨਾਲ ਸੇਵਾਵਾਂ ਦੇਣਗੇ। ਗਰੇਵਾਲ ਨੇ 2004-2007 ਦੌਰਾਨ ਨਿਊ ਯਾਰਕ ਅਤੇ 2010-2016 ਦੌਰਾਨ ਨਿਊ ਜਰਸੀ 'ਚ ਸਹਾਇਕ ਅਟਾਰਨੀ ਜਨਰਲ ਵਜੋਂ ਸੇਵਾਵਾਂ ਦਿੱਤੀਆਂ ਹਨ।

# ਸ਼੍ਰੋਮਣੀ ਕਮੇਟੀ 'ਚ ਬੇਨੇਮੀਆਂ ਖਿਲਾਫ ਲੌਂਗੋਵਾਲ ਦਾ ਮੋਰਚਾ

**ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੀ ਪਲੇਠੀ ਬੈਠਕ ਵਿਚ ਦੋ ਸਕੱਤਰਾਂ ਦੀ ਨਿਯੁਕਤੀ ਰੱਦ ਕਰ ਦਿੱਤੀ ਹੈ ਅਤੇ ਪਿਛਲੇ ਸਾਲ ਦੌਰਾਨ ਹੋਈਆਂ 500 ਤੋਂ ਵੱਧ ਨਿਯੁਕਤੀਆਂ ਤੇ ਤਰੱਕੀਆਂ ਦੀ ਜਾਂਚ ਲਈ ਸਬ ਕਮੇਟੀ ਕਾਇਮ ਕਰ ਕੇ 15 ਦਿਨਾਂ ਦੇ ਅੰਦਰ ਰਿਪੋਰਟ ਦੇਣ ਦੇ ਹੁਕਮ ਜਾਰੀ ਕੀਤੇ ਹਨ।

ਭਾਈ ਲੌਂਗੋਵਾਲ ਨੇ ਦੱਸਿਆ ਕਿ ਬੀਤੇ ਸਮੇਂ ਦੌਰਾਨ ਨਿਯਮਾਂ ਦੀ ਅਣਦੇਖੀ ਕਰ ਕੇ ਦੋ ਵਧੀਕ ਸਕੱਤਰਾਂ ਦੀ ਬਤੌਰ ਸਕੱਤਰ ਕੀਤੀ ਨਿਯੁਕਤੀ ਨੂੰ ਜਿਥੇ ਰੱਦ ਕੀਤਾ ਗਿਆ ਹੈ, ਉਥੇ ਪਿਛਲੇ ਸਾਲ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਹੋਈਆਂ ਸਾਰੀਆਂ ਭਰਤੀਆਂ ਤੇ ਨਿਯੁਕਤੀਆਂ ਦੀ ਜਾਂਚ ਕਰਨ ਲਈ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਜੱਲਾ, ਅੰਤ੍ਰਿੰਗ ਕਮੇਟੀ ਮੈਂਬਰ ਸੱਜਣ ਸਿੰਘ ਬੱਜੂਮਾਨ ਸਣੇ ਇਕ ਸਕੱਤਰ ਪੱਧਰ 'ਤੇ ਆਧਾਰਤ ਚਾਰ ਮੈਂਬਰੀ ਕਮੇਟੀ ਬਣਾ ਕੇ ਰਿਪੋਰਟ ਮੰਗੀ ਹੈ। ਇਹ ਵੀ ਫੈਸਲਾ ਲਿਆ ਹੈ ਕਿ ਫਿਲਹਾਲ ਨਾ ਹੀ ਕੋਈ ਨਵਾਂ ਸਕੂਲ ਖੁੱਲ੍ਹੇਗਾ ਤੇ ਨਾ ਹੀ ਕਾਲਜ, ਬਲਕਿ ਪਹਿਲਾਂ ਤੋਂ ਚੱਲਦੀਆਂ ਸੰਸਥਾਵਾਂ ਦੇ ਪ੍ਰਬੰਧਾਂ ਨੂੰ ਸੁਚਾਰੂ ਕੀਤਾ ਜਾਵੇਗਾ।

## ਡੀ.ਐਨ.ਏ. ਫਿੰਗਰ ਪ੍ਰਿੰਟਿੰਗ ਦੇ ਪਿਤਾਮਾ ਲਾਲਜੀ ਸਿੰਘ ਦਾ ਦਿਹਾਂਤ

**ਵਾਰਾਨਸੀ:** ਉਘੇ ਵਿਗਿਆਨੀ ਤੇ ਭਾਰਤ ਵਿਚ ਡੀ.ਐਨ.ਏ. ਫਿੰਗਰ ਪ੍ਰਿੰਟਿੰਗ ਦੇ ਪਿਤਾਮਾ ਪਦਮਸ੍ਰੀ ਲਾਲਜੀ ਸਿੰਘ ਦਾ ਵਾਰਾਨਸੀ ਦੇ ਹਵਾਈ ਅੱਡੇ ਉਤੇ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਹੈ। ਉਹ 70 ਸਾਲਾਂ ਦੇ ਸਨ। ਉਹ ਦਿੱਲੀ ਜਾਣ ਲਈ ਲਾਲ ਬਹਾਦਰ ਸ਼ਾਸਤਰੀ ਹਵਾਈ ਅੱਡੇ ਉਤੇ ਪਹੁੰਚੇ ਸਨ ਕਿ ਉਨ੍ਹਾਂ ਨੂੰ ਛਾਤੀ 'ਚ ਦਰਦ ਹੋਣ ਦੀ ਸ਼ਿਕਾਇਤ ਤੋਂ ਬਾਅਦ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟਰੌਮਾ ਸੈਂਟਰ ਲਿਜਾਇਆ ਗਿਆ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ।

RJ Cargo Inc.

ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ

**IN, OH, KY To NJ, NY, PA**
**Pays .44 Cents/Mile**
**IN, OH, KY To CA,**
**AZ, TX, CO, KS, MO,**
**AR, FL, GA**
**And Back Pays .42 Cents/Mile**



ਟਰੱਕ ਚਲਾਉਣ ਦਾ ਘੱਟ ਤੋਂ ਘੱਟ ਡੇਢ ਸਾਲ ਦਾ ਤਜਰਬਾ ਹੋਵੇ

ਇੰਡੀਆਨਾ ਤੋਂ ਲੋਡ ਚੁੱਕ ਕੇ ਇੰਡੀਆਨਾ, ਮਿਸ਼ੀਗਨ, ਕੈਨਟੱਕੀ ਤੇ ਓਹਾਇਓ ਛੱਡ ਕੇ ਆਉਣ ਤੇ ਵਾਪਸ ਚੁੱਕ ਕੇ ਲਿਆਉਣ ਲਈ ਡਰਾਈਵਰ ਚਾਹੀਦੇ ਹਨ। .50 ਸੈਂਟ ਪ੍ਰਤੀ ਮੀਲ
ਅਸੀਂ ਹਰ ਸ਼ੁੱਕਰਵਾਰ ਅਦਾਇਗੀ ਕਰਦੇ ਹਾਂ ਅਤੇ ਸਾਲ ਦੇ ਅਖੀਰ ਵਿਚ 1099 ਦਿੰਦੇ ਹਾਂ। ਕੋਈ ਪੈਸਾ ਰੋਕ ਕੇ ਨਹੀਂ ਰੱਖਦੇ

*ਸੰਪਰਕ ਕਰੋ: ਸੁਰਜੀਤ ਸਿੰਘ*
ਫੋਨ: 317-702-2803 ਜਾਂ 317-215-4536

49-52

ਸ਼ੈਫ/ਤੰਦੂਰੀਏ, ਕੱਰੀ ਕੁੱਕ ਅਤੇ ਵੇਟਰ ਦੀ ਲੋੜ ਹੈ

ਰੋਮ, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ ਅਤੇ ਸ਼ੈਫ/ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ ਜੋ ਹਰ ਤਰ੍ਹਾਂ ਦਾ ਵੈਸ਼ਨੂੰ ਤੇ ਗੈਰ ਵੈਸ਼ਨੂੰ ਤੰਦੂਰੀ ਖਾਣਾ ਤਿਆਰ ਕਰ ਸਕਦਾ ਹੋਵੇ।

ਵਿਜ਼ਿਟਰ ਵੀਜ਼ੇ 'ਤੇ ਆਏ ਢੁਕਵੇਂ ਸ਼ਖਸ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ।

ਵਧੀਆ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 315-832-0496
**ranjitlubana39@gmail.com**

ਸਟੋਰ ਵਿਕਾਊ ਹੈ

ਗਰੌਸਰੀ, ਬੀਅਰ-ਵਾਈਨ ਅਤੇ ਲਾਟੋ ਸਮੇਤ
ਸੰਪਰਕ ਕਰੋ: ਰਣਜੀਤ ਸਿੰਘ ਲੁਬਾਣਾ 315-371-0141

47-50

Punjab Times

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਮੁਆਵਜ਼ੇ ਲਈ ਸਰਹੱਦੀ ਕਿਸਾਨਾਂ ਨੂੰ ਰਾਹ ਨਹੀਂ ਦੇ ਰਹੀ ਸਰਕਾਰ

**ਅੰਮ੍ਰਿਤਸਰ:** ਤਾਰੋਂ ਪਾਰਲੀਆਂ ਜ਼ਮੀਨਾਂ ਵਾਲੇ ਸਰਹੱਦੀ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਲ 2016-17 ਦਾ ਬਣਦਾ ਮੁਆਵਜ਼ਾ ਨਾ ਮਿਲਣ ਕਾਰਨ ਇਨ੍ਹਾਂ ਕਿਸਾਨਾਂ ਵੱਲੋਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਹੈ। ਕਿਸਾਨਾਂ ਵੱਲੋਂ ਹਾਈ ਕੋਰਟ ਵਿਚ ਪਾਈ ਪਟੀਸ਼ਨ ਦੇ ਆਧਾਰ ਉਤੇ ਅਦਾਲਤ ਨੇ ਇਸ ਸਬੰਧੀ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦੇ ਹੋਏ 19 ਜਨਵਰੀ ਨੂੰ ਜਵਾਬ ਦਾਅਵਾ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ। ਸਰਹੱਦੀ ਕਿਸਾਨਾਂ ਵੱਲੋਂ ਇਸ ਲਈ ਯੂਨੀਅਨ ਆਫ ਇੰਡੀਆ, ਮੁੱਖ ਸਕੱਤਰ ਪੰਜਾਬ ਸਰਕਾਰ, ਡਾਇਰੈਕਟਰ ਜਨਰਲ ਬੀ.ਐਸ.ਐਫ. ਅਤੇ 6 ਸਰਹੱਦੀ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪਾਰਟੀ ਬਣਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜ਼ਪੁਰ ਦੇ ਕਿਸਾਨਾਂ ਦੀ ਤਕਰੀਬਨ 21 ਹਜ਼ਾਰ 300 ਏਕੜ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਪੈਂਦੀ ਹੈ। ਇਸ ਜ਼ਮੀਨ ਵਿਚ ਕਿਸਾਨ ਆਪਣੀ ਮਰਜ਼ੀ ਨਾਲ ਖੇਤੀ ਨਹੀਂ ਕਰ ਸਕਦੇ ਅਤੇ ਕਈ ਵਾਰ ਪਾਕਿਸਤਾਨ ਨਾਲ ਤਣਾਅ ਪੈਦਾ ਹੋਣ ਉਤੇ ਕਿਸਾਨ ਇਨ੍ਹਾਂ ਜ਼ਮੀਨਾਂ ਵਿਚ ਬਿਲਕੁਲ ਹੀ ਖੇਤੀ ਨਹੀਂ ਕਰ ਸਕਦੇ। ਇਸ ਕਾਰਨ ਸਰਹੱਦੀ ਕਿਸਾਨਾਂ ਵੱਲੋਂ ਕੀਤੀ ਲੰਮੀ ਜੱਦੋ ਜਹਿਦ ਦੇ ਬਾਅਦ ਹਾਈ ਕੋਰਟ ਨੇ 2014 ਨੂੰ ਸਬੰਧਤ ਕਿਸਾਨਾਂ ਨੂੰ ਪ੍ਰਤੀ ਏਕੜ 10 ਹਜ਼ਾਰ ਰੁਪਏ ਸਾਲਾਨਾ ਮੁਆਵਜ਼ਾ ਦੇਣਾ ਤੈਅ ਕੀਤਾ ਸੀ।

ਇਸ ਖਿਲਾਫ਼ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਗਈ ਸੀ, ਪਰ 2015 ਨੂੰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੀ ਅਪੀਲ ਨੂੰ ਰੱਦ ਕਰ ਦਿੱਤਾ ਸੀ। ਇਸ ਤਰ੍ਹਾਂ ਹਾਈ ਕੋਰਟ ਵੱਲੋਂ ਤੈਅ ਕੀਤੇ ਗਏ ਮਾਪਦੰਡਾਂ ਅਨੁਸਾਰ ਸਰਹੱਦੀ ਕਿਸਾਨਾਂ ਨੂੰ ਮੁਆਵਜ਼ੇ ਦੀ 50 ਫੀਸਦੀ ਪੰਜਾਬ ਅਤੇ 50 ਫੀਸਦੀ ਰਕਮ ਕੇਂਦਰ ਸਰਕਾਰ ਨੇ ਦੇਣੀ ਸੀ। ਪਹਿਲੇ ਦੋ ਸਾਲ ਤਾਂ ਕਿਸਾਨਾਂ ਨੂੰ ਇਹ ਮੁਆਵਜ਼ੇ ਦੀ ਰਕਮ ਮਿਲੀ, ਪਰ ਸਾਲ 2016-17 ਦੌਰਾਨ ਕਿਸਾਨਾਂ ਨੂੰ ਮੁਆਵਜ਼ੇ ਦੀ ਇਹ ਰਕਮ ਨਹੀਂ ਮਿਲੀ। ਇਸ ਤਰ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਵੱਲ ਸਰਹੱਦੀ ਕਿਸਾਨਾਂ ਦੀ ਕਰੀਬ 65 ਕਰੋੜ ਰੁਪਏ ਦੀ ਰਕਮ ਬਕਾਇਆ ਹੈ। ਬਾਰਡਰ ਏਰੀਆ ਕਿਸਾਨ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਰਘਬੀਰ ਸਿੰਘ ਦਾ ਕਹਿਣਾ ਹੈ ਕਿ ਹਰ ਪਾਸਿਉਂ ਮਿਲੀ ਨਿਰਾਸ਼ਾ ਕਾਰਨ ਉਨ੍ਹਾਂ ਦੀ ਜਥੇਬੰਦੀ ਨੇ ਮੁਆਵਜ਼ੇ ਲਈ ਅਦਾਲਤ ਤੱਕ ਪਹੁੰਚ ਕੀਤੀ ਹੈ। ਸਰਹੱਦੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਅੱਜ ਤੱਕ ਕਿਸੇ ਵੀ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ।

### ਕਿਸਾਨਾਂ ਨੇ ਹਾਈ ਕੋਰਟ ਤੱਕ ਕੀਤੀ ਪਹੁੰਚ



### ਕੇਂਦਰ ਵਾਲਾ ਹਿੱਸਾ ਵੀ ਖਾ ਗਈ ਬਾਦਲ ਸਰਕਾਰ

ਅਕਾਲੀ ਭਾਜਪਾ ਸਰਕਾਰ ਸਮੇਂ ਸਰਹੱਦੀ ਕਿਸਾਨਾਂ ਨੂੰ ਦੇਣ ਲਈ ਜਿਹੜੀ 50 ਫੀਸਦੀ ਮੁਆਵਜ਼ੇ ਦੀ ਰਕਮ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਭੇਜੀ ਸੀ, ਉਹ ਹੋਰ ਕੰਮਾਂ ਵਿਚ ਵਰਤ ਲਈ ਸੀ। ਵਿਧਾਨ ਸਭਾ ਚੋਣਾਂ ਨੇੜੇ ਮੁਆਵਜ਼ੇ ਦੇ ਰੂਪ ਵਿਚ ਕਿਸਾਨਾਂ ਨੂੰ ਜਿਹੜੇ ਚੈੱਕ ਦਿੱਤੇ ਗਏ, ਉਹ ਵੀ ਬਾਊਂਸ ਹੋ ਚੁੱਕੇ ਹਨ। ਇਸ ਕਾਰਨ ਸਰਹੱਦੀ ਕਿਸਾਨ ਮੁਆਵਜ਼ੇ ਦੀ ਰਕਮ ਤੋਂ ਵਾਂਝੇ ਰਹਿ ਜਾਣ ਕਾਰਨ ਇਹ ਮੁਆਵਜ਼ਾ ਪ੍ਰਾਪਤ ਕਰਨ ਲਈ ਜੱਦੋ ਜਹਿਦ ਕਰ ਰਹੇ ਹਨ।

# ਵਿਸ਼ਵ ਵਿਰਾਸਤ ਸਥਾਨ 'ਚ ਤਾਜ ਮਹਿਲ ਨੂੰ ਦੂਜਾ ਨੰਬਰ

**ਨਵੀਂ ਦਿੱਲੀ:** ਤਾਜ ਮਹਿਲ ਨੂੰ ਯੂਨੈਸਕੋ ਵਿਸ਼ਵ ਵਿਰਾਸਤ ਸਥਾਨ 'ਚ ਦੂਜਾ ਨੰਬਰ ਮਿਲਿਆ ਹੈ। ਸੈਰ ਸਪਾਟਾ ਕੰਪਨੀ ਦੇ ਪੋਰਟਲ 'ਤੇ ਦਾਅਵਾ ਕੀਤਾ ਗਿਆ ਹੈ ਕਿ ਪਿਆਰ ਦੀ ਨਿਸ਼ਾਨੀ ਤਾਜ ਮਹਿਲ ਨੂੰ ਹਰ ਵਰ੍ਹੇ 80 ਲੱਖ ਸੈਲਾਨੀ ਦੇਖਣ ਆਉਂਦੇ ਹਨ ਅਤੇ ਇਸ ਨੂੰ ਕੰਬੋਡੀਆ ਦੇ ਆਂਗਕੋਰ ਵਾਟ ਤੋਂ ਬਾਅਦ ਦੂਜਾ ਦਰਜਾ ਦਿੱਤਾ ਗਿਆ ਹੈ।

ਟ੍ਰਿਪ ਐਡਵਾਈਜ਼ਰ ਨੇ ਕੌਮੀ ਤੇ ਕੌਮਾਂਤਰੀ ਸਮੀਖਿਆਵਾਂ ਅਤੇ ਰੇਟਿੰਗਜ਼ ਉਤੇ ਆਧਾਰਤ ਬਿਹਤਰੀਨ ਯੂਨੈਸਕੋ ਸੱਭਿਆਚਾਰਕ ਅਤੇ ਕੁਦਰਤੀ ਵਿਰਾਸਤੀ ਸਥਾਨਾਂ ਦੀ ਸੂਚੀ ਕੱਢੀ ਹੈ। ਟਰੈਵਲ ਪੋਰਟਲ 'ਚ ਕਿਹਾ ਗਿਆ ਹੈ ਕਿ ਸੈਂਕੜੇ ਦੌਰਿਆਂ ਮਗਰੋਂ ਵੀ ਲੋਕ ਤਾਜ ਮਹਿਲ ਦੇਖਣ ਲਈ ਮੁੜ ਆਉਣ ਦੀ ਇੱਛਾ ਰਖਦੇ ਹਨ। ਉਹ ਦਿਨ ਚੜ੍ਹਨ ਜਾਂ ਸੂਰਜ ਢਲਨ ਦਾ ਨਜ਼ਾਰਾ ਮਾਨਣ ਦੇ ਨਾਲ-ਨਾਲ ਘਰ ਦਾ ਬਣਿਆ ਭੋਜਨ ਖਾਣ ਨੂੰ ਵੀ ਤਰਜੀਹ ਦਿੰਦੇ ਹਨ। ਟ੍ਰਿਪ ਐਡਵਾਈਜ਼ਰ ਨੇ ਕਿਹਾ ਕਿ ਆਂਗਕੋਰ ਵਾਟ ਇਤਿਹਾਸਕ ਪੱਖੋਂ ਸੈਰ ਸਪਾਟੇ ਲਈ ਵਧੀਆ ਸਥਾਨ ਹੈ। ਸੂਚੀ 'ਚ ਚੀਨ ਦੀ ਦੀਵਾਰ, ਪੇਰੂ ਵਿਚ ਮਾਚੂ ਪਿਚੂ, ਬਰਾਜ਼ੀਲ ਦਾ ਇਗੂਆਜ਼ੂ ਨੈਸ਼ਨਲ ਪਾਰਕ, ਇਟਲੀ ਦੇ ਮਟੇਰਾ ਦਾ ਸਾਸੀ, ਪੋਲੈਂਡ ਦੇ ਔਸ਼ਵਿਟਜ਼ ਬਿਰਕੇਨੌ ਅਤੇ ਇਤਿਹਾਸਕ ਕਰਾਕੋਅ, ਯੇਰੋਸ਼ਲਮ ਅਤੇ ਤੁਰਕੀ ਦੇ ਕਈ ਸਥਾਨ ਸ਼ਾਮਲ ਹਨ।



### ਸੁਪਰੀਮ ਕੋਰਟ ਨੇ ਤਾਜ ਦੀ ਸੰਭਾਲ ਲਈ ਰਿਪੋਰਟ ਮੰਗੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁਹੱਬਤ ਦੀ ਨਿਸ਼ਾਨੀ ਤਾਜ ਮਹੱਲ ਦੀ ਘੱਟੋ ਘੱਟ ਅਗਲੇ ਸੌ ਵਰ੍ਹਿਆਂ ਲਈ ਸਾਂਭ-ਸੰਭਾਲ ਵਾਸਤੇ ਵਿਸਥਾਰਤ ਰਿਪੋਰਟ ਮੰਗੀ ਹੈ। ਟੀਟੀਜ਼ੈਡ ਅਥਾਰਟੀ ਵੱਲੋਂ ਹਲਫੀਆ ਬਿਆਨ ਵਿਚ ਗਿਣਾਏ ਕਦਮਾਂ ਨੂੰ 'ਐਕਹਾਕ' ਕਰਾਰ ਦਿੰਦਿਆਂ ਜਸਟਿਸ ਐਮਬੀ ਲੋਕੁਰ ਨੇ ਕਿਹਾ ਕਿ ਇਹ ਦਸਤਾਵੇਜ਼ ਅੰਤ੍ਰਿਮ ਵਾਂਗ ਹੈ ਪਰ ਮੁਗਲ ਕਾਲ ਦੀ ਇਸ ਯਾਦਗਾਰ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਲੰਮੇ ਸਮੇਂ ਦੀ ਯੋਜਨਾ ਦੀ ਲੋੜ ਹੈ।

# ਸਰਹੱਦੀ ਗੋਲੀਬੰਦੀ ਦੀ ਉਲੰਘਣਾ ਵਿਚ ਭਾਰਤ ਵੀ ਘੱਟ ਨਹੀਂ

**ਇਸਲਾਮਾਬਾਦ:** ਸਰਹੱਦ 'ਤੇ ਗੋਲੀਬੰਦੀ ਦੀ ਉਲੰਘਣਾ ਬਾਰੇ ਭਾਰਤੀ ਦਾਅਵੇ ਨੂੰ ਰੱਦ ਕਰਦਿਆਂ ਪਾਕਿਸਤਾਨ ਨੇ ਆਖਿਆ ਹੈ ਕਿ ਭਾਰਤੀ ਫੌਜ ਨੇ ਇਸ ਸਾਲ ਕੰਟਰੋਲ ਰੇਖਾ ਉਤੇ 1300 ਤੋਂ ਵੱਧ ਵਾਰ ਗੋਲੀਬੰਦੀ ਦੀ ਉਲੰਘਣਾ ਕੀਤੀ ਹੈ, ਜਿਸ 'ਚ ਉਸ ਦੇ 52 ਨਾਗਰਿਕ ਮਾਰੇ ਗਏ।

ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਦਫਤਰ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਦੇ ਖਤਰਨਾਕ ਵਤੀਰੇ ਬਾਰੇ ਵਾਰ-ਵਾਰ ਚਿੰਤਾ ਜਤਾਈ ਹੈ ਜਿਸ ਵਿਚ ਉਸ ਵੱਲੋਂ 2017 'ਚ ਗੋਲੀਬੰਦੀ ਦੀ ਉਲੰਘਣਾ ਵੀ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਭਾਰਤੀ ਫੌਜ ਨੇ ਇਸ ਸਾਲ (2017) ਵਿਚ 1,300 ਤੋਂ ਵੱਧ ਵਾਰ ਗੋਲੀਬੰਦੀ ਦੀ ਉਲੰਘਣਾ ਕੀਤੀ ਹੈ, ਜੋ ਕਿ ਬੀਤੇ ਸਮੇਂ ਦੌਰਾਨ ਨਾਲੋਂ ਸਭ ਤੋਂ ਵੱਧ ਹੈ ਅਤੇ ਇਸ ਦੇ ਨਤੀਜੇ ਵਜੋਂ 52 ਲੋਕ ਮਾਰੇ ਗਏ ਤੇ 175 ਜ਼ਖਮੀ ਹੋਏ ਸਨ। ਅਸੀਂ ਵਾਰ-ਵਾਰ ਜ਼ੋਰ ਦੇ ਕੇ ਕਿਹਾ ਕਿ ਹੈ ਕਿ ਭਾਰਤ ਦਾ ਹਮਲਾਵਰ ਰਵੱਈਆ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਇਕ ਖਤਰਾ ਹੈ। ਕੰਟਰੋਲ ਰੇਖਾ ਉਤੇ ਸ਼ਾਂਤੀ ਅਤੇ ਸੁਹਿਰਦਤਾ ਯਕੀਨੀ ਬਣਾਉਣ ਲਈ 'ਯੂ.ਐਨ. ਮਿਲਟਰੀ ਅਬਜ਼ਰਵਰ ਗਰੁੱਪ ਇਨ ਇੰਡੀਆ ਐਂਡ ਪਾਕਿਸਤਾਨ' (ਯੂ.ਐਨ.ਐਮ.ਓ.ਜੀ. ਆਈ.ਪੀ.) ਦਾ ਜਨਾਦੇਸ਼ ਅਹਿਮ ਹੈ। ਉਨ੍ਹਾਂ ਫਿਰ ਦੁਹਰਾਇਆ ਕਿ ਭਾਰਤ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਜੰਮੂ-ਕਸ਼ਮੀਰ ਦੇ ਵਾਸੀਆਂ ਉਤੇ ਭਾਰਤੀਆਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਤੋਂ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਹਟਾਉਣਾ ਚਾਹੁੰਦਾ ਹੈ।



# ਜਦੋਂ ਬਜ਼ੁਰਗ ਦੇ ਸਵਾਲਾਂ ਅੱਗੇ ਮਨਮੋਹਨ ਸਿੰਘ ਨੂੰ ਜੋੜਨੇ ਪਏ ਹੱਥ



**ਰਾਜਕੋਟ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਰਾਜਕੋਟ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਆਏ ਤਾਂ ਇਕ ਬਜ਼ੁਰਗ ਘੇਰਾ ਤੋੜ ਕੇ ਉਨ੍ਹਾਂ ਕੋਲ ਪਹੁੰਚ ਗਿਆ। ਬਜ਼ੁਰਗ ਦੀਆਂ ਗੱਲਾਂ ਸੁਣ ਕੇ ਮਨਮੋਹਨ ਸਿੰਘ ਨੇ ਹੱਥ ਜੋੜ ਲਏ ਅਤੇ ਕਾਫੀ ਦੇਰ ਤੱਕ ਚੁੱਪ ਖੜ੍ਹੇ ਰਹੇ। ਡਾ. ਮਨਮੋਹਨ ਸਿੰਘ ਨੂੰ ਇਸ ਤਰ੍ਹਾਂ ਖੜ੍ਹਾ ਦੇਖ ਕੇ ਸਭ ਹੈਰਾਨ ਰਹਿ ਗਏ।

ਮਨਸੁਖ ਭਾਈ ਨਾਂ ਦਾ ਇਹ ਬਜ਼ੁਰਗ ਹੱਥ 'ਚ ਇਕ ਕਿਤਾਬ ਲੈ ਕੇ ਐਸ.ਜੀ.ਪੀ. ਦੇ ਘੇਰੇ 'ਚ ਖੜ੍ਹੇ ਮਨਮੋਹਨ ਸਿੰਘ ਕੋਲ ਪਹੁੰਚਿਆ। ਪਹਿਲਾਂ ਐਸ.ਜੀ.ਪੀ. ਨੇ ਸੋਚਿਆ ਕਿ ਇਹ ਕੋਈ ਕਾਂਗਰਸੀ ਹੈ, ਪਰ ਮਾਮਲਾ ਸਮਝ ਆਉਂਦੇ ਹੀ ਉਸ ਨੂੰ ਉਥੋਂ ਹਟਾ ਦਿੱਤਾ ਗਿਆ। ਮੀਡੀਆ ਨੇ ਜਦ ਮਨਸੁਖ ਭਾਈ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਕਾਂਗਰਸ ਦੇ ਘੋਟਾਲਿਆਂ ਦੀ ਇਕ ਕਿਤਾਬ ਲੈ ਕੇ ਉਹ ਮਨਮੋਹਨ ਸਿੰਘ ਕੋਲ ਗਏ ਸਨ ਅਤੇ ਯੂ.ਪੀ.ਏ ਸਰਕਾਰ 'ਚ ਹੋਏ ਘੋਟਾਲਿਆਂ ਬਾਰੇ ਸਵਾਲ ਕੀਤਾ।

ਮਨਸੁਖ ਭਾਈ ਨੇ ਮਨਮੋਹਨ ਸਿੰਘ ਤੋਂ ਪੁੱਛਿਆ ਕਿ ਤੁਹਾਡੇ ਕਾਰਜਕਾਲ ਦੌਰਾਨ 20 ਲੱਖ ਕਰੋੜ ਦੇ ਘੋਟਾਲੇ ਹੋਏ ਹਨ, ਤੁਹਾਡੇ ਨੇਤਾ ਜੇਲ੍ਹ 'ਚ ਹਨ ਅਤੇ ਕਈ ਬਾਹਰ ਘੁੰਮ ਰਹੇ ਹਨ ਤਾਂ ਮੈਂ ਕਾਂਗਰਸ ਨੂੰ ਵੋਟ ਕਿਉਂ ਪਾਵਾਂ? ਮਨਸੁਖ ਭਾਈ ਨੇ ਕਿਹਾ ਮਨਮੋਹਨ ਸਿੰਘ ਨੇ ਉਨ੍ਹਾਂ ਦੀ ਕਿਸੇ ਗੱਲ ਦਾ ਜਵਾਬ ਨਹੀਂ ਦਿੱਤਾ ਅਤੇ ਜਵਾਨਾਂ ਨੇ ਉਨ੍ਹਾਂ ਨੂੰ ਉਥੋਂ ਹਟਾ ਦਿੱਤਾ।

ਦੱਸਿਆ ਜਾ ਰਿਹਾ ਹੈ ਕਿ ਮਨਸੁਖ ਭਾਈ ਕਿਸੇ ਸਮੇਂ ਕਾਂਗਰਸ ਨਾਲ ਜੁੜੇ ਰਹੇ ਸਨ। ਉਹ ਕਾਂਗਰਸ ਕਾਰਜਕਾਲ ਦੌਰਾਨ ਹੋਏ ਘੋਟਾਲਿਆਂ ਤੋਂ ਦੁਖੀ ਸਨ ਤੇ ਇਸੇ ਲਈ ਸਾਬਕਾ ਪ੍ਰਧਾਨ ਮੰਤਰੀ ਤੋਂ ਜਵਾਬ ਚਾਹੁੰਦੇ ਸਨ।

# ਸਾਊਦੀ ਅਰਬ 'ਚ ਫਸੀ ਸੋਨੀਆ ਨੂੰ ਮਿਲੀ ਆਜ਼ਾਦੀ

**ਫਿਲੌਰ:** ਧੋਖੇਬਾਜ਼ ਏਜੰਟਾਂ ਦੇ ਧੱਕੇ ਚੜ੍ਹ ਕੇ ਸਾਊਦੀ ਅਰਬ ਵਿਚ ਫਸੀ ਸੋਨੀਆ ਆਖਰ ਵਤਨ ਪਰਤ ਆਈ। ਫਿਲੌਰ ਨੇੜਲੇ ਪਿੰਡ ਅੱਟੀ ਦੀ ਰਹਿਣ ਵਾਲੀ ਸੋਨੀਆ ਪਤਨੀ ਲਾਲ ਚੰਦ ਨੂੰ ਵਿਦੇਸ਼ ਭੇਜਣ ਲਈ ਨੇਹਾ ਨਾਮ ਦੀ ਏਜੰਟ ਨੇ 60 ਹਜ਼ਾਰ ਰੁਪਏ ਲਏ ਤੇ 29, ਅਗਸਤ 2017 ਨੂੰ ਸੋਨੀਆ ਨੂੰ ਸਾਊਦੀ ਅਰਬ ਭੇਜ ਦਿੱਤਾ। ਸੋਨੀਆ ਨੂੰ ਸਾਊਦੀ ਅਰਬ ਦੇ ਸ਼ਹਿਰ ਅਲਮੁਰਾਜ਼ ਦੇ ਇਕ ਘਰ 'ਚ ਗੁਲਾਮ ਬਣਾ ਕੇ ਰੱਖਿਆ, ਜਿਥੇ ਉਸ ਕੋਲੋਂ 18 ਘੰਟੇ ਸਖਤ ਕੰਮ ਕਰਵਾਇਆ ਜਾਂਦਾ ਸੀ। ਉਸ ਘਰ ਵਿਚ 13 ਦੇ ਕਰੀਬ ਮੈਂਬਰ ਸਨ, ਜਿਨ੍ਹਾਂ ਦੇ ਖਾਣ-ਪੀਣ, ਕੱਪੜੇ ਧੋਣ ਅਤੇ ਪੋਚੇ ਲਾਉਣ ਦਾ ਕੰਮ ਉਹ ਕਰਦੀ ਸੀ।

ਇਸ ਦੇ ਇਵਜ਼ ਵਿਚ ਉਸ ਨੂੰ ਇਕ ਸਮੇਂ ਖਾਣਾ ਦਿੱਤਾ ਜਾਂਦਾ ਸੀ, ਵਿਰੋਧ ਕਰਨ ਉਤੇ ਅਣਮਨੁੱਖੀ ਢੰਗ ਨਾਲ ਉਸ ਉਤੇ ਤਸ਼ੱਦਦ ਕੀਤਾ ਜਾਂਦਾ ਸੀ। ਇਸ ਸਾਰੇ ਘਟਨਾਕ੍ਰਮ ਤੋਂ ਤੰਗ ਆ ਕੇ ਕੁਝ ਸਮਾਂ ਪਹਿਲਾਂ ਉਸ ਨੇ ਚੋਰੀ ਇਕ ਵੀਡੀਓ ਬਣਾ ਕੇ ਪੰਜਾਬ ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਭੇਜ ਕੇ ਮਦਦ ਲਈ ਗੁਹਾਰ ਲਾਈ, ਜਿਸ ਬਾਅਦ ਭਗਵੰਤ ਮਾਨ ਨੇ ਇਹ ਮਾਮਲਾ ਵਿਦੇਸ਼ ਮੰਤਰਾਲੇ ਦੇ ਧਿਆਨ ਵਿਚ ਲਿਆਂਦਾ ਅਤੇ ਵਿਦੇਸ਼ ਮੰਤਰਾਲੇ ਨੇ ਸਾਊਦੀ ਅਰਬ ਦੀ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਉਕਤ ਔਰਤ ਨੂੰ ਆਜ਼ਾਦ ਕਰਵਾਉਣ ਲਈ ਕਿਹਾ ਸੀ। ਇਹ ਗੱਲ ਜਦੋਂ ਸਾਊਦੀ ਅਰਬ ਵਿਚ ਰਹਿ ਰਹੇ ਮਾਲਕਾਂ ਨੂੰ ਪਤਾ ਲੱਗੀ ਤਾਂ ਗੁੱਸੇ ਵਿਚ ਉਨ੍ਹਾਂ ਨੇ ਸੋਨੀਆ ਉਤੇ ਹੋਰ ਜ਼ਿਆਦਾ ਤਸ਼ੱਦਦ ਕੀਤਾ। ਸਾਊਦੀ ਅਰਬ ਸਰਕਾਰ ਦੀ ਸਖਤੀ ਕਾਰਨ ਉਨ੍ਹਾਂ ਸੋਨੀਆ ਨੂੰ ਘਰੋਂ ਕੱਢ ਦਿੱਤਾ। ਭਾਰਤੀ ਅੰਬੈਸੀ ਦੇ ਦਬਾਅ ਹੇਠ ਉਨ੍ਹਾਂ ਸੋਨੀਆ ਦੀ ਟਿਕਟ ਬਣਵਾ ਕੇ ਉਸ ਨੂੰ ਵਾਪਸ ਭਾਰਤ ਭੇਜਿਆ। ਹੁਣ ਉਹ ਪਤੀ ਲਾਲਚੰਦ ਲਾਲੀਮੱਲ, 10 ਸਾਲਾ ਬੇਟੀ ਹਰਦੀਪ ਮੱਲ ਅਤੇ ਸੱਤ ਸਾਲਾ ਲੜਕੀ ਸੁਖਦੀਪ ਮੱਲ ਕੋਲ ਫਿਲੌਰ ਪੁੱਜ ਗਈ ਹੈ। ਸੋਨੀਆ ਨੇ ਦੱਸਿਆ ਕਿ ਉਸ ਨੂੰ ਇਕ ਵਾਰ ਨਹੀਂ ਬਲਕਿ ਚਾਰ ਵਾਰ ਵੇਚਿਆ ਗਿਆ। ਸਭ ਤੋਂ ਪਹਿਲਾਂ ਨੇਹਾ ਨੇ ਉਸ ਨੂੰ ਦਿੱਲੀ ਦੇ ਇਕ ਵੱਡੇ ਏਜੰਟ ਕੋਲ ਵੇਚਿਆ, ਫਿਰ ਉਸ ਏਜੰਟ ਨੇ ਅੱਗੇ ਉਸ ਨੂੰ ਦੁਬਈ ਦੇ ਇਕ ਏਜੰਟ ਨੂੰ ਵੇਚਿਆ ਅਤੇ ਉਸ ਤੋਂ ਬਾਅਦ ਦੁਬਈ ਦੇ ਏਜੰਟ ਨੇ ਉਸ ਨੂੰ ਸਾਊਦੀ ਅਰਬ ਦੇ ਇਕ ਪਰਿਵਾਰ ਨੂੰ ਵੇਚਿਆ। ਜ਼ਿਕਰਯੋਗ ਹੈ ਕਿ ਸੋਨੀਆ ਦਾ ਪਤੀ ਲਾਲ ਚੰਦ ਇਕ ਹਾਦਸੇ ਵਿਚ ਆਪਣੀਆਂ ਦੋਵੇਂ ਲੱਤਾਂ ਗੁਆ ਬੈਠਾ, ਜਿਸ ਬਾਅਦ ਸੋਨੀਆ ਰੋਜ਼ੀ ਰੋਟੀ ਕਮਾਉਣ ਦੇ ਚੱਕਰ ਵਿਚ ਇਕ ਫਰਜ਼ੀ ਏਜੰਟ ਦੇ ਹੱਥੇ ਚੜ੍ਹ ਗਈ।



### ਨੂੰਹ ਦੀ ਉਡੀਕ ਵਿਚ ਦੁਨੀਆਂ ਤੋਂ ਵਿਦਾ ਹੋ ਗਈ ਦਲੀਪੋ

**ਜਲੰਧਰ:** ਸਾਊਦੀ ਅਰਬ ਵਿਚ ਫਸੀ ਪਿੰਡ ਗੋਰਸੀਆਂ ਦੀ ਪਰਮਜੀਤ ਕੌਰ ਦੀ ਸੱਸ ਆਪਣੀ ਨੂੰਹ ਦੀ ਉਡੀਕ ਵਿਚ ਦੁਨੀਆਂ ਤੋਂ ਵਿਦਾ ਹੋ ਗਈ। ਪਰਿਵਾਰ ਦਾ ਕਹਿਣਾ ਹੈ ਕਿ 80 ਸਾਲਾ ਦਲੀਪੋ ਪੁੱਛਦੀ ਸੀ ਕਿ ਪਰਮਜੀਤ ਕਦੋਂ ਆਵੇਗੀ? ਪਰਿਵਾਰ ਵਾਲੇ ਉਸ ਨੂੰ ਠੀਕ ਉਸੇ ਤਰ੍ਹਾਂ 'ਲਾਰਾ' ਲਾ ਦਿੰਦੇ ਸਨ, ਜਿਸ ਤਰ੍ਹਾਂ ਸਰਕਾਰ ਤੇ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਲਾਇਆ ਹੋਇਆ ਹੈ। ਪਰਮਜੀਤ ਕੌਰ ਜੁਲਾਈ ਤੋਂ ਸਾਊਦੀ ਅਰਬ ਵਿਚ ਫਸੀ ਹੋਈ ਹੈ। ਪਰਿਵਾਰਕ ਮੈਂਬਰ ਨਰੇਸ਼ ਨੇ ਦੱਸਿਆ ਕਿ ਜਦੋਂ 25 ਨਵੰਬਰ ਨੂੰ ਪੁਲਿਸ ਨੇ ਪਰਮਜੀਤ ਦੀ ਵਾਪਸੀ ਲਈ ਟਿਕਟ ਦਿੱਤੀ ਸੀ ਤਾਂ ਦਲੀਪੋ ਬਹੁਤ ਖੁਸ਼ ਹੋਈ ਸੀ, ਪਰ ਬਾਅਦ ਵਿਚ ਪਤਾ ਲੱਗਾ ਕਿ ਟਿਕਟ ਜਾਅਲੀ ਹੈ।

# ਸ਼ਹਿਰੀ ਚੋਣਾਂ: ਮੁੱਦਿਆਂ ਦੀ ਥਾਂ ਸਿਆਸੀ ਦੂਸ਼ਣਬਾਜ਼ੀ ਰਹੀ ਹਾਵੀ



**ਚੰਡੀਗੜ੍ਹ:** ਪੰਜਾਬ ਵਿਚ ਤਿੰਨ ਨਗਰ ਨਿਗਮਾਂ, 32 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਲੋਕ ਮੁੱਦਿਆਂ ਦੀ ਥਾਂ ਸਿਆਸੀ ਦੂਸ਼ਣਬਾਜ਼ੀ ਹਾਵੀ ਰਹੀ। ਅਕਾਲੀ ਭਾਜਪਾ ਸਰਕਾਰ ਸੂਬੇ ਦੀ ਸੱਤਾ ਉਤੇ ਲਗਾਤਾਰ 10 ਸਾਲ ਬੈਠੀ ਰਹੀ ਹੈ ਤੇ ਇਸ ਸਮੇਂ ਦੌਰਾਨ ਸ਼ਹਿਰੀ ਸੰਸਥਾਵਾਂ 'ਤੇ ਵੀ ਇਸੇ ਦਾ ਕਬਜ਼ਾ ਰਿਹਾ ਹੈ। ਇਸ ਸਮੇਂ ਸ਼ਹਿਰੀ ਸੰਸਥਾਵਾਂ ਆਰਥਿਕ ਤੰਗੀ ਵਿਚ ਹਨ ਤੇ ਵਿਕਾਸ ਦੇ ਕੰਮ ਰੁਕੇ ਹੋਏ ਹਨ। ਕੋਈ ਵੀ ਧਿਰ ਇਨ੍ਹਾਂ ਮੁੱਦਿਆਂ 'ਤੇ ਗੱਲ ਕਰਨ ਲਈ ਤਿਆਰ ਨਹੀਂ ਤੇ ਆਪਣੇ ਸਿਆਸੀ ਵਿਰੋਧੀ ਨੂੰ ਘੇਰਨ ਵਿਚ ਜੁਟੀ ਰਹੀ।

ਜ਼ਮੀਨੀ ਪੱਧਰ ਉਤੇ ਬੇਸ਼ੱਕ ਵੱਡੇ ਸ਼ਹਿਰਾਂ ਵਿਚ ਵੀ ਮੁਢਲੀਆਂ ਸਹੂਲਤਾਂ ਨਹੀਂ, ਪਰ ਧੜਾਧੜ ਬਣਾਈਆਂ ਨਗਰ ਪੰਚਾਇਤਾਂ ਤਾਂ ਫੰਡਾਂ ਦੀ ਕਮੀ ਕਾਰਨ ਆਪਣੇ ਰੋਜ਼ਮੱਰਾ ਦੇ ਕੰਮ ਚਲਾਉਣ ਦੇ ਯੋਗ ਵੀ ਨਹੀਂ ਹਨ। ਅਜਿਹੀ ਸਥਿਤੀ ਵਿਚ ਵਾਅਦੇ ਵੀ ਵਫਾ ਨਹੀਂ ਹੋਏ।

ਸ਼ਹਿਰੀ ਖੇਤਰ ਵਿਚ ਆਵਾਰਾ ਪਸ਼ੂਆਂ ਦੀ ਸਮੱਸਿਆ ਵੱਡੀ ਹੈ। ਦਿਹਾਤੀ ਖੇਤਰ ਵਿਚ ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਕਰ ਰਹੇ ਪਸ਼ੂ ਸ਼ਹਿਰਾਂ ਵਿਚ ਲੋਕਾਂ ਦਾ ਚੱਲਣਾ ਅਤੇ ਆਵਾਜਾਈ ਦੁੱਭਰ ਕਰ ਰਹੇ ਹਨ। ਸਰਕਾਰਾਂ ਨੇ ਲੱਖ ਦਾਅਵੇ ਕੀਤੇ, ਪਰ ਇਹ ਸਮੱਸਿਆ ਵਧ ਰਹੀ ਹੈ। ਗੰਦੇ ਪਾਣੀ ਦਾ ਨਿਕਾਸ ਬਹੁਤੇ ਸ਼ਹਿਰਾਂ ਦੇ ਲੋਕਾਂ ਲਈ ਸਿਰਦਰਦੀ ਬਣਿਆ ਹੋਇਆ ਹੈ। ਮਿਸਾਲ ਦੇ ਤੌਰ ਉਤੇ ਸੰਗਰੂਰ ਜ਼ਿਲ੍ਹੇ ਦੀ ਚੀਮਾ ਮੰਡੀ ਵਿਚ ਲੋਕਾਂ ਦੀ ਸਹੂਲਤ ਦੇ ਨਾਮ ਉਤੇ ਪਾਇਆ ਸੀਵਰੇਜ ਮੁਸੀਬਤ ਬਣਿਆ ਪਿਆ ਹੈ। ਸੜਕਾਂ ਉਤੇ ਗੰਦਾ ਪਾਣੀ ਖੜ੍ਹਾ ਹੋਣਾ ਆਮ ਗੱਲ ਹੈ। ਸੀਵਰੇਜ ਮੌਕੇ ਪੁੱਟੀਆਂ ਸੜਕਾਂ ਦੀ ਮੁਰੰਮਤ ਤੱਕ ਨਹੀਂ ਹੋਈ।

ਬਠਿੰਡਾ ਜ਼ਿਲ੍ਹੇ ਦਾ ਸ਼ਹਿਰ ਤਲਵੰਡੀ ਸਾਬੋ ਤਖਤ ਦਮਦਮਾ ਸਾਹਿਬ ਕਾਰਨ ਧਾਰਮਿਕ ਮਹੱਤਤਾ ਰੱਖਣ ਦੇ ਬਾਵਜੂਦ ਕਈ ਖੇਤਰਾਂ ਵਿਚ ਸੀਵਰੇਜ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਕੁਝ ਖੇਤਰਾਂ ਵਿਚ ਤਿੰਨ ਸਾਲਾਂ ਤੋਂ ਲੀਕ ਹੋ ਰਹੇ ਸੀਵਰੇਜ ਦਾ ਕੋਈ ਇਲਾਜ ਨਹੀਂ ਹੋਇਆ। ਕੂੜਾ ਡੰਪ ਅਤੇ ਸ਼ਹਿਰ ਦੀ ਸਫਾਈ ਵੀ ਮੁੱਖ ਮੁੱਦਿਆਂ ਵਿਚੋਂ ਇਕ ਹੈ। ਸ਼ਹਿਰ ਦੇ ਲੇਲੇਵਾਲਾ ਰੋਡ ਉਤੇ ਰਿਹਾਇਸ਼ੀ ਬਸਤੀ ਨੇੜੇ ਬਣਿਆ ਕੂੜਾ ਡੰਪ ਬਸਤੀ ਵਾਲਿਆਂ ਲਈ ਨਰਕ ਬਣਿਆ ਹੈ।

ਸੰਗਰੂਰ ਜ਼ਿਲ੍ਹੇ ਦੀ ਖਨੌਰੀ ਨਗਰ ਪਾਲਿਕਾ ਦੇ ਲੋਕ ਪੀਣ ਵਾਲੇ ਸ਼ੁੱਧ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਫਿਲਹਾਲ ਸਰਕਾਰ ਕੋਈ ਯੋਗ ਪ੍ਰਬੰਧ ਕਰਨ ਦੀ ਸਥਿਤੀ ਵਿਚ ਨਹੀਂ ਆਈ। ਮੁਕਤਸਰ ਜ਼ਿਲ੍ਹੇ ਨਾਲ ਸਬੰਧਤ ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਜੱਦੀ ਪਿੰਡ ਸਰਾਏਨਾਗਾ ਦੀ ਮੰਡੀ ਵਜੋਂ ਜਾਣੇ ਜਾਂਦੇ ਕਸਬੇ ਮੰਡੀ ਬਰੀਵਾਲਾ ਦੇ ਲੋਕ ਅਜੇ ਵੀ ਪੀਣ ਵਾਲੇ ਪਾਣੀ, ਸੀਵਰੇਜ, ਸਫਾਈ ਤੇ ਸਾਫ-ਸੁਥਰੀਆਂ ਗਲੀਆਂ-ਨਾਲੀਆਂ ਲਈ ਤਰਸ ਰਹੇ ਹਨ। ਮੰਡੀ ਬਰੀਵਾਲਾ ਮਾਲਵਾ ਖੇਤਰ ਵਿੱਚ ਟਰਾਲੀਆਂ ਤੇ ਖੇਤੀਬਾੜੀ ਦੇ ਸੰਦ ਤਿਆਰ ਕਰਨ ਲਈ ਮਸ਼ਹੂਰ ਹੈ। ਚੋਣ ਦੌਰਾਨ ਇਹ ਵੱਡੇ ਮੁੱਦੇ ਹੋ ਸਕਦੇ ਹਨ। ਸਰਹੱਦੀ ਖੇਤਰਾਂ ਦੇ ਸ਼ਹਿਰਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਨਗਰ ਪੰਚਾਇਤ ਖੇਮਕਰਨ ਵਿਚ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ, ਜੋ ਅਜੇ ਤੱਕ ਸ਼ਹਿਰ ਦੇ ਲੋਕਾਂ ਲਈ ਜੀਅ ਦਾ ਜੰਜਾਲ ਬਣਿਆ ਹੋਇਆ ਹੈ। ਨਗਰ ਅੰਦਰ ਕਰੀਬ 7.5 ਕਰੋੜ ਰੁਪਏ ਸੀਵਰੇਜ ਉਪਰ ਪਿਛਲੇ ਸਰਕਾਰ ਵੇਲੇ ਲਗਾਏ ਜਾਣ ਦੀ ਗੱਲ ਕਹੀ ਜਾ ਰਹੀ ਹੈ, ਪਰ ਲੋਕਾਂ ਲਈ ਇਹ ਸੀਵਰੇਜ ਚਾਲੂ ਹੀ ਨਹੀਂ ਹੋ ਸਕਿਆ।

## ਮੁਲਾਜ਼ਮਾਂ ਨਾਲ ਵਾਅਦਾ ਖਿਲਾਫੀ ਪੈ ਸਕਦੀ ਹੈ ਮਹਿੰਗੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੂੰ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨਾ ਮਹਿੰਗਾ ਪੈ ਸਕਦਾ ਹੈ। ਸੂਬੇ ਦੇ ਮੁਲਾਜ਼ਮਾਂ ਨੇ ਨਗਰ ਨਿਗਮ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਬਣਾਏ ਚੋਣ ਦਫਤਰਾਂ ਅੱਗੇ ਭੁੱਖ ਹੜਤਾਲ ਸ਼ੁਰੂ ਕਰ ਰੱਖੀ। ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਨੇ ਕਾਂਗਰਸ ਪਾਰਟੀ ਉਤੇ ਵਿਧਾਨ ਸਭਾ ਚੋਣਾਂ ਦੌਰਾਨ ਵਾਅਦਿਆਂ ਤੋਂ ਭੱਜਣ ਦਾ ਦੋਸ਼ ਲਾਉਂਦਿਆਂ ਇਨ੍ਹਾਂ ਚੋਣਾਂ ਵਿਚ ਸਰਕਾਰ ਦੀ 'ਪੋਲ ਖੋਲ੍ਹਣ' ਦੀ ਰਣਨੀਤੀ ਬਣਾਈ ਹੈ। ਅੰਮ੍ਰਿਤਸਰ, ਜਲੰਧਰ ਤੇ ਪਟਿਆਲਾ ਨਗਰ ਨਿਗਮ ਚੋਣਾਂ ਲਈ ਕਾਂਗਰਸ ਵੱਲੋਂ ਬਣਾਏ ਚੋਣ ਦਫਤਰਾਂ ਅੱਗੇ ਭੁੱਖ ਹੜਤਾਲਾਂ ਸ਼ੁਰੂ ਕਰਨ ਦਾ ਫੈਸਲਾ ਸਰਕਾਰ ਲਈ ਵੱਡੀ ਸਿਰਦਰਦੀ ਬਣ ਗਿਆ।

ਮੁਲਾਜ਼ਮਾਂ ਦਾ ਕਹਿਣਾ ਹੈ ਕਿ ਜੇ ਨਿਗਮ ਚੋਣਾਂ ਦੌਰਾਨ ਵੀ ਕੈਪਟਨ ਸਰਕਾਰ ਦੀਆਂ ਅੱਖਾਂ ਨਾ ਖੁੱਲ੍ਹੀਆਂ ਤਾਂ ਮੁਲਾਜ਼ਮ ਨਵੇਂ ਵਰ੍ਹੇ ਵਿਚ ਪਟਿਆਲਾ ਦੇ ਮੋਤੀ ਮਹਿਲ ਵੱਲ ਵਹੀਰਾਂ ਘੱਤਣਗੇ। ਆਗੂਆਂ ਨੇ ਸਰਕਾਰ ਉਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਕੈਪਟਨ ਸਰਕਾਰ ਨੇ ਅੱਠ ਮਹੀਨਿਆਂ ਦੌਰਾਨ ਇਕ ਵਾਰ ਵੀ ਮੁਲਾਜ਼ਮ ਆਗੂਆਂ ਨਾਲ ਗੱਲ ਕਰਨੀ ਦੀ ਲੋੜ ਨਹੀਂ ਸਮਝੀ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ 14 ਮਾਰਚ ਨੂੰ ਠੇਕਾ ਮੁਲਾਜ਼ਮਾਂ ਦੀ ਸੈਕਟਰ-17 ਵਿਚ ਚੱਲ ਰਹੀ ਭੁੱਖ ਹੜਤਾਲ ਇਹ ਵਾਅਦਾ ਕਰ ਕੇ ਖਤਮ ਕਰਵਾਈ ਸੀ ਕਿ ਮੁਲਾਜ਼ਮਾਂ ਦੇ ਵਫਦ ਨਾਲ ਛੇਤੀ ਮੀਟਿੰਗ ਕੀਤੀ ਜਾਵੇਗੀ।

# ਰਾਹੁਲ ਹੱਥ ਆਈ ਕਾਂਗਰਸ ਦੀ ਕਮਾਨ

**ਨਵੀਂ ਦਿੱਲੀ:** ਰਾਹੁਲ ਗਾਂਧੀ ਸਰਬਸੰਮਤੀ ਨਾਲ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਨਹਿਰੂ ਗਾਂਧੀ ਪਰਿਵਾਰ ਦੇ ਵੰਸ਼ਜ ਰਾਹੁਲ ਇਸ ਦੌੜ ਵਿਚ ਇਕੱਲੇ ਉਮੀਦਵਾਰ ਸੀ। ਰਾਹੁਲ ਗਾਂਧੀ ਆਪਣੀ ਮਾਂ ਸੋਨੀਆ ਗਾਂਧੀ ਦੀ ਥਾਂ ਲੈਣਗੇ ਜੋ 19 ਸਾਲ ਤੱਕ ਕਾਂਗਰਸ ਦੇ ਪ੍ਰਧਾਨ ਰਹੇ।

ਰਾਹੁਲ ਨੂੰ ਜਨਵਰੀ 2013 ਵਿਚ ਪਾਰਟੀ ਦਾ ਉਪ ਪ੍ਰਧਾਨ ਬਣਾਇਆ ਗਿਆ ਸੀ। ਰਾਹੁਲ ਗਾਂਧੀ, ਨਹਿਰੂ ਗਾਂਧੀ ਪਰਿਵਾਰ ਤੋਂ ਆਉਣ ਵਾਲੇ ਛੇਵੇਂ ਪ੍ਰਧਾਨ ਹਨ। ਇਸ ਤੋਂ ਪਹਿਲਾਂ ਮੋਤੀ ਲਾਲ ਨਹਿਰੂ, ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਪ੍ਰਧਾਨਗੀ ਦੇ ਅਹੁਦੇ ਉਤੇ ਰਹਿ ਚੁੱਕੇ ਹਨ। ਸੋਨੀਆ ਗਾਂਧੀ ਨੇ ਸਭ ਤੋਂ ਜ਼ਿਆਦਾ ਦੇਰ, 19 ਸਾਲ ਤੱਕ ਕਾਂਗਰਸ ਦੀ ਕਮਾਨ ਸੰਭਾਲੀ ਹੈ। ਪਿਛਲੇ ਕੁਝ ਸਮੇਂ ਤੋਂ ਆਪਣੀ ਡਿੱਗਦੀ ਸਿਹਤ ਕਾਰਨ ਸੋਨੀਆ ਗਾਂਧੀ ਸਰਗਰਮ ਸਿਆਸਤ ਤੋਂ ਦੂਰ ਰਹਿ ਰਹੇ ਹਨ।



## ਕਾਂਗਰਸ ਨੂੰ ਮਿਲੇਗਾ ਹੁਲਾਰਾ: ਅਮਰਿੰਦਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਦੇ ਨਵੇਂ ਪ੍ਰਧਾਨ ਰਾਹੁਲ ਗਾਂਧੀ ਨੂੰ ਨਿੱਘੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਪਾਰਟੀ ਪ੍ਰਧਾਨ ਬਣਨ ਨਾਲ ਕਾਂਗਰਸ ਪਾਰਟੀ ਨੂੰ ਵੱਡਾ ਹੁਲਾਰਾ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਹੇਠ ਕਾਂਗਰਸ ਦੀ ਨਾ ਸਿਰਫ ਵੱਡੀ ਪੱਧਰ ਉਤੇ ਪੁਨਰ ਸੁਰਜੀਤੀ ਹੋਵੇਗੀ ਸਗੋਂ ਪਾਰਟੀ ਦਾ ਉਥਾਨ ਵੀ ਹੋਵੇਗਾ।

# ਨਿਠਾਰੀ ਕਾਂਡ: ਕੋਲੀ ਤੇ ਪੰਧੇਰ ਨੂੰ ਮੌਤ ਦੀ ਸਜ਼ਾ

**ਗਾਜ਼ੀਆਬਾਦ:** ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਨਿਠਾਰੀ ਕਤਲ ਕਾਂਡ ਦੇ ਇਕ ਕੇਸ ਵਿਚ ਨੋਇਡਾ ਦੇ ਕਾਰੋਬਾਰੀ ਮਨਿੰਦਰ ਪੰਧੇਰ ਤੇ ਉਸ ਦੇ ਘਰੇਲੂ ਨੌਕਰ ਸੁਰਿੰਦਰ ਕੋਲੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਅਦਾਲਤ ਵੱਲੋਂ ਇਨ੍ਹਾਂ ਦੋਵਾਂ ਨੂੰ ਇਹ ਸਜ਼ਾ ਆਪਣੀ 25 ਸਾਲਾ ਨੌਕਰਾਣੀ ਦੇ ਜਬਰ ਜਨਾਹ ਤੇ ਕਤਲ ਦੇ ਦੋਸ਼ ਹੇਠ ਸੁਣਾਈ ਗਈ ਹੈ। ਇਹ ਉਨ੍ਹਾਂ 16 ਕੇਸਾਂ ਵਿਚੋਂ ਨੌਵਾਂ ਕੇਸ ਸੀ, ਜਿਸ ਲਈ ਕੋਲੀ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਨਾਲ ਹੀ ਕੋਲੀ ਤੇ ਪੰਧੇਰ ਉਤੇ ਸਾਂਝੇ ਤੌਰ 'ਤੇ ਚੱਲ ਰਿਹਾ ਤੀਜਾ ਕੇਸ ਸੀ। ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ 12 ਅਕਤੂਬਰ 2006 ਨੂੰ ਦੋਸ਼ੀਆਂ ਦੀ ਘਰੇਲੂ ਨੌਕਰਾਣੀ ਲਾਪਤਾ ਹੋ ਗਈ ਸੀ। ਨੋਇਡਾ ਦੇ ਸੈਕਟਰ 'ਚ ਨਿਠਾਰੀ ਪਿੰਡ ਸਥਿਤ ਪੰਧੇਰ ਦੀ ਰਿਹਾਇਸ਼ ਦੇ ਪਿਛਲੇ ਪਾਸਿਓਂ ਮਨੁੱਖੀ ਅਵਸ਼ੇਸ਼ਾਂ ਨੇੜਿਓਂ ਮਿਲੇ ਕੱਪੜਿਆਂ ਤੋਂ ਨੌਕਰਾਣੀ ਦੀ ਪਛਾਣ ਹੋਈ ਸੀ। ਨਿਠਾਰੀ ਕਤਲ ਕਾਂਡ ਉਦੋਂ ਸਾਹਮਣੇ ਆਇਆ ਜਦੋਂ ਸਥਾਨਕ ਪੁਲਿਸ ਨੇ ਪੰਧੇਰ ਦੇ ਘਰ ਦੇ ਪਿਛਿਓਂ 16 ਵਿਅਕਤੀਆਂ ਦੀਆਂ ਹੱਡੀਆਂ ਬਰਾਮਦ ਕੀਤੀਆਂ ਸਨ, ਜਿਨ੍ਹਾਂ 'ਚ ਵਧੇਰੇ ਬੱਚੇ ਸਨ।

# ਢਾਈ ਸਾਲਾ ਬੱਚੀ ਦੀ ਹੱਤਿਆ ਦੇ ਮਾਮਲੇ ਵਿਚ ਮਾਂ ਦੋਸ਼ੀ ਕਰਾਰ

**ਚੰਡੀਗੜ੍ਹ:** ਜ਼ਿਲ੍ਹਾ ਅਦਾਲਤ ਨੇ 41 ਸਾਲਾ ਮਾਂ ਨੂੰ ਆਪਣੀ ਢਾਈ ਸਾਲ ਦੀ ਬੱਚੀ ਦੀ ਹੱਤਿਆ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਹੈ। ਮੁਲਜ਼ਮ ਔਰਤ ਨੇ ਅਪਰੈਲ 2016 ਵਿਚ ਆਪਣੀ ਬੱਚੀ ਦੀ ਹੱਤਿਆ ਕਰ ਦਿੱਤੀ ਸੀ ਅਤੇ ਉਸ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਦੋਸ਼ੀ ਔਰਤ ਮੰਜੂ ਦੇਵੀ, ਜਿਸ ਨੂੰ ਸਜ਼ਾ ਸੁਣਾਈ ਜਾ ਸਕਦੀ ਹੈ। ਪੁਲਿਸ ਵੱਲੋਂ ਦਰਜ ਮਾਮਲੇ ਅਨੁਸਾਰ ਅਪਰੈਲ 2016 ਵਿਚ ਇੰਡਸਟਰੀਅਲ ਏਰੀਆ ਵਿਚ ਇਕ ਬੋਰੀ ਅੰਦਰ ਬੱਚੀ ਦੀ ਲਾਸ਼ ਮਿਲੀ ਸੀ। ਬੱਚੀ ਦੀ ਲਾਸ਼ ਨੂੰ ਕੁੱਤਿਆਂ ਨੇ ਨੋਚਿਆਂ ਹੋਇਆ ਸੀ, ਜਿਸ ਦੀ ਪਛਾਣ ਪੀਹੂ ਵਜੋਂ ਹੋਈ ਸੀ।

ਪੁਲਿਸ ਨੇ ਮਾਮਲੇ ਦੀ ਜਾਂਚ ਦੌਰਾਨ ਬੱਚੀ ਦੀ ਮਾਂ ਮੰਜੂ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਦੱਸਿਆ ਸੀ ਕਿ ਉਸ ਨੇ ਆਪਣੀ ਬੱਚੀ ਦੀ ਹੱਤਿਆ ਕਰ ਕੇ ਲਾਸ਼ ਨੂੰ ਬੋਰੀ ਵਿਚ ਪਾ ਦਿੱਤਾ ਅਤੇ ਫਿਰ ਆਟੋ ਰਿਕਸ਼ਾ ਲੈ ਕੇ ਉਸ ਦੀ ਲਾਸ਼ ਨੂੰ ਇੰਡਸਟਰੀਅਲ ਏਰੀਆ ਸੁੱਟ ਆਈ ਸੀ। ਮੰਜੂ ਦੇ ਚਾਰ ਬੱਚੇ ਸਨ ਅਤੇ ਉਸ ਲਈ ਘਰ ਚਲਾਉਣਾ ਮੁਸ਼ਕਲ ਹੋ ਰਿਹਾ ਸੀ ਜਿਸ ਕਾਰਨ ਉਸ ਨੇ ਆਪਣੀ ਬੱਚੀ ਦੀ ਹੱਤਿਆ ਕਰ ਦਿੱਤੀ।

# ਆਸਟਰੇਲੀਆ ਵਿਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ

**ਬ੍ਰਿਸਬੇਨ:** ਆਸਟਰੇਲੀਆ ਵਿਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲ ਗਈ ਹੈ। ਹੁਣ ਇਸ ਨਵੇਂ ਕਾਨੂੰਨ ਤਹਿਤ ਵਿਆਹ ਐਕਟ 1961 ਦੀ ਕਾਨੂੰਨੀ ਪਰਿਭਾਸ਼ਾ ਨੂੰ 'ਇਕ ਆਦਮੀ ਅਤੇ ਇਕ ਔਰਤ ਦਾ ਮੇਲ' ਦੀ ਥਾਂ 'ਦੋ ਲੋਕਾਂ ਦਾ ਮੇਲ' ਕਰਾਰ ਦਿੱਤਾ ਗਿਆ ਹੈ। ਸਮਲਿੰਗੀ ਵਿਆਹ ਦੀ ਇਜਾਜ਼ਤ ਦਿੰਦਾ ਨਵਾਂ ਕਾਨੂੰਨ 9 ਦਸੰਬਰ ਤੋਂ ਅਮਲ ਵਿਚ ਆ ਚੁੱਕਾ ਹੈ, ਪਰ ਇਸ ਕਾਨੂੰਨ ਤਹਿਤ ਪਹਿਲਾ ਵਿਆਹ ਅਗਲੇ ਸਾਲ ਜਨਵਰੀ ਮਹੀਨੇ ਵਿਚ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਆਸਟਰੇਲੀਆ ਵਿਚ ਬੀਤੇ ਮਹੀਨੇ ਇਕ ਸਰਵੇਖਣ ਵਿਚ ਲੋਕਾਂ ਤੋਂ ਸਮਲਿੰਗੀ ਵਿਆਹਾਂ ਬਾਰੇ ਉਨ੍ਹਾਂ ਦੀ ਰਾਇ ਲਈ ਗਈ ਸੀ।

ਸਰਵੇਖਣ ਦੌਰਾਨ ਤਕਰੀਬਨ 62 ਫੀਸਦੀ ਲੋਕਾਂ ਨੇ ਇਸ ਨੂੰ ਸਹੀ ਠਹਿਰਾਇਆ ਸੀ। ਇਸ ਸਕਾਰਾਤਮਕ ਸਰਵੇਖਣ ਮਗਰੋਂ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨੇ ਵਾਅਦਾ ਕੀਤਾ ਸੀ ਕਿ ਕ੍ਰਿਸਮਸ ਤੋਂ ਪਹਿਲਾਂ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਜਾਵੇਗੀ।

# ਅਦਾਕਾਰਾ ਜ਼ਾਇਰਾ ਨਾਲ ਜਹਾਜ਼ 'ਚ ਛੇੜਖਾਨੀ



**ਨਵੀਂ ਦਿੱਲੀ:** 'ਦੰਗਲ' ਫਿਲਮ ਤੋਂ ਮਸ਼ਹੂਰ ਹੋਈ ਕਸ਼ਮੀਰ ਦੀ ਅਦਾਕਾਰਾ ਜ਼ਾਇਰਾ ਵਸੀਮ ਨਾਲ ਦਿੱਲੀ ਤੋਂ ਮੁੰਬਈ ਯਾਤਰਾ ਦੌਰਾਨ ਜਹਾਜ਼ ਵਿਚ ਛੇੜਛਾੜ ਕਰਨ ਵਾਲੇ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਪਛਾਣ 37 ਸਾਲਾ ਵਿਕਾਸ ਸਚਦੇਵ ਵਜੋਂ ਹੋਈ ਹੈ। ਜ਼ਾਇਰਾ ਦੇ ਨਾਬਾਲਗ ਹੋਣ ਕਾਰਨ ਇਹ ਮਾਮਲਾ ਧਾਰਾ 354 ਅਤੇ 'ਪੋਸਕੋ' ਐਕਟ ਅਧੀਨ ਦਰਜ ਕੀਤਾ ਗਿਆ ਹੈ। ਜ਼ਾਇਰਾ ਨੇ ਇਕ ਵੀਡੀਓ ਰਾਹੀਂ ਸੋਸ਼ਲ ਮੀਡੀਆ ਉਤੇ ਆਪਣੇ ਨਾਲ ਵਾਪਰੀ ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਏਅਰ ਵਿਸਤਾਰਾ ਦੇ ਜਹਾਜ਼ 'ਚ ਯਾਤਰਾ ਦੌਰਾਨ ਉਸ ਦੇ ਪਿੱਛੇ ਬੈਠੇ ਇਕ ਵਿਅਕਤੀ ਨੇ ਆਪਣੇ ਪੈਰਾਂ ਨਾਲ ਉਸ ਨਾਲ ਛੇੜਛਾੜ ਕੀਤੀ। ਏਅਰ ਲਾਈਨਜ਼ ਵਿਸਤਾਰਾ ਨੇ ਇਸ ਘਟਨਾ ਲਈ ਜ਼ਾਇਰਾ ਤੋਂ ਮੁਆਫੀ ਮੰਗਦਿਆਂ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ।

# ਪੰਜਾਬ ਸਰਕਾਰ ਦੀ ਸਾਦਗੀ ਮੁਹਿੰਮ ਮਹਾਤੜਾਂ ਤੱਕ ਸੀਮਤ

**ਚੰਡੀਗੜ੍ਹ:** ਪੰਜਾਬ ਸਰਕਾਰ ਜਦੋਂ ਆਪਣੇ ਦਾਅਵੇ ਮੁਤਾਬਕ ਵਿੱਤੀ ਤੰਗੀ ਨਾਲ ਜੂਝ ਰਹੀ ਹੈ ਤਾਂ ਵੀ ਸਾਦਗੀ ਮੰਤਰੀਆਂ ਤੇ ਵਿਧਾਇਕਾਂ ਦੀ ਥਾਂ ਸਿਰਫ ਆਮ ਆਦਮੀ ਦੀ ਹੋਣੀ ਜਾਪ ਰਹੀ ਹੈ। ਮੰਤਰੀਆਂ, ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਡਾਕਟਰੀ ਇਲਾਜ ਲਈ ਸੂਬਾ ਸਰਕਾਰ ਨੇ ਹਾਲ ਹੀ ਵਿਚ ਵੱਖ-ਵੱਖ ਲਗਜ਼ਰੀ ਕਾਰਪੋਰੇਟ ਹਸਪਤਾਲਾਂ ਨਾਲ ਸਮਝੌਤਾ ਕੀਤਾ ਹੈ।

ਇਸ ਤਹਿਤ ਸਰਕਾਰ ਵਿਧਾਇਕਾਂ ਤੇ ਮੰਤਰੀਆਂ ਦੇ ਇਲਾਜ ਲਈ ਆਪਣੇ ਮੁਲਾਜ਼ਮਾਂ ਦੇ ਇਲਾਜ ਨਾਲੋਂ ਦੁੱਗਣੀ ਤੋਂ ਵੀ ਵੱਧ ਰਕਮ ਦੇਵੇਗੀ। ਦਿੱਲੀ ਦੇ ਕੁਝ ਕਾਰਪੋਰੇਟ ਹਸਪਤਾਲਾਂ ਸਣੇ ਇਸ ਖਿੱਤੇ ਦੇ 33 ਮੋਹਰੀ ਹਸਪਤਾਲਾਂ ਨਾਲ ਕੀਤੇ ਇਸ ਸਮਝੌਤੇ ਤਹਿਤ ਸੂਬਾ ਸਰਕਾਰ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਮੰਤਰੀਆਂ ਦੇ ਡਾਕਟਰੀ ਇਲਾਜ ਬਿੱਲਾਂ ਦਾ ਭੁਗਤਾਨ 'ਕੇਂਦਰੀ ਸਰਕਾਰੀ ਸਿਹਤ ਸਕੀਮ' (ਸੀ.ਜੀ.ਐਚ.ਐਸ.)



ਦੀਆਂ ਦਰਾਂ ਮੁਤਾਬਕ ਕਰੇਗੀ। ਹਾਲਾਂਕਿ ਰਾਜ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਮੈਡੀਕਲ ਬਿੱਲਾਂ ਦਾ ਭੁਗਤਾਨ ਪੀ.ਜੀ.ਆਈ. ਚੰਡੀਗੜ੍ਹ, ਅਤੇ ਏਮਸ ਨਵੀਂ ਦਿੱਲੀ ਦੀਆਂ ਦਰਾਂ ਮੁਤਾਬਕ ਕਰਦੀ ਹੈ। ਸੀ.ਜੀ.ਐਚ.ਐਸ. ਦੀਆਂ ਦਰਾਂ ਪੀ.ਜੀ.ਆਈ. ਤੇ ਏਮਸ ਨਾਲੋਂ ਦੁੱਗਣੀਆਂ ਹਨ। ਇਸ ਫੈਸਲੇ ਤੋਂ ਪਹਿਲਾਂ ਵਿਧਾਇਕਾਂ ਤੇ ਮੰਤਰੀਆਂ ਨੂੰ ਵੀ ਏਮਸ ਤੇ ਪੀ.ਜੀ.ਆਈ. ਦੀਆਂ ਦਰਾਂ ਮੁਤਾਬਕ ਇਲਾਜ ਦਾ ਖਰਚਾ ਮਿਲਦਾ ਸੀ।

ਸਰਕਾਰ ਨੇ ਮੇਦਾਂਤਾ ਦਿ ਮੈਡੀਸਿਟੀ ਹਸਪਤਾਲ ਗੁੜਗਾਓਂ, ਐਸਕਾਰਟ ਹਸਪਤਾਲ ਦਿੱਲੀ, ਸੈਂਟਰ ਫਾਰ ਸਾਈਟ ਦਿੱਲੀ ਅਤੇ ਪੰਜਾਬ ਮੈਕਸ ਸੁਪਰਸਪੈਸ਼ਲਿਟੀ ਹਸਪਤਾਲ ਤੇ ਫੋਰਟਿਸ ਹਸਪਤਾਲ ਮੁਹਾਲੀ ਅਤੇ ਇਸ ਖਿੱਤੇ ਦੇ ਹੋਰ ਹਸਪਤਾਲਾਂ ਨਾਲ ਸਮਝੌਤਾ ਕੀਤਾ ਹੈ। ਸਿਹਤ ਵਿਭਾਗ ਦੇ ਸੂਤਰਾਂ ਅਨੁਸਾਰ ਇਹ ਕਾਰਵਾਈ ਸੂਬੇ ਦੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਨੇ ਸ਼ੁਰੂ ਕੀਤੀ ਸੀ। ਖਿੱਤੇ ਦੇ ਸਾਰੇ ਮੋਹਰੀ ਹਸਪਤਾਲਾਂ ਨੂੰ ਪੈਨਲ ਵਿਚ ਸ਼ਾਮਲ ਕਰਨ ਬਾਰੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਗਿਆ।

ਵੱਡੇ ਕਾਰਪੋਰੇਟ ਹਸਪਤਾਲਾਂ ਨੂੰ ਪੈਨਲ ਵਿਚ ਸ਼ਾਮਲ ਕਰਨ ਦੀ ਕਾਰਵਾਈ ਅਸਲ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਰੀ ਸਾਲ ਵਿੱਚ ਸ਼ੁਰੂ ਕੀਤੀ ਸੀ। ਹਾਲਾਂਕਿ ਜਦੋਂ ਕਾਂਗਰਸ ਸਰਕਾਰ ਸੱਤਾ ਵਿਚ ਆਈ ਤਾਂ ਉਸ ਨੇ ਪਿਛਲੀ ਸਰਕਾਰ ਦੇ ਸਾਰੇ ਫੈਸਲਿਆਂ ਦੀ ਸਮੀਖਿਆ ਸ਼ੁਰੂ ਕੀਤੀ ਪਰ ਸਮੀਖਿਆ ਮਗਰੋਂ ਸਾਰੇ ਹਸਪਤਾਲਾਂ ਨੂੰ ਪੈਨਲ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਕਿ ਮੰਤਰੀਆਂ ਤੇ ਵਿਧਾਇਕਾਂ ਨੂੰ ਡਾਕਟਰੀ ਇਲਾਜ ਵਿਚ ਕੋਈ ਮੁਸ਼ਕਲ ਨਾ ਆਵੇ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਸੁਖਬੀਰ ਦਾ ਧਰਨਿਆਂ ਵਾਲਾ ਪੈਂਤੜਾ ਵੀ ਪੁੱਠਾ ਪਿਆ

*(ਸਫਾ ਇਕ ਦੀ ਬਾਕੀ)*

ਨਾਲੋਂ ਸੰਪਰਕ ਟੁੱਟ ਗਿਆ। ਲੋਕ ਸੜਕਾਂ ਉਤੇ ਫਸ ਗਏ। ਉਮੀਦ ਕੀਤੀ ਜਾ ਰਹੀ ਸੀ ਕਿ ਸ਼ਾਮ ਤੱਕ ਪੁਲਿਸ ਪ੍ਰਸ਼ਾਸਨ ਅਕਾਲੀਆਂ ਨੂੰ ਖਦੇੜ ਦੇਵੇਗਾ, ਪਰ ਜਦ ਦੇਰ ਸ਼ਾਮ ਸੁਖਬੀਰ ਸਮੇਤ ਅਕਾਲੀ ਦਲ ਦੇ ਵੱਡੇ ਆਗੂ ਰਜਾਈਆਂ ਲੈ ਕੇ ਸੜਕਾਂ 'ਤੇ ਹੀ ਲੇਟ ਗਏ ਤਾਂ ਲੋਕਾਂ ਨੂੰ ਆਪਣੇ ਬਾਲ-ਬੱਚੇ ਕੁੱਛੜ ਚੁੱਕ ਕੇ ਪੈਦਲ ਹੀ ਮੰਜ਼ਿਲ ਵੱਲ ਵਧਣ ਲਈ ਮਜਬੂਰ ਹੋਣਾ ਪਿਆ। ਇਸ ਦਿਨ ਅਧਿਆਪਕਾਂ ਦੀ ਭਰਤੀ ਲਈ ਅੰਮ੍ਰਿਤਸਰ ਵਿਚ ਟੈਸਟ ਸੀ ਅਤੇ ਸੈਂਕੜੇ ਪ੍ਰੀਖਿਆਰਥੀ ਇਸ ਤੋਂ ਵਾਂਝੇ ਰਹਿ ਗਏ। ਟਰੱਕਾਂ ਅਤੇ ਬੱਸਾਂ ਵਾਲਿਆਂ ਨੇ ਠੰਢ ਵਿਚ ਸੜਕ ਕਿਨਾਰੇ ਅੱਗ ਸੇਕ ਕੇ ਰਾਤ ਗੁਜ਼ਾਰੀ, ਸੈਂਕੜੇ ਪਰਿਵਾਰਾਂ ਨੇ ਧਾਰਮਿਕ ਸਥਾਨਾਂ ਵਿਚ ਸ਼ਰਨ ਲਈ। ਲੋਕ ਜਦੋਂ ਦੇਰ ਰਾਤ ਖੱਜਲ ਹੋ ਰਹੇ ਸਨ ਤਾਂ ਅਕਾਲੀ ਧਰਨੇ ਉਤੇ ਡਟੇ ਆਪਣੇ ਆਗੂਆਂ ਨੂੰ ਲੰਗਰ ਵਰਤਾ ਰਹੇ ਸਨ।

ਸੁਖਬੀਰ ਬਾਦਲ ਹੱਥ ਵਿਚ ਮੋਟੀ ਡਾਇਰੀ ਫੜੀ ਆਖ ਰਿਹਾ ਸੀ ਕਿ ਉਹ ਉਨ੍ਹਾਂ ਅਫਸਰਾਂ ਦੇ ਨਾਂ ਨੋਟ ਕਰ ਰਿਹਾ ਹੈ ਜਿਨ੍ਹਾਂ ਨੇ ਉਨ੍ਹਾਂ ਨਾਲ ਧੱਕਾ ਕੀਤਾ ਹੈ ਤੇ ਸਰਕਾਰ ਆਉਣ 'ਤੇ ਇਨ੍ਹਾਂ ਨੂੰ ਸਬਕ ਸਿਖਾਏਗਾ। ਹਾਲਾਤ ਵੱਸੋਂ ਬਾਹਰ ਹੁੰਦੇ ਵੇਖ ਹਾਈ ਕੋਰਟ ਨੂੰ ਦਖਲ ਦੇਣਾ ਪਿਆ। ਹਾਈ ਕੋਰਟ ਨੇ ਜਦ ਪ੍ਰਸ਼ਾਸਨ ਨੂੰ ਸੜਕਾਂ ਖਾਲੀ ਕਰਵਾਉਣ ਲਈ ਸਖਤੀ ਵਰਤਣ ਦੇ ਹੁਕਮ ਦਿੱਤੇ ਤਾਂ ਦਸ ਮਿੰਟਾਂ ਦੇ ਅੰਦਰ ਅੰਦਰ ਅਕਾਲੀਆਂ ਨੂੰ ਭੱਜਣ ਲਈ ਰਾਹ ਨਾ ਲੱਭਾ। ਲੋਕ ਰੋਹ ਵੇਖ ਸੁਖਬੀਰ ਨੇ ਖੱਜਲ ਖੁਆਰੀ ਲਈ ਮੁਆਫੀ ਮੰਗਦੇ ਹੋਏ ਆਖ ਦਿੱਤਾ ਕਿ ਉਸ ਨੂੰ ਮਾਣ ਹੈ ਕਿ ਉਸ ਦੇ ਇਕ ਸੱਦੇ ਉਤੇ ਐਡਾ ਵੱਡਾ ਇਕੱਠ ਹੋ ਗਿਆ। ਦਿਲਚਸਪ ਗੱਲ ਇਹ ਹੈ ਕਿ ਸੁਖਬੀਰ ਬਾਦਲ ਦੀ ਅਗਵਾਈ ਹੇਠ ਉਥੇ ਹੀ ਧਰਨਾ ਲਾਇਆ, ਜਿਥੇ ਕੁਝ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਿਚ ਸਿੱਖ ਸੰਗਤ ਨੇ ਜਾਮ ਲਾਇਆ ਸੀ। ਉਸ ਵੇਲੇ ਅਕਾਲੀ ਦਲ ਦੀ ਸਰਕਾਰ ਨੇ ਸਿੱਖ ਲੀਡਰਾਂ ਖਿਲਾਫ ਕੇਸ ਦਰਜ ਕੀਤੇ ਸਨ ਅਤੇ ਸੁਖਬੀਰ ਬਾਦਲ ਨੇ ਇਨ੍ਹਾਂ ਨੂੰ ਵਿਹਲੜਾਂ ਦੀ ਫੌਜ ਤੇ ਕਾਂਗਰਸੀਆਂ ਦੇ ਹੱਥ ਠੋਕੇ ਤੱਕ ਕਿਹਾ ਸੀ। ਸੋਸ਼ਲ ਮੀਡੀਆ ਉਪਰ ਚਰਚਾ ਹੈ ਕਿ ਪਰਮਾਤਮਾ ਨੇ ਸੁਖਬੀਰ ਬਾਦਲ ਨੂੰ ਝੁਕਾ ਕੇ ਉਸੇ ਥਾਂ ਆਉਣ ਲਈ ਮਜਬੂਰ ਕੀਤਾ ਹੈ। ਅਕਾਲੀ-ਭਾਜਪਾ ਹਕੂਮਤ ਦੇ ਦਸ ਵਰ੍ਹਿਆਂ ਦੌਰਾਨ ਪੰਜਾਬ ਵਿਚ ਤਕਰੀਬਨ 70 ਹਜ਼ਾਰ ਅੰਦੋਲਨ ਹੋਏ ਸਨ। ਹੁਣ ਕੈਪਟਨ ਹਕੂਮਤ ਦੌਰਾਨ ਅਕਾਲੀ ਖੁਦ ਅੰਦੋਲਨਾਂ ਵਾਲੇ ਪਾਸੇ ਹੋ ਗਏ ਹਨ।

ਦਰਅਸਲ, ਪਿਛਲਾ ਇਕ ਦਹਾਕਾ ਸੱਤਾ ਵਿਚ ਰਹੇ ਅਕਾਲੀ ਦਲ ਖਿਲਾਫ ਅਜੇ ਵੀ ਲੋਕ ਰੋਹ ਹੈ। ਵਿਧਾਨ ਸਭਾ ਚੋਣਾਂ ਵਿਚ ਹੋਈ ਨਮੋਸ਼ੀਜਨਕ ਹਾਰ ਮਗਰੋਂ ਅਕਾਲੀ ਵਰਕਰਾਂ ਦੇ ਹੌਸਲੇ ਵੀ ਪਸਤ ਹੋ ਗਏ ਹਨ। ਇਸ ਸੂਰਤ ਵਿਚ ਸੁਖਬੀਰ ਬਾਦਲ ਵਰਕਰਾਂ ਵਿਚ ਮੁੜ ਜੋਸ਼ ਭਰਨਾ ਚਾਹੁੰਦੇ ਸਨ, ਪਰ ਲੋਕਾਂ ਦੀ ਖੱਜਲ ਖੁਆਰੀ ਤੇ ਹਾਈ ਕੋਰਟ ਦੀ ਫਿਟਕਾਰ ਨੇ ਇਹ ਚਾਲ ਪੁੱਠੀ ਪਾ ਦਿੱਤੀ। ਅਕਾਲੀ ਦਲ ਦੇ ਧਰਨਿਆਂ ਦਾ ਜਨਤਾ ਵਿਚ ਗਲਤ ਸੁਨੇਹਾ ਹੀ ਗਿਆ ਹੈ।

## ਮਾਂ ਦੀ ਜਾਅਲੀ ਵਸੀਅਤ ਪੇਸ਼ ਕਰਨ ਵਾਲੇ ਭਾਰਤੀ ਨੂੰ ਕੈਦ

**ਲੰਡਨ:** ਭਾਰਤੀ ਮੂਲ ਦੇ ਅਕਾਊਂਟੈਂਟ ਨੂੰ ਇਥੋਂ ਦੀ ਅਦਾਲਤ ਨੇ ਮਾਂ ਦੀ ਜਾਅਲੀ ਵਸੀਅਤ ਦਾਖਲ ਕਰਨ ਦੇ ਦੋਸ਼ ਹੇਠ 12 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਹੈ।

ਲੰਡਨ ਆਧਾਰਤ ਗਿਰੀਸ਼ ਦਹਿਆਭਾਈ ਪਟੇਲ ਨੇ ਆਪਣੀ ਮਾਂ ਦੇ ਦਸਤਖਤਾਂ ਵਾਲੇ ਸਾਫ ਕਾਗਜ਼ ਦੀ ਵਰਤੋਂ ਕਰ ਕੇ ਵਸੀਅਤ ਬਣਵਾ ਲਈ, ਜਿਸ ਵਿਚ ਦਾਅਵਾ ਕਰ ਦਿੱਤਾ ਕਿ ਉਸ ਦੀ ਮਾਂ ਨੇ ਉਨ੍ਹਾਂ ਦੇ ਮਲੇਸ਼ੀਆ ਵਿਚਲੇ ਪਰਿਵਾਰਕ ਕਾਰੋਬਾਰ ਵਿਚੋਂ ਉਸ ਦੇ ਨਾਂ 4 ਕਰੋੜ ਪੌਂਡ ਕੀਤੇ ਹਨ। ਮੁਲਜ਼ਮ ਨੇ ਭਰਾ ਯਸ਼ਵੰਤ ਨੇ ਇਸ ਦਾਅਵੇ ਖਿਲਾਫ ਸਬੂਤ ਪੇਸ਼ ਕਰ ਕੇ ਇਸ ਧੋਖਾਧੜੀ ਤੋਂ ਪਰਦਾ ਚੁੱਕ ਦਿੱਤਾ। ਇਸ ਉਤੇ ਗਿਰੀਸ਼ ਨੂੰ ਇਹ ਸਜ਼ਾ ਸੁਣਾਈ ਗਈ ਹੈ।

## ਸੀ.ਐਨ.ਐਨ. ਹੀਰੋ ਐਵਾਰਡ ਦੀ ਦੌੜ 'ਚ ਦੋ ਭਾਰਤੀ-ਅਮਰੀਕੀ

**ਵਾਸ਼ਿੰਗਟਨ:** ਦੋ ਭਾਰਤੀ-ਅਮਰੀਕੀ ਸਮੀਰ ਲਖਾਨੀ ਅਤੇ ਮੋਨਾ ਪਟੇਲ ਸੀ.ਐਨ.ਐਨ. ਹੀਰੋਜ਼ ਆਫ ਦਿ ਯੀਅਰ ਐਵਾਰਡ ਦੀ ਦੌੜ ਵਿਚ ਸ਼ਾਮਲ ਹਨ। ਪੁਰਸਕਾਰ ਲਈ 10 ਉਮੀਦਵਾਰ ਮੈਦਾਨ 'ਚ ਹਨ ਅਤੇ ਇਹ 17 ਦਸੰਬਰ ਨੂੰ ਦਿੱਤੇ ਜਾਣਗੇ। ਲਖਾਨੀ ਨੇ ਈਕੋ-ਸਾਬਣ ਬੈਂਕ ਦੀ ਸ਼ੁਰੂਆਤ ਕੀਤੀ ਸੀ ਅਤੇ ਹੋਟਲਾਂ 'ਚ ਬਚੇ ਟੁਕੜਿਆਂ ਰਾਹੀਂ ਕੰਬੋਡੀਆ ਦੇ ਪਿੰਡਾਂ ਵਿਚ ਸਾਬਣ ਦੀ ਘਾਟ ਨੂੰ ਦੂਰ ਕੀਤਾ।

ਮੋਨਾ ਪਟੇਲ ਦੀ ਮੁਨਾਫਾ ਰਹਿਤ ਜਥੇਬੰਦੀ ਦਾ ਉਦੇਸ਼ ਅਪਾਹਜਾਂ ਨੂੰ ਸਹੂਲਤਾਂ ਦਿਵਾਉਣਾ ਹੈ। ਲੋਕ ਆਨ ਲਾਈਨ ਵੋਟਾਂ ਪਾ ਸਕਦੇ ਹਨ ਅਤੇ ਜੇਤੂ ਨੂੰ ਇਕ ਲੱਖ ਡਾਲਰ ਦਾ ਇਨਾਮ ਮਿਲੇਗਾ।

## ਅੱਠ ਲਸ਼ਕਰ ਮੈਂਬਰਾਂ ਨੂੰ ਉਮਰ ਕੈਦ

**ਜੈਪੁਰ:** ਅਦਾਲਤ ਨੇ ਤਿੰਨ ਪਾਕਿਸਤਾਨੀਆਂ ਸਮੇਤ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਦੇ ਅੱਠ ਮੈਂਬਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਰਾਜਸਥਾਨ ਅਤਿਵਾਦ ਵਿਰੋਧੀ ਸਕੁਐਡ ਵੱਲੋਂ ਇਹ ਲਸ਼ਕਰ ਮੈਂਬਰ 2010 ਅਤੇ 2011 ਵਿਚ ਗ੍ਰਿਫਤਾਰ ਕੀਤੇ ਗਏ ਸਨ। ਅਦਾਲਤ ਨੇ ਇਨ੍ਹਾਂ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ ਦੀਆਂ ਧਾਰਾਵਾਂ ਤਹਿਤ ਸਜ਼ਾ ਸੁਣਾਉਂਦਿਆਂ ਤਿੰਨ ਤਿੰਨ ਲੱਖ ਰੁਪਏ ਜੁਰਮਾਨਾ ਵੀ ਠੋਕਿਆ ਹੈ।

ਲਸ਼ਕਰ ਦੇ ਪਾਕਿਸਤਾਨੀ ਮੈਂਬਰ ਅਸਗਰ ਅਲੀ, ਸ਼ੱਕਰ ਉਲਾ ਅਤੇ ਸ਼ਾਹਿਦ ਇਕਬਾਲ ਖਿਲਾਫ ਦੇਸ਼ ਵਿਰੋਧੀ ਗਤੀਵਿਧੀਆਂ ਲਈ ਭਰਤੀ ਕਰਨ ਦੇ ਦੋਸ਼ ਸਨ। ਬਾਕੀ ਪੰਜ ਦੋਸ਼ੀਆਂ ਵਿਚ ਬਾਬੂ ਉਰਫ ਨਿਸ਼ਾਚੰਦ ਅਲੀ, ਹਾਫਿਜ਼ ਅਬਦੁਲ, ਪਵਨ ਪੁਰੀ, ਅਰੁਣ ਜੈਨ ਅਤੇ ਕਾਬਿਲ ਸ਼ਾਮਲ ਹਨ। ਬਾਬੂ ਅਤੇ ਪਵਨ ਪੁਰੀ ਬੀਕਾਨੇਰ ਜੇਲ੍ਹ ਵਿਚ ਅਸਗਰ ਅਲੀ ਦੇ ਸੰਪਰਕ ਵਿਚ ਆਏ ਸਨ। ਕਾਬਿਲ ਪੰਜਾਬ ਦੀ ਜੇਲ੍ਹ ਵਿਚ ਸ਼ਾਹਿਦ ਇਕਬਾਲ ਦੇ ਸੰਪਰਕ ਵਿਚ ਆਇਆ ਸੀ। ਇਹ ਸਾਰੇ ਮੋਬਾਈਲ ਫੋਨ ਰਾਹੀਂ ਪਾਕਿਸਤਾਨ ਵਿਚ ਬੈਠੇ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਦੇ ਸੰਪਰਕ ਵਿਚ ਸਨ।

## ਸ੍ਰੀਲੰਕਾ ਵੱਲੋਂ ਹੰਬਨਤੋਤਾ ਬੰਦਰਗਾਹ ਚੀਨ ਹਵਾਲੇ

**ਕੋਲੰਬੋ:** ਸ੍ਰੀਲੰਕਾ ਨੇ ਰਸਮੀ ਤੌਰ ਉਤੇ ਰਣਨੀਤਕ ਦੱਖਣੀ ਬੰਦਰਗਾਹ 99 ਸਾਲ ਲਈ ਚੀਨ ਨੂੰ ਪਟੇ (ਲੀਜ਼) ਉਤੇ ਸੌਂਪ ਦਿੱਤੀ ਜਿਸ ਨੂੰ ਵਿਰੋਧੀ ਧਿਰ ਨੇ ਜਾਇਦਾਦ ਵੇਚਣ ਦੀ ਕਾਰਵਾਈ ਦੱਸਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਚੀਨ ਮਾਰਚੈਂਟਸ ਪੋਰਟ ਹੋਲਡਿੰਗਜ਼ ਕੰਪਨੀ ਦੇ ਪ੍ਰਬੰਧ ਹੇਠਲੀਆਂ ਦੋ ਚੀਨੀ ਕੰਪਨੀਆਂ ਹੰਬਨਟੋਤਾ ਇੰਟਰਨੈਸ਼ਨਲ ਪੋਰਟ ਗਰੁੱਪ ਅਤੇ ਹੰਬਨਤੋਤਾ ਇੰਟਰਨੈਸ਼ਨਲ ਪੋਰਟ ਸਰਵਸਿਜ਼ ਅਤੇ ਸ੍ਰੀਲੰਕਾ ਬੰਦਰਗਾਹ ਅਥਾਰਟੀ ਬੰਦਰਗਾਹ ਅਤੇ ਇਸ ਦੇ ਆਲੇ ਦੁਆਲੇ ਦੇ ਨਿਵੇਸ਼ ਜ਼ੋਨ ਦੇ ਪ੍ਰਬੰਧ ਦੀ ਦੇਖ ਰੇਖ ਕਰਨਗੀਆਂ।

ਪ੍ਰਧਾਨ ਮੰਤਰੀ ਰਨਿਲ ਵਿਕਰਮਾਸਿੰਘੇ ਨੇ ਅਪਰੈਲ ਵਿਚ ਆਪਣੀ ਚੀਨ ਫੇਰੀ ਦੌਰਾਨ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸੇ ਵੱਲੋਂ ਆਪਣੇ ਜੱਦੀ ਜ਼ਿਲ੍ਹੇ ਵਿਚ ਸ਼ੁਰੂ ਕੀਤੇ ਚੀਨ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਵਿਚ ਚੀਨ ਦੀ ਭਾਈਵਾਲੀ ਲਈ ਸਹਿਮਤ ਹੋ ਗਏ ਸਨ। ਪਿਛਲੇ ਸਾਲ ਸ੍ਰੀਲੰਕਾ ਦੇ ਵਿੱਤ ਮੰਤਰੀ ਰਵੀ ਕਰੁਨਾਨ ਨੇ ਕਿਹਾ ਸੀ ਕਿ ਸ੍ਰੀਲੰਕਾ ਸਿਰ ਚੀਨ ਦਾ 8 ਅਰਬ ਡਾਲਰ ਦਾ ਕਰਜ਼ਾ ਹੈ। ਇਸ ਸਮਝੌਤੇ ਨਾਲ ਅਸੀਂ ਕਰਜ਼ਾ ਮੋੜਨਾ ਸ਼ੁਰੂ ਕਰ ਦਿੱਤਾ ਹੈ।

# ਨਿਆਂ ਉਡੀਕਦੀ ਤੁਰ ਗਈ ਬੇਬੇ ਅਮਰ ਕੌਰ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਖਿਲਾਫ ਪਿਛਲੇ 24 ਵਰ੍ਹਿਆਂ ਤੋਂ ਕੇਸ ਲੜ ਰਹੀ ਅਮਰ ਕੌਰ ਦਾ ਨਿਆਂ ਦੀ ਉਡੀਕ ਵਿਚ ਦੇਹਾਂਤ ਹੋ ਗਿਆ। ਉਹ 100 ਸਾਲਾਂ ਦੀ ਸੀ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਨੇ 15 ਮਾਰਚ 1994 ਨੂੰ ਉਸ ਦੇ ਪੁੱਤਰ ਵਿਨੋਦ ਕੁਮਾਰ, ਜਵਾਈ ਅਸ਼ੋਕ ਕੁਮਾਰ ਅਤੇ ਡਰਾਈਵਰ ਮੁਖਤਿਆਰ ਸਿੰਘ ਨੂੰ ਲੁਧਿਆਣਾ ਅਤੇ ਚੰਡੀਗੜ੍ਹ ਤੋਂ ਕਥਿਤ ਤੌਰ 'ਤੇ ਅਗਵਾ ਕਰ ਲਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਲੱਗਿਆ। ਅਮਰ ਕੌਰ ਬੀਤੇ ਦਹਾਕੇ ਤੋਂ ਬ੍ਰੇਨ ਸਟਰੋਕ ਕਾਰਨ ਮੰਜੇ 'ਤੇ ਪਈ ਸੀ। ਇਹ ਜਾਣਕਾਰੀ ਉਸ ਦੇ ਪੁੱਤਰ ਅਸ਼ੀਸ਼ ਕੁਮਾਰ ਨੇ ਦਿੱਤੀ।

ਇਕ ਦਹਾਕਾ ਪਹਿਲਾਂ ਵ੍ਹੀਲ ਚੇਅਰ 'ਤੇ ਹੋਣ ਦੇ ਬਾਵਜੂਦ ਉਹ ਸੁਮੇਧ ਸਿੰਘ ਸੈਣੀ ਖਿਲਾਫ ਗਵਾਹੀ ਦੇਣ ਲਈ ਦਿੱਲੀ ਦੀ ਅਦਾਲਤ ਵਿਚ ਪੇਸ਼ ਹੋਈ ਸੀ। ਉਸ ਨੇ ਮੂਲਚੰਦ ਹਸਪਤਾਲ ਵਿਚ ਜ਼ੇਰੇ ਇਲਾਜ ਰਹਿਣ ਦੌਰਾਨ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਨੂੰ 8 ਜੁਲਾਈ 2011 ਨੂੰ ਟੈਲੀਗ੍ਰਾਮ ਭੇਜੀ ਸੀ, ਜਿਸ ਵਿਚ ਉਸ ਨੇ ਮਾਮਲੇ ਦੀ ਸੁਣਵਾਈ ਤੇਜ਼ੀ ਨਾਲ ਕਰਨ ਅਤੇ ਰੋਜ਼ਾਨਾ ਸੁਣਵਾਈ ਦੀ ਅਪੀਲ ਕੀਤੀ ਸੀ ਤਾਂ ਜੋ ਉਸ ਨੂੰ ਉਸ ਦੇ ਜੀਵਨ ਵਿਚ ਨਿਆਂ ਮਿਲ ਸਕੇ।

ਅਸ਼ੀਸ਼ ਨੇ ਦੱਸਿਆ ਕਿ ਉਸ ਦੀ ਮਾਂ ਨੂੰ ਆਪਣੇ ਜੀਵਨ ਵਿਚ ਨਿਆਂ ਨਹੀਂ ਮਿਲਿਆ। ਨਿਆਂ ਵਿਵਸਥਾ ਨੂੰ ਕਿਸੇ ਮਾਮਲੇ ਨੂੰ ਇੰਨਾ ਲੰਮਾ ਨਹੀਂ ਖਿੱਚਣਾ ਚਾਹੀਦਾ ਤਾਂ ਜੋ ਲੋਕ ਨਿਆਂ ਦੀ ਉਮੀਦ ਵਿਚ ਹੀ ਮਰ ਜਾਣ। ਜ਼ਿਕਰਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ 24 ਮਾਰਚ 1994 ਨੂੰ ਸੁਮੇਧ ਸੈਣੀ ਤੇ ਹੋਰਨਾਂ ਖਿਲਾਫ ਸੀ ਬੀ ਆਈ ਵੱਲੋਂ ਕੇਸ ਦਰਜ ਕੀਤਾ ਗਿਆ ਸੀ।

## ਦੁਨੀਆਂ ਦੀ ਸਭ ਤੋਂ ਮਹਿੰਗੀ ਪੇਂਟਿੰਗ 2900 ਕਰੋੜ ਵਿਚ ਵਿਕੀ

**ਆਬੂਧਾਬੀ:** ਦੁਨੀਆਂ ਦੀ ਸਭ ਤੋਂ ਮਹਿੰਗੀ ਪੇਂਟਿੰਗ ਨੂੰ ਆਬੂਧਾਬੀ ਦੇ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਨੇ ਖਰੀਦਿਆ ਹੈ। ਇਸ ਦੀ ਕੀਮਤ ਹੈਰਾਨ ਕਰਨ ਵਾਲੀ ਹੈ। ਆਬੂਧਾਬੀ ਨੇ ਮਹਾਨ ਚਿੱਤਰਕਾਰ ਲਿਓਂਡਰਾ ਦ ਵਿੰਸੀ ਦੀ ਪੇਂਟਿੰਗ ਨੂੰ 2900 ਕਰੋੜ ਵਿਚ ਖਰੀਦਿਆ ਹੈ।

ਪੇਂਟਿੰਗ ਨੂੰ ਨਿਲਾਮ ਕਰਨ ਵਾਲੀ ਨਿਊ ਯਾਰਕ ਦੀ ਕ੍ਰਿਸਟੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਪੇਂਟਿੰਗ ਨੂੰ ਆਬੂਧਾਬੀ ਦੇ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਨੇ ਖਰੀਦਿਆ ਹੈ। ਇਸ ਤੋਂ ਪਹਿਲਾਂ ਇਹ ਖਬਰ ਸੀ ਕਿ ਇਸ ਪੇਂਟਿੰਗ ਨੂੰ ਆਬੂਧਾਬੀ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਖਰੀਦਿਆ ਹੈ। ਇਹ ਪੇਂਟਿੰਗ ਦੁਨੀਆਂ ਦੀਆਂ ਉਨ੍ਹਾਂ 20 ਚੋਣਵੀਆਂ ਪੇਂਟਿੰਗਾਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਨਵਜਾਗਰਣ ਕਾਲ ਵਿਚ ਬਣਾਇਆ ਗਿਆ ਸੀ। ਆਬੂਧਾਬੀ ਵੱਲੋਂ ਖਰੀਦੀ ਇਹ ਪੇਂਟਿੰਗ 500 ਸਾਲ ਪੁਰਾਣੀ ਹੈ ਤੇ ਇਸ ਨੂੰ ਜਲਦ ਹੀ ਨੁਮਾਇਸ਼ ਲਈ ਲਾਇਆ ਜਾਵੇਗਾ।

## ਟੈਰੇਜ਼ਾ ਮੇਅ ਨੂੰ ਮਾਰਨ ਦੀ ਸਾਜ਼ਿਸ਼ ਨਾਕਾਮ

**ਲੰਡਨ:** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੂੰ ਉਨ੍ਹਾਂ ਦੇ ਡਾਊਨਿੰਗ ਸਟਰੀਟ ਦਫਤਰ ਵਿਚ ਦਾਖਲ ਹੋ ਕੇ ਕਤਲ ਕਰਨ ਦੀ ਇਸਲਾਮਿਕ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਅਤੇ ਬ੍ਰਿਟਿਸ਼-ਬੰਗਲਾਦੇਸ਼ੀ ਦੋ ਨੌਜਵਾਨਾਂ ਦੀ ਗ੍ਰਿਫਤਾਰੀ ਨਾਲ ਇਹ ਸਾਜ਼ਿਸ਼ ਨਾਕਾਮ ਹੋਈ ਹੈ। ਦੋਵੇਂ ਨੌਜਵਾਨਾਂ ਨਈਮ-ਉਰ-ਜ਼ਕਰੀਆ ਰਹਿਮਾਨ (20) ਅਤੇ ਮੁਹੰਮਦ ਅਕੀਬ ਇਮਰਾਨ (21) ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਦੋਹਾਂ ਨੂੰ ਅਤਿਵਾਦ ਵਿਰੋਧੀ ਅਧਿਕਾਰੀਆਂ ਵੱਲੋਂ 28 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਰਿਮਾਂਡ ਉਤੇ ਭੇਜਦਿਆਂ 20 ਦਸੰਬਰ ਨੂੰ ਓਲਡ ਬੇਲੀ ਕੋਰਟ 'ਚ ਪੇਸ਼ ਕਰਨ ਲਈ ਕਿਹਾ ਗਿਆ ਹੈ।

ਸੰਖੇਪ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ ਬ੍ਰਿਟਿਸ਼ ਬੰਗਲਾਦੇਸ਼ੀ ਰਹਿਮਾਨ ਨੇ ਡਾਊਨਿੰਗ ਸਟਰੀਟ ਦੇ ਗੇਟ ਬੰਬ ਨਾਲ ਉਡਾਉਣ ਦੀ ਯੋਜਨਾ ਬਣਾਈ ਸੀ ਅਤੇ ਇਸੇ ਘੜਮੱਸ ਦੌਰਾਨ ਮੇਅ ਨੂੰ ਚਾਕੂ ਨਾਲ ਕਤਲ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਸੀ।

## ਆਸਟਰੇਲੀਆ ਖੇਡਣ ਗਈ ਭਾਰਤੀ ਖਿਡਾਰਨ ਦੀ ਮੌਤ

**ਨਵੀਂ ਦਿੱਲੀ:** ਪੈਸੇਫਿਕ ਸਕੂਲ ਖੇਡਾਂ ਲਈ ਆਸਟਰੇਲੀਆ ਗਈਆਂ ਖਿਡਾਰਨਾਂ ਵਿਚੋਂ ਇਕ ਨਿਤਿਸ਼ਾ ਨੇਗੀ (15) ਦੀ ਮੌਤ ਹੋ ਗਈ ਹੈ। ਐਡੀਲੇਡ ਦੇ ਗਲੇਨੇਲਗ 'ਚ ਹੋਲਡਫਾਸਟ ਮਰੀਨਾ ਤੱਟ 'ਤੇ ਭਿਆਨਕ ਹਾਦਸਾ ਵਾਪਰਿਆ। ਇਸ ਹਾਦਸੇ ਵਿਚੋਂ 4 ਖਿਡਾਰਨਾਂ ਨੂੰ ਬਚਾਅ ਲਿਆ ਗਿਆ ਜਦਕਿ ਇਕ ਦੀ ਡੁੱਬਣ ਨਾਲ ਮੌਤ ਹੋ ਗਈ। ਇਹ ਲੜਕੀਆਂ ਪੈਸੇਫਿਕ ਸਕੂਲ ਖੇਡਾਂ ਲਈ ਆਸਟਰੇਲੀਆ ਗਈਆਂ ਸਨ।

ਆਸਟਰੇਲੀਆ ਦੇ ਐਡੀਲੇਡ 'ਚ ਇਹ ਖੇਡਾਂ ਕਰਵਾਈਆਂ ਜਾ ਰਹੀਆਂ ਸਨ। ਇਹ ਸਾਰੀਆਂ ਫੁੱਟਬਾਲ ਦੀਆਂ ਖਿਡਾਰਨਾਂ ਹਨ। ਇਨ੍ਹਾਂ ਖੇਡਾਂ 'ਚ 15 ਦੇਸ਼ਾਂ ਦੇ ਲਗਭਗ 4000 ਖਿਡਾਰੀਆਂ ਨੇ ਹਿੱਸਾ ਲਿਆ। ਸੈਰ ਸਪਾਟਾ, ਮਨੋਰੰਜਨ ਤੇ ਖੇਡ ਮੰਤਰੀ ਲਿਓਨ ਬਿਗਨਲ ਨੇ ਕਿਹਾ ਕਿ ਦੱਖਣੀ ਆਸਟਰੇਲੀਆ ਦੀ ਸਰਕਾਰ ਪੀੜਤਾ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲੈ ਜਾਣ ਲਈ ਭੁਗਤਾਨ ਕਰੇਗੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਰਜ਼ਾ ਮੁਆਫੀ: ਸਰਕਾਰੀ ਘੁੰਡੀਆਂ ਨੇ ਉਲਝਾਏ ਪੰਜਾਬ ਦੇ ਕਿਸਾਨ

**ਚੰਡੀਗੜ੍ਹ:** ਪੰਜਾਬ ਵਿਚ ਕੁੱਲ ਖੇਤੀ ਕਰਜ਼ਾ ਮੁਆਫੀ ਦਾ ਭਾਰ ਪਹਿਲਾਂ ਲਾਏ 9500 ਕਰੋੜ ਰੁਪਏ ਦੇ ਅੰਦਾਜ਼ੇ ਤੋਂ ਬਹੁਤ ਘਟ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਖੇਤੀ ਕਰਜ਼ਾ ਮੁਆਫੀ ਬਾਰੇ ਨੋਟੀਫਿਕੇਸ਼ਨ ਉਨ੍ਹਾਂ ਛੋਟੇ ਕਿਸਾਨਾਂ ਨੂੰ ਇਸ ਯੋਜਨਾ ਵਿਚੋਂ ਬਾਹਰ ਕਰ ਰਿਹਾ ਹੈ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ ਪਰ ਉਨ੍ਹਾਂ ਨੇ ਦੋ ਲੱਖ ਰੁਪਏ ਤੋਂ ਵੱਧ ਕਰਜ਼ਾ ਚੁੱਕਿਆ ਹੋਇਆ ਹੈ। ਇਸ ਕਾਰਨ ਲਾਭਪਾਤਰੀਆਂ ਦੀ ਗਿਣਤੀ 10 ਲੱਖ ਕਿਸਾਨਾਂ ਨੂੰ ਰਾਹਤ ਦੇਣ ਵਾਲੇ ਪ੍ਰਚਾਰ ਨਾਲੋਂ ਕਿਤੇ ਜ਼ਿਆਦਾ ਘਟ ਸਕਦੀ ਹੈ। ਸਾਰੇ ਸੀਮਾਂਤ ਕਿਸਾਨਾਂ, ਜਿਨ੍ਹਾਂ ਕੋਲ ਢਾਈ ਏਕੜ ਤੋਂ ਘੱਟ ਜ਼ਮੀਨ ਹੈ, ਨੂੰ ਇਸ ਯੋਜਨਾ ਦਾ ਲਾਭ ਮਿਲੇਗਾ ਅਤੇ ਉਨ੍ਹਾਂ ਦਾ 2 ਲੱਖ ਰੁਪਏ ਕਰਜ਼ਾ ਮੁਆਫ ਹੋਵੇਗਾ ਭਾਵੇਂ ਉਨ੍ਹਾਂ ਨੇ ਦੋ ਲੱਖ ਤੋਂ ਵੱਧ ਕਰਜ਼ਾ ਚੁੱਕਿਆ ਹੋਵੇ।

ਖੇਤੀਬਾੜੀ ਤੇ ਵਿੱਤ ਵਿਭਾਗ ਦੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਦੋ ਲੱਖ ਤੋਂ ਵੱਧ ਫਸਲੀ ਕਰਜ਼ਾ ਚੁੱਕਣ ਵਾਲੇ ਛੋਟੇ ਕਿਸਾਨਾਂ ਨੂੰ ਖੇਤੀ ਕਰਜ਼ਾ ਮੁਆਫੀ ਯੋਜਨਾ ਤਹਿਤ ਕੋਈ ਲਾਭ ਨਹੀਂ ਦਿੱਤਾ ਜਾਵੇਗਾ। ਜਾਣਕਾਰੀ ਮੁਤਾਬਕ ਜ਼ਿਆਦਾਤਰ ਛੋਟੇ ਕਿਸਾਨਾਂ ਵੱਲੋਂ ਦੋ ਲੱਖ ਤੋਂ ਵੱਧ ਕਰਜ਼ਾ ਚੁੱਕਿਆ ਹੋਇਆ ਹੈ। ਭਾਵੇਂ ਇਕ ਕਿਸਾਨ ਪ੍ਰਤੀ ਏਕੜ ਦੇ ਹਿਸਾਬ ਨਾਲ 40 ਹਜ਼ਾਰ ਰੁਪਏ ਜਾਂ ਪੰਜ ਏਕੜ ਜ਼ਮੀਨ ਲਈ ਵੱਧ ਤੋਂ ਵੱਧ ਦੋ ਲੱਖ ਰੁਪਏ ਫਸਲੀ ਕਰਜ਼ਾ ਲੈ ਸਕਦਾ ਹੈ। ਕਿਸਾਨਾਂ ਵੱਲੋਂ ਅਕਸਰ ਕਈ ਬੈਂਕਾਂ ਤੋਂ ਕਰਜ਼ਾ ਲਿਆ ਜਾਂਦਾ ਹੈ। ਕਈ ਕੇਸਾਂ ਵਿਚ ਪਰਿਵਾਰਾਂ 'ਚ ਜ਼ਮੀਨ ਦੀ ਵੰਡ ਹੋਣ ਦੇ ਬਾਵਜੂਦ ਇੰਤਕਾਲ ਨਹੀਂ ਹੋਇਆ। ਅਜਿਹੇ ਕੇਸਾਂ ਵਿਚ ਕਿਸੇ ਵਿਅਕਤੀ ਕੋਲ ਜ਼ਮੀਨ ਪੰਜ ਏਕੜ ਤੋਂ ਘੱਟ ਹੋ ਸਕਦੀ ਹੈ ਪਰ ਉਹ ਵੀ ਇਸ ਯੋਜਨਾ ਦੇ ਹੱਕਦਾਰ ਨਹੀਂ ਹੋਣਗੇ।

ਪੰਜਾਬ ਮੰਡੀ ਬੋਰਡ ਵੱਲੋਂ ਛੇ ਬੈਂਕਾਂ ਕੋਲੋਂ 4680 ਕਰੋੜ ਰੁਪਏ ਇਕੱਤਰ ਕੀਤੇ ਜਾ ਰਹੇ ਹਨ ਤਾਂ ਜੋ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨਾਂ ਨੂੰ ਰਾਹਤ ਦਿੱਤੀ ਜਾ ਸਕੇ। ਮੰਡੀ ਬੋਰਡ ਵੱਲੋਂ ਕਰਜ਼ਾ ਮੁਆਫੀ ਲਈ ਛੇ ਕੌਮੀਕ੍ਰਿਤ ਬੈਂਕਾਂ ਕੋਲੋਂ ਇਕ ਹਜ਼ਾਰ ਕਰੋੜ ਕਰਜ਼ਾ ਚੁੱਕਿਆ ਜਾਵੇਗਾ। ਹਾਲ ਹੀ ਵਿਚ ਵਧਾਈ ਇਕ ਫੀਸਦੀ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੰਡ ਰਾਹੀਂ ਸਾਲਾਨਾ 9 ਹਜ਼ਾਰ ਕਰੋੜ ਰੁਪਏ ਇਕੱਤਰ ਹੋਣਗੇ। ਇਸ ਰਕਮ ਨੂੰ ਇਸ ਕਰਜ਼ੇ ਦਾ ਵਿਆਜ ਮੋੜਨ ਲਈ ਵਰਤਿਆ ਜਾਵੇਗਾ।



## ਕਿਸਾਨ ਨੇ ਮੋਦੀ ਦੇ ਨਾਂ ਚਿੱਠੀ ਲਿਖ ਕੇ ਕੀਤੀ ਖੁਦਕੁਸ਼ੀ

**ਬਰਨਾਲਾ:** ਪੰਜਾਬ ਦੇ ਇਕ ਕਿਸਾਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਂ ਚਿੱਠੀ ਲਿਖ ਕੇ ਆਤਮ ਹੱਤਿਆ ਕਰ ਲਈ। ਜ਼ਿਲ੍ਹਾ ਬਰਨਾਲਾ ਦੇ ਕਿਸਾਨ ਨੇ ਆਪਣੀ ਨਿੱਘਰਦੀ ਆਰਥਿਕ ਹਾਲਤ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ। ਪਿੰਡ ਠੀਕਰੀਵਾਲਾ ਦੇ ਕਿਸਾਨ ਜਸਵੀਰ ਸਿੰਘ ਉਰਫ ਹਰਮੀਤ ਸਿੰਘ ਨੇ ਘੱਟ ਜ਼ਮੀਨ ਤੇ ਵਧਦੇ ਕਰਜ਼ੇ ਤੋਂ ਦੁਖੀ ਹੋ ਕੇ ਆਤਮ ਹੱਤਿਆ ਕੀਤੀ। 42 ਸਾਲਾ ਕਿਸਾਨ ਸਿਰ ਤਕਰੀਬਨ 7 ਲੱਖ ਰੁਪਏ ਦਾ ਕਰਜ਼ ਸੀ ਤੇ ਉਸ ਕੋਲ ਇਕ ਏਕੜ ਜ਼ਮੀਨ ਹੀ ਸੀ। ਇੰਨੀ ਘੱਟ ਜ਼ਮੀਨ 'ਤੇ ਖੇਤੀ ਕਰਨ ਨਾਲ ਕਰਜ਼ ਨਹੀਂ ਸੀ ਉਤਰਨਾ। ਇਸ ਲਈ ਉਹ ਡਰਾਈਵਰੀ ਵੀ ਕਰਦਾ ਸੀ। ਮ੍ਰਿਤਕ ਕਿਸਾਨ ਨੂੰ ਸਹਾਇਕ ਧੰਦੇ ਨਾਲ ਵੀ ਕੋਈ ਲਾਹਾ ਨਾ ਹੋਇਆ ਤੇ ਉਸ ਦੀ ਹਾਲਤ ਦਿਨੋ-ਦਿਨ ਨਿੱਘਰਦੀ ਗਈ। ਉਹ ਆਪਣੇ ਪਿੱਛੇ 12 ਸਾਲਾ ਬੱਚਾ, ਪਤਨੀ ਤੇ ਬਜ਼ੁਰਗ ਬਾਪ ਛੱਡ ਗਿਆ। ਮ੍ਰਿਤਕ ਕਿਸਾਨ ਨੇ ਚਿੱਠੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਆਪਣੀ ਖੁਦਕੁਸ਼ੀ ਦਾ ਜ਼ਿੰਮੇਵਾਰ ਦੱਸਿਆ ਸੀ। ਖੁਦਕੁਸ਼ੀ ਪੱਤਰ ਵਿਚ ਉਸ ਨੇ ਲਿਖਿਆ ਕਿ ਕੇਂਦਰ ਸਰਕਾਰ ਦੀ ਨੋਟਬੰਦੀ ਕਾਰਨ ਬੈਂਕ ਤੋਂ ਪੈਸੇ ਨਹੀਂ ਸਨ ਮਿਲ ਰਹੇ। ਇਸ ਕਾਰਨ ਉਸ ਨੇ ਮਾਨਸਿਕ ਪਰੇਸ਼ਾਨੀ ਦੇ ਚੱਲਦਿਆਂ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਨੇ ਖੁਦਕੁਸ਼ੀ ਪੱਤਰ ਵਿਚ ਪ੍ਰਧਾਨ ਮੰਤਰੀ ਮੋਦੀ ਬਾਰੇ ਕਾਫੀ ਭੱਦੀ ਸ਼ਬਦਾਵਲੀ ਵੀ ਵਰਤੀ। ਦੱਸ ਦਈਏ ਕਿ ਇਸੇ ਸਾਲ ਜੁਲਾਈ ਵਿਚ ਅਜਨਾਲਾ ਦੇ ਇਕ ਕਿਸਾਨ ਮੇਜਰ ਸਿੰਘ ਨੇ ਵੀ ਖੁਦਕੁਸ਼ੀ ਕੀਤੀ ਸੀ, ਜਿਸ ਨੇ ਆਪਣੇ ਖੁਦਕੁਸ਼ੀ ਪੱਤਰ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਸੀ।

# ਚੈੱਕ ਗਣਰਾਜ ਨੇ ਦਿਖਾਈ ਪੰਜਾਬ ਵਿਚ ਨਿਵੇਸ਼ ਲਈ ਦਿਲਚਸਪੀ

**ਚੰਡੀਗੜ੍ਹ:** ਪੰਜਾਬ ਵਿਚ ਨਿਰਮਾਣ ਖੇਤਰ ਵਿਚ ਸੰਭਾਵੀ ਨਿਵੇਸ਼ ਬਾਰੇ ਚੈੱਕ ਗਣਰਾਜ ਦੇ ਰਾਜਦੂਤ ਮੀਲਾਨ ਹੋਵੇਰਕਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰ ਕੇ ਵਿਚਾਰਾਂ ਕੀਤੀਆਂ। ਮੁਲਾਕਾਤ ਤੋਂ ਬਾਅਦ ਕੈਪਟਨ ਨੇ ਕਿਹਾ ਹੈ ਕਿ ਪੰਜਾਬ ਦੇ ਮਿਹਨਤਕਸ਼ ਲੋਕਾਂ ਸਦਕਾ ਰਾਜ ਅੰਦਰ ਸਿਹਤਮੰਦ ਉਦਯੋਗਿਕ ਵਾਤਾਵਰਣ ਹੈ। ਇਸ ਤੋਂ ਭਾਰਤੀ ਤੇ ਵਿਦੇਸ਼ੀ ਨਿਵੇਸ਼ਕ ਉਦਯੋਗਾਂ ਦੀ ਮੰਗ ਅਨੁਸਾਰ ਲਾਹਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇਸ਼ ਅੰਦਰ ਉਦਯੋਗਾਂ ਲਈ ਸਸਤੀ ਬਿਜਲੀ ਮੁਹੱਈਆ ਕਰਵਾ ਰਿਹਾ ਹੈ।



ਸੌਰ ਊਰਜਾ ਦੇ ਖੇਤਰ ਵਿਚ ਵੱਡੇ ਪੱਧਰ ਉਤੇ ਆਧਾਰ ਸਥਾਪਤ ਕਰ ਰਿਹਾ ਹੈ। ਮੁੱਖ ਮੰਤਰੀ ਨੇ ਵਫਦ ਨੂੰ ਦੱਸਿਆ ਕਿ ਰਾਜ ਵਿਚ ਉਦਯੋਗਾਂ ਨੂੰ ਹੋਰ ਪ੍ਰਫੁਲਤ ਕਰਨ ਤੇ ਉਦਯੋਗਿਕ ਸੱਭਿਆਚਾਰ ਨੂੰ ਮਿੱਤਰਤਾ ਵਾਲਾ ਬਣਾਉਣ ਲਈ ਉਨ੍ਹਾਂ ਨੇ ਬੀਤੇ ਦਿਨੀਂ 'ਨਵੀਂ ਉਦਯੋਗਕ ਨੀਤੀ' ਲਿਆਂਦੀ ਹੈ ਤਾਂ ਜੋ ਉਦਯੋਗਾਂ ਦੀ ਸਥਾਪਤੀ ਲਈ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਦਰਕਿਨਾਰ ਕੀਤੇ ਉਦਯੋਗਿਕ ਵਿਕਾਸ ਨੂੰ ਮੁੜ ਪਟੜੀ ਉਤੇ ਲਿਆਉਣ ਲਈ ਉਨ੍ਹਾਂ ਦੀ ਸਰਕਾਰ 'ਬਿਜ਼ਨੈਸ ਫਸਟ' (ਪਹਿਲਾਂ ਵਪਾਰ) ਦੇ ਏਜੰਡੇ ਉਤੇ ਕੰਮ ਕਰ ਰਹੀ ਹੈ। ਚੈੱਕ ਗਣਰਾਜ ਦੇ ਰਾਜਦੂਤ ਹੋਵੇਰਕਾ ਨੇ ਦੱਸਿਆ ਕਿ ਉਨ੍ਹਾਂ ਦਾ ਮੁਲਕ ਪੰਜਾਬ ਸਰਕਾਰ ਵੱਲੋਂ ਇਲੈਕਟ੍ਰਾਨਿਕ, ਫੂਡ ਪ੍ਰੋਸੈਸਿੰਗ, ਸੁਰੱਖਿਆ, ਸੂਚਨਾ ਤਕਨਾਲੋਜੀ, ਪ੍ਰਾਹੁਣਚਾਰੀ, ਮਨੋਰੰਜਨ ਤੇ ਮੀਡੀਆ ਆਦਿ ਖੇਤਰਾਂ ਵਿਚ ਰਾਜ ਅੰਦਰਲੇ ਅਸੀਮ ਮੌਕਿਆਂ ਤੋਂ ਭਰਪੂਰ ਲਾਹਾ ਲੈਣ ਬਾਰੇ ਵਿਚਾਰ ਕਰ ਰਿਹਾ ਹੈ।

# ਪੰਜਾਬ 'ਚ 13 ਹਜ਼ਾਰ ਬੱਸਾਂ ਨੂੰ ਲੱਗਣਗੀਆਂ ਬਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਤਕਰੀਬਨ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕਰਨ ਦੇ ਇਰਾਦੇ ਜ਼ਾਹਿਰ ਕੀਤੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਅਨੁਸਾਰ ਇਹ ਕਦਮ ਚੁੱਕੇ ਜਾ ਰਹੇ ਹਨ। ਇਸੇ ਮੁੱਦੇ ਸਬੰਧੀ ਪਟੀਸ਼ਨਾਂ ਦੇ ਪਲੰਦੇ ਦੀ ਸੁਣਵਾਈ ਦੌਰਾਨ ਪੰਜਾਬ ਦੀ ਵਧੀਕ ਐਡਵੋਕੇਟ ਜਨਰਲ ਰਮੀਜ਼ਾ ਹਕੀਮ ਨੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਸੁਦੀਪ ਆਹਲੂਵਾਲੀਆ ਦੇ ਬੈਂਚ ਨੂੰ ਦੱਸਿਆ ਕਿ ਨਵੀਂ ਖਰੜਾ ਯੋਜਨਾ ਦੀ ਅਧਿਸੂਚਨਾ 19 ਜੁਲਾਈ ਨੂੰ ਕਰ ਦਿੱਤੀ ਗਈ ਸੀ।

ਰਮੀਜ਼ਾ ਨੇ ਕਿਹਾ ਕਿ ਮਿਲੇ ਇਤਰਾਜ਼ਾਂ ਉਤੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਅਤੇ ਅਧਿਕਾਰੀ ਅੰਤਮ ਯੋਜਨਾ ਤਿਆਰ ਕਰਨ ਦੀ ਪ੍ਰਕਿਰਿਆ 'ਚ ਹਨ ਜਿਸ ਲਈ ਚਾਰ ਹਫਤਿਆਂ ਦੇ ਹੋਰ ਸਮੇਂ ਦੀ ਲੋੜ ਹੈ। ਬੈਂਚ ਨੂੰ ਉਨ੍ਹਾਂ ਦੱਸਿਆ ਕਿ ਅੰਦਾਜ਼ਨ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਕਸਰਤ ਨੂੰ ਅਮਲ ਵਿਚ ਲਿਆ ਕੇ ਸਿਰੇ ਚਾੜ੍ਹਨਾ ਪਏਗਾ। ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਬੈਂਚ ਨੇ ਕੇਸ ਦੀ ਸੁਣਵਾਈ ਅਗਲੇ ਸਾਲ ਫਰਵਰੀ ਦੇ ਚੌਥੇ ਹਫਤੇ ਲਈ ਨਿਰਧਾਰਤ ਕਰ ਦਿੱਤੀ।

ਸੁਰਜੀਤ ਸਿੰਘ ਅਤੇ ਹੋਰਾਂ ਵੱਲੋਂ ਪੰਜਾਬ ਸਰਕਾਰ




ਤੇ ਹੋਰ ਧਿਰਾਂ ਖਿਲਾਫ਼ ਪਾਈਆਂ ਪਟੀਸ਼ਨਾਂ ਦੇ ਆਧਾਰ ਉਤੇ ਇਹ ਕਾਰਵਾਈ ਹੋਈ ਹੈ। ਪਟੀਸ਼ਨਰਾਂ ਨੇ ਪਿਛਲੇ ਸਾਲ ਦਾਅਵਾ ਕੀਤਾ ਸੀ ਕਿ ਸਿਆਸਤਦਾਨਾਂ, ਟਰਾਂਸਪੋਰਟਰਾਂ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦਰਮਿਆਨ ਗੰਢ-ਤੁੱਪ ਹੈ। ਬੈਂਚ ਨੂੰ ਦੱਸਿਆ ਗਿਆ ਕਿ ਵਿਜਯੰਤ ਟਰੈਵਲਜ਼ ਕੇਸ ਵਿਚ ਹਾਈ ਕੋਰਟ ਨੇ ਰੂਟ ਪਰਮਿਟਾਂ ਦੇ ਵਿਸਥਾਰ ਦਾ ਨੋਟਿਸ ਲਿਆ ਸੀ। ਨੇਮਾਂ ਤਹਿਤ ਰੂਟ 'ਚ ਵਾਧਾ 24 ਕਿਲੋਮੀਟਰ ਤੱਕ ਕੀਤਾ ਜਾ ਸਕਦਾ ਹੈ ਪਰ ਰੂਟਾਂ ਦਾ ਵਾਰ-ਵਾਰ ਹੋਰ ਵਾਧਾ ਕੀਤਾ ਗਿਆ। ਪੰਜਾਬ ਸਰਕਾਰ ਨੇ ਯੋਜਨਾ 'ਚ ਸੋਧ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਪਰ ਅਦਾਲਤਾਂ ਨੇ ਉਨ੍ਹਾਂ ਦੇ ਕਦਮਾਂ ਨੂੰ ਨਾਕਾਮ ਕਰ ਦਿੱਤਾ। ਇਸ ਮਾਮਲੇ ਦਾ ਫੈਸਲਾ ਸੁਪਰੀਮ ਕੋਰਟ 'ਤੇ ਜਾ ਕੇ ਹੋਇਆ ਸੀ।

# ਪੁਲਿਸ ਵੱਲੋਂ 12 ਵਰ੍ਹਿਆਂ ਦੇ ਮੁੰਡੇ 'ਤੇ ਤਸ਼ੱਦਦ

**ਬਠਿੰਡਾ:** ਪੁਲਿਸ 'ਤੇ 12 ਵਰ੍ਹਿਆਂ ਦੇ ਮੁੰਡੇ ਨਾਲ ਅਣਮਨੁੱਖੀ ਤਸ਼ੱਦਦ ਕਰਨ ਦਾ ਦੋਸ਼ ਲੱਗਾ ਹੈ। ਇਸ ਮਾਮਲੇ ਵਿਚ ਏ.ਐਸ.ਆਈ. ਕੁਲਵਿੰਦਰ ਸਿੰਘ ਖਿਲਾਫ਼ ਕੇਸ ਦਰਜ ਕਰਨ ਦੇ ਨਾਲ ਨਾਲ ਥਾਣਾ ਕੋਤਵਾਲੀ ਦੇ ਐਸ.ਐਚ.ਓ. ਦਵਿੰਦਰ ਸਿੰਘ ਤੇ ਏ.ਐਸ.ਆਈ. ਰਾਜਵੀਰ ਸਿੰਘ ਨੂੰ ਵੀ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਫੌਜੀ ਚੌਕ ਦੀ ਵਸਨੀਕ ਅਮਨਦੀਪ ਕੌਰ ਨੇ ਆਪਣੇ ਪੁੱਤਰ ਨਾਲ ਹੋਏ ਅਣਮਨੁੱਖੀ ਵਿਵਹਾਰ ਲਈ ਪੰਜਾਬ ਪੁਲਿਸ ਅਤੇ ਸਰਕਾਰ ਕੋਲੋਂ ਇਨਸਾਫ ਦੀ ਮੰਗ ਕੀਤੀ ਸੀ। ਉਸ ਨੇ ਦੋਸ਼ ਲਾਇਆ ਸੀ ਉਸ ਦਾ ਬੱਚਾ 3 ਦਸੰਬਰ ਨੂੰ ਘਰੋਂ ਦੋਸਤਾਂ ਨਾਲ ਖੇਡਣ ਗਿਆ ਸੀ ਅਤੇ ਪਤੰਗ ਲੁੱਟਣ ਦੇ ਚੱਕਰ 'ਚ ਉਹ ਦਵਿੰਦਰ ਕੁਮਾਰ ਦੀ ਦੁਕਾਨ ਉਤੇ ਚੜ੍ਹ ਗਿਆ।

ਦੁਕਾਨਦਾਰ ਨੇ ਉਸ ਨੂੰ ਫੜ ਲਿਆ ਕਿਉਂਕਿ ਕੁਝ ਦਿਨ ਪਹਿਲਾਂ ਉਥੇ ਚੋਰੀਆਂ ਹੋਈਆਂ ਸਨ। ਪੀੜਤ ਬੱਚੇ ਨੇ ਦੱਸਿਆ ਸੀ ਕਿ ਪੁਲਿਸ ਨੇ ਉਸ ਦੀਆਂ ਬਾਹਾਂ ਚੁੰਨੀ ਨਾਲ ਬੰਨ੍ਹ ਦਿੱਤੀਆਂ ਸਨ ਅਤੇ ਏ.ਐਸ.ਆਈ. ਕੁਲਵਿੰਦਰ ਸਿੰਘ ਨੇ ਉਸ ਦੇ ਗੁਪਤ ਅੰਗ ਵਿਚ ਪੈਟਰੋਲ ਪਾ ਦਿੱਤਾ। ਅਮਨਦੀਪ ਕੌਰ ਨੇ ਦੋਸ਼ ਲਗਾਇਆ ਸੀ ਕਿ ਜਦੋਂ ਉਹ ਕੋਤਵਾਲੀ ਗਈ ਤਾਂ ਪੁਲਿਸ ਨੇ ਬੱਚੇ ਨੂੰ ਛੱਡਣ ਬਦਲੇ 15 ਹਜ਼ਾਰ ਰੁਪਏ ਦੀ ਮੰਗ ਕੀਤੀ।

# ਬੀਬੀਆਂ ਦੇ ਹੈਲਮਟ ਨਾ ਪਾਉਣ 'ਤੇ ਇਤਰਾਜ਼

**ਚੰਡੀਗੜ੍ਹ:** ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਵਿਚ ਔਰਤਾਂ ਨੂੰ ਹੈਲਮਟ ਤੋਂ ਮਿਲੀ ਛੋਟ ਉਤੇ ਹਾਈ ਕੋਰਟ ਨੇ ਜਵਾਬ ਮੰਗਿਆ ਹੈ। ਹਾਈ ਕੋਰਟ ਦੇ ਇਕ ਲਾਅ ਰੀਸਰਚਰ ਅਨਿਲ ਸੈਣੀ ਨੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਚੰਡੀਗੜ੍ਹ ਵਿਚ ਇਕ ਮਹੀਨਾ ਪਹਿਲਾਂ ਐਕਟਿਵਾ ਸਵਾਰ ਇਕ ਸਿੱਖ ਬੀਬੀ ਦੇ ਬੱਸ ਦੀ ਫੇਟ ਕਾਰਨ ਗੰਭੀਰ ਜ਼ਖਮੀ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਧਰਮ ਸੁਰੱਖਿਆ ਤੋਂ ਉਪਰ ਨਹੀਂ ਹੈ, ਲਿਹਾਜ਼ਾ ਸੁਰੱਖਿਆ ਦੇ ਮੱਦੇਨਜ਼ਰ ਮਹਿਲਾਵਾਂ ਅਤੇ ਖਾਸਕਰ ਸਿੱਖ ਬੀਬੀਆਂ ਨੂੰ ਹੈਲਮਟ ਤੋਂ ਦਿੱਤੀ ਛੋਟ ਖਤਮ ਕੀਤੀ ਜਾਣੀ ਚਾਹੀਦੀ ਹੈ।

ਪੱਤਰ ਵਿਚ ਇਹ ਵੀ ਕਿਹਾ ਹੈ ਕਿ ਵੱਖ-ਵੱਖ ਸਰਕਾਰਾਂ ਨੇ ਮੋਟਰ ਵਹੀਕਲ ਨਿਯਮਾਂ ਵਿਚ ਦਸਤਾਰ ਪਹਿਨਣ ਵਾਲੇ ਸਿੱਖਾਂ ਨੂੰ ਇਸ ਲਈ ਹੈਲਮਟ ਤੋਂ ਛੋਟ ਦਿੱਤੀ ਹੈ, ਕਿਉਂਕਿ ਦਸਤਾਰ ਨਾਲ ਉਨ੍ਹਾਂ ਦੀ ਸੁਰੱਖਿਆ ਹੋ ਜਾਂਦੀ ਹੈ ਪਰ ਇਸ ਛੋਟ ਨਾਲ ਦੋਪਹੀਆ ਵਾਹਨ ਚਾਲਕਾਂ ਤੇ ਸਵਾਰੀ ਕਰਨ ਵਾਲੀਆਂ ਸਿੱਖ ਬੀਬੀਆਂ ਦੀ ਸੁਰੱਖਿਆ ਖਤਰੇ ਵਿਚ ਹੈ। ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਰਨਾ ਅਤੇ ਪਟਕਾ ਬੰਨ੍ਹੇ ਸਿੱਖਾਂ ਦਾ ਟਰੈਫਿਕ ਪੁਲਿਸ ਵੱਲੋਂ ਚਲਾਨ ਕੀਤਾ ਜਾਣਾ ਚਾਹੀਦਾ ਹੈ ਪਰ ਪੰਜਾਬ ਵਿਚ ਬੀਬੀਆਂ ਵੱਲ ਧਿਆਨ ਦੇਣਾ ਇਕ ਪਾਸੇ, ਸਗੋਂ ਪਰਨਾ ਅਤੇ ਪਟਕਾ ਬੰਨ੍ਹੇ ਹੋਏ ਦੋਪਹੀਆ ਵਾਹਨ ਚਾਲਕਾਂ ਤੇ ਸਵਾਰ ਸਿੱਖਾਂ ਦਾ ਚਲਾਨ ਵੀ ਨਹੀਂ ਕੀਤਾ ਜਾਂਦਾ।


## ਹਾਈ ਕੋਰਟ ਨੇ ਸਰਕਾਰ ਕੋਲੋਂ ਮੰਗਿਆ ਜਵਾਬ



## ਸੁਪਰੀਮ ਕੋਰਟ ਨੇ ਛੋਟ ਨੂੰ ਰੱਖਿਆ ਸੀ ਬਰਕਰਾਰ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 9, ਜੁਲਾਈ 1998 ਨੂੰ ਫੈਸਲਾ ਦਿੰਦਿਆਂ ਮੋਟਰ ਵਹੀਕਲ ਦੇ ਨਿਯਮਾਂ ਵਿਚ ਸਿਰਫ ਦਸਤਾਰਧਾਰੀ ਦੋਪਹੀਆ ਵਾਹਨ ਚਾਲਕਾਂ ਅਤੇ ਸਵਾਰ ਸਿੱਖਾਂ ਨੂੰ ਦਿੱਤੀ ਛੋਟ ਨੂੰ ਹੀ ਬਰਕਰਾਰ ਰੱਖਿਆ ਸੀ, ਜਿਸ ਨਾਲ ਬੀਬੀਆਂ ਨੂੰ ਹੈਲਮਟ ਪਾਉਣਾ ਲਾਜ਼ਮੀ ਹੋ ਗਿਆ ਸੀ। 1999 ਵਿਚ ਹਾਈ ਕੋਰਟ ਦੇ ਇਸ ਹੁਕਮ ਨੂੰ ਸੁਪਰੀਮ ਕੋਰਟ ਵਿਚ ਅਪੀਲ ਰਾਹੀਂ ਚੁਣੌਤੀ ਦਿੱਤੀ ਗਈ ਸੀ ਤੇ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜੇਕਰ ਸਿੱਖ ਮਹਿਲਾਵਾਂ ਸਮੇਤ ਕਿਸੇ ਨੂੰ ਵੀ ਹੈਲਮਟ ਪਹਿਨਣ ਤੋਂ ਰਾਜ ਸਰਕਾਰਾਂ ਨੇ ਨਿਯਮਾਂ ਵਿਚ ਛੋਟ ਦਿੱਤੀ ਹੋਈ ਹੈ ਤਾਂ ਇਸ 'ਤੇ ਹਾਈ ਕੋਰਟ ਦਾ ਹੁਕਮ ਲਾਗੂ ਨਹੀਂ ਹੁੰਦਾ।


# ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666

50-52

# ਵਿਕਾਸ ਦੀ ਦੌੜ ਵਿਚ ਗੁਆਂਢੀਆਂ ਤੋਂ ਕਿਤੇ ਪਿੱਛੇ ਰਹਿ ਗਿਆ ਪੰਜਾਬ

## ਸੂਬਿਆਂ ਦੇ ਵਿਕਾਸ ਬਾਰੇ ਰਿਪੋਰਟ 'ਚ ਪੰਜਾਬ ਦਾ ਸਭ ਤੋਂ ਹੇਠਲਾ ਨੰਬਰ

**ਨਵੀਂ ਦਿੱਲੀ:** ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਸੂਬਾ ਪੰਜਾਬ ਅੱਜ ਰਾਜਾਂ ਦੇ ਵਿਕਾਸ ਦੀ ਸੂਰਤ-ਏ-ਹਾਲ ਬਿਆਨ ਕਰਦੇ ਅੰਕੜਿਆਂ ਦੀ ਸੂਚੀ ਵਿਚ ਨਾ ਸਿਰਫ ਸਭ ਤੋਂ ਹੇਠਲੇ ਨੰਬਰ ਉਤੇ ਖੜ੍ਹਾ ਨਜ਼ਰ ਆ ਰਿਹਾ ਹੈ, ਸਗੋਂ ਰਾਜ ਦੇ ਚੜ੍ਹੇ ਮੌਜੂਦਾ ਕਰਜ਼ਿਆਂ ਅਤੇ ਕਿਸਾਨ ਕਰਜ਼ਾ ਮੁਆਫੀ ਅਤੇ ਉਦੇ ਬਾਂਡ ਦੀਆਂ ਤਕਰੀਬਨ 15000 ਕਰੋੜ ਦੀਆਂ ਦੇਣਦਾਰੀਆਂ ਸਦਕਾ ਅਗਲੇ ਮਾਲੀ ਸਾਲ ਦੌਰਾਨ ਵੀ ਹਾਲਾਤ ਸੁਧਰਨ ਦਾ ਕੋਈ ਆਸਾਰ ਨਹੀਂ ਹੈ। ਇਹ ਖੁਲਾਸਾ ਮੁੱਖ ਰੇਟਿੰਗ ਏਜੰਸੀ ਸੀ.ਆਰ.ਆਈ. ਐਸ.ਆਈ. ਐਲ. ਵੱਲੋਂ 'ਰਾਜਾਂ ਦੇ ਵਿਕਾਸ' ਬਾਰੇ ਜਾਰੀ ਇਕ ਰਿਪੋਰਟ ਰਾਹੀਂ ਹੋਇਆ ਹੈ। ਏਜੰਸੀ ਵੱਲੋਂ ਜਾਰੀ ਰਿਪੋਰਟ ਵਿਚ ਸੂਬਿਆਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਮਾਪਦੰਡ ਵਿਕਾਸ, ਮਹਿੰਗਾਈ ਅਤੇ ਵਿੱਤੀ ਸਥਿਤੀ ਦੀ ਵਰਤੋਂ ਕੀਤੀ ਗਈ।

ਰਿਪੋਰਟ ਮੁਤਾਬਕ 2013 ਤੋਂ 2017 ਦੀ ਸਮਾਂ ਹੱਦ 'ਚ ਪੰਜਾਬ ਦਾ ਨਾਂ ਸਭ ਤੋਂ ਘੱਟ ਵਿਕਸਿਤ ਹੋਏ ਰਾਜਾਂ ਵਿਚ ਸ਼ਾਮਲ ਹੈ। 17 ਰਾਜਾਂ ਦੀ ਸੂਚੀ ਵਿਚ ਜਿਥੇ ਮੱਧ ਪ੍ਰਦੇਸ਼, ਗੁਜਰਾਤ ਅਤੇ ਗੁਆਂਢੀ ਰਾਜ ਹਰਿਆਣਾ ਦਾ ਨਾਂ ਸਭ ਤੋਂ ਤੇਜ਼ ਗਤੀ ਨਾਲ ਵਿਕਸਿਤ ਹੋ ਰਹੇ ਰਾਜਾਂ ਵਿਚ ਸ਼ਾਮਲ ਹੈ, ਉਥੇ ਪੰਜਾਬ ਦਾ ਨਾਂ ਸੂਚੀ 'ਚ ਸਭ ਤੋਂ ਹੇਠਾਂ ਹੈ ਅਤੇ ਉਤਰ ਪ੍ਰਦੇਸ਼ ਅਤੇ ਕੇਰਲਾ ਹੇਠੋਂ ਦੂਜੇ ਅਤੇ ਤੀਜੇ ਨੰਬਰ ਉਤੇ ਹਨ। ਤਿੰਨਾਂ ਮਾਪਦੰਡਾਂ ਦਾ ਵੱਖਰਾ ਵਿਸ਼ਲੇਸ਼ਣ ਕਰਨ ਉਤੇ ਸਾਹਮਣੇ ਆਏ ਅੰਕੜਿਆਂ ਵਿਚੋਂ ਸੂਬੇ ਦੀ ਵਿੱਤੀ ਹਾਲਤ ਸਭ ਤੋਂ ਵੱਧ ਚਿੰਤਾਜਨਕ ਹੈ।




ਏਜੰਸੀ ਵੱਲੋਂ ਵਿੱਤੀ ਸਥਿਤੀ ਦੇ ਜਾਇਜ਼ੇ ਲਈ ਦੋ ਅਨੁਪਾਤਾਂ ਨੂੰ ਆਧਾਰ ਲਿਆ ਹੈ, ਰਾਜ ਦੇ ਕਰਜ਼ੇ ਅਤੇ ਜੀ.ਡੀ.ਪੀ. ਦਰ ਦਾ ਅਨੁਪਾਤ ਅਤੇ ਮਾਲੀ ਖਸਾਰਾਂ ਅਤੇ ਜੀ.ਡੀ.ਪੀ. ਦਰ ਦਾ ਅਨੁਪਾਤ। ਭਾਰਤੀ ਰਿਜ਼ਰਵ ਬੈਂਕ ਵੱਲੋਂ ਇਨ੍ਹਾਂ ਦੋਵਾਂ ਅਨੁਪਾਤਾਂ ਲਈ 23.7 ਫੀਸਦੀ ਅਤੇ 3 ਫੀਸਦੀ ਦੀ ਔਸਤ ਤੈਅ ਕੀਤੀ ਗਈ, ਜਦ ਕਿ ਪੰਜਾਬ ਲਈ ਇਹ ਅਨੁਪਾਤ 34.6 ਅਤੇ 7.1 ਫੀਸਦੀ ਹਨ ਜੋ ਕਿ ਔਸਤ ਤੋਂ ਕਿਤੇ ਜ਼ਿਆਦਾ ਹੈ।

ਪੰਜਾਬ ਦੀ ਸਥਿਤੀ ਦਾ ਖੁਲਾਸਾ ਕਰਦਿਆਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਜ 'ਤੇ ਕਰਜ਼ੇ ਦੇ ਭਾਰ ਤੋਂ ਇਲਾਵਾ ਸਰਕਾਰ ਉਤੇ ਕਿਸਾਨਾਂ ਦੀ ਕਰਜ਼ ਮੁਆਫੀ ਦਾ 10 ਹਜ਼ਾਰ ਕਰੋੜ ਅਤੇ 4,633 ਕਰੋੜ ਦੇ ਉਦੇ ਬਾਂਡ ਜਾਰੀ ਕਰਨ ਦੀ ਵੀ ਦੇਣਦਾਰੀ ਹੈ ਜਿਸ ਕਾਰਨ ਆਉਣ ਵਾਲੇ ਮਾਲੀ ਸਾਲ 2018-19 ਵਿਚ ਵੀ ਮਾਲੀ ਸਾਰੇ ਅਤੇ ਜੀ.ਡੀ.ਪੀ. ਦਾ ਅਨੁਪਾਤ 7.1 ਫੀਸਦੀ ਤੋਂ ਘੱਟ ਕੇ 5 ਫੀਸਦੀ ਤੱਕ ਪਹੁੰਚਣ ਦੀ ਪੇਸ਼ੀਨਗੋਈ ਤਾਂ ਕੀਤੀ ਹੈ ਪਰ ਇਹ ਔਸਤਨ 3 ਫੀਸਦੀ ਦੇ ਮਾਰਕੇ ਤੋਂ ਕਿਤੇ ਵੱਧ ਹੈ।

ਰਾਜ ਦੀ ਵਿਕਾਸ ਦਰ ਨੂੰ ਦਰਸਾਉਂਦੇ ਨਾ-ਪੱਖੀ ਸੰਕੇਤ ਵੀ ਇਸ ਮਾਪਦੰਡ ਦੇ ਆਧਾਰ 'ਤੇ ਪੰਜਾਬ ਨੂੰ ਸਭ ਤੋਂ ਹੇਠਾਂ ਪਹੁੰਚਾ ਰਹੇ ਹਨ। ਮਾਲੀ ਸਾਲ 2013 ਤੋਂ 2017 ਵਿਚ ਜਿਥੇ ਭਾਰਤ ਦੇ ਰਾਜਾਂ ਦੀ ਕੁੱਲ ਘਰੇਲੂ ਉਤਪਾਦ ਦਰ (ਜੀ.ਐਸ.ਡੀ.ਪੀ.) 6.9 ਫੀਸਦੀ ਹੈ। 17ਵੇਂ ਨੰਬਰ ਉਤੇ ਖੜ੍ਹੇ ਪੰਜਾਬ ਦੀ ਜੀ.ਐਸ.ਡੀ.ਪੀ. ਸਿਰਫ 5.5 ਫੀਸਦੀ ਹੈ।

### ਵਿਕਾਸ ਦੇ ਆਧਾਰ ਉਤੇ ਹਰਿਆਣਾ ਨੇ ਮਾਰੀ ਬਾਜ਼ੀ

ਵਿਕਾਸ ਦੇ ਆਧਾਰ ਉਤੇ ਗੁਜਰਾਤ ਪੰਜਾਬ ਤੋਂ ਦੁੱਗਣੀ ਰਫਤਾਰ ਨਾਲ ਅੱਗੇ ਵਧਿਆ ਹੈ ਜਿਸ ਦੀ ਜੀ.ਐਸ.ਡੀ.ਪੀ. 10 ਫੀਸਦੀ ਹੈ। ਮੱਧ ਪ੍ਰਦੇਸ਼ ਅਤੇ ਹਰਿਆਣਾ (8.1) ਅਤੇ (7.9) ਫੀਸਦੀ ਦਰ ਨਾਲ ਦੂਜੇ ਅਤੇ ਤੀਜੇ ਨੰਬਰ ਉਤੇ ਹਨ। ਰਿਪੋਰਟ ਮੁਤਾਬਕ ਪੰਜਾਬ ਵਿਚ ਨਿਘਾਰ ਦਾ ਇਹ ਚਲਨ 2005 ਤੋਂ ਜਾਰੀ ਹੈ। 2005 ਤੋਂ 2012 ਦੇ ਸਮੇਂ ਦੌਰਾਨ ਪੰਜਾਬ ਉਨ੍ਹਾਂ 8 ਰਾਜਾਂ ਵਿਚ ਸ਼ਾਮਲ ਸੀ ਜਿਨ੍ਹਾਂ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੀ ਔਸਤ ਆਮਦਨ ਨਾਲੋਂ ਘੱਟ ਸੀ ਅਤੇ ਇਹ ਰੁਝਾਨ 2016 ਤੱਕ ਜਾਰੀ ਰਿਹਾ। ਦੱਸ ਦਈਏ ਕਿ 'ਕ੍ਰਿਸਿਲ' ਸੀ.ਆਰ. ਆਈ. ਐਸ.ਆਈ.ਐਲ. (ਕ੍ਰੈਡਿਟ ਰੇਟਿੰਗ ਇਨਫਰਮੇਸ਼ਨ ਸਰਵਿਸਿਜ਼ ਆਫ ਇੰਡੀਆ ਲਿਮਟਿਡ) ਦੇਸ਼ ਦਾ ਇਕ ਪ੍ਰਮੁੱਖ ਸੰਗਠਨ ਹੈ, ਜੋ ਦੇਸ਼ ਭਰ ਦੀਆਂ ਸਾਰੀਆਂ ਕੰਪਨੀਆਂ ਨੂੰ ਕ੍ਰੈਡਿਟ ਅਤੇ ਰੇਟਿੰਗ ਦਿੰਦੀ ਹੈ। ਇਹ ਸੰਗਠਨ ਕੰਪਨੀਆਂ ਅਤੇ ਉਦਯੋਗਾਂ ਨੂੰ ਮੌਜੂਦਾ ਬਾਜ਼ਾਰ ਦੇ ਹਿਸਾਬ ਨਾਲ ਨੀਤੀਆਂ ਬਣਾਉਣ 'ਚ ਮਦਦ ਕਰਦਾ ਹੈ। ਕ੍ਰਿਸਿਲ ਦੀ ਸਥਾਪਨਾ 1987 ਵਿਚ ਹੋਈ ਸੀ ਅਤੇ ਇਹ ਹੁਣ ਤੱਕ ਕੰਪਨੀਆਂ ਨੂੰ ਕ੍ਰੈਡਿਟ ਅਤੇ ਰੇਟਿੰਗ ਦੇਣ ਵਾਲਾ ਪ੍ਰਮੁੱਖ ਸੰਗਠਨ ਹੈ। ਇਸ ਦਾ ਹੈਡਕੁਆਰਟਰ ਮੁੰਬਈ ਵਿਚ ਹੈ ਅਤੇ ਇਹ ਕੰਪਨੀ ਬੀ.ਐਸ.ਈ. ਅਤੇ ਐਨ.ਐਸ.ਈ. ਵਿਚ ਸੂਚੀਬੱਧ ਹੈ।

### ਅਹਿਮ ਖੇਤਰਾਂ ਵਿਚ ਲਗਾਤਾਰ ਆ ਰਹੀ ਹੈ ਗਿਰਾਵਟ

ਪੰਜਾਬ ਲਈ ਨਿਰਾਸ਼ਾਜਨਕ ਪ੍ਰਦਰਸ਼ਨ ਦਾ ਮੁੱਖ ਕਾਰਨ, ਉਸਾਰੀ, ਨਿਰਮਾਣ ਸਨਅਤ, ਹੋਟਲ, ਆਵਾਜਾਈ ਅਤੇ ਰੀਅਲ ਅਸਟੇਟ ਖੇਤਰ ਵਿਚ ਲਗਾਤਾਰ ਆ ਰਹੀ ਗਿਰਾਵਟ ਹੈ। ਰੁਜ਼ਗਾਰ ਮੁਖੀ ਮੰਨੇ ਜਾਂਦੇ ਉਸਾਰੀ ਅਤੇ ਨਿਰਮਾਣ ਖੇਤਰ ਵਿਚ ਸੂਬੇ ਦਾ ਪ੍ਰਦਰਸ਼ਨ ਔਸਤ ਨਾਲੋਂ ਕਿਤੇ ਘੱਟ ਹੈ। ਉਸਾਰੀ ਖੇਤਰ ਵਿਚ ਔਸਤਨ 3 ਫੀਸਦੀ ਦੇ ਮੁਕਾਬਲੇ ਪੰਜਾਬ ਸਿਰਫ 0.9 ਫੀਸਦੀ ਨਾਲ ਹੇਠੋਂ ਤੀਜੇ ਨੰਬਰ ਉਤੇ ਹੈ।

ਬਿਹਾਰ ਅਤੇ ਮਹਾਰਾਸ਼ਟਰ ਹੇਠੋਂ ਪਹਿਲੇ ਅਤੇ ਦੂਜੇ ਨੰਬਰ ਉਤੇ ਹਨ। ਨਿਰਮਾਣ ਖੇਤਰ 'ਚ ਥੋੜ੍ਹੀ ਬਿਹਤਰ ਤਸਵੀਰ ਪੇਸ਼ ਕਰਨ ਅਤੇ ਹੇਠੋਂ ਸੱਤਵੇਂ ਨੰਬਰ ਉਤੇ ਹੋਣ ਦੇ ਬਾਵਜੂਦ ਔਸਤਨ 7.4 ਫੀਸਦੀ ਦੇ ਮੁਕਾਬਲੇ ਪੰਜਾਬ ਵਿਚ ਨਿਰਮਾਣ ਖੇਤਰ ਦੀ ਵਿਕਾਸ ਦਰ 4.9 ਫੀਸਦੀ ਹੈ। ਹਾਲਾਂਕਿ ਰਿਪੋਰਟ ਦੇ ਤੀਜੇ ਮਾਪਦੰਡ ਮਹਿੰਗਾਈ ਦਰ ਉਤੇ ਪੰਜਾਬ ਦੀ ਸਥਿਤੀ ਸੰਤੋਖਜਨਕ ਹੈ, ਪਰ ਉਸ ਲਈ ਦੇਸ਼ ਵਿਆਪੀ ਪੱਧਰ ਦੇ ਕਾਰਨ ਵਧੇਰੇ ਜ਼ਿੰਮੇਵਾਰ ਹਨ ਜਿਸ ਕਾਰਨ 2013 ਤੋਂ 2017 ਦੇ ਸਮੇਂ ਦੌਰਾਨ 11 ਰਾਜਾਂ ਦੀ ਮਹਿੰਗਾਈ ਦਰ 'ਚ ਕਮੀ ਆਈ ਹੈ।

## ਪਰਵਾਸੀਆਂ ਦੇ ਬੱਚੇ ਸਰਕਾਰੀ ਖਰਚੇ ਉਤੇ ਘੁੰਮਣਗੇ ਪੰਜਾਬ

**ਸੰਗਰੂਰ:** ਪੰਜਾਬ ਸਰਕਾਰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ 18 ਤੋਂ 22 ਸਾਲ ਦੀ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਪੰਜਾਬ ਆ ਕੇ ਸਰਕਾਰੀ ਖਰਚੇ ਉਤੇ ਘੁੰਮਣ ਦਾ ਸੱਦਾ ਦੇ ਰਹੀ ਹੈ, ਜਿਨ੍ਹਾਂ ਦੇ ਦਾਦੇ-ਪੜਦਾਦੇ ਵਿਦੇਸ਼ਾਂ ਵਿਚ ਰਹਿ ਰਹੇ ਹਨ ਅਤੇ ਇਨ੍ਹਾਂ ਬੱਚਿਆਂ ਨੇ ਕਦੇ ਪੰਜਾਬ ਨਹੀਂ ਵੇਖਿਆ।

ਪੰਜਾਬ ਦੇ ਪਰਵਾਸੀ ਭਾਰਤੀ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਐਸ.ਆਰ. ਲੱਧੜ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੁਝ ਸਮਾਂ ਪਹਿਲਾਂ ਇੰਗਲੈਂਡ ਗਏ ਸਨ ਅਤੇ ਉਥੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਆਪਣੇ ਮੂਲ ਨਾਲੋਂ ਟੁੱਟੀ ਹੋਈ ਹੈ ਅਤੇ ਇਸ ਨੂੰ ਵਿਰਸੇ ਨਾਲ ਜੋੜਨਾ ਜ਼ਰੂਰੀ ਹੈ। ਇਸ ਸਬੰਧੀ ਇਕ ਨੀਤੀ 'ਕਨੈਕਟ ਵਿਦ ਯੂਅਰ ਰੂਟਸ' ਤਿਆਰ ਕੀਤੀ ਗਈ ਹੈ, ਜਿਸ ਤਹਿਤ ਇਨ੍ਹਾਂ ਬੱਚਿਆਂ ਨੂੰ ਪੰਜਾਬ ਲਿਆਂਦਾ ਜਾਵੇਗਾ ਅਤੇ ਦੋ ਦਿਨ ਕਿਸੇ ਪਿੰਡ ਵਿਚ ਰੱਖਿਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਪੰਜਾਬ ਦੇ ਪੇਂਡੂ ਸਭਿਆਚਾਰ ਦੀ ਜਾਣਕਾਰੀ ਮਿਲ ਸਕੇ। 15-15 ਬੱਚਿਆਂ ਦੇ ਇਹ ਗਰੁੱਪ ਲਗਾਤਾਰ ਪੰਜਾਬ ਆਉਂਦੇ ਰਹਿਣਗੇ। ਸਭ ਤੋਂ ਪਹਿਲਾਂ 12 ਜਨਵਰੀ ਨੂੰ ਇਹ ਬੱਚੇ ਪਟਿਆਲਾ ਆਉਣਗੇ, ਜਿਥੇ ਇਨ੍ਹਾਂ ਨੂੰ ਪੰਜਾਬ ਦਾ ਵਿਰਾਸਤੀ ਤਿਉਹਾਰ ਲੋਹੜੀ ਵੀ ਵਿਖਾਇਆ ਜਾਵੇਗਾ।

ਇਸ ਸਕੀਮ ਸਬੰਧੀ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਪੱਤਰ ਵੀ ਲਿਖੇ ਗਏ ਹਨ ਅਤੇ ਹੋਰ ਢੰਗਾਂ ਰਾਹੀਂ ਵੀ ਦੱਸਿਆ ਗਿਆ ਹੈ। ਪੰਜਾਬ ਆਉਣ ਦੇ ਇੱਛੁਕ ਬੱਚੇ ਆਨ-ਲਾਈਨ ਵੀ ਪੰਜਾਬ ਸਰਕਾਰ ਨਾਲ ਸੰਪਰਕ ਕਰ ਸਕਦੇ ਹਨ।

## ਨਸ਼ਾ ਤਸਕਰੀ: ਫਿਲੌਰ ਤੇ ਅਵਿਨਾਸ਼ ਨੂੰ ਨਾ ਮਿਲੀ ਰਾਹਤ

**ਮੁਹਾਲੀ:** ਪੰਜਾਬ ਦੇ ਬਹੁ-ਚਰਚਿਤ ਡਰੱਗ ਤਸਕਰੀ ਮਾਮਲੇ ਦੀ ਸੁਣਵਾਈ ਦੌਰਾਨ ਸੀ.ਬੀ.ਆਈ. ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਨਾਮਜ਼ਦ ਮੁਲਜ਼ਮਾਂ- ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਉਸ ਦੇ ਬੇਟੇ ਦਮਨਵੀਰ ਸਿੰਘ ਫਿਲੌਰ, ਸਾਬਕਾ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਸਚਿਨ ਸਰਦਾਨਾ, ਸੁਸ਼ੀਲ ਕੁਮਾਰ ਸਰਦਾਨਾ, ਕੈਲਾਸ਼ ਸਰਦਾਨਾ ਅਤੇ ਰਸ਼ਮੀ ਸਰਦਾਨਾ ਦੀਆਂ ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ।

ਈ.ਡੀ. ਦੇ ਵਕੀਲ ਜਗਜੀਤ ਸਿੰਘ ਸਰਾਓ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਸਮੇਤ 12 ਵਿਅਕਤੀਆਂ ਖਿਲਾਫ ਜੁਲਾਈ 2017 ਵਿਚ 5ਵਾਂ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ। ਉਪਰੋਕਤ ਮੁਲਜ਼ਮਾਂ ਨੇ ਆਪੋ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਦਾਇਰ ਕੀਤੀਆਂ ਸਨ। ਡਿਪਟੀ ਡਾਇਰੈਕਟਰ (ਈ.ਡੀ.) ਨਿਰੰਜਣ ਸਿੰਘ ਨੇ ਮੁਲਜ਼ਮਾਂ ਖਿਲਾਫ ਤਿਆਰ ਕੀਤੇ 8400 ਪੰਨਿਆਂ ਦੇ ਸਪਲੀਮੈਂਟਰੀ ਚਲਾਨ ਵਿਚ ਨਸ਼ਾ ਤਸਕਰੀ ਅਤੇ ਮੁਲਜ਼ਮਾਂ ਵੱਲੋਂ ਦੇਸ਼-ਵਿਦੇਸ਼ ਵਿਚ ਬਣਾਈਆਂ ਜਾਇਦਾਦਾਂ ਦਾ ਵੇਰਵਾ ਦਿੱਤਾ ਹੈ।



ਇਸ ਮਾਮਲੇ ਵਿਚ ਨਾਮਜ਼ਦ ਜਗਜੀਤ ਸਿੰਘ ਚਾਹਲ, ਉਸ ਦੇ ਭਰਾ ਪਰਮਜੀਤ ਸਿੰਘ ਚਾਹਲ ਵੱਲੋਂ ਅੱਠ ਕੰਪਨੀਆਂ ਬਣਾਉਣ ਅਤੇ ਮਹਿੰਗੀਆਂ ਕਾਰਾਂ ਖਰੀਦਣ ਦਾ ਖੁਲਾਸਾ ਕੀਤਾ ਗਿਆ ਹੈ।

ਸ੍ਰੀ ਸਰਾਓ ਨੇ ਦੱਸਿਆ ਕਿ ਬਨੂੜ ਥਾਣੇ ਵਿਚ ਦਰਜ ਡਰੱਗ ਤਸਕਰੀ ਮਾਮਲੇ ਵਿਚ ਜਗਦੀਸ਼ ਭੋਲਾ ਸਮੇਤ ਹੋਰ ਵੱਖ-ਵੱਖ ਮੁਲਜ਼ਮਾਂ ਖਿਲਾਫ ਮੁੱਖ ਚਲਾਨ ਅਤੇ ਚਾਰ ਸਪਲੀਮੈਂਟਰੀ ਚਲਾਨ ਪਹਿਲਾਂ ਹੀ ਪੇਸ਼ ਕੀਤੇ ਜਾ ਚੁੱਕੇ ਹਨ। ਕੁਝ ਸਮਾਂ ਪਹਿਲਾਂ ਜਾਂਚ ਵਿਚ ਇਹ ਗੱਲ ਵੀ ਸਾਹਮਣੇ ਆਈ ਸੀ ਕਿ ਜਗਦੀਸ਼ ਭੋਲਾ ਨੇ ਐਨ.ਆਰ.ਆਈ. ਜਸਵਿੰਦਰ ਸਿੰਘ ਦੇ ਨਾਂ ਉਤੇ ਕੈਨੇਡਾ ਵਿਚ ਜਾਇਦਾਦ ਬਣਾਈ ਹੈ।

ਇਸ ਸਬੰਧੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਮੁਲਜ਼ਮ ਸੁਖਰਾਜ ਸਿੰਘ ਉਰਫ ਰਾਜਾ ਦੇ ਰਾਹੀਂ ਭੋਲੇ ਨੇ ਵਿਦੇਸ਼ ਵਿਚ ਜਾਇਦਾਦ ਖਰੀਦਣ ਲਈ ਪੈਸਿਆਂ ਦਾ ਲੈਣ ਦੇਣ ਕੀਤਾ ਹੈ। ਮੁਲਜ਼ਮਾਂ ਨੇ ਤਕਰੀਬਨ ਇਕ ਅਰਬ (ਕੁਲੈਕਟਰ ਰੇਟ) ਦੀ ਜਾਇਦਾਦ ਬਣਾਈ ਹੈ, ਜਿਨ੍ਹਾਂ ਵਿਚੋਂ ਇਕੱਲੇ ਚਾਹਲ ਭਰਾਵਾਂ ਦੀ ਜਾਇਦਾਦ 52 ਕਰੋੜ ਤੋਂ ਉਪਰ ਹੈ। ਇਸ ਸਬੰਧੀ ਈ.ਡੀ. ਵੱਲੋਂ ਸਾਲ 2013 ਵਿਚ ਕੇਸ ਦਰਜ ਕੀਤਾ ਗਿਆ ਸੀ।

## ਹਵਾਰਾ ਦਾ ਇਲਾਜ ਕਰਾਉਣ ਦੇ ਹੁਕਮ

**ਮੁਹਾਲੀ:** ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਸਬੰਧੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦੀ ਰੀੜ੍ਹ ਦੀ ਹੱਡੀ ਦਾ ਇਲਾਜ ਕਰਾਉਣ ਲਈ ਦਿੱਲੀ ਹਾਈ ਕੋਰਟ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਹਨ। ਐਡਵੋਕੇਟ ਕੁਲਵਿੰਦਰ ਕੌਰ ਨੇ ਦੱਸਿਆ ਕਿ ਦਿੱਲੀ ਹਾਈ ਕੋਰਟ ਨੇ ਜੇਲ੍ਹ ਪ੍ਰਸ਼ਾਸਨ ਨੂੰ ਦਿੱਤੇ ਹੁਕਮਾਂ ਵਿਚ ਕਿਹਾ ਹੈ ਕਿ ਜਗਤਾਰ ਸਿੰਘ ਹਵਾਰਾ ਨੂੰ ਤੁਰਤ ਵੀਲ੍ਹ ਚੇਅਰ, ਫਿਜ਼ੀਓਥੈਰੇਪਿਸਟ ਅਤੇ ਇੰਗਲਿਸ਼ ਟੁਆਇਲਟ ਸੀਟ ਮੁਹੱਈਆ ਕਰਵਾਈ ਜਾਵੇ ਅਤੇ ਹਵਾਰਾ ਦੀ ਫਿਜ਼ੀਓਥੈਰੇਪੀ ਯਕੀਨੀ ਬਣਾਈ ਜਾਵੇ।



ਦੱਸਣਯੋਗ ਹੈ ਕਿ ਜਗਤਾਰ ਸਿੰਘ ਹਵਾਰਾ ਨੂੰ ਲੰਮੇ ਸਮੇਂ ਤੋਂ ਪਿੱਠ ਵਿਚ ਦਰਦ ਦੀ ਸ਼ਿਕਾਇਤ ਹੈ ਪਰ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਵੱਲੋਂ ਉਸ ਦਾ ਇਲਾਜ ਨਹੀਂ ਕਰਵਾਇਆ ਜਾ ਰਿਹਾ ਸੀ। ਇਸ ਉਤੇ ਸਿੱਖ ਰਿਲੀਫ ਯੂ.ਕੇ. ਨੇ ਹਵਾਰਾ ਦੇ ਇਲਾਜ ਲਈ

# ਦੇਣਦਾਰੀਆਂ ਨੇ ਸਾਹੋ ਸਾਹ ਕਰ ਦਿੱਤੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਆਪਣੇ ਪੰਜ ਸਾਲਾ ਸ਼ਾਸਨ ਦਾ ਪੌਣਾ ਕੁ ਸਾਲ ਪੂਰਾ ਕਰ ਲਿਆ ਹੈ। ਵਿੱਤੀ ਤੰਗੀ ਨਾਲ ਦੋ-ਦੋ ਹੱਥ ਕਰਦਿਆਂ ਲੰਘੇ ਇਨ੍ਹਾਂ ਨੌਂ ਮਹੀਨਿਆਂ ਵਿਚ ਸੂਬੇ ਨੂੰ ਮੰਦੀ ਦੇ ਦੌਰ ਵਿਚੋਂ ਕੱਢਣ ਦੀ ਥਾਂ ਕੈਪਟਨ ਸਰਕਾਰ ਨੇ ਅਕਾਲੀ-ਭਾਜਪਾ ਗੱਠਜੋੜ ਦੀਆਂ ਨਕਾਮੀਆਂ ਗਿਣਾਉਣ ਵੱਲ ਵੱਧ ਧਿਆਨ ਦਿੱਤਾ ਹੈ। ਚੋਣਾਂ ਸਮੇਂ ਕੀਤੇ ਵਾਅਦੇ ਸਰਕਾਰ ਲਈ ਸਭ ਤੋਂ ਵੱਡੀ ਸਮੱਸਿਆ ਹਨ।

ਸੂਬੇ ਸਿਰ ਚੜ੍ਹੇ ਤਕਰੀਬਨ 2 ਲੱਖ ਕਰੋੜ ਦੇ ਕਰਜ਼ੇ ਦੇ ਵਿਆਜ ਨੂੰ ਵਾਪਸ ਕਰਨਾ ਵੱਡੀ ਸਮੱਸਿਆ ਬਣਿਆ ਹੋਇਆ ਹੈ। ਸਰਕਾਰ ਇਸ ਸਮੇਂ 2500 ਕਰੋੜ ਤੋਂ ਵੀ ਵਧੇਰੇ ਵਿੱਤੀ ਘਾਟੇ ਵਿਚ ਚੱਲ ਰਹੀ ਹੈ। ਉਸ ਦੀਆਂ ਦੇਣਦਾਰੀਆਂ ਵਧਦੀਆਂ ਜਾ ਰਹੀਆਂ ਹਨ। ਲਏ ਕਰਜ਼ੇ ਦੇ ਮੂਲ ਅਤੇ ਵਿਆਜ ਦੀਆਂ ਕਈ ਕਿਸ਼ਤਾਂ ਮੋੜਨੀਆਂ ਬਾਕੀ ਹਨ। ਕੈਪਟਨ ਸਰਕਾਰ, ਕੇਂਦਰ ਵੱਲੋਂ ਸੂਬੇ ਦੇ ਵਿਕਾਸ ਲਈ ਜਾਰੀ ਯੋਜਨਾਵਾਂ ਦਾ ਪੂਰਾ ਲਾਭ ਉਠਾਉਣ ਵਿਚ ਵੀ ਇਸ ਕਰ ਕੇ ਅਸਫਲ ਹੋ ਰਹੀ ਹੈ, ਕਿਉਂਕਿ ਇਨ੍ਹਾਂ ਯੋਜਨਾਵਾਂ ਲਈ ਉਹ ਆਪਣੇ ਹਿੱਸੇ ਦੀ ਰਕਮ ਨਹੀਂ ਪਾ ਰਹੀ।

ਇਸੇ ਕਾਰਨ ਵਿਕਾਸ ਕਾਰਜ ਠੱਪ ਹੋ ਗਏ ਹਨ। ਕੇਂਦਰ ਸਰਕਾਰ ਇਹ ਦਲੀਲ ਦੇ ਕੇ ਯੋਜਨਾਵਾਂ ਦੀਆਂ ਰਕਮਾਂ ਰੋਕ ਰਹੀ ਹੈ ਕਿ ਉਸ

### ਕਰਜ਼ੇ ਦਾ ਵਿਆਜ ਮੋੜਨਾ ਵੀ ਵੱਸੋਂ ਬਾਹਰ



ਨੂੰ ਪਹਿਲਾਂ ਦਿੱਤੀਆਂ ਗਈਆਂ ਰਕਮਾਂ ਦਾ ਪੂਰਾ ਹਿਸਾਬ-ਕਿਤਾਬ ਚਾਹੀਦਾ ਹੈ। ਪਿਛਲੇ ਮਹੀਨਿਆਂ ਵਿਚ ਖਜ਼ਾਨਾ ਖਾਲੀ ਹੋਣ ਕਰ ਕੇ ਬਹੁਤ ਸਾਰੇ ਵਿਭਾਗਾਂ ਦੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਮਿਲ ਸਕੀਆਂ।

ਪਿਛਲੇ ਦੋ ਮਹੀਨੇ ਸਰਕਾਰ ਲਈ ਬੇਹੱਦ ਮੁਸ਼ਕਲ ਵਾਲੇ ਰਹੇ, ਕਿਉਂਕਿ ਇਨ੍ਹਾਂ ਮਹੀਨਿਆਂ ਵਿਚ ਕਰਜ਼ੇ ਦੀ ਰਕਮ ਦੀਆਂ ਕਿਸ਼ਤਾਂ ਅਤੇ ਵਿਆਜ ਵਾਪਸ ਕਰਨੇ ਸਨ। ਇਸ ਰਕਮ ਦੀਆਂ ਕਿਸ਼ਤਾਂ ਅਤੇ ਵਿਆਜ ਦੀ ਰਕਮ 3000 ਕਰੋੜ ਦੇ ਕਰੀਬ ਪਹੁੰਚ ਜਾਂਦੀ ਹੈ। ਇਸੇ ਲਈ ਸਰਕਾਰ ਵੱਲੋਂ ਇਕ ਤਰ੍ਹਾਂ ਨਾਲ ਵਿੱਤੀ ਐਮਰਜੈਂਸੀ ਲਗਾ ਦਿੱਤੀ ਗਈ ਹੈ ਅਤੇ ਤਨਖਾਹਾਂ ਲੈਣ ਵਾਲੇ ਮੁਲਾਜ਼ਮਾਂ ਨੂੰ ਕਈ ਵਾਰ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈਂਦਾ ਹੈ। ਸੂਬਾ ਸਰਕਾਰ ਦੇ ਸਾਢੇ ਤਿੰਨ ਲੱਖ ਤੋਂ ਵਧੇਰੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਬਿਲ ਹੀ ਦੋ ਹਜ਼ਾਰ ਕਰੋੜ ਦੇ ਲਗਭਗ ਹੈ। ਪਿਛਲੇ ਮਹੀਨਿਆਂ ਵਿਚ ਕੇਂਦਰ ਵੱਲੋਂ ਜੀ.ਐਸ.ਟੀ. ਦੇ ਹਿੱਸੇ ਦੀ ਰਕਮ ਲੇਟ ਹੋਣ ਕਾਰਨ ਇਹ ਭਾਰ ਵਧ ਗਿਆ ਸੀ। ਸੂਬੇ ਵਿਚ 20 ਲੱਖ ਦੇ ਕਰੀਬ ਪੈਨਸ਼ਨਰਜ਼ ਹਨ। ਉਨ੍ਹਾਂ ਦੇ ਭੁਗਤਾਨ ਲਈ ਵੀ ਸਰਕਾਰ ਟਾਲ-ਮਟੋਲ ਕਰਦੀ ਰਹੀ ਹੈ। ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਪੜਤਾਲ ਵੀ ਕਰਵਾਈ ਜਾਏਗੀ ਤਾਂ ਜੋ ਸਮਾਂ ਲੰਘ ਸਕੇ। ਚੋਣਾਂ ਤੋਂ ਪਹਿਲਾਂ ਸਰਕਾਰ ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਗੱਲ ਕਰਦੀ ਸੀ।

ਸਕੂਲਾਂ ਦੇ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੀਆਂ ਮੁਫਤ ਸਹੂਲਤਾਂ ਦੇਣ ਦੀ ਗੱਲ ਕਰਦੀ ਸੀ ਪਰ ਇਹ ਹੁਣ ਇਸ ਪਾਸੇ ਮੂੰਹ ਵੀ ਨਹੀਂ ਕੀਤਾ ਜਾ ਰਿਹਾ। ਆਟਾ-ਦਾਲ ਸਕੀਮ ਕਰ ਕੇ ਵੀ ਸਰਕਾਰ ਸਿਰ 1800 ਕਰੋੜ ਦੇ ਲਗਭਗ ਬਕਾਇਆ ਹੋ ਗਿਆ ਹੈ। ਸਰਕਾਰ ਵੱਲੋਂ ਪੇਸ਼ ਆਪਣੇ ਅੰਕੜਿਆਂ ਅਨੁਸਾਰ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਦੇ ਬਣਦੇ ਲਗਭਗ 3000 ਕਰੋੜ ਦੇ ਭੁਗਤਾਨ ਉਤੇ ਵੀ ਰੋਕ ਲਗਾਉਣੀ ਪਈ ਹੈ। ਬਿਜਲੀ ਬੋਰਡ ਨੂੰ ਦਿੱਤੀ ਜਾਂਦੀ ਸਬਸਿਡੀ ਦਾ ਵੇਲੇ ਸਿਰ ਪੂਰਾ ਭੁਗਤਾਨ ਨਾ ਹੋਣ ਕਾਰਨ ਬੋਰਡ ਆਰਥਿਕ ਸੰਕਟ ਵਿਚ ਫਸਿਆ ਨਜ਼ਰ ਆਉਂਦਾ ਹੈ। ਸਰਕਾਰ ਸਿਰ 6000 ਕਰੋੜ ਦੇ ਲਗਭਗ ਦੀਆਂ ਦੇਣਦਾਰੀਆਂ ਹਨ। ਕੇਂਦਰ ਸਰਕਾਰ ਦੇ ਕਰਜ਼ੇ ਅਤੇ ਗ੍ਰਾਂਟਾਂ ਦੇ ਸਰਕਾਰ ਨੇ 1200 ਕਰੋੜ ਰੁਪਏ ਹਾਲੇ ਹੋਰ ਦੇਣੇ ਹਨ।

# ਸ਼ਹੀਦੀ ਤੇ ਪ੍ਰਕਾਸ਼ ਪੁਰਬ ਬਾਰੇ ਸਿੱਖ ਸੰਗਤ ਵਿਚ ਬਣੀ ਦੁਬਿਧਾ

**ਅੰਮ੍ਰਿਤਸਰ:** ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੋ ਦੋ ਦਿਨ ਦੇ ਫਰਕ ਉਤੇ ਆਉਣ ਕਾਰਨ ਸੰਗਤ ਦੁਬਿਧਾ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 25 ਦਸੰਬਰ ਨੂੰ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 22 ਦਸੰਬਰ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 27 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਇਹ ਦਿਹਾੜੇ ਇਕੱਠੇ ਆਉਣ ਕਾਰਨ ਸਿੱਖ ਸੰਗਤ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਕਿਸੇ ਹੋਰ ਤਰੀਕ ਉਤੇ ਮਨਾਉਣ ਦੇ ਸੁਝਾਅ ਦਿੱਤੇ ਗਏ ਸਨ। ਇਸੇ ਸੰਦਰਭ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀ ਅਕਾਲ ਤਖਤ ਦੇ ਜਥੇਦਾਰ ਨੂੰ ਪ੍ਰਕਾਸ਼ ਪੁਰਬ ਪੰਜ ਜਨਵਰੀ ਨੂੰ ਮਨਾਉਣ ਦਾ ਸੁਝਾਅ ਦਿੱਤਾ ਗਿਆ ਸੀ, ਪਰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਇਸ ਸੁਝਾਅ ਨੂੰ ਰੱਦ ਕਰ ਕੇ ਗੁਰ ਪੁਰਬ ਪਹਿਲਾਂ ਵਾਲੀ ਤਰੀਕ 25 ਦਸੰਬਰ ਨੂੰ ਹੀ ਮਨਾਉਣ ਦਾ ਐਲਾਨ ਕੀਤਾ ਗਿਆ ਹੈ।

ਹੁਣ ਇਸ ਮਾਮਲੇ ਨੂੰ ਲੈ ਕੇ ਸੰਗਤ ਦੁਬਿਧਾ ਵਿਚ ਹੈ ਕਿ ਪ੍ਰਕਾਸ਼ ਪੁਰਬ ਤੋਂ ਦੋ ਦਿਨ ਪਹਿਲਾਂ ਅਤੇ ਦੋ ਦਿਨ ਬਾਅਦ ਸ਼ਹੀਦੀ ਪੁਰਬ ਹੈ। ਇਸ ਲਈ ਪ੍ਰਕਾਸ਼ ਪੁਰਬ ਜ਼ਿਆਦਾ ਉਤਸ਼ਾਹ ਨਾਲ ਨਹੀਂ ਮਨਾਇਆ ਜਾ ਸਕੇਗਾ। ਖਾਸ ਕਰ ਕੇ ਫਤਿਹਗੜ੍ਹ ਸਾਹਿਬ ਜਿਥੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਸਬੰਧੀ ਸ਼ਹੀਦੀ ਜੋੜ ਮੇਲ ਵੱਡੇ ਪੱਧਰ ਉਤੇ ਹੁੰਦਾ ਹੈ, ਉਥੇ ਪ੍ਰਕਾਸ਼ ਪੁਰਬ ਵੀ ਸਾਦੇ ਢੰਗ ਨਾਲ ਹੀ ਮਨਾਇਆ ਜਾਵੇਗਾ।

ਵੇਰਵਿਆਂ ਮੁਤਾਬਕ ਸ਼ਹੀਦੀ ਜੋੜ ਮੇਲ 25, 26, 27 ਨੂੰ ਮਨਾਇਆ ਜਾ ਰਿਹਾ ਹੈ, ਇਸ ਲਈ ਪ੍ਰਕਾਸ਼ ਪੁਰਬ ਮੌਕੇ ਸਿਰਫ ਅਖੰਡ ਪਾਠ ਦੇ ਭੋਗ ਹੀ ਪਾਏ ਜਾਣਗੇ, ਜਦੋਂਕਿ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਤੇ ਹੋਰ ਥਾਵਾਂ 'ਤੇ ਪ੍ਰਕਾਸ਼ ਪੁਰਬ ਸਬੰਧੀ ਪਹਿਲਾ ਵਾਂਗ ਹੀ ਨਗਰ ਕੀਰਤਨ ਸਜਾਇਆ ਜਾਵੇਗਾ, ਪਰ ਕੁਝ ਸਿੱਖ ਸੰਸਥਾਵਾਂ ਜੋ ਸ਼੍ਰੋਮਣੀ ਕਮੇਟੀ ਦੇ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਆਪੋ ਆਪਣੇ ਨਗਰ ਕੀਰਤਨ ਸਜਾਉਂਦੀਆਂ ਹਨ, ਇਸ ਵਾਰ ਦੁਬਿਧਾ ਵਿਚ ਹਨ ਕਿ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਕਾਰਨ ਉਹ ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਨਹੀਂ ਕੱਢ ਸਕਣਗੀਆਂ।

ਸੋਸ਼ਲ ਮੀਡੀਆ 'ਤੇ ਵੀ ਇਸ ਮੁੱਦੇ ਨੂੰ ਲੈ ਕੇ ਕਾਫੀ ਪ੍ਰਚਾਰ ਚੱਲ ਰਿਹਾ ਹੈ ਕਿ ਗੁਰਪੁਰਬ 5 ਜਨਵਰੀ ਨੂੰ ਹੀ ਮਨਾਇਆ ਜਾਵੇ। ਵਿਦੇਸ਼ਾਂ ਦੀਆਂ ਕਈ ਸਿੱਖ ਜਥੇਬੰਦੀਆਂ ਗੁਰਪੁਰਬ 5 ਜਨਵਰੀ ਨੂੰ ਮਨਾਉਣ ਦਾ ਐਲਾਨ ਕਰ ਚੁਕੀਆਂ ਹਨ।

## ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇ: ਕੇਵਲ ਸਿੰਘ

ਪੰਥਕ ਤਾਲਮੇਲ ਸੰਗਠਨ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਗੁਰ ਪੁਰਬ ਅਤੇ ਸ਼ਹੀਦੀ ਪੁਰਬ ਇਕੱਠੇ ਆਉਣ ਕਾਰਨ ਇਸ ਵਾਰ 95 ਫੀਸਦੀ ਸੰਗਤ ਦਾ ਧਿਆਨ ਸ਼ਹੀਦੀ ਪੁਰਬ ਵੱਲ ਹੋਵੇਗਾ। ਉਨ੍ਹਾਂ ਆਖਿਆ ਕਿ ਉਹ ਮੂਲ ਨਾਨਕਸ਼ਾਹੀ ਕੈਲੰਡਰ ਦੇ ਹਾਮੀ ਹਨ ਅਤੇ ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਇਹ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣਗੀਆਂ। ਉਨ੍ਹਾਂ ਦਾਅਵਾ ਕੀਤਾ ਕਿ ਵਿਦੇਸ਼ਾਂ ਵਿਚ ਅਤੇ ਭਾਰਤ ਵਿਚ ਵੀ ਵਧੇਰੇ ਥਾਵਾਂ ਉਤੇ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਵੇ।


## ਲਾਲੂ ਦੀ 45 ਕਰੋੜ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਆਈ.ਆਰ.ਸੀ.ਟੀ.ਸੀ. ਹੋਟਲ ਵੰਡ ਮਾਮਲੇ ਵਿਚ ਲਾਲੂ ਯਾਦਵ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ।

ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਇਸ ਮਾਮਲੇ ਨਾਲ ਜੁੜੀ ਲਾਲੂ ਤੇ ਉਨ੍ਹਾਂ ਦੇ ਪਰਿਵਾਰ ਦੀ 3 ਏਕੜ ਜ਼ਮੀਨ ਨੂੰ ਜ਼ਬਤ ਕਰ ਲਿਆ। ਪਟਨਾ ਸਥਿਤ ਇਸ ਸੰਪਤੀ ਦੀ ਕੀਮਤ 45 ਕਰੋੜ ਰੁਪਏ ਦੇ ਕਰੀਬ ਦੱਸੀ ਜਾ ਰਹੀ ਹੈ।

# ਪੰਜਾਬ 'ਚ ਘਾਤਕ ਨਸ਼ਿਆਂ ਦੇ ਟਾਕਰੇ ਲਈ ਅਫੀਮ ਦੀ ਖੇਤੀ ਹੋਵੇ: ਗਾਂਧੀ

**ਅੰਮ੍ਰਿਤਸਰ (ਬਿਊਰੋ):** ਇਥੇ ਸਾਈਂ ਮੀਆਂ ਮੀਰ ਫਾਊਂਡੇਸ਼ਨ ਵੱਲੋਂ ਚੇਅਰਮੈਨ ਹਰਭਜਨ ਸਿੰਘ ਬਰਾੜ ਦੀ ਅਗਵਾਈ ਹੇਠ ਪੰਜਾਬ ਵਿਚ ਅਫੀਮ ਤੇ ਭੁੱਕੀ ਦੀ ਖੇਤੀ ਸ਼ੁਰੂ ਕਰਨ ਸਬੰਧੀ ਕਰਵਾਈ ਗਈ ਵਿਚਾਰ-ਚਰਚਾ ਵਿਚ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇ ਪੰਜਾਬ ਨੂੰ ਘਾਤਕ ਨਸ਼ਿਆਂ ਤੋਂ ਮੁਕਤ ਕਰਨਾ ਹੈ ਤਾਂ ਇਸ ਦਾ ਇਕੋ-ਇਕ ਹੱਲ ਹੈ ਕਿ ਇਥੇ ਅਫੀਮ ਦੀ ਕੁਦਰਤੀ ਖੇਤੀ ਸ਼ੁਰੂ ਕੀਤੀ ਜਾਵੇ। ਇਹ ਵੀ ਕਿਹਾ ਗਿਆ ਕਿ ਨਸ਼ਾ ਵਿਰੋਧੀ ਐਕਟ 1985 ਨਾਲ ਨਸ਼ਿਆਂ ਵਿਚ ਵਾਧਾ ਹੋਇਆ ਹੈ, ਡਰੱਗ ਮਾਫੀਆ ਦਾ ਪਸਾਰ ਹੋਇਆ ਹੈ, ਇਸ ਲਈ ਇਸ ਐਕਟ ਵਿਚ ਸੋਧ ਕੀਤੀ ਜਾਵੇ।


ਡਾ. ਧਰਮਵੀਰ ਗਾਂਧੀ

ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਅੱਜ ਪੰਜਾਬ ਨਸ਼ਿਆਂ ਕਾਰਨ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਮੈਕ, ਹੈਰੋਇਨ, ਸ਼ਰਾਬ ਤੇ ਹੋਰ ਘਾਤਕ ਸਿੰਥੈਟਿਕ ਨਸ਼ਿਆਂ ਨੂੰ ਖਤਮ ਕਰਨ ਲਈ ਅਫੀਮ ਤੇ ਭੁੱਕੀ ਦੀ ਕੁਦਰਤੀ ਖੇਤੀ ਪੰਜਾਬ ਵਿਚ ਸ਼ੁਰੂ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਦਾ ਗੈਰ-ਸਿਆਸੀਕਰਨ ਅਤੇ ਗੈਰ-ਅਪਰਾਧੀਕਰਨ ਬਹੁਤ ਜ਼ਰੂਰੀ ਹੈ।

ਸਿਹਤ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਜਗਜੀਤ ਸਿੰਘ ਚੀਮਾ ਨੇ ਕਿਹਾ ਕਿ ਜੇ ਪੰਜਾਬ ਵਿਚ ਕੁਦਰਤੀ ਨਸ਼ਿਆਂ ਦੀ ਖੇਤੀ ਸ਼ੁਰੂ ਹੋ ਜਾਵੇ ਤਾਂ ਡਰਗ ਮਾਫੀਆ ਅਤੇ ਨਸ਼ਿਆਂ ਦੀ ਮੰਡੀ ਆਪਣੇ ਆਪ ਖਤਮ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸਿੰਥੈਟਿਕ ਨਸ਼ੇ ਖਾਣ ਵਾਲਿਆਂ ਨੂੰ ਕੁਦਰਤੀ ਨਸ਼ੇ ਦਿਓਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਬਚ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਪੰਜਾਬ ਨੂੰ ਡਰੱਗ ਮਾਫੀਆ ਤੋਂ ਬਚਾਉਣਾ ਹੈ ਤਾਂ ਨਸ਼ਾ ਵਿਰੋਧੀ ਐਕਟ ਵਿਚ ਸੋਧ ਕੀਤੀ ਜਾਵੇ।

ਰਣਜੀਤ ਸਿੰਘ ਨੇ ਕਿਹਾ ਕਿ ਸਿੰਥੈਟਿਕ ਨਸ਼ੇ, ਸ਼ਰਾਬ, ਮੈਡੀਕਲ ਨਸ਼ੇ ਜਵਾਨੀ ਨੂੰ ਤਬਾਹ ਕਰ ਰਹੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਪਾਣੀ, ਜਵਾਨੀ ਤੇ ਕਿਰਸਾਨੀ ਨੂੰ ਅਫੀਮ ਦੀ ਖੇਤੀ ਸ਼ੁਰੂ ਕਰਕੇ ਹੀ ਬਚਾਇਆ ਜਾ ਸਕਦਾ ਹੈ। ਹਰਿਦਆਲ ਸਿੰਘ ਘਰਿਆਲਾ ਨੇ ਕਿਹਾ ਕਿ ਜੇ ਦੇਸ਼ ਦੇ 12 ਸੂਬਿਆਂ ਵਿਚ ਅਫੀਮ ਦੀ ਖੇਤੀ ਹੋ ਸਕਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ? ਸੁਨਾਮ ਤੋਂ ਆਏ ਐਡਵੋਕੇਟ ਸੰਪੂਰਨ ਸਿੰਘ ਨੇ ਵੀ ਪੰਜਾਬ ਵਿਚ ਅਫੀਮ ਦੀ ਖੇਤੀ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਸਰਬਜੀਤ ਸਿੰਘ ਸੋਹਲ, ਬਲਵਿੰਦਰ ਸਿੰਘ ਝਬਾਲ ਨੇ ਵੀ ਆਪਣੇ ਵਿਚਾਰ ਰੱਖੇ। ਹਰਭਜਨ ਸਿੰਘ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੰਚ ਦੇ ਸੰਚਾਲਨ ਦੀ ਭੂਮਿਕਾ ਸ੍ਰੀ ਕੰਵਲਜੀਤ ਸਿੰਘ ਸਿੱਧੂ ਨੇ ਨਿਭਾਈ। ਸੈਮੀਨਾਰ ਤੋਂ ਪਹਿਲਾਂ ਡਾ. ਗਾਂਧੀ ਨੇ ਸਾਈਂ ਮੀਆਂ ਮੀਰ ਸਰਾਂ ਦਾ ਉਦਘਾਟਨ ਕੀਤਾ।

ਦੱਸਣਯੋਗ ਹੈ ਕਿ ਹਰਚਰਨ ਬਰਾੜ ਨੇ 10 ਕੁ ਵਰ੍ਹਿਆਂ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਮਣੇ ਡਾ. ਸੁਰਤਾ ਸਿੰਘ ਰੋਡ 'ਤੇ ਆਪਣੀ ਰਿਹਾਇਸ਼ਗਾਹ ਵਿਖੇ ਧਾਰਮਿਕ ਸਦਭਾਵ ਤੇ ਸਹਿਹੋਂਦ ਦਾ ਸੰਦੇਸ਼ ਦੇਣ ਲਈ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਬਣਾਈ ਹੋਈ ਹੈ ਜਿਸ ਦੇ ਬੈਨਰ ਹੇਠ ਉਨ੍ਹਾਂ ਸਾਈਂ ਜੀ ਦੇ ਜੀਵਨ ਦਰਸ਼ਨ ਬਾਰੇ ਕਈ ਗੋਸ਼ਟੀਆਂ ਕਰਵਾਈਆਂ।

# ਡਾ. ਸੰਦੀਪ ਸਿੰਘ ਦੀ ਪੁਸਤਕ 'ਬਲਵੰਤ ਗਾਰਗੀ ਦੇ ਨਾਟਕਾਂ ਦਾ ਰੰਗਮੰਚੀ ਪਰਿਪੇਖ' ਲੋਕ ਅਰਪਣ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ, ਨਿਊ ਯਾਰਕ ਦੀ ਮਹੀਨਾਵਾਰ ਮੀਟਿੰਗ ਵਿਚ ਸਭਾ ਦੇ ਮੈਂਬਰ ਡਾ. ਸੰਦੀਪ ਸਿੰਘ ਦੀ ਪੁਸਤਕ 'ਬਲਵੰਤ ਗਾਰਗੀ ਦੇ ਨਾਟਕਾਂ ਦਾ ਰੰਗਮੰਚੀ ਪਰਿਪੇਖ' ਲੋਕ ਅਰਪਣ ਕੀਤੀ ਗਈ। ਮੀਟਿੰਗ ਸਭਾ ਦੇ ਸਰਗਰਮ ਮੈਂਬਰ ਮਰਹੂਮ ਪੰਜਾਬੀ ਕਵੀ ਦਲਜੀਤ ਮੋਖਾ ਦੀ ਯਾਦ ਨੂੰ ਸਮਰਪਿਤ ਸੀ। ਉਹ 27 ਦਸੰਬਰ 2016 ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਅਕਾਲ ਚਲਾਣਾ ਕਰ ਗਏ ਸਨ। ਸਵਰਾਜਬੀਰ ਨੇ ਦਲਜੀਤ ਮੋਖਾ ਬਾਰੇ ਲਿਖੀ ਕਵਿਤਾ 'ਨਿੱਤਰਿਆ ਹੋਇਆ ਪਾਣੀ' ਪੜ੍ਹ ਕੇ ਸ਼ਰਧਾਂਜਲੀ ਭੇਟ ਕੀਤੀ।



ਮੀਟਿੰਗ ਦਾ ਅਰੰਭ ਡਾ. ਸੰਦੀਪ ਸਿੰਘ ਨੇ ਸਮੁੱਚਾ ਰੌਸ਼ਨ ਕਰ ਕੇ ਕੀਤਾ। ਪ੍ਰੇਮ ਮਾਨ ਨੇ ਡਾ. ਸੰਦੀਪ ਸਿੰਘ ਨੂੰ ਪੁਸਤਕ ਦੇ ਛਪਣ 'ਤੇ ਸਭਾ ਦੇ ਮੈਂਬਰਾਂ ਵਲੋਂ ਵਧਾਈ ਦਿੱਤੀ ਅਤੇ ਗਾਰਗੀ ਬਾਰੇ ਕੁਝ ਗੱਲਾਂ ਵੀ ਕੀਤੀਆਂ। ਡਾ. ਸੰਦੀਪ ਸਿੰਘ ਨੇ ਗਾਰਗੀ ਦੀਆਂ ਰਚਨਾਵਾਂ, ਖਾਸ ਕਰ ਕੇ ਉਸ ਦੇ ਨਾਟਕਾਂ 'ਲੋਹਾ ਕੁੱਟ' ਅਤੇ 'ਕਣਕ ਦੀ ਬੱਲੀ' ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਇਹ ਪੁਸਤਕ ਡਾ. ਸੰਦੀਪ ਸਿੰਘ ਦੀ ਪੀਐਚ.ਡੀ. ਦੇ ਥੀਸਿਸ ਲਈ ਕੀਤੀ ਖੋਜ ਦਾ ਨਤੀਜਾ ਹੈ। ਇਸ ਮੌਕੇ ਡਾ. ਸੰਦੀਪ ਸਿੰਘ ਨੇ ਆਪਣੀਆਂ ਦੋ ਕਵਿਤਾਵਾਂ 'ਰੱਬ ਦਾ ਤਰਲਾ' ਅਤੇ 'ਫਲਸਫਾ' ਵੀ ਸੁਣਾਈਆਂ।

ਤਰਲੋਕ ਬੀਰ ਨੇ ਆਪਣੀਆਂ ਦੋ ਕਵਿਤਾਵਾਂ ਸੁਣਾ ਕੇ ਹਾਜ਼ਰੀ ਲੁਆਈ। ਪ੍ਰੇਮ ਮਾਨ ਨੇ ਆਪਣੀ ਨਵੀਂ ਕਹਾਣੀ 'ਬੁਰਛੇ' ਪੜ੍ਹੀ। ਚੇਤਨ ਸੋਚੀ ਨੇ ਆਪਣੀਆਂ ਚਾਰ ਕਵਿਤਾਵਾਂ ਸੁਣਾਈਆਂ ਜਿਨ੍ਹਾਂ ਵਿਚੋਂ ਇਕ ਕਵਿਤਾ 'ਜ਼ਿੰਦਗੀ ਕੀ ਚੀਜ਼ ਹੈ' ਸੀ। ਡਾ. ਅਮਰਜੀਤ ਸ਼ਾਸਤਰੀ ਨੇ ਇਕ ਖੂਬਸੂਰਤ ਕਵਿਤਾ ਸੁਣਾਈ। ਇਜਾਜ਼ ਭੱਟੀ ਨੇ ਮੰਚ ਸੰਚਾਲਨ ਕਰਦਿਆਂ ਆਪਣੀਆਂ ਤਿੰਨ ਕਵਿਤਾਵਾਂ ਸੁਣਾਈਆਂ।

ਰਾਜਿੰਦਰ ਕੌਰ ਨੇ ਗੀਤ 'ਯਾਦਾਂ ਦੇ ਗਿਆ ਮਾਹੀ' ਅਤੇ ਸੰਗੀਤ ਸ਼ਰਮਾ ਨੇ ਦੋ ਗੀਤ ਆਪਣੇ ਨਖਰੇ ਭਰੇ ਅੰਦਾਜ਼ ਵਿਚ ਸੁਣਾ ਕੇ ਸਰੋਤਿਆਂ ਨੂੰ ਕੀਲਿਆ। ਦਿਕਸ਼ਾ ਕੌੜਾ ਨੇ ਹਾਸਰਸ ਪੰਜਾਬੀ ਸਕਿੱਟ ਪੇਸ਼ ਕਰ ਕੇ ਸਰੋਤਿਆਂ ਨੂੰ ਖੂਬ ਹਸਾਇਆ। ਅਖੀਰ ਵਿਚ ਕਲਾਸੀਕਲ ਸੰਗੀਤ ਦੀ ਮਾਹਿਰ ਰੀਤਾ ਕੋਹਲੀ ਨੇ ਇਕ ਉਰਦੂ ਗਜ਼ਲ ਸੁਣਾਈ ਤੇ ਫਿਰ ਦੋ ਪੰਜਾਬੀ ਗੀਤ ਤੇ ਬੋਲੀਆਂ ਸੁਣਾ ਕੇ ਸਰੋਤਿਆਂ ਨੂੰ ਨੱਚਣ ਲਾ ਦਿੱਤਾ।

ਮੀਟਿੰਗ ਵਿਚ ਅਜਾਇਬ ਸਿੰਘ, ਸਰਬਜੀਤ ਮਾਨ, ਸੁਨੀਤਾ ਕੌੜਾ, ਲਵਲੀਨ ਕੌੜਾ, ਜੁਗਲ ਕਿਸ਼ੋਰ ਅਗਰਵਾਲ, ਹਨੀ ਸਿੰਘ, ਵਿਮਲਾ ਕੁਮਾਰ, ਰੀਨੂ ਵਰਮਾ, ਚੰਦਰ ਭਾਨ ਆਰੀਆ, ਜਸਕੀਰਤ ਸਿੰਘ, ਰੋਹਨ ਸਿੰਘ ਅਤੇ ਐਂਜਲਾ ਸਿੰਘ ਵੀ ਹਾਜ਼ਰ ਸਨ।





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਗੈਂਗਸਟਰਾਂ ਦੇ ਨਿਸ਼ਾਨੇ 'ਤੇ ਸੁੱਚਾ ਸਿੰਘ ਲੰਗਾਹ

### ਹਮਲੇ ਦੇ ਖਤਰੇ ਮਗਰੋਂ ਪਟਿਆਲਾ ਜੇਲ੍ਹ ਵਿਚ ਤਬਦੀਲ



**ਚੰਡੀਗੜ੍ਹ:** ਪੰਜਾਬ ਦਾ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਗੈਂਗਸਟਰਾਂ ਦੇ ਨਿਸ਼ਾਨੇ ਉਤੇ ਹੈ। ਇਸ ਸੂਹ ਪਿੱਛੋਂ ਜੇਲ੍ਹ ਵਿਭਾਗ ਚੌਕੰਨਾ ਹੋ ਗਿਆ ਹੈ। ਲੰਗਾਹ ਦੀ ਜਾਨ ਨੂੰ ਖਤਰਾ ਦੇਖਦਿਆਂ ਉਸ ਨੂੰ ਕਪੂਰਥਲਾ ਤੋਂ ਪਟਿਆਲਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਜੇਲ੍ਹ ਵਿਭਾਗ ਦੇ ਸੂਤਰਾਂ ਮੁਤਾਬਕ ਜਬਰ ਜਨਾਹ ਦੇ ਕੇਸ ਵਿਚ ਅਦਾਲਤੀ ਹਿਰਾਸਤ ਅਧੀਨ ਚੱਲ ਰਹੇ ਲੰਗਾਹ ਦਾ ਕਤਲ ਕਰਨ ਲਈ ਸੇਖੋਂ ਗੈਂਗ ਨੇ ਵਿਉਂਤ ਬਣਾ ਲਈ ਸੀ।

ਸੂਤਰਾਂ ਦਾ ਕਹਿਣਾ ਹੈ ਕਿ ਲੰਗਾਹ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਪਟਿਆਲਾ ਦੀ ਥਾਂ ਗੁਰਦਾਸਪੁਰ ਜਾਂ ਅੰਮ੍ਰਿਤਸਰ ਜੇਲ੍ਹ ਵਿਚ ਉਸ ਨੂੰ ਤਬਦੀਲ ਕਰਨ ਦੀ ਬੇਨਤੀ ਕੀਤੀ ਸੀ ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਮਾਝਾ ਖੇਤਰ ਦੀਆਂ ਉਕਤ ਦੋਵੇਂ ਜੇਲ੍ਹਾਂ ਵਿਚ ਵੀ ਲੰਗਾਹ ਲਈ ਖਤਰੇ ਬਰਕਰਾਰ ਹਨ। ਉਕਤ ਜੇਲ੍ਹਾਂ ਵਿਚ ਕਈ ਅਜਿਹੇ 'ਬੇਕਸੂਰ' ਵਿਅਕਤੀ ਬੰਦੀ ਹਨ ਜਿਨ੍ਹਾਂ ਉਤੇ ਅਕਾਲੀ ਹਕੂਮਤ ਦੌਰਾਨ ਮਾਮਲੇ ਦਰਜ ਹੋਏ ਅਤੇ ਇਨ੍ਹਾਂ ਵਿਚ ਕਈ ਮਾਮਲੇ ਦਰਜ ਕਰਾਉਣ ਪਿੱਛੇ ਅਕਸਰ ਸੁੱਚਾ ਸਿੰਘ ਲੰਗਾਹ ਉਪਰ ਵੀ ਦੋਸ਼ ਲੱਗਦੇ ਰਹੇ ਹਨ। ਸੂਤਰਾਂ ਨੇ ਕਿਹਾ ਕਿ ਲੰਗਾਹ ਨੂੰ ਜਦੋਂ ਕਪੂਰਥਲਾ ਜੇਲ੍ਹ ਵਿਚ ਭੇਜਿਆ ਗਿਆ ਸੀ ਤਾਂ ਉਸ ਨੇ ਜਾਨ ਦਾ ਖਤਰਾ ਹੋਣ ਦੀ ਗੱਲ ਆਖੀ ਸੀ। ਜੇਲ੍ਹ ਅਧਿਕਾਰੀਆਂ ਮੁਤਾਬਕ ਦਸੰਬਰ ਦੇ ਸ਼ੁਰੂ ਵਿਚ ਹੀ ਸੇਖੋਂ ਗੈਂਗ ਦੇ ਕਪੂਰਥਲਾ ਜੇਲ੍ਹ 'ਚ ਬੰਦ ਕੁਝ ਬੰਦਿਆਂ ਦੀਆਂ ਵਿਉਂਤਾਂ ਬਾਰੇ ਸੂਹ ਮਿਲ ਗਈ ਸੀ। ਗੈਂਗ ਦੇ ਮੈਂਬਰਾਂ ਦਾ ਆਪਸੀ ਵਾਰਤਾਲਾਪ, ਜੋ ਜੇਲ੍ਹ ਅਧਿਕਾਰੀਆਂ ਕੋਲ ਪਹੁੰਚਿਆ ਹੈ, ਮੁਤਾਬਕ ਲੰਗਾਹ ਨੂੰ ਨਿਹੰਗ ਅਜੀਤ ਸਿੰਘ ਪੂਹਲਾ ਵਾਂਗ ਕਤਲ ਕਰਨ ਦੀ ਸਕੀਮ ਬਣਾਈ ਗਈ ਸੀ। ਗੈਂਗਸਟਰਾਂ ਨੇ ਕਤਲ ਦਾ ਮਕਸਦ ਇਹੀ ਮੰਨਿਆ ਸੀ ਕਿ ਲੰਗਾਹ ਨੂੰ ਕਤਲ ਕਰਨ ਤੋਂ ਬਾਅਦ ਵਿਦੇਸ਼ਾਂ ਤੋਂ ਮਾਇਆ ਦੇ ਗੱਫੇ ਮਿਲਣਗੇ।

## ਲੰਗਾਹ ਨੂੰ ਨਾ ਮਿਲੀ ਰਾਹਤ

**ਗੁਰਦਾਸਪੁਰ:** ਜਬਰ ਜਨਾਹ ਮਾਮਲੇ ਦਾ ਸਾਹਮਣਾ ਕਰ ਰਹੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਜ਼ਮਾਨਤ ਅਰਜ਼ੀ ਖਾਰਜ ਹੋ ਗਈ। ਜ਼ਿਕਰਯੋਗ ਹੈ ਕਿ ਸੁੱਚਾ ਸਿੰਘ ਲੰਗਾਹ ਦੇ ਵਕੀਲਾਂ ਵੱਲੋਂ ਇਸ ਸਬੰਧੀ ਜ਼ਮਾਨਤ ਅਰਜ਼ੀ ਵਧੀਕ ਸੈਸ਼ਨ ਜੱਜ ਰਜਨੀਸ਼ ਗਰਗ ਦੀ ਅਦਾਲਤ ਵਿਚ ਲਗਾਈ ਹੋਈ ਸੀ ਅਤੇ ਇਸ ਜ਼ਮਾਨਤ ਅਰਜ਼ੀ ਉਪਰ ਮੱਦਈ ਅਤੇ ਮੁਲਜ਼ਮ ਪੱਖ ਦੇ ਵਕੀਲਾਂ ਵੱਲੋਂ ਬਹਿਸ ਕੀਤੀ ਗਈ, ਜਿਸ ਪਿੱਛੋਂ ਅਦਾਲਤ ਵੱਲੋਂ ਲੰਗਾਹ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਗਈ।

# ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਮੁਆਫੀ ਤੋਂ ਭੱਜਿਆ ਬਰਤਾਨੀਆ

### ਲੰਡਨ ਦੇ ਮੇਅਰ ਸਾਦਿਕ ਖਾਨ ਨੇ ਭਰੀ ਸੀ ਮੁਆਫੀ ਬਾਰੇ ਹਾਮੀ



**ਲੰਡਨ:** ਲੰਡਨ ਦੇ ਮੇਅਰ ਸਾਦਿਕ ਖਾਨ ਵੱਲੋਂ 1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਬਾਰੇ ਸਰਕਾਰੀ ਤੌਰ ਉਤੇ ਮੁਆਫੀ ਮੰਗਣ ਦੇ ਦਿੱਤੇ ਸੱਦੇ ਨੂੰ ਬਰਤਾਨੀਆ ਨੇ ਟਾਲਦਿਆਂ ਕਿਹਾ ਕਿ ਸਰਕਾਰ ਬਰਤਾਨਵੀ ਇਤਿਹਾਸ ਦੇ ਇਸ ਬੇਹੱਦ ਸ਼ਰਮਨਾਕ ਕਾਰੇ ਦੀ ਪਹਿਲਾਂ ਹੀ ਢੁਕਵੀਂ ਨਿਖੇਧੀ ਕਰ ਚੁੱਕੀ ਹੈ। ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਦਾ ਇਹ ਬਿਆਨ ਸਾਦਿਕ ਖਾਨ ਅੰਮ੍ਰਿਤਸਰ ਦੌਰੇ ਮਗਰੋਂ ਆਇਆ। ਇਸ ਦੌਰੇ ਦੌਰਾਨ ਉਨ੍ਹਾਂ ਕਿਹਾ ਸੀ ਕਿ ਬਰਤਾਨਵੀ ਸਰਕਾਰ ਨੂੰ ਇਸ ਸਮੂਹਿਕ ਕਤਲੇਆਮ ਲਈ ਮੁਆਫੀ ਮੰਗਣੀ ਚਾਹੀਦੀ ਹੈ। ਪਾਕਿਸਤਾਨ ਮੂਲ ਦੇ ਇਸ ਮੇਅਰ ਦੀ ਮੰਗ ਮਗਰੋਂ ਵਿਦੇਸ਼ ਮੰਤਰਾਲੇ ਨੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੇ ਇਸ ਮੁੱਦੇ ਉਤੇ ਵਿਚਾਰ ਸਾਹਮਣੇ ਰੱਖੇ। ਸ੍ਰੀ ਕੈਮਰੌਨ ਨੇ 2013 ਵਿਚ ਜਲ੍ਹਿਆਂਵਾਲਾ ਬਾਗ ਦੇ ਦੌਰੇ ਸਮੇਂ ਕਿਹਾ ਸੀ ਕਿ ਇਹ ਕਤਲੇਆਮ ਬਰਤਾਨਵੀ ਇਤਿਹਾਸ ਦੀ ਸ਼ਰਮਨਾਕ ਘਟਨਾ ਹੈ ਅਤੇ ਸਾਨੂੰ ਇਸ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ।

ਦੱਸ ਦਈਏ ਕਿ ਲੰਡਨ ਦੇ ਮੇਅਰ ਸਾਦਿਕ ਖਾਨ ਨੇ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ 13 ਅਪਰੈਲ, 1919 ਨੂੰ ਹੋਏ ਇਸ ਕਾਂਡ ਲਈ ਬਰਤਾਨਵੀ ਸਰਕਾਰ ਨੂੰ ਭਾਰਤੀ ਲੋਕਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਜਲ੍ਹਿਆਂਵਾਲਾ ਬਾਗ ਦਾ ਦੌਰਾ ਕਰਦਿਆਂ ਤੇ ਇਸ ਦੇ ਇਤਿਹਾਸ ਨੂੰ ਪੜ੍ਹਦਿਆਂ ਸ੍ਰੀ ਖਾਨ ਨੇ ਕਿਹਾ ਕਿ ਉਸ ਵੇਲੇ ਬਰਤਾਨਵੀ ਸਾਮਰਾਜ ਦੇ ਅਫਸਰਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਸੈਂਕੜੇ ਲੋਕ ਮਾਰੇ ਗਏ ਸਨ, ਜੋ ਬੇਹੱਦ ਦੁਖਦਾਈ ਹੈ। ਇਥੇ ਯਾਤਰੂ ਕਿਤਾਬ 'ਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਕਿਹਾ ਕਿ ਬਰਤਾਨਵੀ ਸਾਮਰਾਜ ਦੀ ਇਹ ਕਾਰਵਾਈ ਮੰਦਭਾਗੀ ਸੀ, ਜਿਸ ਲਈ ਮੁਆਫੀ ਮੰਗੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਸ਼ਹੀਦੀ ਖੂਹ ਕੋਲ ਕੁਝ ਪਲ ਬਿਤਾਏ ਅਤੇ ਉਸ ਦੇ ਇਤਿਹਾਸ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਸ਼ਹੀਦੀ ਸਮਾਰਕ ਉਤੇ ਫੁੱਲ ਭੇਟ ਕੀਤੇ ਅਤੇ ਸ਼ਹੀਦੀ ਲਾਟ ਕੋਲ ਇਕ ਮਿੰਟ ਮੌਨ ਰਹਿ ਕੇ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਖਾਨ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਸ਼ਵ ਦਾ ਮਹਾਨ ਧਾਰਮਿਕ ਅਸਥਾਨ ਹੈ, ਜਿਥੇ ਹਰ ਧਰਮ ਦੇ ਲੋਕ ਸ਼ਰਧਾ ਨਾਲ ਨਤਮਸਤਕ ਹੁੰਦੇ ਹਨ। ਉਨ੍ਹਾਂ ਨੂੰ ਇਥੇ ਆ ਕੇ ਮਾਨਸਿਕ ਸਕੂਨ ਮਿਲਿਆ ਹੈ। ਉਨ੍ਹਾਂ ਨੇ ਇੰਗਲੈਂਡ ਦੀ ਤਰੱਕੀ ਵਿਚ ਸਿੱਖਾਂ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਇਹ ਜਾਣਕਾਰੀ ਵੀ ਦਿੱਤੀ ਗਈ ਕਿ ਦੂਜੇ ਵਿਸ਼ਵ ਯੁੱਧ ਵਿਚ ਮਾਰੇ ਗਏ ਸਿੱਖਾਂ ਦੀ ਯਾਦ 'ਚ ਮੇਅਰ ਵੱਲੋਂ ਲੰਡਨ ਵਿਚ ਸਮਾਰਕ ਬਣਾਉਣ ਦੀ ਯੋਜਨਾ ਹੈ। ਦੱਸ ਦਈਏ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੇਅਰ ਦੇ ਮੁਆਫੀ ਵਾਲੇ ਬਿਆਨ ਪਿੱਛੋਂ ਕਿਹਾ ਸੀ ਕਿ ਜੇਕਰ ਬਰਤਾਨੀਆ ਸਰਕਾਰ ਮੁਆਫੀ ਮੰਗਦੀ ਹੈ ਤਾਂ ਇਸ ਨਾਲ ਬਰਤਾਨੀਆ ਅਤੇ ਭਾਰਤ ਦੇ ਰਿਸ਼ਤੇ ਹੋਰ ਮਜ਼ਬੂਤ ਹੋਣਗੇ। ਇਹ ਭਾਰਤੀਆਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਾਉਣ ਬਰਾਬਰ ਹੋਵੇਗਾ।

ਦੱਸਣਯੋਗ ਹੈ ਕਿ ਫਰਵਰੀ 2013 ਵਿਚ ਇਥੇ ਦੌਰੇ ਸਮੇਂ ਬ੍ਰਿਟੇਨ ਦੇ ਤਤਕਾਲੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਜਲ੍ਹਿਆਂਵਾਲਾ ਬਾਗ ਕਾਂਡ ਨੂੰ ਬਰਤਾਨੀਆ ਦੇ ਇਤਿਹਾਸ ਦੀ ਸ਼ਰਮਨਾਕ ਕਾਰਵਾਈ ਦੱਸਿਆ ਸੀ।

## ਫੋਰਟਿਸ ਹਸਪਤਾਲ ਖਿਲਾਫ ਕੇਸ

**ਗੁਰੂਗ੍ਰਾਮ:** ਡੇਂਗੂ ਪੀੜਤ ਬੱਚੀ ਦੀ ਮੌਤ ਦੇ ਮਾਮਲੇ 'ਚ ਹਰਿਆਣਾ ਸਰਕਾਰ ਨੇ ਸਖਤ ਰੁਖ ਅਪਣਾਉਂਦੇ ਹੋਏ ਗੁਰੂਗ੍ਰਾਮ ਦੇ ਫੋਰਟਿਸ ਹਸਪਤਾਲ ਖਿਲਾਫ਼ ਅਪਰਾਧਿਕ ਮਾਮਲਾ ਦਰਜ ਕਰਵਾਇਆ ਹੈ। ਅਸਲ ਵਿਚ ਗੁਰੂਗ੍ਰਾਮ ਦੇ ਫੋਰਟਿਸ ਹਸਪਤਾਲ ਵਿਚ ਡੇਂਗੂ ਦੇ ਇਲਾਜ ਦੌਰਾਨ 7 ਸਾਲਾ ਬੱਚੀ ਆਦਿਆ ਦੀ ਮੌਤ ਹੋ ਗਈ ਸੀ।

ਆਦਿਆ ਦੇ ਮਾਤਾ-ਪਿਤਾ ਨੂੰ ਉਸ ਦੀ ਲਾਸ਼ 18 ਲੱਖ ਰੁਪਏ ਦਾ ਭੁਗਤਾਨ ਕਰਨ ਤੋਂ ਬਾਅਦ ਲੈ ਜਾਣ ਦਿੱਤਾ ਗਿਆ ਸੀ। ਆਦਿਆ ਦੇ ਮਾਤਾ-ਪਿਤਾ ਨੇ ਦੋਸ਼ ਲਾਇਆ ਸੀ ਕਿ ਹਸਪਤਾਲ ਨੇ ਉਨ੍ਹਾਂ ਦੀ ਬੇਟੀ ਨੂੰ ਇਲਾਜ ਦੌਰਾਨ ਕਿਰਿਆਹੀਣ ਰਹਿਣ ਉਤੇ ਵੀ ਤਿੰਨ ਦਿਨ ਤੱਕ ਵੈਂਟੀਲੇਟਰ ਉਤੇ ਰੱਖਿਆ।

## ਰਾਜ ਕੁਮਾਰੀ ਡਾਇਨਾ ਦੇ ਬੈਗ ਦੀ ਨਿਲਾਮੀ

**ਵਾਸ਼ਿੰਗਟਨ**: ਅਮਰੀਕਾ ਵਿਚ ਇਕ ਨਿਲਾਮੀ ਦੌਰਾਨ ਰਾਜ ਕੁਮਾਰੀ ਡਾਇਨਾ ਦਾ ਰਤਨਾਂ ਨਾਲ ਜੜਿਆ ਬੈਗ 15,186 ਅਮਰੀਕੀ ਡਾਲਰਾਂ ਵਿਚ ਵਿਕਿਆ ਹੈ। ਬੈਗ ਦੀ ਵਰਤੋਂ 1980 ਵਿਚ ਰਾਜ ਕੁਮਾਰੀ ਡਾਇਨਾ ਵੱਲੋਂ ਕੀਤੀ ਗਈ ਸੀ।

ਇਹ ਸਿਲਵਰ ਬੈਗ ਕੇਨਸਿੰਗਟਨ ਮਹਿਲ ਦੀ ਸੀਨੀਅਰ ਘਰੇਲੂ ਨੌਕਰਾਣੀ ਸ਼ੀਲਾ ਟਿੱਲੇ ਨੂੰ ਦੇ ਦਿੱਤਾ ਗਿਆ ਸੀ। ਆਰ ਆਰ ਆਕਸ਼ਨਜ ਮੁਤਾਬਕ ਇਹ ਬੈਗ ਭਾਰੀ ਅਤੇ ਮਜ਼ਬੂਤ ਹੈ ਅਤੇ ਕੋਈ ਵੀ ਤਸਵੀਰ ਇਸ ਦੀ ਸੁੰਦਰਤਾ ਨੂੰ ਕੈਦ ਨਹੀਂ ਕਰ ਸਕਦੀ। ਇਹ ਨਿਵੇਕਲਾ ਬੈਗ ਰਾਜ ਕੁਮਾਰੀ ਡਾਇਨਾ ਦੇ ਖਾਸ ਸਟਾਈਲ ਅਤੇ ਵਿਸ਼ੇਸ਼ ਪਸੰਦ ਦੀ ਜ਼ਾਮਨੀ ਭਰਦਾ ਹੈ। ਬੈਗ ਨਾਲ ਮਿਲੇ ਇਕ ਖਤ ਵਿਚ ਟਿੱਲੇ ਨੇ ਲਿਖਿਆ ਹੈ, "ਮੈਂ ਇਸ ਗੱਲ ਦੀ ਗਵਾਹ ਹਾਂ ਕਿ ਮੈਂ ਵੇਲਜ ਦੇ ਰਾਜਕੁਮਾਰ ਅਤੇ ਰਾਜ ਕੁਮਾਰੀ ਚਾਰਲਸ ਤੇ ਡਾਇਨਾ ਦੇ ਸ਼ਾਹੀ ਖਾਨਦਾਨ ਵਿਚ ਮੁਲਾਜ਼ਮ ਸਾਂ। ਮੈਂ ਮਹਿਲ ਵਿਚ 1981 ਤੋਂ 1983 ਤੱਕ ਸੇਵਾਵਾਂ ਨਿਭਾਈਆਂ ਸਨ।

# ਸੁਖਬੀਰ ਦੀ ਰਿਸ਼ਤੇਦਾਰ ਦੇ ਕਤਲ 'ਚ ਨਾਮਜ਼ਦ ਪਾਕਿ ਅਦਾਲਤ ਵੱਲੋਂ ਬਰੀ



**ਲਾਹੌਰ:** ਭਾਰਤੀ-ਕੈਨੇਡੀਅਨ ਕਾਰੋਬਾਰੀ ਮਹਿਲਾ ਰਾਜਵਿੰਦਰ ਕੌਰ ਗਿੱਲ ਨੂੰ ਅਗਵਾ ਕਰ ਕੇ ਪਾਕਿਸਤਾਨ ਲਿਜਾਣ ਅਤੇ ਉਥੇ ਉਸ ਦੀ ਹੱਤਿਆ ਦੇ ਦੋਸ਼ ਹੇਠ ਫੜੇ ਹਾਫਿਜ਼ ਸ਼ਾਹਜ਼ਾਦ ਨੂੰ ਪਾਕਿਸਤਾਨ ਦੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਪੁਲਿਸ ਵੱਲੋਂ ਸ਼ਾਹਜ਼ਾਦ ਖਿਲਾਫ਼ ਠੋਸ ਸਬੂਤ ਪੇਸ਼ ਕਰਨ ਵਿਚ ਨਾਕਾਮ ਰਹਿਣ ਤੋਂ ਬਾਅਦ ਅਦਾਲਤ ਨੇ ਫੈਸਲਾ ਸੁਣਾਇਆ।

ਦੱਸ ਦਈਏ ਕਿ ਰਾਜਵਿੰਦਰ ਕੌਰ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਰਿਸ਼ਤੇਦਾਰ ਸੀ। ਪੰਜ ਸਾਲ ਪਹਿਲਾਂ ਲਾਹੌਰ ਪੁਲਿਸ ਨੇ ਰਾਜਵਿੰਦਰ ਕੌਰ ਗਿੱਲ ਦੇ ਪਿਤਾ ਸਿਕੰਦਰ ਸਿੰਘ ਗਿੱਲ ਦੀ ਸ਼ਿਕਾਇਤ ਉਤੇ ਹਾਫਿਜ਼ ਸ਼ਾਹਜ਼ਾਦ, ਸ਼ਾਹਿਦ ਗਜ਼ਨਫਰ ਉਰਫ ਕ੍ਰਿਸ਼ਨਾ ਰਾਏ ਅਤੇ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ਼ ਕਤਲ ਦਾ ਕੇਸ ਦਰਜ ਕੀਤਾ ਸੀ। ਕੇਸ ਦੀ ਮੁਢਲੀ ਰਿਪੋਰਟ ਮੁਤਾਬਕ ਰਾਜਵਿੰਦਰ ਕੌਰ 25 ਅਗਸਤ 2012 ਨੂੰ ਕੈਨੇਡਾ ਤੋਂ ਲਾਹੌਰ ਪੁੱਜੀ ਸੀ। ਉਸ ਕੋਲ ਕੈਨੇਡੀਅਨ ਪਾਸਪੋਰਟ, ਨਗਦੀ, ਲੈਪਟਾਪ ਤੇ ਹੋਰ ਕੀਮਤੀ ਵਸਤਾਂ ਸਨ।

ਸ਼ਾਹਿਦ ਨੇ ਹਾਫਿਜ਼ ਅਤੇ ਹੋਰਨਾਂ ਨਾਲ ਮਿਲ ਕੇ ਰਾਜਵਿੰਦਰ ਕੌਰ ਨੂੰ ਅਗਵਾ ਕਰ ਲਿਆ ਤੇ ਉਸ ਦਾ ਸਾਮਾਨ ਲੁੱਟਣ ਪਿੱਛੋਂ ਹੱਤਿਆ ਕਰ ਦਿੱਤੀ।

ਸਿਕੰਦਰ ਸਿੰਘ ਗਿੱਲ ਦੇ ਵਕੀਲ ਆਫਤਾਬ ਅਹਿਮਦ ਬਾਜਵਾ ਨੇ ਕਿਹਾ ਕਿ ਦੋਸ਼ੀ ਨੇ ਮੈਜਿਸਟਰੇਟ ਸਾਹਮਣੇ ਆਪਣਾ ਜੁਰਮ ਕਬੂਲ ਲਿਆ ਸੀ। ਬਾਜਵਾ ਨੇ ਕਿਹਾ ਕਿ ਉਹ ਹੁਣ ਇਸ ਫੈਸਲੇ ਨੂੰ ਲਾਹੌਰ ਹਾਈ ਕੋਰਟ ਵਿਚ ਚੁਣੌਤੀ ਦੇਣਗੇ।

# ਅਕਾਲੀਆਂ ਦੀ ਸਿਟੀ ਬੱਸ ਸੇਵਾ ਨੇ ਦਮ ਤੋੜਿਆ



**ਬਠਿੰਡਾ:** ਪਿਛਲੇ ਤਿੰਨ ਮਹੀਨਿਆਂ ਤੋਂ ਸਿਟੀ ਬੱਸ ਸੇਵਾ ਬੰਦ ਪਈ ਹੈ। ਇਸ ਨੂੰ ਪਿਛਲੀ ਅਕਾਲੀ ਦਲ ਭਾਜਪਾ ਸਰਕਾਰ ਨੇ ਬੜੇ ਚਾਅ ਨਾਲ ਸ਼ੁਰੂ ਕੀਤਾ ਸੀ। ਪ੍ਰਾਈਵੇਟ ਮਿੰਨੀ ਬੱਸ ਉਪਰੇਟਰਾਂ ਨਾਲ ਵਿਵਾਦ ਦੇ ਚੱਲਦਿਆਂ ਪੀ.ਆਰ.ਟੀ.ਸੀ. ਨੇ ਨਗਰ ਨਿਗਮ ਵੱਲੋਂ ਚਲਾਈਆਂ 20 ਨਵੀਆਂ ਬੱਸਾਂ ਬੰਦ ਕਰ ਦਿੱਤੀਆਂ ਹਨ। ਇਸ ਕਰ ਕੇ ਸਾਢੇ ਚਾਰ ਕਰੋੜ ਰੁਪਏ ਦੀਆਂ ਬੱਸਾਂ ਕਬਾੜ ਬਣਦੀਆਂ ਜਾ ਰਹੀਆਂ ਹਨ। ਇਸ ਵੇਲੇ ਆਵਾਰਾ ਕੁੱਤਿਆਂ ਨੇ ਬੱਸਾਂ ਨੂੰ ਆਪਣੀ ਆਰਾਮਗਾਹ ਬਣਾਇਆ ਹੋਇਆ ਹੈ।

ਕਾਬਲੇਗੌਰ ਹੈ ਕਿ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਯੋਜਨਾ ਤਹਿਤ ਬਠਿੰਡਾ ਵਿਚ 20 ਨਵੀਆਂ ਸਿਟੀ ਬੱਸਾਂ ਸ਼ੁਰੂ ਕੀਤੀਆਂ ਗਈਆਂ ਸਨ। ਹੁਣ ਇਹ ਬੱਸਾਂ ਪ੍ਰਾਈਵੇਟ ਮਿੰਨੀ ਬੱਸ ਉਪਰੇਟਰਾਂ ਨਾਲ ਲੰਬੇ ਵਿਵਾਦ ਦੇ ਚੱਲਦਿਆਂ ਆਖਰ ਬੰਦ ਕਰ ਦਿੱਤੀਆਂ ਗਈਆਂ ਹਨ। ਹੁਣ ਹਾਲਤ ਇਹ ਹੈ ਕਿ ਪਿਛਲੇ ਤਿੰਨ ਮਹੀਨੇ ਤੋਂ ਇਹ ਨਵੀਆਂ ਬੱਸਾਂ ਖੂੰਜੇ ਲੱਗੀਆਂ ਧੂੜ ਫੱਕ ਰਹੀਆਂ ਹਨ। ਚੋਣਾਂ ਤੋਂ ਪਹਿਲਾਂ ਨਗਰ ਨਿਗਮ ਵੱਲੋਂ 20 ਨਵੀਆਂ ਬੱਸਾਂ ਸ਼ੁਰੂ ਕੀਤੀਆਂ ਗਈਆਂ ਸਨ। ਪਹਿਲਾਂ ਤਾਂ ਟੈਂਪੂਆਂ ਨਾਲ ਵਿਵਾਦ ਦੇ ਚੱਲਦਿਆਂ ਇਹ ਬੱਸਾਂ ਕਾਫੀ ਪ੍ਰਭਾਵਿਤ ਰਹੀਆਂ। ਉਸ ਤੋਂ ਬਾਅਦ ਮਿੰਨੀ ਬੱਸ ਉਪਰੇਟਰਾਂ ਨਾਲ ਲਗਾਤਾਰ ਲੜਾਈ ਦਾ ਕਾਰਨ ਬਣਦੀਆਂ ਰਹੀਆਂ। ਪੀ.ਆਰ.ਟੀ.ਸੀ. ਬੱਸ ਮੁਲਾਜ਼ਮਾਂ ਦਾ ਇਲਜ਼ਾਮ ਸੀ ਕਿ ਪ੍ਰਾਈਵੇਟ ਬੱਸ ਉਪਰੇਟਰ ਬਿਨਾਂ ਪਰਮਿਟ ਦੇ ਹੀ ਧੱਕੇ ਨਾਲ ਇਸ ਰੂਟ ਉਤੇ ਬੱਸਾਂ ਚਲਾ ਰਹੇ ਹਨ ਜਦਕਿ ਸਰਕਾਰੀ ਬੱਸਾਂ ਨੂੰ ਸਵਾਰੀ ਨਹੀਂ ਚੁੱਕਣ ਦਿੱਤੀ ਜਾਂਦੀ। ਲੰਮਾ ਸਮਾਂ ਇਹ ਵਿਵਾਦ ਚੱਲਦਾ ਰਿਹਾ, ਬਹੁਤ ਝਗੜੇ ਵੀ ਹੋਏ ਤੇ ਆਖਰ ਪੀ.ਆਰ.ਟੀ.ਸੀ. ਨੇ ਝਗੜੇ ਦੌਰਾਨ ਕਿਸੇ ਮੁਲਾਜ਼ਮ ਦਾ ਨੁਕਸਾਨ ਹੋਣ ਦੇ ਡਰੋਂ ਇਨ੍ਹਾਂ ਬੱਸਾਂ ਨੂੰ 27 ਅਗਸਤ ਨੂੰ ਬੰਦ ਕਰ ਦਿੱਤਾ। ਇਨ੍ਹਾਂ ਬੱਸਾਂ ਦਾ ਤਕਰੀਬਨ ਦਸ ਰੁਪਏ ਕਰਾਇਆ ਸੀ ਜਦਕਿ ਇਹ ਬਠਿੰਡਾ ਦੇ ਤਕਰੀਬਨ ਵੀਹ ਕਿਲੋਮੀਟਰ ਦੇ ਘੇਰੇ ਅੰਦਰ ਪਿੰਡਾਂ ਤੱਕ ਪਹੁੰਚ ਕਰਦੀਆਂ ਸਨ। ਪੀ.ਆਰ.ਟੀ.ਸੀ. ਮੁਲਾਜ਼ਮ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਇਨ੍ਹਾਂ ਬੱਸਾਂ ਤੋਂ ਪੀ.ਆਰ.ਟੀ.ਸੀ. ਨੂੰ ਰੋਜ਼ਾਨਾ ਕਾਫੀ ਕਮਾਈ ਸੀ।

## ਵਿਆਹ ਸਮਾਗਮ 'ਚ ਗੈਂਗਸਟਰ ਭਿੜੇ, ਦੋ ਹਲਾਕ

**ਅੰਮ੍ਰਿਤਸਰ:** ਅੰਮ੍ਰਿਤਸਰ-ਅਟਾਰੀ ਰੋਡ ਉਤੇ ਪੈਂਦੇ ਮੈਰਿਜ ਪੈਲੇਸ ਵਿਚ ਗੋਲੀਆਂ ਚੱਲਣ ਕਰ ਕੇ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜਣੇ ਜਖ਼ਮੀ ਹੋ ਗਏ। ਮ੍ਰਿਤਕਾਂ ਦੀ ਸ਼ਨਾਖਤ ਛੇਹਰਟਾ ਇਲਾਕਾ ਵਾਸੀ ਹਰਵਿੰਦਰ ਸਿੰਘ ਅਤੇ ਖਾਪੜ ਖੇੜੀ ਵਾਸੀ ਮਨਪ੍ਰੀਤ ਸਿੰਘ ਵਜੋਂ ਹੋਈ ਹੈ। ਜਖ਼ਮੀਆਂ ਵਿਚ ਵਿਆਂਹਦੜ ਕੁੜੀ ਦਾ ਭਰਾ ਗੁਰਪ੍ਰੀਤ ਸਿੰਘ, ਰਿਸ਼ਤੇਦਾਰ ਕਮਲਜੀਤ ਕੌਰ ਅਤੇ ਰਣਬੀਰ ਸਿੰਘ ਸ਼ਾਮਲ ਹਨ। ਪੁਲਿਸ ਮੁਤਾਬਕ ਹਰਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਵਿਚਕਾਰ ਪੁਰਾਣੀ ਰੰਜਿਸ਼ ਸੀ ਅਤੇ ਦੋਵੇਂ ਜਣੇ ਵਿਆਹ 'ਚ ਸ਼ਾਮਲ ਹੋਣ ਲਈ ਆਏ ਸਨ।

ਦੋਹਾਂ ਵਿਚਕਾਰ ਤਕਰਾਰ ਹੋ ਗਈ ਅਤੇ ਹਰਵਿੰਦਰ ਨੇ ਆਪਣੇ ਹੋਰ ਸਾਥੀ ਮੌਕੇ ਉਤੇ ਸੱਦ ਲਏ ਜਿਥੇ ਗੋਲੀਬਾਰੀ ਹੋਈ ਤਾਂ ਦੋਵੇਂ ਹਰਵਿੰਦਰ ਅਤੇ ਮਨਪ੍ਰੀਤ ਮਾਰੇ ਗਏ।

# ਨਸ਼ਿਆਂ ਦੇ ਖਾਤਮੇ ਵਾਲੇ ਵਾਅਦੇ 'ਤੇ ਪਹਿਰਾ ਨਾ ਦੇ ਸਕੀ ਸਰਕਾਰ



**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਸੱਤਾ ਵਿਚ ਆਉਣ ਪਿੱਛੋਂ ਚਾਰ ਮਹੀਨਿਆਂ ਦੇ ਅੰਦਰ ਅੰਦਰ ਨਸ਼ਿਆਂ ਦੇ ਕਾਰੋਬਾਰ ਦਾ ਸਫਾਇਆ ਕਰਵਾ ਦਿੱਤਾ ਜਾਵੇਗਾ। ਹੁਣ ਸਰਕਾਰ ਬਣੀ ਨੂੰ ਸਾਲ ਹੋਣ ਵਾਲਾ ਹੈ ਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ.) ਚੰਡੀਗੜ੍ਹ ਦੇ ਜ਼ੋਨਲ ਡਾਇਰੈਕਟਰ ਡਾ. ਕੌਸਤੁਭ ਸ਼ਰਮਾ ਨੇ ਸਰਕਾਰ ਦੇ ਦਾਅਵੇ ਦੀ ਫੂਕ ਕੱਢ ਦਿੱਤੀ ਹੈ। ਇਸ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚੋਂ ਨਸ਼ੇ ਖਤਮ ਨਹੀਂ ਹੋਏ ਸਗੋਂ ਮਹਿੰਗੇ ਹੋਏ ਹਨ। ਭਾਵੇਂ ਹੁਣ ਪਹਿਲਾਂ ਵਾਂਗ ਸ਼ਰੇਆਮ ਅਤੇ ਹਰੇਕ ਥਾਂ ਉਤੇ ਨਸ਼ਿਆਂ ਦੀ ਉਪਲੱਬਧਤਾ ਨਹੀਂ ਹੈ ਪਰ ਨਸ਼ੇ ਕਰਨ ਵਾਲਿਆਂ ਨੂੰ ਕਿਸੇ ਨਾਲ ਕਿਸੇ ਰੂਪ ਵਿਚ ਡਰੱਗ ਹਾਸਲ ਹੋ ਰਹੀ ਹੈ।

ਪੰਜਾਬ ਕੇਡਰ ਦੇ ਆਈ.ਪੀ.ਐਸ. ਅਧਿਕਾਰੀ ਸ਼ਰਮਾ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਿਛਲੇ ਵਰ੍ਹੇ (ਬਾਦਲ ਸਰਕਾਰ ਵੇਲੇ) ਹੀ ਪੰਜਾਬ ਵਿਚ ਡਰੱਗ ਤਸਕਰਾਂ ਵਿਰੁੱਧ ਵਿਆਪਕ ਪੱਧਰ ਉਤੇ ਕਾਰਵਾਈ ਸ਼ੁਰੂ ਹੋਣ ਕਾਰਨ ਖੁੱਲ੍ਹੇਆਮ ਨਸ਼ੇ ਵਿਕਣ ਦੀ ਪ੍ਰਕਿਰਿਆ ਨੂੰ ਵੱਡੇ ਪੱਧਰ ਉਤੇ ਠੱਲ੍ਹ ਪਈ ਸੀ। ਫਿਰ ਮੌਜੂਦਾ ਸਰਕਾਰ ਵੱਲੋਂ ਆਉਂਦਿਆਂ ਹੀ ਡਰੱਗ ਤਸਕਰਾਂ ਵਿਰੁੱਧ ਕਾਰਵਾਈ ਕਰਨ ਲਈ ਬਣਾਈ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨਾਲ ਡਰੱਗ ਤਸਕਰਾਂ ਉਪਰ ਹੋਰ ਸ਼ਿਕੰਜਾ ਕਸਿਆ ਗਿਆ ਹੈ। ਡਰੱਗ ਤਸਕਰਾਂ ਉਪਰ ਚੁਫੇਰਿਉਂ ਭਾਰੀ ਦਬਾਅ ਪੈਣ ਕਾਰਨ ਡਰੱਗ ਬੜੀ ਮਹਿੰਗੀ ਹੋ ਗਈ ਹੈ ਅਤੇ ਇਸ ਵੇਲੇ ਪੰਜਾਬ 'ਚ ਹੈਰੋਇਨ 25 ਤੋਂ 30 ਲੱਖ ਰੁਪਏ ਪ੍ਰਤੀ ਕਿੱਲੋ ਵਿਕ ਰਹੀ ਹੈ। ਨਸ਼ੇ ਕਰਨ ਵਾਲੇ 35 ਤੋਂ 40 ਸਾਲ ਦੇ ਵਿਅਕਤੀ ਜ਼ਿਆਦਾਤਰ ਹੈਰੋਇਨ ਦੀ ਵਰਤੋਂ ਹੀ ਕਰਦੇ ਹਨ।

ਸ੍ਰੀ ਸ਼ਰਮਾ ਨੇ ਖੁਲਾਸਾ ਕੀਤਾ ਕਿ ਅਫੀਮ ਤੋਂ ਬਣਨ ਵਾਲੀਆਂ ਯੂਨਾਨੀ ਦਵਾਈਆਂ ਨੂੰ ਨਸ਼ੇੜੀ ਵੱਡੇ ਪੱਧਰ ਉਤੇ ਨਸ਼ੇ ਦੇ ਤੌਰ 'ਤੇ ਲੈ ਰਹੇ ਹਨ। ਇਸੇ ਤਰ੍ਹਾਂ ਅਫੀਮ ਦੀ ਕੁਝ ਮਾਤਰਾ ਪਾ ਕੇ ਦਸਤ ਰੋਕਣ ਅਤੇ ਦਰਦ ਨਿਵਾਰਕ ਲਈ ਬਣਦੀਆਂ ਗੋਲੀਆਂ ਦੀ ਵੀ ਨਸ਼ੇੜੀ ਵੱਡੇ ਪੱਧਰ ਉਤੇ ਵਰਤੋਂ ਕਰਨ ਲੱਗੇ ਹਨ।

ਪਿਛਲੇ ਸਮੇਂ ਉਨ੍ਹਾਂ ਨੇ ਅੰਮ੍ਰਿਤਸਰ ਤੋਂ ਕਾਮਨੀ (ਸੈਕਸ ਵਧਾਊ ਗੋਲੀਆਂ) ਗੋਲੀਆਂ ਕੁਝ ਕੈਮਿਸਟਾਂ ਕੋਲੋਂ ਵੱਡੇ ਪੱਧਰ ਉਤੇ ਫੜੀਆਂ ਸਨ ਪਰ ਇਹ ਗੋਲੀਆਂ ਸਪਲਾਈ ਕਰਨ ਵਾਲਾ ਬਠਿੰਡਾ ਨਾਲ ਸਬੰਧਤ ਤਸਕਰ ਹਾਲੇ ਤੱਕ ਹੱਥ ਨਹੀਂ ਲੱਗਿਆ। ਜ਼ਿਲ੍ਹਾ ਬਠਿੰਡਾ, ਮਾਨਸਾ, ਮੁਕਤਸਰ ਅਤੇ ਮਲੋਟ ਵਿਚ ਕਾਮਨੀ ਗੋਲੀਆਂ ਦੀ ਲੋਕ ਵੱਡੇ ਪੱਧਰ ਉਤੇ ਵਰਤੋਂ ਕਰਦੇ ਹਨ। ਖੁਫੀਆ ਪੜਤਾਲ ਤੋਂ ਪਤਾ ਲੱਗਾ ਹੈ ਕਿ ਡਰੱਗ ਤਸਕਰ ਛੋਟੇ-ਮੋਟੇ ਸਪਲਾਇਰ ਨੂੰ ਹੈਰੋਇਨ ਸਪਲਾਈ ਕਰਨ ਲਈ ਪ੍ਰਤੀ ਕਿੱਲੋ ਦੋ ਲੱਖ ਰੁਪਏ ਕਮਿਸ਼ਨ ਦਿੰਦੇ ਹਨ ਅਤੇ ਨਸ਼ਿਆਂ ਦੇ ਗੁਲਾਮ ਹੋਏ ਵਿਅਕਤੀ ਹੀ ਜ਼ਿਆਦਾਤਰ ਡਰੱਗ ਇਧਰ-ਉਧਰ ਸਪਲਾਈ ਕਰਦੇ ਹਨ। ਹੁਣ ਧੁੰਦ ਦੇ ਦਿਨਾਂ ਦੌਰਾਨ ਦੇਸ਼ ਦੀ ਸਰਹੱਦ ਦੇ ਪਾਰੋਂ ਡਰੱਗ ਦੀ ਸਪਲਾਈ ਵਧਣ ਦਾ ਖਤਰਾ ਹੈ। ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੀ ਜ਼ਮੀਨ ਦੇ ਆਸ-ਪਾਸ ਕਣਕ ਦੀ ਫਸਲ ਉਚੀ ਹੋ ਜਾਂਦੀ ਹੈ ਅਤੇ ਪਾਣੀ ਲਾਉਣ ਨਾਲ ਸੰਘਣੀ ਧੁੰਦ ਪੈਂਦੀ ਹੈ।

ਇਸ ਦਾ ਡਰੱਗ ਤਸਕਰ ਲਾਭ ਉਠਾਉਣ ਦਾ ਯਤਨ ਕਰਦੇ ਹਨ। ਇਸੇ ਤਰ੍ਹਾਂ ਬਾਰਸ਼ਾਂ ਦੇ ਦਿਨਾਂ ਦੌਰਾਨ ਸਰਹੱਦ ਦੇ ਪਾਰਲੇ ਤਸਕਰ ਡਰੱਗ ਨੂੰ ਏਅਰ ਟਾਈਟ ਪੈਕਟਾਂ ਵਿਚ ਬੰਨ੍ਹਣ ਤੋਂ ਬਾਅਦ ਪੀਪਿਆਂ ਵਿਚ ਬੰਦ ਕਰ ਦਿੰਦੇ ਹਨ ਅਤੇ ਫਿਰ ਮੀਂਹ ਦੇ ਪਾਣੀ ਉਪਰ ਪੀਪਿਆਂ ਨੂੰ ਰੱਖ ਕੇ ਸਰਹੱਦ ਤੋਂ ਇਧਰ ਰੋੜ੍ਹ ਦਿੰਦੇ ਹਨ।

### ਨਾਮੀ ਤਸਕਰਾਂ ਤੋਂ ਐਸ.ਟੀ.ਐਫ. ਨੇ ਵੀ ਪਾਸਾ ਵੱਟਿਆ

ਸੱਤਾ ਵਿਚ ਆਉਣ ਤੋਂ ਬਾਅਦ ਕਾਂਗਰਸ ਨੇ ਡਰੱਗਜ਼ ਖਿਲਾਫ਼ ਜੰਗ ਲਈ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦਾ ਗਠਨ ਕੀਤਾ ਸੀ। ਐਸ.ਟੀ.ਐਫ. ਨੇ ਮੁੱਢ ਵਿਚ ਸਖਤ ਕਦਮ ਵੀ ਚੁੱਕੇ, ਪਰ ਕੁਝ ਕੁ ਹਫਤਿਆਂ ਬਾਅਦ ਇਹ ਮੁਹਿੰਮ ਲੀਹੋਂ ਲੱਥਣੀ ਸ਼ੁਰੂ ਹੋ ਗਈ। ਐਸ.ਟੀ.ਐਫ. ਨੂੰ ਅਫਸਰਾਂ ਤੇ ਕਾਂਸਟੇਬਲਰੀ ਸਮੇਤ 2200 ਮੈਂਬਰੀ ਸਟਾਫ ਦੀ ਲੋੜ ਸੀ, ਪਰ 485 ਉਪਲਬਧ ਕਰਵਾਏ ਗਏ। ਇਸ ਨੇ 9 ਮਹੀਨਿਆਂ ਦੌਰਾਨ 627 ਕੇਸ ਦਰਜ ਕੀਤੇ ਅਤੇ 1108 ਗ੍ਰਿਫਤਾਰੀਆਂ ਕੀਤੀਆਂ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ ਕੋਈ ਵੀ 'ਨਾਮੀ' ਤਸਕਰ ਸ਼ਾਮਲ ਨਹੀਂ।

ਐਸ.ਟੀ.ਐਫ. ਵੱਲੋਂ ਬਰਾਮਦ ਕੀਤੀ ਹੈਰੋਇਨ ਦੀ ਮਿਕਦਾਰ 78 ਕਿਲੋਗ੍ਰਾਮ ਰਹੀ। ਐਸ.ਟੀ.ਐਫ. ਦੀ ਮੁਢਲੀ ਸਖਤੀ ਕਾਰਨ ਹੈਰੋਇਨ ਤੇ ਸਿੰਥੈਟਿਕ ਨਸ਼ਿਆਂ ਦੀ ਪੰਜਾਬ ਵਿਚ ਆਮਦ 'ਚ ਕਮੀ ਆਈ। ਇਹ ਵਰਤਾਰਾ ਕੁਝ ਕੁ ਹਫਤੇ ਹੀ ਰਿਹਾ। ਪੁਲਿਸ ਦੀਆਂ ਆਪਣੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਨਸ਼ਿਆਂ ਦੇ ਇਕ ਵਾਰ ਚੜ੍ਹੇ ਭਾਅ ਭਾਵੇਂ ਹੇਠਾਂ ਨਹੀਂ ਆਏ, ਫਿਰ ਵੀ ਹਰ ਪਾਸੇ 'ਚਿੱਟੇ' ਦਿਨ ਪਰਤ ਆਏ ਹਨ।

## ਅਨੁਸ਼ਕਾ ਤੇ ਵਿਰਾਟ ਦਾ ਵਿਆਹ ਹੋਇਆ



**ਮੁੰਬਈ:** ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਅਤੇ ਬਾਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਇਟਲੀ ਵਿਚ ਵਿਆਹ ਬੰਧਨ ਵਿਚ ਬੱਝ ਗਏ। ਇਸ ਨਾਲ ਮੀਡੀਆ ਵੱਲੋਂ ਚਿਰਾਂ ਤੋਂ ਜੋੜੇ ਦੇ ਵਿਆਹ ਦੀਆਂ ਲਾਈਆਂ ਜਾ ਰਹੀਆਂ ਕਿਆਸਅਰਾਈਆਂ ਵੀ ਖਤਮ ਹੋ ਗਈਆਂ ਹਨ। ਜੋੜੇ ਦਾ ਵਿਆਹ ਇਕ ਨਿੱਜੀ ਸਮਾਗਮ ਵਿਚ ਨੇਪਰੇ ਚੜ੍ਹਿਆ ਜਿਸ ਵਿਚ ਪਰਿਵਾਰਕ ਮੈਂਬਰਾਂ ਅਤੇ ਨੇੜਲਿਆਂ ਨੇ ਸ਼ਮੂਲੀਅਤ ਕੀਤੀ। ਵਿਆਹ ਸਮਾਗਮ ਇਟਲੀ ਦੇ ਤੁਸੈਨੀ ਸ਼ਹਿਰ ਵਿਚਲੇ ਰਿਜ਼ੋਰਟ ਵਿਚ ਹੋਇਆ। ਅਨੁਸ਼ਕਾ ਅਤੇ ਕੋਹਲੀ ਨੇ ਵਿਆਹ ਸਮਾਗਮ ਦੀਆਂ ਤਸਵੀਰਾਂ ਟਵੀਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅੱਜ ਹਮੇਸ਼ਾ ਲਈ ਪਿਆਰ ਦੇ ਬੰਧਨ ਵਿਚ ਬੱਝਣ ਦਾ ਫੈਸਲਾ ਕੀਤਾ ਹੈ। ਇਹ ਵਿਆਹ ਹਿੰਦੂ ਰੀਤੀ ਰਿਵਾਜਾਂ ਨਾਲ ਹੋਇਆ। ਵਿਆਹ ਪਾਰਟੀ 21 ਦਸੰਬਰ ਨੂੰ ਨਵੀਂ ਦਿੱਲੀ ਵਿਚ ਹੋਵੇਗੀ ਅਤੇ ਫਿਲਮ ਇੰਡਸਟਰੀ ਦੇ ਦੋਸਤਾਂ ਅਤੇ ਕ੍ਰਿਕਟਰਾਂ ਲਈ ਵੱਖਰੀ ਪਾਰਟੀ 26 ਦਸੰਬਰ ਨੂੰ ਹੋਵੇਗੀ।

### ਔਰਤ ਨੂੰ ਆਂਟੀ ਆਖਣਾ ਪਿਆ ਮਹਿੰਗਾ

**ਨਵੀਂ ਦਿੱਲੀ:** ਚਾਰ ਮੁੰਡਿਆਂ ਨੇ ਇਕ ਔਰਤ ਨੂੰ ਆਂਟੀ ਕਹਿ ਦਿੱਤਾ ਜਿਸ ਦੇ ਰੋਸ ਵਜੋਂ ਔਰਤ ਨੇ ਪੁਲਿਸ ਸੱਦ ਲਈ। ਪੁਲਿਸ ਚਾਰੇ ਮੁੰਡਿਆਂ ਨੂੰ ਥਾਣੇ ਲੈ ਗਈ। ਥਾਣੇ ਵਿਚ ਔਰਤ ਨੇ ਲਿਖਤੀ ਸ਼ਿਕਾਇਤ ਨਾ ਦਿੱਤੀ ਜਿਸ ਤੋਂ ਬਾਅਦ ਮੁੰਡਿਆਂ ਨੂੰ ਛੱਡ ਦਿੱਤਾ ਗਿਆ।

ਮਾਮਲਾ ਕਮਲਾ ਨਹਿਰੂ ਨਗਰ ਵਿਚ ਬਣੇ ਨਸ਼ਾ ਮੁਕਤੀ ਕੇਂਦਰ ਦਾ ਹੈ। ਨਸ਼ਾ ਮੁਕਤੀ ਕੇਂਦਰ ਤੋਂ ਇਕ ਔਰਤ ਨੇ ਪੁਲਿਸ ਕੰਟਰੋਲ ਰੂਮ ਵਿਚ ਸ਼ਿਕਾਇਤ ਕੀਤੀ ਕਿ ਕੁਝ ਮੁੰਡਿਆਂ ਨੇ ਉਸ ਨਾਲ ਛੇੜਛਾੜ ਕੀਤੀ ਹੈ। ਸ਼ਿਕਾਇਤ ਤੋਂ ਬਾਅਦ ਪੁਲਿਸ ਪੁੱਜੀ ਤੇ ਚਾਰੇ ਮੁੰਡਿਆਂ ਨੂੰ ਫੜ ਕੇ ਕਵੀਨਗਰ ਥਾਣੇ ਲੈ ਗਈ। ਔਰਤ ਨੇ ਪੁਲਿਸ ਨੂੰ ਦੱਸਿਆ ਕਿ ਮੁੰਡੇ ਨੂੰ ਆਂਟੀ ਕਹਿ ਕੇ ਛੇੜ ਰਹੇ ਸਨ।

### ਨਾਬਾਲਗ ਨੂੰ ਜਬਰ ਜਨਾਹ ਪਿੱਛੋਂ ਜ਼ਿੰਦਾ ਸਾੜਿਆ

**ਸਾਗਰ:** ਮੱਧ ਪ੍ਰਦੇਸ਼ ਵਿਚ ਜਬਰ ਜਨਾਹ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਤਾਜ਼ੇ ਮਾਮਲੇ ਵਿਚ ਸਾਗਰ ਜ਼ਿਲ੍ਹੇ 'ਚ ਪੈਂਦੇ ਦੇਵਲ ਪਿੰਡ ਵਿਚ ਦੋ ਵਿਅਕਤੀਆਂ ਨੇ ਅੱਠਵੀਂ ਜਮਾਤ ਦੀ ਵਿਦਿਆਰਥਣ (15) ਨਾਲ ਜਬਰ ਜਨਾਹ ਕੀਤਾ। ਲੜਕੀ ਵੱਲੋਂ ਰੌਲਾ ਪਾਉਣ ਉਤੇ ਦੋਸ਼ੀਆਂ ਨੇ ਉਸ 'ਤੇ ਮਿੱਟੀ ਦਾ ਤੇਲ ਸੁੱਟ ਕੇ ਅੱਗ ਲਗਾ ਦਿੱਤੀ। ਪੁਲਿਸ ਨੇ ਦੋ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਘਟਨਾ ਵੇਲੇ ਲੜਕੀ ਘਰ 'ਚ ਇਕੱਲੀ ਸੀ।

## ਉਚ ਅਦਾਲਤਾਂ ਵਿਚ ਦਹਾਕੇ ਤੋਂ ਵੱਧ ਸਮੇਂ ਦੇ 6 ਲੱਖ ਮਾਮਲੇ ਲਟਕੇ

**ਨਵੀਂ ਦਿੱਲੀ:** ਦੇਸ਼ ਭਰ ਦੀਆਂ ਉਚ ਅਦਾਲਤਾਂ ਵਿਚ 10 ਸਾਲ ਤੋਂ ਵੱਧ ਸਮੇਂ ਦੇ 6 ਲੱਖ ਦੇ ਕਰੀਬ ਮਾਮਲੇ ਲਟਕੇ (ਪੈਂਡਿੰਗ) ਪਏ ਹਨ। 2016 ਦੇ ਅੰਤ ਵਿਚ ਦੇਸ਼ ਦੀਆਂ 24 ਹਾਈ ਕੋਰਟਾਂ ਤੋਂ ਮਿਲੇ ਅੰਕੜਿਆਂ ਮੁਤਾਬਕ ਤਕਰੀਬਨ 40.15 ਲੱਖ ਮਾਮਲੇ ਲਟਕੇ ਹੋਏ ਹਨ ਜਿਨ੍ਹਾਂ ਵਿਚੋਂ 20 ਹਾਈ ਕੋਰਟਾਂ ਵਿਚ 6 ਲੱਖ ਦੇ ਕਰੀਬ 10 ਸਾਲ ਤੋਂ ਵੀ ਪੁਰਾਣੇ ਮਾਮਲੇ ਲਟਕੇ ਹੋਏ ਹਨ। ਬੰਬਈ ਹਾਈ ਕੋਰਟ 1,29,063 ਮਾਮਲਿਆਂ ਨਾਲ ਚੋਟੀ ਉਤੇ ਹੈ ਜਿਥੇ 96596 ਸਿਵਲ, 12846 ਅਪਰਾਧਿਕ ਤੇ 19621 ਰਿੱਟ ਪਟੀਸ਼ਨਾਂ ਦਹਾਕੇ ਤੋਂ ਵੱਧ ਸਮੇਂ ਤੋਂ ਲਟਕੀਆਂ ਪਈਆਂ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ 99,625 ਮਾਮਲਿਆਂ ਨਾਲ ਦੂਜੇ ਨੰਬਰ ਉਤੇ ਹੈ ਜਿਥੇ 64947 ਸਿਵਲ, 13324 ਅਪਰਾਧਿਕ ਤੇ 21334 ਰਿੱਟ ਪਟੀਸ਼ਨਾਂ ਸ਼ਾਮਲ ਹਨ।

ਸੂਚੀ ਵਿਚ ਤੀਜੇ ਨੰਬਰ ਉਤੇ ਕਲਕੱਤਾ ਹਾਈ ਕੋਰਟ ਹੈ ਜਿਥੇ ਅਜਿਹੇ 74,315 ਮਾਮਲੇ ਦਹਾਕਿਆਂ ਤੋਂ ਲਟਕ ਰਹੇ ਹਨ। ਦੱਸਣਯੋਗ ਹੈ ਕਿ ਦਸੰਬਰ 2014 ਵਿਚ ਕੁੱਲ 41.52 ਲੱਖ ਮਾਮਲੇ ਲਟਕ ਰਹੇ ਸਨ ਤੇ 2015 ਵਿਚ 38.70 ਲੱਖ ਰਹਿ ਗਏ ਸਨ ਤੇ 2015 'ਚ ਇਨ੍ਹਾਂ ਦੀ ਗਿਣਤੀ ਮੁੜ 40.15 ਲੱਖ ਤੱਕ ਪੁੱਜ ਗਈ।

## ਹਾਕੀ ਵਿਸ਼ਵ ਲੀਗ: ਆਸਟਰੇਲੀਆ ਮੁੜ ਬਣਿਆ ਵਿਸ਼ਵ ਚੈਂਪੀਅਨ

**ਭੁਵਨੇਸ਼ਵਰ:** ਕਾਲਿੰਗਾ ਸਟੇਡੀਅਮ ਵਿਚ ਵਿਸ਼ਵ ਚੈਂਪੀਅਨ ਆਸਟਰੇਲੀਆ ਨੇ ਉਲੰਪਿਕ ਚੈਂਪੀਅਨ ਅਰਜਨਟੀਨਾ ਨੂੰ 2-1 ਗੋਲਾਂ ਨਾਲ ਹਰਾ ਕੇ ਹਾਕੀ ਵਿਸ਼ਵ ਲੀਗ (ਐਚ.ਡਬਲਿਊ. ਐਲ.) ਦੇ ਖਿਤਾਬ ਉਤੇ ਮੁੜ ਕਬਜ਼ਾ ਕਰ ਲਿਆ।





ਇਸ ਦੌਰਾਨ ਭਾਰਤੀ ਹਾਕੀ ਟੀਮ ਨੇ ਜਰਮਨੀ ਨੂੰ 2-1 ਗੋਲਾਂ ਦੇ ਫਰਕ ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਅੱਠ ਮੁਲਕਾਂ ਦੇ ਇਸ ਟੂਰਨਾਮੈਂਟ ਵਿਚ ਦਰਸ਼ਕਾਂ ਨੇ ਵਿਸ਼ਵ ਦੀਆਂ ਦੋ ਬਿਹਤਰੀਨ ਟੀਮਾਂ ਵਿਚਾਲੇ ਖੇਡੇ ਗਏ ਫਾਈਨਲ ਮੈਚ ਨੂੰ ਸਾਹ ਰੋਕ ਕੇ ਦੇਖਿਆ।

ਖਿਤਾਬੀ ਮੁਕਾਬਲੇ ਵਿਚ ਆਸਟਰੇਲੀਆ ਵੱਲੋਂ ਪੈਨਲਟੀ ਕਾਰਨਰਾਂ ਉਤੇ ਜੇਰੇਮੀ ਹੇਅਵਰਡ ਨੇ 17ਵੇਂ ਮਿੰਟ ਅਤੇ ਬਲੇਕ ਗੋਵਰਜ਼ ਨੇ 58ਵੇਂ ਮਿੰਟ ਵਿਚ ਗੋਲ ਕੀਤੇ। ਅਰਜਨਟੀਨਾ ਵੱਲੋਂ ਇਕਲੌਤਾ ਗੋਲ ਅਗਸਟਿਨ ਬੁਗੈਲੋ ਨੇ ਮੈਚ ਦੇ 18ਵੇਂ ਮਿੰਟ ਵਿਚ ਕੀਤਾ। ਇਸ ਤੋਂ ਪਹਿਲਾ ਭਾਰਤੀ ਹਾਕੀ ਟੀਮ ਨੇ ਫਿਟਨੈੱਸ ਦੀ ਸਮੱਸਿਆ ਨਾਲ ਜੂਝ ਰਹੀ ਜਰਮਨੀ ਦੀ ਟੀਮ ਨੂੰ 2-0 ਨਾਲ ਹਰਾ ਕੇ ਹਾਕੀ ਵਿਸ਼ਵ ਲੀਗ ਫਾਈਨਲਜ਼ 'ਚ ਕਾਂਸੀ ਦਾ ਤਗਮਾ ਬਰਕਰਾਰ ਰੱਖਿਆ ਹੈ। ਭਾਰਤ ਲਈ ਐਸਵੀ ਸੁਨੀਲ (21ਵਾਂ) ਤੇ ਹਰਮਨਪ੍ਰੀਤ ਸਿੰਘ (54ਵਾਂ) ਨੇ ਗੋਲ ਕੀਤੇ ਜਦਕਿ ਜਰਮਨੀ ਵੱਲੋਂ ਇਕਲੌਤਾ ਗੋਲ ਮਾਰਕ ਐਪੇਲ ਨੇ ਕੀਤਾ, ਜੋ ਮੂਲ ਤੌਰ ਉਤੇ ਗੋਲਕੀਪਰ ਹੈ।


## ਕਾਲੇ ਦੌਰ ਵਿਚ ਲਾਵਾਰਸ ਲਾਸ਼ਾਂ ਦਾ ਮਾਮਲਾ ਮੁੜ ਭਖਿਆ

**ਨਵੀਂ ਦਿੱਲੀ:** ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ (ਪੀ.ਡੀ.ਏ.ਪੀ.) ਵੱਲੋਂ ਲਾਵਾਰਸ ਕਰਾਰ ਦਿੱਤੇ 8257 ਲੋਕਾਂ ਬਾਰੇ ਰਿਪੋਰਟ ਦੇ ਤੱਥ ਕੌਮੀ ਮੀਡੀਆ ਅੱਗੇ ਪੇਸ਼ ਕੀਤੇ ਗਏ। ਸੰਸਥਾ ਨੇ ਮੰਗ ਕੀਤੀ ਕਿ ਪੰਜਾਬ ਦੇ ਕਾਲੇ ਦੌਰ ਸਮੇਂ ਲਾਵਾਰਸ ਜਾਂ ਅਣਪਛਾਤੀਆਂ ਕਰਾਰ ਦਿੱਤੀਆਂ ਲਾਸ਼ਾਂ ਦੇ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ। ਮੌਕੇ ਉਤੇ ਹਾਜ਼ਰ ਪੀੜਤਾਂ ਨੇ ਪੁਲਿਸ ਵੱਲੋਂ ਢਾਹੇ ਤਸ਼ੱਦਦ ਦੀ ਹੱਡਬੀਤੀ ਵੀ ਮੀਡੀਆ ਨਾਲ ਸਾਂਝੀ ਕੀਤੀ। ਪੀ.ਡੀ.ਏ.ਪੀ. ਦੇ ਸਤਨਾਮ ਸਿੰਘ ਬੈਰਿਸਟਰ ਨੇ ਦੱਸਿਆ ਕਿ ਕਾਲੇ ਦੌਰ ਸਮੇਂ ਪੰਜਾਬ ਪੁਲਿਸ ਤੇ ਸੁਰੱਖਿਆ ਬਲਾਂ ਵੱਲੋਂ ਲਾਪਤਾ ਕੀਤੇ ਗਏ 8257 ਪੀੜਤਾਂ ਦੇ ਕੇਸਾਂ ਦੀ ਜਾਂਚ ਕੀਤੀ ਗਈ।

ਪੰਜਾਬ ਦੇ 22 ਜ਼ਿਲ੍ਹਿਆਂ ਦੀਆਂ ਮਿਊਂਸਪਲ ਕਮੇਟੀਆਂ ਦੇ ਰਿਕਾਰਡ ਅਨੁਸਾਰ ਉਸ ਵੇਲੇ ਹਜ਼ਾਰਾਂ ਲਾਵਾਰਸ ਤੇ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਕੀਤੇ ਗਏ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਪਟੀਸ਼ਨ ਤਿਆਰ ਕੀਤੀ ਜਾ ਰਹੀ ਹੈ, ਜੋ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਜਾਵੇਗੀ। ਮਨੁੱਖੀ ਅਧਿਕਾਰਾਂ ਦੇ ਕਾਰਕੁਨ ਕੋਲਿਨ ਗੌਂਜ਼ਾਲਵੇਜ਼ ਤੇ ਤਪਨ ਬੋਸ ਨੇ ਪੰਜਾਬ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਕੀਤੇ ਜਾ ਰਹੇ ਅਣਮਨੁੱਖੀ ਕਾਰੇ ਦੀ ਨਿੰਦਾ ਕੀਤੀ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਭੂਮਿਕਾ ਬਾਰੇ ਟਿੱਪਣੀਆਂ ਕੀਤੀਆਂ। ਬੁਲਾਰਿਆਂ ਨੇ ਅਜਿਹੇ ਪੀੜਤਾਂ ਨੂੰ ਮੌਤ ਦਾ ਸਰਟੀਫਿਕੇਟ ਲੈਣ 'ਚ ਦਰਪੇਸ਼ ਦਿੱਕਤਾਂ ਦਾ ਵੀ ਜ਼ਿਕਰ ਕੀਤਾ।

ਕਾਰਕੁਨ ਪਰਮਜੀਤ ਕੌਰ ਖਾਲੜਾ ਨੇ ਮੰਗ ਕੀਤੀ ਕਿ ਅਤਿਵਾਦ ਦੇ ਦੌਰ ਦੌਰਾਨ ਲਾਵਾਰਸ ਕਰਾਰ ਦਿੱਤੇ ਗਿਆਂ ਦੀ ਜਾਂਚ ਲਈ ਪੈਨਲ ਬਣੇ, ਗੈਰ-ਸਰਕਾਰੀ ਜਾਂ ਸਰਕਾਰੀ ਉਚ ਪੱਧਰੀ ਜਾਂਚ ਲਈ ਸੱਚ ਕਮਿਸ਼ਨ ਬਣੇ।

### ਪੀ.ਡੀ.ਏ.ਪੀ. ਵੱਲੋਂ ਸੁਪਰੀਮ ਕੋਰਟ ਜਾਣ ਦੀ ਤਿਆਰੀ



### ਪੀੜਤਾਂ ਦਾ ਗਿਲਾ

ਪੀੜਤ ਗੁਰਮੇਲ ਸਿੰਘ ਨੇ ਦੱਸਿਆ ਕਿ ਉਹ ਢਾਈ ਸਾਲ ਦਾ ਸੀ ਜਦੋਂ ਉਸ ਦੇ ਪਿਉ ਨੂੰ ਘਰੋਂ ਚੁੱਕ ਕੇ ਮਗਰੋਂ ਮਾਰ ਦਿੱਤਾ ਗਿਆ ਤੇ ਕਿਸੇ ਨੇ ਉਨ੍ਹਾਂ ਦੀ ਬਾਂਹ ਨਾ ਫੜੀ। ਹਰਪ੍ਰੀਤ ਕੌਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਫਾਰਸ਼ ਵਾਲਿਆਂ ਨੂੰ ਹੀ ਨੌਕਰੀਆਂ ਦਿੰਦੀ ਹੈ। ਉਹ ਉਚ ਸਿੱਖਿਆ ਹਾਸਲ ਹੈ ਤੇ ਤਿੰਨ ਸਾਲ ਤੋਂ ਨੌਕਰੀ ਲਈ ਸੰਘਰਸ਼ ਕਰ ਰਹੀ ਹੈ। ਇਕ ਹੋਰ ਪੀੜਤ ਮੱਖਣ ਸਿੰਘ ਦੀ ਪਤਨੀ ਨੇ ਵੀ ਆਪਣਾ ਦਰਦ ਬਿਆਨਿਆਂ ਅਤੇ ਸਤਵੰਤ ਸਿੰਘ ਮਾਣਕ ਨੇ 10 ਪੁਲਿਸ ਮੁਕਾਬਲਿਆਂ ਨੂੰ ਝੂਠਾ ਕਰਾਰ ਦਿੱਤਾ ਤੇ ਵੇਰਵੇ ਸਾਂਝੇ ਕੀਤੇ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਦਸੰਬਰ 2017*

## ਚੋਣਾਂ ਵਾਲੀ ਸਿਆਸਤ ਦੇ ਹਿਤ

ਪਿਛਲੇ ਦਿਨੀਂ ਸੰਸਾਰ ਭਰ ਦੇ ਪੰਜਾਬੀਆਂ ਨੇ ਪੰਜਾਬ ਅੰਦਰ ਵਿਲੱਖਣ ਨਜ਼ਾਰਾ ਦੇਖਿਆ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਠੰਢ ਵਿਚ ਥਾਂ ਥਾਂ ਧਰਨੇ ਲਾਈ ਬੈਠੇ ਸਨ। ਇਨ੍ਹਾਂ ਆਗੂਆਂ ਦਾ ਤਰਕ ਸੀ ਕਿ ਸੱਤਾਧਾਰੀ ਕਾਂਗਰਸ ਪਾਰਟੀ ਨੇ ਨਗਰ ਨਿਗਮ ਚੋਣਾਂ ਦੇ ਅਮਲ ਵਿਚ ਵਿਘਨ ਪਾਉਣ ਦਾ ਯਤਨ ਕੀਤਾ ਅਤੇ ਬਹੁਤ ਥਾਂਈਂ ਅਕਾਲੀ ਆਗੂਆਂ ਨੂੰ ਨਾਮਜ਼ਦਗੀ ਪੱਤਰ ਹੀ ਦਾਖਲ ਨਹੀਂ ਕਰਨ ਦਿੱਤੇ ਗਏ। ਨਤੀਜੇ ਵਜੋਂ ਅਕਾਲੀਆਂ ਨੇ ਧਰਨੇ ਲਾ ਦਿੱਤੇ, ਪਰ ਫਿਰ ਇਹ 'ਗੈਰ-ਕਾਨੂੰਨੀ' ਧਰਨੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਰਾਤੋ-ਰਾਤ ਚੁੱਕ ਵੀ ਲਏ ਗਏ, ਕਿਉਂਕਿ ਧਰਨਿਆਂ ਲਈ ਲੋੜੀਂਦੀ ਸੂਚਨਾ ਕਿਸੇ ਨੂੰ ਦਿੱਤੀ ਨਹੀਂ ਸੀ ਗਈ। ਇਹੀ ਨਹੀਂ, ਸਰਕਾਰ ਨੇ ਇਸੇ ਆਧਾਰ ਉਤੇ ਧਰਨੇ ਲਾਉਣ ਵਾਲੇ ਇਨ੍ਹਾਂ ਅਕਾਲੀਆਂ ਖਿਲਾਫ ਪਰਚੇ ਵੀ ਦਰਜ ਕਰ ਲਏ। ਹੁਣ ਇਸ ਮਾਮਲੇ ਵਿਚ ਸਿਆਸਤ ਖੂਬ ਭਖ ਗਈ ਹੈ ਅਤੇ ਦੋਵੇਂ ਧਿਰਾਂ ਇਸ ਫਿਰਾਕ ਵਿਚ ਹਨ ਕਿ ਇਸ ਮਾਮਲੇ 'ਤੇ ਵੱਧ ਤੋਂ ਵੱਧ ਹਮਦਰਦੀ ਬਟੋਰੀ ਜਾਵੇ। ਉਂਜ, ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਅਕਾਲੀਆਂ ਦੇ ਰਾਜ ਦੌਰਾਨ ਹਰ ਵਰਗ ਨੂੰ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਬੇਅੰਤ ਧਰਨੇ-ਮੁਜ਼ਾਹਰੇ ਲਾਉਣੇ ਪਏ। ਅੰਕੜਿਆਂ ਮੁਤਾਬਕ, ਅਕਾਲੀਆਂ ਦੇ ਦਸਾਂ ਸਾਲਾਂ ਦੇ ਰਾਜ ਦੌਰਾਨ ਸਭ ਤੋਂ ਵਧੇਰੇ ਧਰਨੇ ਲੱਗੇ ਅਤੇ ਮਸਲੇ ਕਿਸੇ ਦਾ ਵੀ ਹੱਲ ਨਹੀਂ ਹੋਇਆ। ਲੋਕਾਂ ਅਤੇ ਜਥੇਬੰਦੀਆਂ ਦੇ ਮਸਲਿਆਂ ਤੇ ਮੁੱਦਿਆਂ ਬਾਰੇ ਜਾਂ ਤਾਂ ਸਿਰਫ ਲਾਰੇ ਹੀ ਲਾਏ ਗਏ, ਜਾਂ ਘੇਸਲ ਮਾਰ ਲਈ ਗਈ। ਸ਼ਾਇਦ ਇਹੀ ਕਾਰਨ ਸੀ ਕਿ ਜਦੋਂ ਅਕਾਲੀ ਦਲ ਦੇ ਆਗੂ ਧਰਨਿਆਂ ਲਈ ਸੜਕਾਂ ਉਤੇ ਨਿਕਲੇ ਤਾਂ ਕਈ ਥਾਂਈਂ ਆਮ ਲੋਕਾਂ ਨੇ ਇਨ੍ਹਾਂ ਦਾ ਵਿਰੋਧ ਵੀ ਕੀਤਾ ਅਤੇ ਧਰਨਾਕਾਰੀਆਂ ਨੂੰ ਖਦੇੜਿਆ ਵੀ। ਕਈ ਥਾਂਈਂ ਲੋਕਾਂ ਦੇ ਵਿਰੋਧ ਕਾਰਨ ਬਹੁਤੇ ਧਰਨਾਕਾਰੀ ਜੁੜ ਹੀ ਨਾ ਸਕੇ। ਇਉਂ ਚੱਲ ਰਹੀ ਇਸ ਸਿਆਸਤ ਵਿਚੋਂ ਹੀ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਇਕ ਹੋਰ ਸਿਆਸਤ ਦੀ ਸੂਹ ਕੱਢੀ ਹੈ। ਇਸ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਸੱਤਾਧਾਰੀ ਕਾਂਗਰਸ ਜਾਣ-ਬੁਝ ਕੇ ਅਕਾਲੀ ਦਲ ਨੂੰ ਸਿਆਸੀ ਪਿੜ ਮੁਹੱਈਆ ਕਰਵਾ ਰਹੀ ਹੈ ਤਾਂ ਕਿ ਸੂਬੇ ਦੀ ਮੁੱਖ ਧਿਰ, ਆਮ ਆਦਮੀ ਪਾਰਟੀ ਨੂੰ ਪਿਛਾਂਹ ਸੁੱਟਿਆ ਜਾ ਸਕੇ। ਖੈਰ! ਕੁਝ ਵੀ ਹੋਵੇ, ਸਿਆਲ ਉਤਰਦਿਆਂ ਹੀ ਸੂਬੇ ਦੀ ਸਿਆਸਤ ਖੂਬ ਭਖ ਗਈ ਹੈ ਅਤੇ ਜਾਪ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿਆਸੀ ਪਿੜ ਹੋਰ ਭਖੇਗਾ। ਉਂਜ, ਚੋਣਾਂ ਦੇ ਅਮਲ ਦੌਰਾਨ ਹਿੰਸਾ ਦਾ ਵਰਤਾਰਾ ਕਿਸੇ ਵੀ ਸਿਆਸੀ ਧਿਰ ਲਈ ਸ਼ੁਭ ਸ਼ਗਨ ਨਹੀਂ ਹੈ। ਇਸ ਲਈ ਇਹ ਸਾਰੇ ਸੰਜੀਦਾ ਸ਼ਖਸਾਂ ਲਈ ਸੋਚਣ-ਵਿਚਾਰਨ ਦਾ ਵਕਤ ਵੀ ਹੈ।

ਸਥਾਨਕ ਪੱਧਰ ਦੀਆਂ ਚੋਣਾਂ ਬਾਰੇ ਆਮ-ਫਹਿਮ ਇਹੀ ਰਾਏ ਹੁੰਦੀ ਹੈ ਕਿ ਹਾਕਮ ਧਿਰ ਹਰ ਹਾਲ ਅਜਿਹੀਆਂ ਚੋਣਾਂ ਵਿਚ ਜਿੱਤ ਹਾਸਲ ਕਰਨਾ ਚਾਹੁੰਦੀ ਹੈ। ਉਤਰ ਪ੍ਰਦੇਸ਼ ਦੀਆਂ ਸਥਾਨਕ ਚੋਣਾਂ ਦੌਰਾਨ ਹੁਣੇ ਹੁਣੇ ਇਹੀ ਹੋ ਕੇ ਹਟਿਆ ਹੈ। ਉਥੇ ਤਾਂ ਹਿੰਦੂਤਵੀ ਤੱਤ ਤੱਤੇ ਹੋਏ ਘੁੰਮਦੇ ਰਹੇ ਅਤੇ ਵੋਟਰਾਂ ਨੂੰ ਇਹ ਧਮਕੀਆਂ ਤੱਕ ਦਿੰਦੇ ਰਹੇ ਕਿ ਜੇ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਵੋਟ ਨਾ ਪਾਈ ਤਾਂ ਨਤੀਜੇ ਭੁਗਤਣ ਲਈ ਤਿਆਰ ਰਹਿਣ। ਖੁਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਦੋਂ ਸੱਤਾ ਵਿਚ ਹੁੰਦੇ ਸਨ, ਤਾਂ ਅਜਿਹੀਆਂ ਚੋਣਾਂ ਮੌਕੇ ਮਨਮਰਜ਼ੀਆਂ ਕਰਦੇ ਹੀ ਰਹੇ ਹਨ। ਅਜਿਹੀ ਸੂਰਤ ਵਿਚ ਸੂਬਾਈ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਵੋਟਰਾਂ ਲਈ ਅਜਿਹਾ ਮਾਹੌਲ ਮੁਹੱਈਆ ਕਰਵਾਉਣ ਕਿ ਸਮੁੱਚਾ ਚੋਣ ਅਮਲ ਨਿਰਵਿਘਨ ਸਿਰੇ ਚੜ੍ਹੇ ਅਤੇ ਹਰ ਵੋਟਰ ਆਪਣੀ ਮਰਜ਼ੀ ਨਾਲ ਵੋਟ ਪਾਉਣ ਦਾ ਹੱਕ ਹਾਸਲ ਕਰੇ; ਪਰ ਬਹੁਤ ਵਾਰ ਚੋਣ ਕਮਿਸ਼ਨ ਵੀ ਆਮ ਕਰ ਕੇ ਸੱਤਾਧਾਰੀਆਂ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ। ਇਸ ਤੋਂ ਵੀ ਅਹਿਮ ਮਸਲਾ ਨਗਰ ਨਿਗਮਾਂ ਤੇ ਪਾਲਿਕਾਵਾਂ ਦੇ ਹਾਲਾਤ ਦਾ ਹੈ। ਇਹ ਨਗਰ ਨਿਗਮ ਅਤੇ ਪਾਲਿਕਾਵਾਂ ਆਮ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣ ਵਿਚ ਲਗਾਤਾਰ ਨਾਕਾਮ ਰਹੇ ਹਨ। ਕਿਸੇ ਵੀ ਸਰਕਾਰ ਨੇ ਅਜਿਹਾ ਢਾਂਚਾ ਬੰਨ੍ਹਣ ਦਾ ਕਦੀ ਕੋਈ ਯਤਨ ਕੀਤਾ ਕਿ ਲੋਕ ਆਪੋ-ਆਪਣੇ ਕੰਮ ਆਸਾਨੀ ਨਾਲ ਕਰਵਾ ਸਕਣ। ਦਰਅਸਲ, ਕੋਝੀ ਸਿਆਸਤ ਅਤੇ ਸੌੜੇ ਸਿਆਸੀ ਹਿਤ ਇਨ੍ਹਾਂ ਅਦਾਰਿਆਂ ਵਿਚ ਬੁਰੀ ਤਰ੍ਹਾਂ ਘੁਸਪੈਠ ਕਰ ਚੁਕੇ ਹਨ। ਹਰ ਪਾਸੇ ਸੜਕਾਂ-ਗਲੀਆਂ ਟੁੱਟੀਆਂ ਪਈਆਂ ਹਨ; ਰਾਤ ਵੇਲੇ ਲਾਈਟਾਂ ਦਾ ਕੋਈ ਪ੍ਰਬੰਧ ਨਹੀਂ; ਸੀਵਰੇਜ ਦੇ ਪੁਖਤਾ ਪ੍ਰਬੰਧ ਤਾਂ ਹੁਣ ਸੁਫਨਾ ਹੀ ਹੋਏ ਪਏ ਹਨ; ਜਲ ਸਪਲਾਈ ਦਾ ਹਰ ਪਾਸੇ ਹੀ ਮੰਦੜਾ ਹਾਲ ਹੈ। ਸਿਤਮਜ਼ਰੀਫੀ ਇਹ ਹੈ ਕਿ ਹੁਣ ਵੀ ਇਨ੍ਹਾਂ ਮੁੱਦਿਆਂ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਹੈ। ਸਿਆਸੀ ਦੂਸ਼ਣਬਾਜ਼ੀ ਵਿਚ ਹੀ ਲੋਕਾਂ ਦੇ ਅਸਲ ਮੁੱਦੇ ਗੁੰਮ-ਗੁਆਚ ਗਏ ਹਨ। ਸੰਵਿਧਾਨ ਦੀ 74ਵੀਂ ਸੋਧ ਜੋ ਦੋ ਦਹਾਕੇ ਪਹਿਲਾਂ ਹੋਈ ਸੀ, ਦਾ ਤਾਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਹੈ। ਇਸ ਸੰਵਿਧਾਨਕ ਸੋਧ ਤਹਿਤ 18 ਮਹਿਕਮਿਆਂ ਦਾ ਸਮੁੱਚਾ ਪ੍ਰਬੰਧ ਸਥਾਨਕ ਸੰਸਥਾਵਾਂ ਨੂੰ ਸੌਂਪਿਆ ਜਾਣਾ ਹੈ, ਪਰ ਕੋਈ ਵੀ ਧਿਰ ਇਸ ਅਹਿਮ ਮੁੱਦੇ ਨੂੰ ਮੁੱਦਾ ਨਹੀਂ ਬਣਾ ਰਹੀ। ਜ਼ਾਹਰ ਹੈ ਕਿ ਚੋਣਾਂ ਇਕ ਵਾਰ ਫਿਰ ਹੋ ਜਾਣਗੀਆਂ, ਜਿਵੇਂ ਪਿਛਲੇ ਸਾਲਾਂ ਦੌਰਾਨ ਹੁੰਦੀਆਂ ਆ ਰਹੀਆਂ ਹਨ; ਪਰ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ। ਇਸ ਦਾ ਇਕ ਵੱਡਾ ਕਾਰਨ, ਅਜਿਹੇ ਮਸਲਿਆਂ ਬਾਰੇ ਲੋਕਾਂ ਅੰਦਰ ਜਾਗਰੂਕਤਾ ਦੀ ਘਾਟ ਵੀ ਹੈ। ਸਮੁੱਚੇ ਹਾਲਾਤ ਉਤੇ ਨਜ਼ਰ ਮਾਰਦਿਆਂ ਸਪਸ਼ਟ ਹੋ ਰਿਹਾ ਹੈ ਕਿ ਇਸ ਬਾਰੇ ਫਿਲਹਾਲ ਕੁਝ ਸੌਰਨ ਵਾਲਾ ਨਹੀਂ ਹੈ। ਇਸ ਲਈ ਸੰਜੀਦਾ ਸੰਸਥਾਵਾਂ ਅਤੇ ਸ਼ਖਸਾਂ ਨੂੰ ਇਹ ਕਾਰਜ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ। ਨਹੀਂ ਤਾਂ ਵੱਖ ਵੱਖ ਸਿਆਸੀ ਧਿਰਾਂ ਆਪੋ-ਆਪਣੇ ਹਿਸਾਬ-ਕਿਤਾਬ ਨਾਲ ਸਿਆਸਤ ਕਰ ਹੀ ਰਹੀਆਂ ਹਨ। ਇਸ ਵੇਲੇ ਮੁੱਖ ਲੋੜ ਸਿਆਸੀ ਸਰਗਰਮੀ ਨੂੰ ਸਿਰਫ ਚੋਣਾਂ ਤੱਕ ਸੀਮਤ ਕਰਨ ਦੀ ਥਾਂ, ਲੋਕ ਪਿੜ ਬੰਨ੍ਹਣ ਦੀ ਹੈ। ਇਹੀ ਇਕੋ-ਇਕ ਰਾਹ ਹੈ ਜੋ ਮੁਸੀਬਤਾਂ ਅਤੇ ਮੁਸ਼ਕਿਲਾਂ ਵਿਚ ਘਿਰੇ ਲੋਕਾਂ ਨੂੰ ਮੰਜ਼ਿਲ ਤੱਕ ਅੱਪੜਨ ਵਿਚ ਸਹਾਈ ਹੋ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਔਰੰਗਜ਼ੇਬੀ ਤਾਨ?*

ਕੋਈ ਆਖਦਾ ਜੰਮੋ ਜੀ ਤਿੰਨ ਬੱਚੇ, ਕੋਈ ਚਹੁੰ ਦਾ ਕਰੇ ਫੁਰਮਾਨ ਯਾਰੋ।
ਪਾ ਕੇ ਰੱਖੀਏ ਰੋਹਬ ਫਿਰ ਦੂਜਿਆਂ 'ਤੇ, ਸੁਪਨੇ ਲੈਣ ਪਏ ਬੜੇ ਸ਼ੈਤਾਨ ਯਾਰੋ।
ਸੱਠੇ ਸੱਤਰੇ ਮੱਠਾਂ ਦੇ ਵਿਚ ਬੈਠੇ, ਕਰਦੇ ਗ੍ਰਹਿਸਥੀਆਂ ਤਾਈਂ ਪ੍ਰੇਸ਼ਾਨ ਯਾਰੋ।
ਕਿਰਤ ਕਿਸੇ ਦੀ ਆਸਰੇ ਪਲਣ ਵਾਲੇ, ਦੇਈ ਜਾਂਦੇ ਨੇ ਨਫਰਤੀ ਬਿਆਨ ਯਾਰੋ।
ਦੁਸ਼ਮਣ ਭਰਾਤਰੀ ਸਾਂਝ ਦੇ ਸਮਝਦੇ ਨੇ, ਭਾਂਵੇਂ 'ਗੁਣਾ' ਦੇ 'ਗਿਣਤੀ' ਨੂੰ ਸ਼ਾਨ ਯਾਰੋ।
ਦਿਲਾਂ ਵਿਚ ਹੈ ਵੱਡਿਆਂ 'ਧਰਮੀਆਂ' ਦੇ, ਔਰੰਗਜ਼ੇਬ ਜਿਹੀ ਵੱਜਦੀ ਤਾਨ ਯਾਰੋ!

# ਪੰਜਾਬੀ ਮਾਂ-ਬੋਲੀ ਦੇ ਮਸਲੇ ਤੇ ਮਾਤਮ

ਆਪਾ-ਧਾਪੀ, ਅਵਸਰਵਾਦ, ਆਤੰਕ ਤੇ ਅਜਾਰੇਦਾਰੀ ਨਾਲ ਬੁਰੀ ਤਰ੍ਹਾਂ ਪੀੜਤ ਪੰਜਾਬ ਕੋਲ ਮਸਲਿਆਂ ਤੇ ਮੁੱਦਿਆਂ ਦੀ ਘਾਟ ਨਹੀਂ। ਨਸ਼ਾਖੋਰੀ, ਬੇਰੁਜ਼ਗਾਰੀ, ਵਾਤਾਵਰਣ ਦਾ ਵਿਗਾੜ, ਗੁੰਡਾਗਰਦੀ, ਭ੍ਰਿਸ਼ਟਾਚਾਰ, ਅਸ਼ਲੀਲਤਾ, ਖੁਦਕੁਸ਼ੀਆਂ ਅਤੇ ਮਾਤ-ਭਾਸ਼ਾ ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਸੰਵੇਦਨਸ਼ੀਲ ਤੇ ਸੁਹਿਰਦ ਸੰਵਾਦ ਦੀ ਲੋੜ ਹੈ, ਪਰ ਵਿਆਹਾਂ ਤੇ ਮਰਨਿਆਂ ਦੇ ਦੇਹਧਾਰੀ, ਦਿਖਾਵਾਪ੍ਰਸਤ ਤੇ ਦੁਕਾਨਦਾਰੀ ਦੈਂਤ ਦੇ ਜੁਬਾੜਿਆਂ 'ਚ ਫਸੇ ਹੋਏ ਪੰਜਾਬ ਕੋਲ ਲੋੜ ਜੋਗੀ ਜੁਰਅਤ, ਜੁੰਬਿਸ਼ ਤੇ ਜੁਬਾਨ ਵੀ ਬਚੀ ਨਹੀਂ। ਇੰਨੇ ਸ਼ੋਹਦੇ ਤੇ ਸਾਹ-ਸਤਹੀਣ ਸਮਿਆਂ ਅੰਦਰ ਮਾਂ-ਬੋਲੀ ਲਈ ਕੁਝ ਧਿਰਾਂ ਵੱਲੋਂ ਆਵਾਜ਼ ਉਠਾਉਣੀ ਚੰਗਾ ਵਰਤਾਰਾ ਹੈ। ਖਬਰਾਂ ਵਿਚ ਖਾਸ

ਪ੍ਰੋ. ਕੁਲਵੰਤ ਸਿੰਘ ਔਜਲਾ

ਬਣੇ ਰਹਿਣ ਦੇ ਇਛੁਕ ਲੋਕਾਂ ਵੱਲੋਂ ਵੀ ਹੇਜ ਤੇ ਹਮਾਇਤ ਦੀਆਂ ਬਾਤਾਂ ਪਾਈਆਂ ਜਾ ਰਹੀਆਂ ਹਨ। ਅਜਿਹੀਆਂ ਬਾਤਾਂ ਤੇ ਬਤੰਗੜ ਵਕਤੀ ਥਰਥਰਾਹਟ ਪੈਦਾ ਕਰਦੇ ਹਨ। ਅਜਿਹੀ ਥਰਥਰਾਹਟ ਨੂੰ ਕਿਸੇ ਸੰਭਾਵੀ ਤੇ ਸੰਗਠਿਤ ਲਹਿਰ ਵਿਚ ਢਾਲਣ ਲਈ ਲੋੜੀਂਦੀ ਜੁਗਤ, ਜ਼ਿਆਰਤ ਤੇ ਜ਼ਿੰਦਾਦਿਲੀ ਲੱਭਣੀ ਔਖਾ ਕਾਰਜ ਹੈ।

ਸ਼ਖਸੀਅਤ, ਸ਼ੋਹਰਤ ਤੇ ਸਦਾਰਤ ਨੇ ਅਜੋਕੇ ਬੰਦੇ ਨੂੰ ਖੁਦਪ੍ਰਸਤ ਤੇ ਖਬਤੀ ਬਣਾ ਦਿੱਤਾ ਹੈ। ਬੰਦੇ ਕੋਲ ਗੁਜ਼ਾਰੇ ਜੋਗੀ ਵਫ਼ਾ ਤੇ ਵਫ਼ਾਦਾਰੀ ਵੀ ਨਹੀਂ ਰਹੀ। ਇਸੇ ਕਰ ਕੇ ਹੁਣ ਪੰਜਾਬ ਵਿਚ ਧਿਰਾਂ, ਧੜਿਆਂ ਤੇ ਧਾਰਨਾਵਾਂ ਦੀ ਬਲਸ਼ਾਲੀ ਬਹੁਲਤਾ ਹੈ। ਨੈਤਿਕਤਾ, ਨਿਹੁੰ ਤੇ ਨੇਕਨਾਮੀਆਂ ਕਰਨ ਤੇ ਕਮਾਉਣ ਵਾਲੇ ਲੋਕ ਖਾਮੋਸ਼ ਤੇ ਖਤਮ ਹੋ ਗਏ ਜਾਪਦੇ ਹਨ। ਵਿਚਾਰਧਾਰਕ ਜਾਂ ਰਾਜਨੀਤਕ ਹੋਂਦ ਤੇ ਹਸਤੀ ਜਦੋਂ ਕਦੇ ਸਤਾਉਂਦੀ ਹੈ ਤਾਂ ਫ਼ਰੇਬੀ ਤੇ ਫਰਾਡ ਬੰਦੇ ਵੀ ਲਾਹਾ ਲੈਣ ਵੱਲ ਰੁਚਿਤ ਹੋ ਜਾਂਦੇ ਹਨ। ਸੱਚੇ ਤੇ ਸੰਜੀਦਾ ਲੋਕ ਸਿਰਫ਼ ਦੇਖਦੇ ਰਹਿੰਦੇ ਹਨ। ਸਿਰਫ਼ ਝਾੜੂ ਕੂਚੀਆਂ ਨਾਲ ਕੁਝ ਵੀ ਸੁਧਰਨ ਵਾਲਾ ਨਹੀਂ। ਸਾਨੂੰ ਆਪਣੀਆਂ ਦਾਅਪੇਚੀ ਦੇਹਾਂ ਅੰਦਰ ਬੁਰੀ ਤਰ੍ਹਾਂ ਤੜਪਦੀ ਤੇ ਤਰਸਦੀ ਹਉਂ ਤੇ ਹਸਤੀ ਨੂੰ ਸੋਧਣ ਤੇ ਸੰਵਾਰਨ ਦੀ ਲੋੜ ਹੈ। ਸਿਤਮ ਇਹ ਹੈ ਕਿ ਅਜੋਕੀ ਤਾਕਤਵਰ ਤੰਤਰੀ ਤਕਨੀਕ ਤੇ ਤਰੱਕੀ ਤਾਂ ਵਕਤ ਦੀ ਸੰਭਾਵਨਾ ਨੂੰ ਚੂਸਣ ਦੇ ਰਾਹ ਤੁਰੀ ਹੋਈ ਹੈ। ਮਾਂ-ਬੋਲੀ ਦੇ ਹੇਜ ਤੇ ਹਮਾਇਤ ਦਾ ਮਸਲਾ ਅੰਦਰੂਨੀ ਸੰਭਾਵਨਾ, ਸਾਹਸ ਤੇ ਸ਼ਕਤੀ ਨੂੰ ਬਚਾਉਣ ਨਾਲ ਜੁੜਿਆ ਹੋਇਆ ਹੈ:

ਪਹਿਲਾਂ ਮਾਂ ਬੋਲੀ ਨੂੰ ਭੁੱਲੇ,
ਹੁਣ ਭੁੱਲਾਂਗੇ ਮਾਵਾਂ ਨੂੰ,
ਇਕ ਦਿਨ ਉਡਕ ਤਰਸ ਜਾਵਾਂਗੇ,
ਤੂਤ ਟਾਹਲੀ ਦੀਆਂ ਛਾਵਾਂ ਨੂੰ।

ਵੱਡਾ ਬਣਨ ਦੀ ਦੌੜ ਵਿਚ ਨਰੋਈਆਂ ਨਿਆਮਤਾਂ ਗੁਆ ਲਈਆਂ। ਪਹਿਲਾਂ ਛਾਵਾਂ ਵਰਗੀਆਂ ਮਾਵਾਂ ਗਵਾਈਆਂ, ਫੇਰ ਚੰਡ ਕੇ ਰੱਖਣ ਵਾਲੇ ਅਧਿਆਪਕ ਗਵਾਏ ਤੇ ਹੁਣ ਸਭ ਕੁਝ ਗਵਾਉਣ ਦੇ ਰਾਹ ਤੁਰ ਪਏ ਹਾਂ। ਕਾਲਜ ਪੜ੍ਹਦੇ ਜ਼ਿਆਦਾਤਰ ਬੱਚਿਆਂ ਨੂੰ ਸ਼ੁੱਧ ਤੇ ਸੁਭਾਵਿਕ ਪੰਜਾਬੀ ਲਿਖਣੀ ਤੇ ਬੋਲਣੀ ਨਹੀਂ ਆਉਂਦੀ। ਅਫ਼ਸਰਸ਼ਾਹੀ ਦੀਆਂ ਉਪਰੋਂ ਠੋਸੀਆਂ ਨੀਤੀਆਂ ਅਨੁਸਾਰ ਚੱਲ ਰਹੀ ਸਿੱਖਿਆ ਪ੍ਰਣਾਲੀ ਆਪਣੇ ਮੂਲ ਮਕਸਦ ਨਾਲੋਂ ਟੁੱਟ ਕੇ ਵਪਾਰੀ ਤੇ ਵਕਤ ਟਪਾਊ ਹੋ ਗਈ ਹੈ।

ਅਸੀਂ ਲਗਪਗ ਸਾਰਿਆਂ ਨੇ ਠੋਸੇ ਜਾ ਰਹੇ ਸਭ ਕੁਝ ਨੂੰ ਸਵੀਕਾਰ ਕਰ ਲਿਆ ਹੈ। ਬੱਚੇ ਅੰਗਰੇਜ਼ੀ ਸੰਸਥਾਵਾਂ ਵਿਚ ਪੜ੍ਹਦੇ ਹਨ। ਕਾਰਡ ਅਸੀਂ ਅੰਗਰੇਜ਼ੀ ਵਿਚ ਛਪਵਾਉਂਦੇ ਹਾਂ। ਬਾਰ੍ਹਵੀਂ ਜਮਾਤ ਤੋਂ ਬਾਅਦ ਹਰ ਬੱਚਾ ਵਿਦੇਸ਼ ਜਾਣ ਲਈ ਕਾਹਲਾ ਹੋ ਜਾਂਦਾ ਹੈ। ਚੈਨਲਾਂ 'ਤੇ ਪਰੋਸੀ ਜਾ ਰਹੀ ਅਸ਼ਲੀਲਤਾ ਤੇ ਅਦਾਕਾਰੀ ਦੇ ਪ੍ਰਭਾਵ ਅਧੀਨ ਸਾਡੇ ਧੀਆਂ ਪੁੱਤਰ ਨਾਂਹਮੁਖੀ ਤੇ ਨਿਹੁੰ-ਮੁਕਤ ਹੋਣ ਨੂੰ ਫਿਰਦੇ ਹਨ। ਲੇਖਕਾਂ ਤੇ ਬੁੱਧੀਜੀਵੀਆਂ ਸਮੇਤ ਪੂਰਾ ਪੰਜਾਬ ਪੜ੍ਹਨ ਲਿਖਣ ਤੋਂ ਅਵਾਜ਼ਾਰ ਤੇ ਅਸਤ ਹੋ ਗਿਆ ਹੈ। ਵਿਦਿਅਕ ਤੇ ਪ੍ਰਸ਼ਾਸਕੀ ਸੰਗਠਨਾਂ ਦੇ ਫੇਲ੍ਹ ਹੋ ਜਾਣ ਦੀ ਸੰਭਾਵਨਾ ਬਣੀ ਹੋਈ ਹੈ। ਸਿਆਸਤ ਦੀ ਰੂਹ ਤੇ ਰੂਪ ਪ੍ਰੋਫੈਸ਼ਨਲ ਤੇ ਪੇਟਭਰੂ ਹੋ ਗਏ ਹਨ। ਅਸੀਂ ਸਿਆਸਤ ਦੇ ਗੁਲਾਮ ਹੋ ਗਏ ਹਾਂ। ਅਜਿਹੇ ਮਾਤਮੀ ਮਾਹੌਲ ਵਿਚ ਆਦਰਸ਼ਾਂ ਤੇ ਅਰਮਾਨਾਂ ਦੇ ਖੁਆਬ ਉਗਾਉਣੇ ਆਸਾਨ ਨਹੀਂ।

ਇਸ ਤਰ੍ਹਾਂ ਵੀ ਹੋਣਾ ਸੀ
ਸਾਡੇ ਹੀ ਸਮਿਆਂ 'ਚ ਅਖੀਰ ਨੂੰ,
ਕਿ ਨੀਹਾਂ ਨੇ ਭੁੱਲ ਜਾਣਾ ਸੀ,
ਸਾਈਂ ਮੀਆਂ ਮੀਰ ਨੂੰ।

ਕਮਜ਼ੋਰ ਤੇ ਕੰਮ ਚਲਾਊ ਸਿਆਸਤਦਾਨਾਂ ਦੇ ਸਮਝੌਤਿਆਂ ਤੇ ਸਹੀਬੰਦੀਆਂ ਦੀ ਗੁੜ੍ਹੀ ਤੇ ਗੁੰਝਲਦਾਰ ਪੀੜ ਨੇ ਪੰਜਾਬੀਆਂ ਨੂੰ ਹੰਭਾ ਦਿੱਤਾ ਹੈ। ਲਟਕ ਲਟਕ ਕੇ ਮਸਲੇ ਤੇ ਮਾਮਲੇ ਅਤਿਅੰਤ ਪੀਢੇ ਤੇ ਪ੍ਰਾਣਹੀਣ ਹੋ ਗਏ ਹਨ। ਆਗੂਆਂ ਦੀਆਂ ਮਾਰੂ ਤੇ ਮੋਹ-ਹੀਣ ਨੀਤੀਆਂ ਪ੍ਰਤੀ ਪੰਜਾਬੀਆਂ ਅੰਦਰ ਉਦਾਸੀਨ ਜਿਹਾ ਰੋਸ ਜਗਦਾ-ਬੁਝਦਾ ਰਹਿੰਦਾ ਹੈ। ਇਸ ਰੋਸ ਤੇ ਗੁੱਸੇ ਵਿਚੋਂ ਵਕਤੀ ਤੌਰ 'ਤੇ ਪੈਦਾ ਹੋਈਆਂ ਕਈ ਲਹਿਰਾਂ ਦਾ ਸੰਤਾਪ ਤੇ ਸਿਤਮ ਵੀ ਪੰਜਾਬ ਨੇ ਬਥੇਰਾ ਹੰਢਾਇਆ ਹੈ। ਸੱਤਾ ਦੇ ਕੇਂਦਰੀਵਾਦ ਨੇ ਪੰਜਾਬ ਨੂੰ ਉਲਝਾਉਣ ਤੇ ਭਟਕਾਉਣ ਵਿਚ ਕੋਈ ਕਸਰ ਨਹੀਂ ਛੱਡੀ। ਖੈਰਾਤਾਂ ਤੇ ਖੁਆਬ ਖਿਆਲੀਆਂ ਦੇ ਨਸ਼ੱਈ ਪੰਜਾਬ ਦੇ ਸਿਆਸਤਦਾਨ ਲਗਾਤਾਰ ਵਿਕਦੇ ਤੇ ਵਿਗੜਦੇ ਗਏ। ਦੀਨ, ਦੀਨਾਈ ਤੇ ਦਿਆਨਤਦਾਰੀ ਵਿਹੂਣੇ ਸੱਤਾਧਾਰੀ ਲੋਕ ਪੰਜਾਬ ਦੇ ਅੰਗ ਅੰਗ ਨੂੰ ਕਰਜ਼ਈ ਕਰਨ ਦੇ ਮੋਹਤਬਰ ਬਣੇ। ਕਰਜ਼ਈ ਬੰਦਾ ਕਰਮਸ਼ੀਲ ਤੇ ਕਮਾਊ ਨਹੀਂ ਹੋ ਸਕਦਾ। ਦਿਸ਼ਾਹੀਣ ਤੇ ਦਾਅਪੇਚਕ ਲੋਕਾਂ ਲਈ ਆਪਸ ਵਿਚ ਲੜਨਾ ਸੌਖਾ ਤੇ ਸੁਖਾਵਾਂ ਹੋ ਜਾਂਦਾ ਹੈ। ਆਪਸ ਵਿਚ ਲੜਨ ਲਈ ਅਸੀਂ ਕਾਫ਼ੀ ਮੁਹਾਰਤੀ ਹੋ ਗਏ ਹਾਂ। ਨਿੱਤ ਸਰਬੱਤ ਦੀ ਅਰਦਾਸ ਦਾ ਹੋਕਾ ਦੇਣ ਵਾਲੇ ਲੋਕ ਜਾਤਾਂ, ਟੱਬਰਾਂ, ਭਾਸ਼ਾਵਾਂ, ਨਸਲਾਂ, ਕੌਮਾਂ, ਪਰਿਵਾਰਾਂ ਤੇ ਧੜਿਆਂ ਵਿਚ ਪੂਰੀ ਤਰਤੀਬ ਤੇ ਤਾਕਤ ਨਾਲ ਵੰਡੇ ਗਏ ਹਾਂ। ਸਿਰਫ਼ ਇਹ ਕਹਿਣ ਨਾਲ ਨਹੀਂ ਸਰਨਾ ਕਿ ਸਾਡੀ ਮਾਂ-ਬੋਲੀ, ਗੁਰੂਆਂ, ਭਗਤਾਂ, ਫ਼ਕੀਰਾਂ ਦੀ ਸਰਬ ਸਾਂਝੀ ਤੇ ਸਦਭਾਵੀ ਕਲਮ ਵਿਚੋਂ ਪੈਦਾ ਹੋਈ ਹੈ, ਇਸ ਲਈ ਇਸ ਨੇ ਮਰਨਾ ਨਹੀਂ। ਅਜਿਹੇ ਦਾਅਵੇ ਤੇ ਦਲੀਲਾਂ ਹੁਣ ਬੇਦਮ ਹੋ ਗਈਆਂ ਹਨ। ਕਿਰਦਾਰ, ਕਰਮ ਤੇ ਕਾਬਲੀਅਤ ਬਿਨਾਂ ਨਵੀਆਂ ਪੀੜ੍ਹੀਆਂ ਨੇ ਸਾਡੇ ਆਸ਼ਕ ਨਹੀਂ ਬਣਨਾ। ਜਦੋਂ ਬੰਦੇ ਕੋਲ ਸੁਰਬੀਰਤਾ ਤੇ ਸੰਵੇਦਨਾ ਨਾ ਰਹੇ ਉਦੋਂ ਬੰਦਾ ਸ਼ਹੀਦੀਆਂ ਤੇ ਸ਼ਹਾਦਤਾਂ ਦੇ ਨਾਂ 'ਤੇ ਸਿਆਸਤ ਕਰਨ ਲੱਗ ਪੈਂਦਾ ਹੈ। ਸਾਡੇ ਬੋਲਣ ਤੇ ਲਿਖਣ ਦੀ ਆਜ਼ਾਦੀ ਨੂੰ ਧਮਕੀਆਂ ਮਿਲ ਰਹੀਆਂ ਹਨ। ਸਾਡੀ ਆਵਾਜ਼ ਨੀਵੀਂ ਤੇ ਨਿਰਜਿੰਦ ਹੋ ਗਈ ਹੈ। ਕਮਦਿਲ ਤੇ ਕਮਜ਼ੋਰ ਆਵਾਜ਼ਾਂ ਸਮੂਹ ਆਵਾਜ਼ ਬਣ ਕੇ ਪੂਰੇ ਵਜ਼ਨ ਤੇ ਵਫ਼ਾਦਾਰੀ ਨਾਲ ਆਪਣੇ ਹੱਕ ਨਹੀਂ ਮੰਗ ਰਹੀਆਂ। ਮਾਂ-ਬੋਲੀ ਲਈ ਉਠਣ ਵਾਲੀਆਂ ਆਵਾਜ਼ਾਂ ਪੂਰੇ ਆਵਾਮ ਦੀ ਤਕਤੀ ਤੇ ਤਿੱਖੀ ਸ਼ਮੂਲੀਅਤ ਤੇ ਸਨੇਹ ਨਾਲ ਬਲਸ਼ਾਲੀ ਹੋਣੀਆਂ ਚਾਹੀਦੀਆਂ ਹਨ।

ਇਸ ਸਭ ਕਾਸੇ ਬਾਰੇ ਵੱਖ ਵੱਖ ਧੜਿਆਂ ਤੇ ਧਾਰਨਾਵਾਂ ਦਾ ਸ਼ੋਰਵੰਤ ਸੰਵਾਦ ਬਾਦਸਤੂਰ ਜਾਰੀ ਹੈ, ਪਰ ਪੰਜਾਬ ਦੀਆਂ ਅਵਾਜ਼ਾਰ ਤੇ ਆਤੁਰ ਹਾਲਾਤ ਨੂੰ ਵੱਡੀ ਰਚਨਾਤਮਿਕ ਕਰਵਟ ਵਿਚ ਤਬਦੀਲ ਕਰਨ ਲਈ ਸੰਭਾਵੀ ਤੇ ਸੁਭਾਵਿਕ ਹੌਸਲਾ ਤੇ ਹਰਕਤ ਗ਼ੈਰਹਾਜ਼ਰ ਹੈ। ਨਾਵਾਂ ਤੇ ਥਾਵਾਂ ਨਾਲ ਜੁੜੀਆਂ ਤਹਿਰੀਕਾਂ ਤੇ ਤਰੰਗਾਂ ਨੂੰ ਬੇਦਲੀਲੇ ਢੰਗ ਨਾਲ ਬਦਲਣ ਦਾ ਜਬਰ ਵੀ ਆਰੰਭ ਹੋ ਗਿਆ ਹੈ। ਅਸਹਿਣਸ਼ੀਲਤਾ ਦਾ ਵਕਤ ਨੂੰ ਗੁੰਗਾ ਤੇ ਗੁਲਾਮ ਕਰਨ ਦਾ ਹੌਸਲਾ ਵਧਦਾ ਜਾ ਰਿਹਾ ਹੈ। ਬੋਲਣ ਤੇ ਸੁਣਨ ਵਾਲੇ ਥੋੜ੍ਹੇ ਤੇ ਦੇਖਣ ਵਾਲੇ ਬਹੁਤੇ ਰਹਿ ਗਏ ਹਨ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਕੇਂਦਰ ਦੀ ਤਰਜੀਹ ਕਦੇ ਵੀ ਨੇਕ ਨਹੀਂ ਰਹੀ। ਉਸ ਦੀਆਂ ਨੀਤੀਆਂ ਤੇ ਨੀਅਤ ਹਮੇਸ਼ਾਂ ਪੰਜਾਬ ਤੇ ਪੰਜਾਬੀ ਦੀ ਸ਼ਨਾਖਤ ਤੇ ਸੀਰਤ ਨੂੰ ਮਸਲਣ ਤੇ ਮਰੋੜਨ ਦੀ ਰਹੀ ਹੈ। ਪੰਜਾਬੀਆਂ ਕੋਲ ਆਪਣੀ ਸ਼ਨਾਖਤ ਤੇ ਸਨਦ ਲਈ ਲੜਨ ਵਾਸਤੇ ਦਿਆਨਤਦਾਰੀ ਤੇ ਦੂਰਦ੍ਰਿਸ਼ਟ ਅਗਵਾਈ ਦੀ ਘਾਟ ਹੈ। ਵੱਖ ਵੱਖ ਧਿਰਾਂ ਦੇ ਨੇਤਾ ਲੋਕ ਆਪਣੇ ਆਪਣੇ ਹਿੱਤਾਂ ਲਈ ਵਿਕਦੇ ਤੇ ਵਿਚਲਿਤ ਹੁੰਦੇ ਆਏ ਹਨ। ਇਨ੍ਹਾਂ ਦਾ ਢਿੱਡ ਭਰਨ ਵਿਚ ਨਹੀਂ ਆਉਂਦਾ। ਮੂਰਤਾਂ ਤੇ ਸੂਰਤਾਂ ਲਈ ਰੀਝਣ ਤੇ ਪਸੀਜਣ ਵਾਲੇ ਲੋਕਾਂ ਕੋਲ ਆਵਾਮ ਦੇ ਹੱਕਾਂ ਲਈ ਲੜਨ ਵਾਸਤੇ ਬਹਾਦਰੀ ਤੇ ਬੁਲੰਦੀ ਖ਼ਤਮ ਹੋ ਜਾਂਦੀ ਹੈ। ਦੇਹ ਤੇ ਦਿਖਾਵਟ ਦੇ ਪੱਖ ਤੋਂ ਹੋਇਆ ਵਾਧਾ ਤੇ ਵਿਕਾਸ ਦਿਲ ਪਰਚਾਉਣ ਲਈ ਕਾਫ਼ੀ ਹੁੰਦਾ ਹੈ।

ਪੰਜਾਬ ਦਾ ਪ੍ਰਸ਼ਾਸਕੀ ਲਾਣਾ ਸੁਹਿਰਦ ਤੇ ਸੁਪਨਸ਼ੀਲ ਨਹੀਂ। ਕੁਰਸੀਆਂ 'ਚ ਚਿਣੀ ਹੋਈ ਇਸ ਤਾਕਤਵਰ ਤੇ ਤਾਨਾਸ਼ਾਹ ਜਮਾਤ ਨੇ ਫਾਈਲ-ਵਰਕ ਦਾ ਡਸਟਬਿਨ ਖਜ਼ਾਨਾ ਵਧਾਉਣ ਦਾ ਮੁਹਾਰਤੀ ਕਿੱਤਾ ਸੰਭਾਲਿਆ ਹੋਇਆ ਹੈ। ਜਾਤਾਂ ਦੇ ਧੜਿਆਂ 'ਚ ਵੰਡੀਆਂ ਹੋਈਆਂ ਵੱਡੀਆਂ ਕੁਰਸੀਆਂ ਫਾਈਲਾਂ ਨੂੰ ਵੀ ਪੰਜਾਬੀ ਨਹੀਂ ਹੋਣ ਦਿੰਦੀਆਂ। ਪੰਜਾਬੀ ਹੋਣਾ ਮਹਿਜ਼ ਨਾਅਰਾ ਤੇ ਨਾਮ ਬਣ ਗਿਆ ਹੈ। ਆਪਣੀਆਂ ਗੱਦੀਆਂ ਨੂੰ ਸੁਰੱਖਿਅਤ ਰੱਖਣ ਤੇ ਆਪਣੇ ਢਿੱਡਾਂ ਨੂੰ ਭਰਨ ਦੇ ਲਾਲਚ ਤੇ ਲੋੜਾਂ ਹਿੱਤ ਸੱਤਾਧਾਰੀ ਲੋਕਾਂ ਤੇ ਪ੍ਰਸ਼ਾਸਕੀ ਕੁਰਸੀਆਂ ਨੇ ਆਪਸ ਵਿਚ ਮਤਲਬੀ ਤੇ ਮੌਕਾਪ੍ਰਸਤ ਸਾਂਝ ਤੇ ਭਾਈਵਾਲੀ ਪਾਈ ਹੋਈ ਹੈ। ਪੰਜਾਬ ਦੇ ਤਮਾਮ ਮਸਲਿਆਂ ਨੂੰ ਅੰਕੜਿਆਂ ਤੇ ਦਾਅਵਿਆਂ ਦੇ ਔਖੀਂ ਘੱਟਾ ਪਾਊ ਮੁਹਾਜ਼ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਦੋਹਾਂ ਧਿਰਾਂ ਦਾ ਸਵੈ-ਸਾਂਝਾ ਤੇ ਸੁਚੇਤ ਮੁਹਾਜ਼ ਨਿੱਜੀ ਪ੍ਰਭੁਸਤਾ ਦਾ ਹਮਾਇਤੀ ਹੈ। ਨਿੱਜੀ ਪ੍ਰਭੁਸਤਾ ਨੇ ਪਾਠਾਂ, ਪਾਠਸ਼ਾਲਾਵਾਂ ਤੇ ਪਾਪਾਂ ਨੂੰ ਲੋਟੂ ਵਪਾਰ-ਘਰਾਂ ਦਾ ਰੂਪ ਦੇ ਦਿੱਤਾ ਹੈ। ਵਪਾਰੀਆਂ ਦੇ ਢਿੱਡ ਨੇਕੀਆਂ, ਨੇਕ ਨੀਅਤਾਂ ਤੇ ਨੇਕ ਕਰਮਾਂ ਨਾਲ ਨਹੀਂ ਭਰਦੇ। ਅਜਿਹੇ ਤ੍ਰਾਸਦਿਕ ਤੇ ਤਿਲਕਵੇਂ ਸਮਿਆਂ ਵਿਚ ਮਾਂ-ਬੋਲੀ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨੀ ਸ਼ੁਭ ਸ਼ਗਨ ਤੇ ਸੁਨੇਹਾ ਹੈ। ਸਾਨੂੰ ਪਰ ਥੋੜ੍ਹੇ-ਥੋੜ੍ਹੇ ਦੁੱਧ ਧੋਤੇ ਹੋਣ ਦੀ ਲੋੜ ਹੈ। ਫੋਕੇ ਦਾਅਵਿਆਂ ਤੇ ਦਿਖਾਵਿਆਂ ਦੇ ਫੋਟੋ-ਸ਼ੋਆਂ ਨਾਲ ਦੁਕਾਨਾਂ ਤਾਂ ਚੱਲਦੀਆਂ ਰਹਿਣਗੀਆਂ, ਪਰ ਪੰਜਾਬੀ ਬੋਲੀ ਦਾ ਕੁਝ ਸੰਵਰਨਾ ਨਹੀਂ। ਪ੍ਰਮਾਣਿਕ ਤੇ ਪਾਕ ਕਾਰਜਾਂ ਨਾਲ ਪੰਜਾਬੀ ਬੋਲੀ ਦਾ ਰੁਤਬਾ ਤੇ ਰੋਅਬ ਉਚਾ ਕਰਨ ਦੀ ਲੋੜ ਹੈ। ਚੰਗੀਆਂ ਤੇ ਮਿਆਰੀ ਕਿਤਾਬਾਂ, ਫ਼ਿਲਮਾਂ, ਨਾਟਕਾਂ ਤੇ ਪੇਸ਼ਕਾਰੀਆਂ ਦੀ ਘਾਟ ਰੜਕਦੀ ਹੈ। ਅਸ਼ਲੀਲ ਗੀਤਾਂ ਦੇ ਬਹਾਨੇ ਪੰਜਾਬੀ ਬੋਲੀ ਨਾਲ ਹੋ ਰਿਹਾ ਖੇਹ ਖਿਲਵਾੜ ਕਿੰਨਾ ਕੁ ਚਿਰ ਬਰਦਾਸ਼ਤ ਕਰੀ ਜਾਵਾਂਗੇ। ਚੈਨਲਾਂ ਉਪਰ ਵੱਖ ਵੱਖ ਪ੍ਰੋਗਰਾਮ ਪੇਸ਼ ਕਰ ਰਹੇ ਐਂਕਰ ਗ਼ਲਤ ਉਚਾਰਣ ਤੇ ਪੁੱਠੀਆਂ ਸਿੱਧੀਆਂ ਹਰਕਤਾਂ ਨਾਲ ਪੰਜਾਬੀ ਬੋਲੀ ਦੀ ਨਾਕਾਰਾਤਮਕ ਸੇਵਾ ਕਰ ਰਹੇ ਹਨ। ਪੈਸੇ ਵੱਟੇ ਤਨ ਤੇ ਤਹਿਰੀਕਾਂ ਵੇਚਣ ਲਈ ਪੰਜਾਬੀ ਸਭ ਤੋਂ ਮੋਹਰੀ ਹਨ। ਪੰਜਾਬੀ ਬੋਲੀ ਨੂੰ ਤਰਜੀਹ ਤੇ ਤਾਕਤ ਮਿਲਣੀ ਚਾਹੀਦੀ ਹੈ। ਪੰਜਾਬੀ ਠੀਕ ਬੋਲਣ ਤੇ ਲਿਖਣ ਦੀ ਜਾਚ ਸਾਨੂੰ ਕੌਣ ਸਿਖਾਵੇਗਾ? ਵਿੰਗੇ-ਟੇਢੇ ਮੂੰਹ ਬਣਾ ਕੇ ਪੰਜਾਬੀ ਬੋਲਣ ਵਾਲਿਆਂ ਸਾਡੀਆਂ ਧੀਆਂ ਡਾਢੀਆਂ ਅਸਭਿਅਕ ਲੱਗਦੀਆਂ ਹਨ। ਰੋਟੀ ਲਈ ਕੀਤੇ ਜਾ ਰਹੇ ਨਾਚ ਪੰਜਾਬ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਸ਼ਰਮ, ਸ਼ਾਇਸਤਗੀ ਤੇ ਸ਼ਰਾਫ਼ਤ ਸਾਡੀਆਂ ਗੁੜ੍ਹਤੀਆਂ ਵਿਚੋਂ ਲੋਪ ਹੋ ਗਈ ਹੈ। ਰੋਟੀ ਖਾਤਰ ਲਿਫਣ ਤੇ ਲਿਬੜਨ ਨਾਲੋਂ ਸੰਘਰਸ਼ ਤੇ ਸਾਦਗੀ ਕਿਤੇ ਚੰਗੀ ਹੈ।

ਅਜਿਹੇ ਉਦਾਸ ਸਮਿਆਂ ਵਿਚ ਹਾਅ ਦਾ ਨਾਅਰਾ ਮਾਰਨ ਵਾਲਾ ਹਰ ਸ਼ਖਸ ਤੇ ਸੰਸਥਾ ਵਧਾਈ ਦੀ ਪਾਤਰ ਹੈ। ਅੱਖਰ ਬੀਜਣੇ ਤੇ ਸੁਪਨੇ ਉਗਾਉਣੇ ਪੁੰਨ ਦਾ ਕਾਰਜ ਹਨ। ਅਜਿਹੇ ਕਾਰਜਾਂ ਲਈ ਸੁਭਾਵਿਕ ਤੇ ਸੁਖਾਵੇਂ ਮਾਹੌਲ ਲਈ ਯਤਨ ਕਰਨੇ ਚਾਹੀਦੇ ਹਨ। ਚੰਗੇ ਅਧਿਆਪਕ ਤੇ ਚੰਗੇ ਮਾਪੇ ਹੀ ਮਾਂ-ਬੋਲੀ ਦੀ ਰਾਖੀ ਤੇ ਰੂਹ ਦੇ ਮੁੱਲਵਾਨ ਤੇ ਮੋਢੀ ਪਹਿਰੇਦਾਰ ਹਨ। ਬੱਚਿਆਂ ਨੂੰ ਪਦਾਰਥਾਂ ਦੀ ਥਾਂ ਅੱਖਰਾਂ ਲਈ ਉਤੇਜਿਤ ਕਰਨਾ ਸਾਡੀ ਪਹਿਲੀ ਪਹਿਲ ਹੋਣੀ ਚਾਹੀਦੀ ਹੈ।

ਆਓ ਬੀਜੀਏ ਘਰ-ਘਰ ਅੰਦਰ
ਮਾਂ ਅੱਖਰਾਂ ਦੀ ਦਾਬਾਂ,
ਅੱਖਰਾਂ ਦੀ ਕੁਖ ਵਿਚੋਂ ਉਗਦੇ,
ਵੇਦ ਗ੍ਰੰਥ, ਕਿਤਾਬਾਂ।

# ਭਾਰਤ ਵਿਚ ਹੁਣ ਮੁਸਲਮਾਨ ਹੋਣ ਦੇ ਮਾਇਨੇ...

**ਬੂਟਾ ਸਿੰਘ**
ਫੋਨ: +91-9463474342

ਗਊ ਦੇ ਨਾਂ 'ਤੇ ਕਤਲ, ਲਵ ਜਹਾਦ ਦੇ ਨਾਂ 'ਤੇ ਜਿਊਂਦਾ ਸਾੜਨਾ, ਫਿਲਮ ਦੇ ਨਾਂ 'ਤੇ ਸਿਰ ਕਲਮ ਕਰਨ ਦੇ ਸੱਦੇ, ਐਂਟੀ-ਰੋਮੀਓ ਦੇ ਨਾਂ 'ਤੇ ਜਵਾਨ ਜੋੜਿਆਂ ਉਪਰ ਹਮਲੇ, ਆਲੋਚਕਾਂ ਦੀ ਜ਼ੁਬਾਨਬੰਦੀ ਲਈ ਗ੍ਰਿਫ਼ਤਾਰੀਆਂ! ਇਹ ਹੈ ਮੁਲਕ ਦੀ ਕੇਂਦਰੀ ਸੱਤਾ ਉਪਰ ਸੰਘ ਬ੍ਰਿਗੇਡ ਦੇ ਕਾਬਜ਼ ਹੋਣ ਤੋਂ ਬਾਅਦ ਦੀ ਰੋਜ਼ਮੱਰਾ ਤਸਵੀਰ। ਇਸੇ ਸਿਲਸਿਲੇ ਵਿਚ 6 ਦਸੰਬਰ, ਜਿਸ ਦਿਨ ਬਾਬਰੀ ਮਸਜਿਦ ਢਾਹੀ ਗਈ ਸੀ, ਨੂੰ ਭਾਜਪਾ ਸ਼ਾਸਤ ਸੂਬੇ ਰਾਜਸਥਾਨ ਵਿਚ ਇਕ ਹੋਰ ਮਨੁੱਖੀ ਜ਼ਿੰਦਗੀ ਦੀ ਬਲੀ ਫਿਰਕੂ ਨਫ਼ਰਤ ਨੇ ਲੈ ਲਈ। ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਤੋਂ ਮਹਿਜ਼ ਚਾਰ ਦਿਨ ਪਹਿਲਾਂ! ਰਾਜਸਥਾਨ ਉਨ੍ਹਾਂ ਸੂਬਿਆਂ ਵਿਚੋਂ ਇਕ ਹੈ ਜਿਥੇ ਰਾਜਕੀ ਪੁਸ਼ਤਪਨਾਹੀ ਤਹਿਤ ਹਿੰਦੂਤਵੀ ਤਾਕਤਾਂ ਵਲੋਂ ਘੱਟ ਗਿਣਤੀਆਂ ਵਿਰੁਧ ਲਗਾਤਾਰ ਫਿਰਕੂ ਨਫ਼ਰਤ ਭੜਕਾਈ ਜਾ ਰਹੀ ਹੈ ਅਤੇ ਮੁਸਲਮਾਨਾਂ ਦੇ ਕਤਲਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ।

ਮਹਿਜ਼ ਨੌਂ ਮਹੀਨਿਆਂ ਵਿਚ ਇਹ ਮੁਸਲਿਮ ਘੱਟ ਗਿਣਤੀ ਦਾ ਚੌਥਾ ਕਤਲ ਹੈ- 3 ਅਪਰੈਲ ਨੂੰ ਅਲਵਰ ਵਿਚ ਪਹਿਲੂ ਖ਼ਾਨ ਦਾ ਕੁੱਟ ਕੁੱਟ ਕੇ ਕਤਲ, 16 ਜੂਨ ਨੂੰ ਪ੍ਰਤਾਪਗੜ੍ਹ ਕਸਬੇ ਵਿਚ ਸਵੱਛ ਭਾਰਤ ਅਭਿਆਨ ਦੇ ਨਾਂ 'ਤੇ ਕਮਿਊਨਿਸਟ ਕਾਰਕੁਨ ਜ਼ਫ਼ਰ ਖ਼ਾਨ ਦਾ ਕਤਲ, 10 ਨਵੰਬਰ ਨੂੰ ਅਲਵਰ ਦੀ ਗੋਬਿੰਦਗੜ੍ਹ ਤਹਿਸੀਲ ਵਿਚ ਗਊ ਰਾਖਿਆਂ ਤੇ ਪੁਲਿਸ ਵਲੋਂ ਉਮਰ ਖ਼ਾਨ ਦਾ ਕਤਲ ਅਤੇ ਹੁਣ ਮੁਹੰਮਦ ਅਫ਼ਰਾਜ਼-ਉਲ ਦਾ ਕਤਲ। ਇਨ੍ਹਾਂ ਵਿਚ ਅਮਦ ਖ਼ਾਨ ਦਾ ਕਤਲ ਵੀ ਜੋੜਿਆ ਜਾ ਸਕਦਾ ਹੈ। ਇਸ ਰਵਾਇਤੀ ਮੁਸਲਿਮ ਲੋਕ ਗਾਇਕ ਨੂੰ 27 ਸਤੰਬਰ ਨੂੰ ਜੈਸਲਮੇਰ ਜ਼ਿਲ੍ਹੇ ਦੇ ਦਾਂਤਲ ਪਿੰਡ ਵਿਚ ਉਚ ਜਾਤੀ ਹਿੰਦੂਆਂ ਵਲੋਂ ਮਹਿਜ਼ ਇਸ ਲਈ ਕਤਲ ਕਰ ਦਿੱਤਾ ਗਿਆ ਸੀ ਕਿ ਉਹ ਧਾਰਮਿਕ ਪੂਜਾ ਮੌਕੇ ਗਾਏ ਜਾਂਦੇ ਰਾਗ ਨੂੰ ਉਨ੍ਹਾਂ ਦੀ ਤਸੱਲੀ ਅਨੁਸਾਰ ਗਾਉਣ 'ਚ ਨਾਕਾਮ ਰਿਹਾ ਸੀ।

ਰਾਜਸਮੰਦ ਸ਼ਹਿਰ ਵਿਚ ਕੁਲੈਕਟਰ ਦੇ ਦਫ਼ਤਰ ਤੋਂ ਮਹਿਜ਼ 600 ਮੀਟਰ ਅਤੇ ਕੋਤਵਾਲੀ ਤੋਂ 100 ਮੀਟਰ ਦੇ ਫਾਸਲੇ 'ਤੇ ਫਿਰਕੂ ਜ਼ਿਹਨੀਅਤ ਵਾਲੇ ਕਾਤਲ ਵਲੋਂ ਦਿਲ ਦਹਿਲਾ ਦੇਣ ਵਾਲੇ ਜਿਸ ਕਤਲ ਕਾਂਡ ਨੂੰ ਅੰਜਾਮ ਦਿੱਤਾ ਗਿਆ, ਉਸ ਦਾ ਖ਼ਤਰਨਾਕ ਪੱਖ ਇਹ ਵੀ ਹੈ ਕਿ 'ਲਵ ਜਹਾਦ' ਦੇ ਨਾਂ 'ਤੇ ਕਿਸੇ ਮੁਸਲਿਮ ਨੂੰ ਨਾ ਸਿਰਫ਼ ਦਿਨ-ਦਿਹਾੜੇ ਕਤਲ ਕੀਤਾ ਗਿਆ, ਸਗੋਂ ਕਤਲ ਦਾ ਵੀਡੀਓ ਕਲਿਪ ਬਣਾ ਕੇ ਸੋਸ਼ਲ ਮੀਡੀਆ ਉਪਰ ਵਾਇਰਲ ਵੀ ਕੀਤਾ ਗਿਆ। ਕਾਤਲ ਦੀ ਸ਼ਨਾਖ਼ਤ ਸ਼ੰਭੂ ਲਾਲ ਰੈਗਰ ਵਜੋਂ ਹੋਈ ਹੈ ਜਿਸ ਨੇ ਆਪਣੇ ਚੌਦਾਂ ਸਾਲ ਦੇ ਭਤੀਜੇ ਕੋਲੋਂ ਕਤਲ ਦੀ ਵੀਡੀਓ ਬਣਵਾਈ। ਮ੍ਰਿਤਕ ਮੁਹੰਮਦ ਅਫ਼ਰਾਜ਼-ਉਲ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਤੋਂ ਸੀ, ਜੋ ਉਥੇ ਮਜ਼ਦੂਰੀ ਕਰ ਰਿਹਾ ਸੀ। ਇਹ ਕਾਂਡ ਉਸ ਮਾਹੌਲ ਦਾ ਸਿੱਕੇਬੰਦ ਸਬੂਤ ਹੈ ਜਿਸ ਵਿਚ ਕਾਤਲ ਇਸ ਭਰੋਸੇ ਨਾਲ ਬੇਖ਼ੌਫ ਹੈ ਕਿ ਉਸ ਨੂੰ ਕਿਸੇ ਮੁਸਲਮਾਨ ਨੂੰ ਕਤਲ ਕਰਨ ਦਾ ਵੀਡੀਓ ਬਣਾਉਣ ਅਤੇ ਫਿਰ ਇਸ ਠੋਸ ਸਬੂਤ ਨੂੰ ਸੋਸ਼ਲ ਮੀਡੀਆ ਉਪਰ ਵਾਇਰਲ ਕਰ ਕੇ ਵੀ ਕੋਈ ਸਜ਼ਾ ਨਹੀਂ ਹੋਵੇਗੀ। ਉਸ ਦੇ ਸਾਹਮਣੇ ਪਹਿਲੂ ਖ਼ਾਨ ਦੇ ਕਤਲ ਕਾਂਡ ਨੂੰ ਫਿਲਮਾਉਣ ਅਤੇ ਵੀਡੀਓ ਕਲਿਪ ਵਾਇਰਲ ਕਰਨ ਦੀ ਠੋਸ ਮਿਸਾਲ ਮੌਜੂਦ ਸੀ ਜਿਸ ਵਿਚ ਇਕ ਮੁਸਲਿਮ ਨੂੰ ਮਾਰਨ ਵਾਲੇ 'ਗਊ ਰੱਖਿਅਕ' ਵੀਡੀਓ ਸਬੂਤ ਦੇ ਬਾਵਜੂਦ ਇਸ ਕਰ ਕੇ ਸਾਫ਼ ਬਰੀ ਹੋ ਗਏ, ਕਿਉਂਕਿ ਭਾਜਪਾ ਸਰਕਾਰ ਅਤੇ ਸੰਘ ਦੇ ਕੰਟਰੋਲ ਵਾਲਾ ਰਾਜਤੰਤਰ ਉਨ੍ਹਾਂ ਦੀ ਪਿੱਠ 'ਤੇ ਸੀ ਜਿਨ੍ਹਾਂ ਨੇ ਅਖੌਤੀ ਗਊ ਰਾਖਿਆਂ ਨੂੰ ਬਚਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਸੀ।

ਵੀਡੀਓ ਵਿਚ ਕਾਤਲ ਪਹਿਲਾਂ 50 ਕੁ ਸਾਲ ਦੇ ਇਕ ਬੰਦੇ ਨੂੰ ਬੇਰਹਿਮੀ ਨਾਲ ਕੁੱਟ-ਮਾਰ ਕਰ ਕੇ ਗੈਂਤੀ ਮਾਰ ਕੇ ਉਸ ਦਾ ਕਤਲ ਕਰਦਾ ਹੈ, ਤੇ ਫਿਰ ਪੈਟਰੋਲ ਛਿੜਕ ਕੇ ਉਸ ਨੂੰ ਅੱਗ ਲਾ ਦਿੰਦਾ ਹੈ। ਵਕੂਆ-ਏ-ਵਾਰਦਾਤ ਉਪਰ ਤਿੰਨ ਪੰਨਿਆਂ ਦਾ ਨੋਟ ਰੱਖ ਕੇ ਕਤਲ ਦੀ ਮਨਸ਼ਾ ਬਿਆਨ ਕੀਤੀ ਜਾਂਦੀ ਹੈ। ਵੀਡੀਓ ਕਲਿਪ ਵਿਚ ਕਾਤਲ ਲਵ ਜਹਾਦ ਅਤੇ ਦੇਸ਼ ਭਗਤੀ ਦੇ ਨਾਂ 'ਤੇ ਭਾਸ਼ਣ ਦੇ ਕੇ ਕਤਲ ਦੀ ਆਪਣੀ ਮਨਸ਼ਾ ਨੂੰ ਬੁਲੰਦ ਕਰਦਾ ਹੈ। ਉਹ ਕਹਿੰਦਾ ਹੈ, "ਤੁਮਾਹਰਾ ਯਹੀ ਹਾਲ ਹੋਗਾ... ਇਹ ਲਵ ਜਹਾਦ ਕਰਤੇ ਹੈਂ ਹਮਾਰੇ ਦੇਸ਼ ਮੇਂ... ਹਮਾਰੇ ਦੇਸ਼ ਮੇਂ ਐਸਾ ਕਰੋਗੇ, ਤੋ ਹਰ ਜਹਾਦੀ ਕੀ ਹਾਲਤ ਐਸੀ ਹੀ ਹੋਗੀ... ਜਹਾਦ ਖ਼ਤਮ ਕਰ ਦੋ....।" ਇਕ ਹੋਰ ਵੀਡੀਓ ਕਲਿਪ ਵਿਚ ਕਾਤਲ ਕਹਿੰਦਾ ਹੈ ਕਿ ਇਹ ਕਤਲ ਹਿੰਦੂਤਵ ਨੂੰ ਬਚਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੈ- "ਮੇਵਾੜ ਕੋ ਬਚਾਨਾ ਹੈ... ਮੇਵਾੜ ਕੋ ਏਕ ਹੋਕਰ ਇਸਲਾਮਿਕ ਜਹਾਦ ਕੋ ਮੇਵਾੜ ਸੇ ਨਿਕਾਲਨਾ ਹੈ... ਇਸ ਲੀਏ ਮੇਵਾੜ ਕੇ ਸਭੀ ਭਾਈ ਬਹਨੋਂ... ਮੈਨੇ ਜੋ ਕਿਆ ਹੈ, ਚਾਹੇ ਅੱਛਾ ਹੈ ਜਾਂ ਗ਼ਲਤ, ਲੇਕਿਨ ਮੁਝੇ ਜੋ ਲਗਾ, ਮੈਨੇ ਕਿਆ।"

ਪੁਲਿਸ ਵਲੋਂ ਕਾਤਲ ਨੂੰ ਗ੍ਰਿਫ਼ਤਾਰ ਕਰ ਕੇ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਸੂਬੇ ਦੀ ਭਾਜਪਾ ਸਰਕਾਰ ਮੁਜਰਿਮ ਨੂੰ ਢੁਕਵੀਂ ਸਜ਼ਾ ਦਿੱਤੇ ਜਾਣ ਲਈ ਗੰਭੀਰ ਹੈ। ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ ਨੇ ਇਹ ਕਹਿ ਕੇ ਆਪਣੇ ਫਰਜ਼ ਪੂਰਤੀ ਕਰ ਦਿੱਤੀ ਕਿ ਕਾਂਡ 'ਸਦਮਾਜਨਕ' ਹੈ। ਸਰਕਾਰ ਵਲੋਂ 5 ਲੱਖ ਦੀ ਸਹਾਇਤਾ ਦੇ ਕੇ ਮਾਮਲੇ ਦੇ ਅਸਲ ਕਾਰਨਾਂ ਨੂੰ ਲੁਕੋਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਉਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਇਸ ਮਾਮਲੇ ਵਿਚ ਸੰਘ ਪਰਿਵਾਰ ਦੀ ਕੋਈ ਭੂਮਿਕਾ ਨਹੀਂ ਅਤੇ ਇਹ ਨਿੱਜੀ ਰੰਜਿਸ਼ ਵਿਚੋਂ ਕੀਤਾ ਗਿਆ ਕਤਲ ਹੈ। ਇਸ ਦੀ ਸਫ਼ਾਈ ਦੇਣ ਲਈ ਭਾਜਪਾ ਦੇ ਮੁਸਲਿਮ ਚਿਹਰੇ ਮੁਖਤਾਰ ਅੱਬਾਸ ਨਕਵੀ ਨੂੰ ਅੱਗੇ ਲਿਆਂਦਾ ਗਿਆ। ਮੁੱਖ ਧਾਰਾ ਮੀਡੀਆ ਦੇ ਜ਼ਿਆਦਾਤਰ ਹਿੱਸੇ ਨੇ ਵੀ ਇਸ ਕਤਲ ਨੂੰ ਜਿਸ ਤਰੀਕੇ ਨਾਲ ਰਿਪੋਰਟ ਕੀਤਾ ਹੈ, ਉਸ ਤੋਂ ਇਹੀ ਪ੍ਰਭਾਵ ਪੈਂਦਾ ਹੈ ਕਿ ਮ੍ਰਿਤਕ ਨੇ ਕੋਈ ਕਸੂਰ ਕੀਤਾ ਸੀ ਜਿਸ ਬਦਲੇ ਉਸ ਦਾ ਕਤਲ ਹੋਇਆ। ਮੀਡੀਆ ਰਿਪੋਰਟਾਂ ਇਹ ਨਹੀਂ ਦੱਸਦੀਆਂ ਕਿ 'ਲਵ ਜਹਾਦ' ਸੰਘ ਪਰਿਵਾਰ ਵਲੋਂ ਉਛਾਲਿਆ ਗਿਆ ਜਾਅਲੀ ਮੁੱਦਾ ਹੈ ਅਤੇ ਸ਼ੰਭੂ ਲਾਲ ਵਰਗਿਆਂ ਦੇ ਮਨਾਂ ਵਿਚ ਮੁਸਲਿਮ ਭਾਈਚਾਰੇ ਵਿਰੁਧ ਜ਼ਹਿਰ ਭਰਨ ਵਿਚ ਸੰਘ ਪਰਿਵਾਰ ਦੇ ਸਾਧਾਂ, ਸਾਧਵੀਆਂ ਅਤੇ ਹੋਰ ਆਗੂਆਂ ਦੀ ਮੁੱਖ ਭੂਮਿਕਾ ਹੈ ਜੋ ਆਏ ਦਿਨ ਗਊ ਰੱਖਿਆ, ਲਵ ਜੇਹਾਦ ਆਦਿ ਮੁੱਦੇ ਉਛਾਲ ਕੇ ਗਿਣ-ਮਿਥ ਕੇ ਫਿਰਕੂ ਪਾਲਾਬੰਦੀ ਕਰ ਰਹੇ ਹਨ। ਅਜੇ ਕੁਝ ਦਿਨ ਪਹਿਲਾਂ ਹੀ ਗੁਜਰਾਤ ਵਿਚ ਭਾਜਪਾ ਦਾ ਕੌਮੀ ਪ੍ਰਧਾਨ ਅਮਿਤ ਸ਼ਾਹ ਚੋਣ ਰੈਲੀਆਂ ਵਿਚ 'ਲਵ ਜੇਹਾਦ' ਵਿਰੁਧ ਜ਼ਹਿਰ ਫੈਲਾਉਂਦਾ ਦੇਖਿਆ ਗਿਆ। ਮਹੰਤ ਅਦਿਤਿਆਨਾਥ ਮੁੱਖ ਮੰਤਰੀ ਹੁੰਦੇ ਹੋਏ ਵੀ ਸੰਵਿਧਾਨ ਵਿਚ ਦਰਜ ਧਰਮ ਨਿਰਪੱਖਤਾ ਦਾ ਸ਼ਰੇਆਮ ਮਜ਼ਾਕ ਉਡਾਉਂਦਾ ਹੈ ਅਤੇ ਮੁਸਲਮਾਨਾਂ ਵਿਰੁਧ ਨਫ਼ਰਤ ਭੜਕਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ। ਰਾਜਸਥਾਨ ਵਿਚ ਕਿਸ ਕਦਰ ਫਿਰਕੂ ਨਫ਼ਰਤ ਫੈਲਾਈ ਜਾ ਚੁੱਕੀ ਹੈ, ਇਹ ਪਹਿਲੀ ਦਸੰਬਰ ਨੂੰ ਈਦ-ਏ-ਮਿਲਾਦੁੰਨਬੀ ਮੌਕੇ ਨਾਥ ਦਵਾਰਾ ਅਤੇ ਹੋਰ ਇਲਾਕਿਆਂ ਵਿਚ ਸਾਹਮਣੇ ਆਏ ਤਣਾਓ ਤੋਂ ਸਪਸ਼ਟ ਹੋ ਗਿਆ ਸੀ। ਚੇਤੰਨ ਕੁਮਾਰ ਸੈਣੀ ਦੀ ਖ਼ੁਦਕੁਸ਼ੀ/ਹੱਤਿਆ ਮਾਮਲੇ ਵਿਚ ਨਾਹਰਗੜ੍ਹ ਕਿਲ੍ਹੇ ਦੀਆਂ ਚੱਟਾਨਾਂ ਉਪਰ ਧਮਕੀਆਂ ਲਿਖੀਆਂ ਹੋਈਆਂ ਮਿਲੀਆਂ ਜੋ ਪਦਮਾਵਤੀ ਫਿਲਮ ਨਾਲ ਸਬੰਧਤ ਹਸਤੀਆਂ ਦੇ ਖ਼ਿਲਾਫ਼ ਸਨ। ਨਫ਼ਰਤ ਦਾ ਇਕ ਨਮੂਨਾ 19 ਨਵੰਬਰ ਨੂੰ ਜੈਪੁਰ ਦੇ ਇਕ ਹਿੰਦੂ ਮੇਲੇ ਵਿਚ ਬਜਰੰਗ ਦਲ ਦੇ ਬੁੱਕ ਸਟਾਲ ਉਪਰ ਵੰਡਿਆ ਗਿਆ ਕਿਤਾਬਚਾ ਅਤੇ ਪੈਂਫਲੈੱਟ ਸੀ। ਪੈਂਫਲੈੱਟ ਵਿਚ ਇਕ ਅਭਿਨੇਤਰੀ ਦੀ ਤਸਵੀਰ ਦੇ ਕੇ ਲੋਕਾਂ ਨੂੰ 'ਲਵ ਜੇਹਾਦ' ਵਿਰੁਧ ਚਿਤਾਵਨੀ ਦਿੱਤੀ ਗਈ ਸੀ ਅਤੇ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਦੋ ਮੁਸਲਿਮ ਐਕਟਰਾਂ ਵਲੋਂ ਆਪਣੀਆਂ ਹਿੰਦੂ ਪਤਨੀਆਂ ਧੋਖਾ ਦੇ ਕੇ ਛੱਡ ਦਿੱਤੀਆਂ ਗਈਆਂ।

ਮੁਹੰਮਦ ਅਫਰਾਜ਼-ਉਲ ਦੇ ਮਾਮਲੇ ਵਿਚ ਵੀ ਸੰਘ ਬ੍ਰਿਗੇਡ ਦੀ ਦੋਹਰੀ ਭੂਮਿਕਾ ਲੁਕੀ ਨਹੀਂ। ਕਿਹਾ ਜਾ ਰਿਹਾ ਹੈ ਕਿ ਮੁੱਖ ਮੰਤਰੀ ਵਸੁੰਧਰਾ ਰਾਜੇ ਅਤੇ ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ ਕਾਤਲ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਗੰਭੀਰ ਹਨ, ਪਰ ਭਾਜਪਾ ਦੇ ਜੋ ਆਗੂ ਸੰਘ ਪਰਿਵਾਰ ਦੀ ਅੰਤਰ-ਮਜ਼ਹਬੀ ਰਿਸ਼ਤਿਆਂ ਵਿਰੁਧ ਨਫ਼ਰਤ ਦੀ ਤਰਜਮਾਨੀ ਕਰਦੇ ਹੋਏ ਸ਼ਰੇਆਮ ਇਸ ਕਤਲ ਦੀ ਜੈ-ਜੈਕਾਰ ਕਰ ਰਹੇ ਹਨ, ਉਨ੍ਹਾਂ ਬਾਰੇ ਭਾਜਪਾ ਦੀ ਕੇਂਦਰੀ ਕਮਾਨ ਤੋਂ ਲੈ ਕੇ ਰਾਜਸਥਾਨ ਸਰਕਾਰ ਤਕ ਹਰ ਕੋਈ ਖ਼ਾਮੋਸ਼ ਹੈ। ਰਾਜਸਮੰਦ ਤੋਂ ਭਾਜਪਾ ਦੇ ਸਥਾਨਕ ਆਗੂ ਪ੍ਰੇਮ ਮਾਲੀ ਨੇ 'ਸਵੱਛ ਰਾਜਸਮੰਦ, ਸਵੱਛ ਭਾਰਤ' ਨਾਂ ਦਾ ਵੱਟਸਐਪ ਗਰੁਪ ਬਣਾਇਆ ਹੋਇਆ ਹੈ ਅਤੇ ਇਸ ਗਰੁਪ ਵਿਚ ਸੂਬਾ ਸਰਕਾਰ ਦੇ ਕੈਬਨਿਟ ਮੰਤਰੀ ਕਿਰਨ ਮਹੇਸ਼ਵਰੀ, ਸੰਸਦ ਮੈਂਬਰ ਹਰੀਓਮ ਸਿੰਘ ਰਾਠੌੜ, ਰਾਜਸਮੰਦ ਨਗਰ ਪ੍ਰੀਸ਼ਦ ਦੇ ਸਭਾਪਤੀ ਸੁਰੇਸ਼ ਪਾਲੀਵਾਲ ਸਮੇਤ ਭਾਜਪਾ ਦੇ ਬਹੁਤ ਸਾਰੇ ਆਗੂ ਅਤੇ ਕਈ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹਨ। ਇਸ ਗਰੁਪ ਉਪਰ ਸ਼ਰੇਆਮ ਸ਼ੰਭੂ ਲਾਲ ਦੀ ਹਮਾਇਤ ਵਿਚ ਮੈਸੇਜ ਪੋਸਟ ਕੀਤੇ ਗਏ। ਸ਼ੰਭੂ ਲਾਲ ਦੀ ਰਿਹਾਈ ਦੀ ਮੰਗ ਕਰਦਿਆਂ ਉਸ ਦਾ ਮੁਕੱਦਮਾ ਲੜਨ ਲਈ ਹਰ ਬੰਦੇ ਤੋਂ 500 ਰੁਪਏ ਚੰਦਾ ਲੈਣ ਦਾ ਸੱਦਾ ਵੀ ਦਿੱਤਾ ਗਿਆ ਅਤੇ 'ਲਵ ਜਹਾਦ' ਤੋਂ ਚੌਕਸ ਰਹਿਣ ਦੇ ਹੋਕੇ ਵੀ ਦਿੱਤੇ ਗਏ। ਜਦੋਂ ਇਹ ਮੁੱਦਾ ਬਣ ਗਿਆ ਅਤੇ ਜਵਾਬਦੇਹ ਹੋਣਾ ਪੈਣਾ ਸੀ, ਤਾਂ ਇਹ ਮੈਸੇਜ ਡਿਲੀਟ ਕਰ ਦਿੱਤੇ ਗਏ, ਪਰ ਇਨ੍ਹਾਂ ਦੇ ਖ਼ਿਲਾਫ਼ ਭਾਜਪਾ ਦੇ ਸੀਨੀਅਰ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ। ਇਹ ਸੰਘ ਪਰਿਵਾਰ ਦੇ ਉਚ ਆਗੂਆਂ ਦੀ ਅਣਐਲਾਨੀ ਸਹਿਮਤੀ ਨਹੀਂ ਤਾਂ ਹੋਰ ਕੀ ਹੈ?




*ਅਫਰਾਜ਼-ਉਲ ਦੇ ਕਤਲ ਖਿਲਾਫ ਕੀਤੇ ਵਿਖਾਵੇ ਦੀ ਝਲਕ।*

'ਲਵ ਜਹਾਦ' ਜੋ ਸੰਘ ਪਰਿਵਾਰ ਵਲੋਂ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਘੜੇ ਜਾਅਲੀ ਮੁੱਦਿਆਂ ਵਿਚੋਂ ਇਕ ਹੈ, ਸਿਰਫ਼ ਸੰਘੀਆਂ ਦਾ ਮਨਪਸੰਦ ਹਥਿਆਰ ਹੀ ਨਹੀਂ, ਇਸ ਉਪਰ ਲੋਕ ਰਾਇ ਬਣਾਉਣ ਲਈ ਇਕ ਤਰ੍ਹਾਂ ਨਾਲ ਪੂਰਾ ਹਿੰਦੁਸਤਾਨੀ ਸਟੇਟ ਜੁਟਿਆ ਹੋਇਆ ਹੈ। ਉਚ ਅਦਾਲਤਾਂ ਵੀ ਪਿੱਛੇ ਨਹੀਂ ਰਹਿਣਾ ਚਾਹੁੰਦੀਆਂ। ਪਿੱਛੇ ਜਿਹੇ ਕੇਰਲਾ ਹਾਈਕੋਰਟ ਵਲੋਂ ਬਾਲਗ ਕੁੜੀ ਹਾਦੀਆ ਦਾ ਨਿਕਾਹ ਤੋੜ ਦਿੱਤਾ ਗਿਆ। ਹਾਦੀਆ, ਜਿਸ ਦਾ ਪਹਿਲਾ ਨਾਂ ਅਖੀਲਾ ਸੀ, ਡਾਕਟਰੀ ਦੀ ਪੜ੍ਹਾਈ ਕਰ ਰਹੀ ਹੈ ਅਤੇ ਉਸ ਨੇ ਧਰਮ ਬਦਲ ਕੇ ਆਪਣੀ ਪਸੰਦ ਦੇ ਮੁਸਲਿਮ ਲੜਕੇ ਸ਼ਫ਼ੀਂ ਜਹਾਂ ਨਾਲ ਵਿਆਹ ਕਰਵਾ ਲਿਆ ਸੀ। ਬਾਅਦ ਵਿਚ ਸੁਪਰੀਮ ਕੋਰਟ ਨੇ ਵੀ ਕੌਮੀ ਜਾਂਚ ਏਜੰਸੀ ਨੂੰ ਇਸ ਧਰਮ ਬਦਲੀ ਆਧਾਰਤ ਵਿਆਹ ਦੀ ਜਾਂਚ ਕਰਨ ਦੇ ਆਦੇਸ਼ ਦੇ ਦਿੱਤੇ। ਇਸੇ ਤਰ੍ਹਾਂ ਪਹਿਲੀ ਨਵੰਬਰ ਨੂੰ ਰਾਜਸਥਾਨ ਹਾਈਕੋਰਟ ਵਲੋਂ 22 ਸਾਲ ਦੀ ਕੁੜੀ ਪਾਇਲ ਸਿੰਘਵੀ ਵਲੋਂ ਮੁਸਲਿਮ ਨੌਜਵਾਨ ਫ਼ੈਜ਼ ਮੋਦੀ ਨਾਲ ਕਰਵਾਏ ਅੰਤਰ-ਮਜ਼ਹਬੀ ਵਿਆਹ ਉਪਰ ਸਵਾਲੀਆ ਚਿੰਨ੍ਹ ਲਾ ਦਿੱਤਾ ਗਿਆ ਜਿਸ ਨੇ ਧਰਮ ਬਦਲ ਕੇ ਆਪਣਾ ਨਾਂ ਆਰਿਫ਼ਾ ਰੱਖ ਲਿਆ ਸੀ ਅਤੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਸੀ। ਅਦਾਲਤ ਦੇ ਬੈਂਚ ਦੀ ਇਸ ਟਿਪਣੀ ਵਿਚ ਕਿੰਨੇ ਡੂੰਘੇ ਸੰਕੇਤ ਸਮੋਏ ਹੋਏ ਹਨ ਕਿ ਨਾਗਰਿਕਾਂ ਵਲੋਂ 'ਦਸ ਰੁਪਏ ਦੇ ਅਸ਼ਟਾਮ ਦੇ ਆਧਾਰ 'ਤੇ ਕੀਤੀ ਧਰਮ ਬਦਲੀ ਨੂੰ ਕਾਨੂੰਨੀ ਨਹੀਂ ਮੰਨਿਆ ਜਾ ਸਕਦਾ'। ਜੱਜਾਂ ਨੇ ਪੁਲਿਸ ਦੀ ਵੀ ਝਾੜ-ਝੰਬ ਕੀਤੀ ਜਿਨ੍ਹਾਂ ਪਰਿਵਾਰ ਦੀ ਸ਼ਿਕਾਇਤ ਦਰਜ ਨਹੀਂ ਕੀਤੀ ਸੀ। ਇਨ੍ਹਾਂ ਦੋਹਾਂ ਮਾਮਲਿਆਂ ਵਿਚ ਪਰਿਵਾਰ ਨੇ ਲੜਕੀਆਂ ਦੇ ਧਰਮ ਧੱਕੇ ਨਾਲ ਬਦਲੇ ਜਾਣ ਦੇ ਇਲਜ਼ਾਮ ਲਗਾਏ ਸਨ। ਸਵਾਲ ਇਹ ਹੈ ਕਿ ਜਦੋਂ ਕੁੜੀਆਂ ਬਾਲਗ ਹਨ ਅਤੇ ਅਦਾਲਤ ਵਿਚ ਆ ਕੇ ਸਪਸ਼ਟ ਬਿਆਨ ਦਿੰਦੀਆਂ ਹਨ ਕਿ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਏ ਹਨ ਤਾਂ ਜੱਜਾਂ ਨੂੰ ਇਸ ਬਾਬਤ ਇਤਰਾਜ਼ ਕਿਉਂ ਹੈ?

ਇਹ ਮਾਹੌਲ ਹੈ ਜਿਸ ਵਿਚ ਬਹੁ ਗਿਣਤੀ ਫਿਰਕੇ ਦੇ ਸ਼ੰਭੂ ਲਾਲਾਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਨੂੰ ਪਤਾ ਹੈ ਕਿ ਮੁਹੰਮਦ ਅਖ਼ਲਾਕ, ਜੁਨੈਦ, ਪਹਿਲੂ ਖ਼ਾਨ, ਅਫਰਾਜ਼-ਉਲ ਵਰਗੇ ਬੇਵੱਸ ਮੁਸਲਮਾਨਾਂ ਨੂੰ ਕਤਲ ਕਰ ਕੇ ਅਤੇ ਖ਼ੁਦ ਹੀ ਸਬੂਤ ਜਨਤਕ ਕਰ ਕੇ ਵੀ ਉਹ ਬਰੀ ਹੋ ਜਾਣਗੇ। ਕਤਲ ਨੂੰ ਜਾਇਜ਼ ਠਹਿਰਾਉਣ ਲਈ ਇਹੀ ਕਾਫ਼ੀ ਹੈ ਕਿ ਕਤਲ ਕੀਤਾ ਜਾਣ ਵਾਲਾ ਮੁਸਲਮਾਨ ਹੈ। ਬਸ ਏਨਾ ਹੀ ਕਾਫ਼ੀ ਹੈ ਕਿ ਕਤਲ ਕੀਤੇ ਜਾਣ ਵਾਲੇ ਮੁਸਲਮਾਨ ਬਾਬਤ ਸੰਘ ਦੇ ਮੁਹਾਵਰੇ ਵਿਚ ਗਊ ਹੱਤਿਆ, ਗਊ ਦਾ ਮਾਸ ਖਾਣ, ਲਵ ਜਹਾਦ ਵਗੈਰਾ ਕੋਈ ਨਾ ਕੋਈ ਅਫਵਾਹ ਫੈਲਾ ਦਿੱਤੀ ਜਾਵੇ।

# ਲੋਕ ਹਿਤਾਂ ਉਪਰ ਭਾਰੂ ਕੱਟੜਵਾਦ

ਉਘੇ ਪਰਚੇ 'ਦਿ ਇਕਨੌਮਿਸਟ' ਵਿਚ ਪਦਮਾਵਤੀ ਵਿਵਾਦ ਬਾਰੇ ਛਪਿਆ ਹੈ, "ਵੀਰਤਾ ਬਾਰੇ ਫ਼ਿਲਮ ਜਿਸ ਨੇ ਭਾਰਤੀ ਸਿਆਸਤਦਾਨਾਂ ਅੰਦਰੀ ਕਰੂਰਤਾ ਸਾਹਮਣੇ ਲੈ ਆਂਦੀ ਹੈ।" ਸੋਲ੍ਹਵੀਂ ਸਦੀ ਦੇ ਕਵੀ ਮਲਿਕ ਮੁਹੰਮਦ ਜਯਾਸੀ ਨੇ ਅਲਿਖਤ ਰਵਾਇਤਾਂ ਦੇ ਆਧਾਰ ਅਤੇ ਚਿਤੌੜ ਰਾਜ ਦੇ ਖਾਤਮੇ ਦੇ ਸਮੇਂ ਨੂੰ ਕਹਾਣੀ ਦੱਸਣ ਦੇ ਅੰਦਾਜ਼ ਵਿਚ ਕਾਲਪਨਿਕ ਰੂਪ ਵਜੋਂ ਪੇਸ਼ ਕੀਤਾ ਹੈ। ਦਰਅਸਲ, ਇਹ ਘਟਨਾ ਇਸ ਤੋਂ ਵੀ ਦੋ ਸਦੀਆਂ ਪਹਿਲਾਂ ਭਾਵ 1303 ਵਿਚ ਵਾਪਰੀ ਸੀ। ਸ਼ਹਿਜ਼ਾਦੀ ਨੇ ਮੁਸਲਿਮ ਧਾੜਵੀ ਅਲਾਉਦੀਨ ਖਿਲਜੀ ਦੀਆਂ ਬਾਹਾਂ ਵਿਚ ਜਾਣ ਨਾਲੋਂ ਸ਼ਾਨ ਨਾਲ ਮੌਤ ਨੂੰ ਗਲੇ ਲਾਉਣ ਦੀ ਕਥਾ-ਕਹਾਣੀ ਹੈ। ਅੱਜ ਕੱਲ੍ਹ 'ਲਵ ਜਹਾਦ' ਸ਼ਬਦ ਬਹੁਤ ਪ੍ਰਚਲਿਤ ਹੋਇਆ ਹੈ ਅਤੇ ਬਾਲਗ ਲੜਕੀ ਹਾਦੀਆ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੀ ਇਸ ਨੂੰ ਨਕਾਰਨ 'ਚ ਬੇਵੱਸ ਨਜ਼ਰ ਆਈ ਹੈ। ਇਹ ਵੀ ਹਿੰਦੂ ਲੜਕੀ ਨੂੰ ਲੈ ਕੇ ਮੁਸਲਮਾਨ ਲੜਕੇ ਨਾਲ ਨਫ਼ਰਤ ਪੇਸ਼ ਕਰਨ ਵਾਲਾ ਵਾਕਿਆ ਹੈ। ਭਾਜਪਾ ਦੇ ਕਾਰਕੁਨਾਂ ਨੇ ਇਸ ਵਾਕਿਆ ਨੂੰ ਫਿਰਕੂ ਧਰੁਵੀਕਰਨ ਵਜੋਂ ਵਰਤਿਆ ਹੈ।

ਅਜਿਹੇ ਤੱਥਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਇੱਕ ਹੋਰ ਮਿਸਾਲ ਹੈ, ਜਦੋਂ ਰਾਹੁਲ ਗਾਂਧੀ ਦੇ ਕਾਂਗਰਸ ਦੀ ਪ੍ਰਧਾਨਗੀ ਲਈ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਇਸ ਨੂੰ ਤਾਜਪੋਸ਼ੀ ਕਰਾਰ ਦਿੱਤਾ ਤੇ ਇਸ ਦੀ ਤੁਲਨਾ ਔਰੰਗਜ਼ੇਬ ਦੇ ਸ਼ਾਹ ਜਹਾਨ ਨੂੰ ਕੈਦ ਕਰ ਕੇ ਮੁਗ਼ਲ ਬਾਦਸ਼ਾਹ ਬਣਨ ਨਾਲ ਕੀਤੀ ਸੀ। ਇਸ ਇਤਿਹਾਸਕ ਘਟਨਾ ਸਬੰਧੀ ਉਨ੍ਹਾਂ ਦਾ ਸੰਕੇਤ ਗਲਤ ਸੀ ਅਤੇ ਉਸ ਸਮੇਂ ਦੇ ਘਟਨਾਕ੍ਰਮ ਦੀ ਜਾਣਕਾਰੀ ਤੋਂ ਉਹ ਅਣਜਾਣ ਜਾਪੇ। ਔਰੰਗਜ਼ੇਬ ਨੇ ਗੱਦੀ ਜੰਗ ਦੇ ਮੈਦਾਨ ਵਿਚ ਹਥਿਆਰਬੰਦ ਮੁਗ਼ਲ ਫੌਜਾਂ ਰਾਹੀਂ ਦਾਰਾ ਸ਼ਿਕੋਹ ਨੂੰ ਹਰਾ ਕੇ ਹਾਸਲ ਕੀਤੀ ਸੀ ਜਿਸ ਦਾ ਇਸ ਉਪ ਮਹਾਂਦੀਪ ਦੇ ਭਵਿਖ ਉਪਰ ਵੱਡਾ ਅਸਰ ਪਿਆ ਸੀ। ਨੁਕਸਾਨ ਉਠਾਉਣ ਵਾਲਾ ਸ਼ਹਿਜ਼ਾਦਾ ਦਾਰਾ ਸ਼ਿਕੋਹ ਸੀ। ਉਹ ਔਰੰਗਜ਼ੇਬ ਦਾ ਵੱਡਾ ਭਰਾ ਅਤੇ ਗੱਦੀ ਦਾ ਅਸਲ ਹੱਕਦਾਰ ਸੀ। ਦਾਰਾ ਸ਼ਿਕੋਹ ਸਾਊ ਤੇ ਸੂਫੀਵਾਦ ਦੇ ਪ੍ਰਭਾਵ ਹੇਠ ਸੀ। ਸੱਚਾਈ ਇਹ ਹੈ ਕਿ ਦਾਰਾ ਸ਼ਿਕੋਹ ਨੂੰ ਗ੍ਰਿਫ਼ਤਾਰ ਕਰਨ ਬਾਅਦ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਔਰੰਗਜ਼ੇਬ ਦੀ ਜਿੱਤ ਇਕ ਤਰ੍ਹਾਂ ਨਾਲ ਭਾਰਤ ਦੀ ਵੰਡ ਦੀ ਸ਼ੁਰੂਆਤ ਸੀ, ਕਿਉਂਕਿ ਦੇਸ਼ ਅੰਦਰ ਰੂੜੀਵਾਦ ਤੇ ਇਸਲਾਮਿਕ ਅਸਹਿਣਸ਼ੀਲਤਾ ਦਾ ਦੌਰ ਸ਼ੁਰੂ ਹੋ ਗਿਆ ਸੀ। ਇਸ ਘਟਨਾਕ੍ਰਮ ਨਾਲ ਰਾਹੁਲ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਲਈ ਅਪਣਾਈ ਜਾ ਰਹੀ ਪ੍ਰਕਿਰਿਆ ਦਾ ਦੂਰ ਤਕ ਵੀ ਵਾਸਤਾ ਨਹੀਂ।

ਬਾਰਾਕ ਓਬਾਮਾ ਨੇ 2015 ਵਿਚ ਰਾਸ਼ਟਰਪਤੀ ਹੋਣ ਸਮੇਂ ਭਾਰਤ ਦਾ ਦੌਰਾ ਕੀਤਾ ਤੇ ਵਾਪਸੀ ਤੋਂ ਪਹਿਲਾਂ ਨਵੀਂ ਦਿੱਲੀ ਦੇ ਸ੍ਰੀ ਫੋਰਟ ਆਡੀਟੋਰੀਅਮ ਵਿਚ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਧਾਰਮਿਕ ਸਹਿਣਸ਼ੀਲਤਾ ਉਪਰ ਜ਼ੋਰ ਦਿੱਤਾ। ਰਾਸ਼ਟਰਪਤੀ ਵਜੋਂ ਸੇਵਾਮੁਕਤ ਹੋਣ ਬਾਅਦ ਹੁਣ ਉਨ੍ਹਾਂ ਨੇ ਫਿਰ ਭਾਰਤ ਦਾ ਦੌਰਾ ਕੀਤਾ ਤੇ ਉਸ ਸਮੇਂ ਇਸ ਮੁੱਦੇ ਨੂੰ ਉਠਾਉਣ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਮੋਦੀ ਨਾਲ ਇਸ ਤੋਂ ਪਹਿਲੀ ਫੇਰੀ ਦੌਰਾਨ ਹੋਈ ਗੱਲਬਾਤ ਨੂੰ ਯਾਦ ਕੀਤਾ। ਬਰਾਕ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ 2010 ਵਿਚ ਆਪਣੀ ਪਹਿਲੀ ਸਰਕਾਰੀ ਭਾਰਤ ਫੇਰੀ 'ਤੇ ਆਉਣ ਸਮੇਂ ਹਿਮਾਂਯੂ ਦੇ ਮਕਬਰੇ ਉਪਰ ਵੀ ਗਏ ਸਨ। ਜਦੋਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਬਾਦਸ਼ਾਹ ਬਣਨ ਦੇ ਘਟਨਾਕ੍ਰਮ ਅਤੇ ਦੋਵਾਂ ਭਰਾਵਾਂ ਵਿਚ ਇਸਲਾਮ ਦੀ ਵਿਆਖਿਆ ਦੇ ਮੁੱਦੇ ਉਪਰ ਹੋਈ ਲੜਾਈ ਅਤੇ ਉਨ੍ਹਾਂ ਦੇ ਵੱਡੇ ਭਰਾ ਦਾਰਾ ਸ਼ਿਕੋਹ ਦੇ ਉਸ ਮਕਬਰਾ ਕੰਪਲੈਕਸ ਅੰਦਰ ਸਿਰ ਰਹਿਤ ਸਰੀਰ ਨੂੰ ਦਫ਼ਨਾਏ ਹੋਣ ਬਾਰੇ ਦੱਸਿਆ ਗਿਆ ਸੀ ਤਾਂ ਉਨ੍ਹਾਂ ਤੁਰੰਤ ਉਹ ਜਗ੍ਹਾ ਵੇਖਣ ਦੀ ਇੱਛਾ ਪ੍ਰਗਟਾਈ; ਪਰ 'ਸੀਕਰੇਟ ਸਰਵਿਸ' ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਥੇ ਨਹੀਂ ਜਾਣ ਦਿੱਤਾ, ਕਿਉਂਕਿ ਉਹ ਜਗ੍ਹਾ ਸੁਰੱਖਿਆ ਪੱਖੋਂ ਢੁਕਵੀਂ ਨਹੀਂ ਸੀ। ਉਸ ਸਮੇਂ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ, ਦੋਵਾਂ ਨੇ ਉਥੇ ਹੀ ਦਾਰਾ ਸ਼ਿਕੋਹ ਦੇ ਮਕਬਰੇ ਵੱਲ ਸਤਿਕਾਰ ਵਜੋਂ ਸਿਰ ਝੁਕਾਏ ਅਤੇ ਦੱਸਿਆ ਕਿ ਜਿਨ੍ਹਾਂ ਕਦਰਾਂ-ਕੀਮਤਾਂ ਲਈ ਦਾਰਾ ਸ਼ਿਕੋਹ ਡਟੇ ਰਹੇ, ਅਮਰੀਕਨ ਫ਼ੌਜਾਂ ਉਨ੍ਹਾਂ ਵਾਸਤੇ ਵਡੇਰੀ ਇਸਲਾਮਿਕ ਦੁਨੀਆਂ ਖ਼ਾਤਰ ਅਫ਼ਗਾਨਿਸਤਾਨ ਵਿਚ ਲੜ ਰਹੀਆਂ ਹਨ। ਇਹ ਤ੍ਰਾਸਦੀ ਹੈ ਕਿ ਇਸਲਾਮਿਕ ਦੇਸ਼ ਇਸ ਵੇਲੇ ਆਪਸ ਵਿਚ ਹੀ ਲੜ ਰਹੇ ਹਨ।

ਹੁਣ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਆਪਣੇ ਜਵਾਈ ਜਾਰੇਡ ਕੁਸ਼ਨਰ ਦੀ ਡਿਊਟੀ ਇਸਰਾਈਲ-ਫਲਸਤੀਨ ਵਿਵਾਦ ਦੇ ਸ਼ਾਂਤਮਈ ਹੱਲ ਲਈ ਲਾਈ ਹੋਈ ਹੈ, ਪਰ ਟਰੰਪ ਵੱਲੋਂ ਯੇਰੋਸ਼ਲਮ ਨੂੰ ਇਸਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਉਥੇ ਅਮਰੀਕੀ ਦੂਤਘਰ ਤਬਦੀਲ ਕਰਨ ਦੇ ਐਲਾਨ ਬਾਅਦ ਮੁਸਲਿਮ ਦੇਸ਼, ਖਾਸ ਕਰ ਕੇ ਅਰਬ ਦੇਸ਼ ਰੋਹ ਵਿਚ ਆ ਗਏ ਹਨ। ਇਸ ਖਿੱਤੇ ਵਿਚ ਵੀ ਹਾਲਾਤ ਹੋਰ ਖਰਾਬ ਹੋਣ ਦੇ ਆਸਾਰ ਬਣ ਗਏ ਹਨ। ਟਰੰਪ ਵੱਲੋਂ ਸੀਰੀਆ ਤੇ ਯਮਨ ਵਿਚ ਇਰਾਨ ਦੇ ਪ੍ਰਭਾਵ ਨੂੰ ਘਟਾਉਣ ਲਈ ਵੀ ਯਤਨ ਜਾਰੀ ਹਨ। ਕਤਰ ਵਿਵਾਦ ਅਜੇ ਵੀ ਕਾਇਮ ਹੈ। ਜਿਥੋਂ ਤੱਕ ਅਫ਼ਗਾਨਿਸਤਾਨ ਦਾ ਮਾਮਲਾ ਹੈ, ਪਾਕਿਸਤਾਨ ਅਜੇ ਟਰੰਪ ਦੇ ਦਬਾਅ ਹੇਠ ਨਹੀਂ ਆ ਰਿਹਾ। ਜੇ ਪਕਿਸਤਾਨ ਨੇ ਤਾਲਿਬਾਨ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜਬੂਰ ਕਰਨ ਵਾਸਤੇ ਅਮਰੀਕਾ ਦਾ ਸਾਥ ਦਿੱਤਾ ਤਾਂ ਤਾਲਿਬਾਨ ਦਾ ਝੁਕਾਅ ਇਰਾਨ ਤੇ ਰੂਸ ਵੱਲ ਵਧ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਰੂਜ਼ਵੈਲਟ ਨੇ ਇਕ ਵਾਰ ਕਿਹਾ ਸੀ, "ਮੈਂ ਲੋਕਾਂ ਦੇ ਵਿਚਾਰਾਂ ਨੂੰ ਅੱਗੇ ਪੇਸ਼ ਨਹੀਂ ਕਰਦਾ, ਮੈਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹਾਂ।" ਲੋਕਾਂ ਦੇ ਅਸਲੀ ਹਿੱਤਾਂ ਤੇ ਇਨ੍ਹਾਂ ਹਿਤਾਂ ਬਾਰੇ ਲੋਕਾਂ ਦੇ ਵਿਚਾਰਾਂ ਵਿਚ ਬਹੁਤ ਫਰਕ ਹੈ। ਉਨ੍ਹਾਂ ਇਹ ਵੀ ਕਿਹਾ, "ਮੈਨੂੰ ਪੱਛਮ ਦੇ ਉਕਸਾਊ ਵਿਚਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਨੀ ਚਾਹੀਦੀ, ਪਰ ਸਮੁੱਚੇ ਲੋਕਾਂ ਦੇ ਅਸਲੀ ਹਿੱਤਾਂ ਦਾ ਪ੍ਰਤੀਨਿਧ ਬਣ ਕੇ ਚੱਲਣਾ ਚਾਹੀਦਾ ਹੈ।" ਸਭ ਤੋਂ ਪੁਰਾਣੇ ਲੋਕਤੰਤਰੀ ਦੇਸ਼ਾਂ ਭਾਵ ਅਮਰੀਕਾ ਤੇ ਭਾਰਤ ਦੀ ਅਗਵਾਈ ਕਰਨ ਵਾਲੇ ਆਗੂਆਂ ਲਈ ਇਸ ਤੋਂ ਵਧੀਆ ਹੋਰ ਕੋਈ ਸਲਾਹ ਨਹੀਂ ਹੋ ਸਕਦੀ।

*-ਕੇ.ਸੀ. ਸਿੰਘ*

ਦੁੱਖ ਪਰਦੇਸਾਂ ਦੇ


# ਸਿਰਜਕ ਨਵੀਆਂ ਪਿਰਤਾਂ ਦਾ

*ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਵਿਚ ਪ੍ਰਿੰ. ਬਾਜਵਾ ਨੇ ਕੈਨੇਡਾ ਵੱਸੇ ਇਕ ਅਜਿਹੇ ਬਜ਼ੁਰਗ ਦੀ ਵਾਰਤਾ ਸੁਣਾਈ ਹੈ ਜਿਸ ਨੇ ਖੁਸ਼ੀ ਮਨਾਉਣ ਦੇ ਰਵਾਇਤੀ ਢੰਗਾਂ ਦੀ ਥਾਂ ਆਪਣੇ ਪਿੰਡ ਦੇ ਲੋੜਵੰਦਾਂ ਦੀ ਮਦਦ ਦਾ ਰਾਹ ਚੁਣਿਆ ਹੈ। -ਸੰਪਾਦਕ*

'ਗਰਰ, ਗਰਰ' ਸੈਲ ਫੋਨ ਦੀ ਘੰਟੀ ਖੜਕੀ।

"ਹਾਂ ਬਈ ਚਾਚਾ, ਸੁੱਖ ਤਾਂ ਹੈ, ਏਡੇ ਸਾਜਰੇ ਘੰਟੀ ਮਾਰੀ ਆ।"

"ਹਾਂ ਭਤੀਜ, ਸਭ ਸੁੱਖ ਸਾਂਦ ਹੈ ਸਗੋਂ ਖੁਸ਼ੀਆਂ ਈ ਖੁਸ਼ੀਆਂ ਨੇ, ਕੁਝ ਦਿਨ ਪਹਿਲਾਂ ਗੂੜ੍ਹੇ ਨੀਲੇ ਕਾਲੇ ਰੰਗ ਦਾ ਕਾਰਡ ਮਿਲਿਆ ਸੀ, ਅੱਜ ਪੈਨਸ਼ਨ ਵੀ ਆ ਗਈ ਆ, ਬੈਂਕ ਖਾਤੇ 'ਚ। ਮਿਰਾਸਣ ਵਾਂਗ ਤੇਰੀ ਚਾਚੀ ਤਾਂ ਰੋਜ਼ ਹੀ ਤੋਰ ਦਿੰਦੀ ਸੀ ਬੈਂਕ, 'ਜਾਓ ਜੀ ਪਤਾ ਕਰਕੇ ਆਓ, ਆਈ ਕਿ ਨਹੀਂ, ਕਿਤੇ ਨਾਤ੍ਹੇ ਧੋਤੇ ਈ ਨਾ ਰਹਿ ਜਾਈਏ।' ਬੈਂਕ ਟੈਲਰ ਪੰਜਾਬਣ ਬੀਬੀ ਸੀ, ਕਹਿੰਦੀ, 'ਬਾਬਾ ਪੈਨਸ਼ਨਾਂ ਮਹੀਨੇ ਦੇ ਆਖਰੀ ਦਿਨਾਂ 'ਚ ਆਉਂਦੀਆਂ ਨੇ, ਦੋ ਹਫਤੇ ਠਹਿਰ, 28/29 ਨੂੰ ਆਈ।' ਲੈ ਅੱਜ ਆ ਗਈ ਆ, ਤੇਰੀ ਚਾਚੀ ਦਾ ਧਰਤੀ 'ਤੇ ਪੈਰ ਈ ਨੀਂ ਲੱਗਦਾ, ਪੋਤਿਆਂ-ਦੋਹਤਿਆਂ ਨੂੰ ਚੁੰਮਦੀ ਫਿਰਦੀ ਆ। ਲੈ ਹੁਣ ਅਗਲੇ ਐਤਵਾਰ ਸ਼ਾਮੀਂ 5 ਵਜੇ ਆ ਜਾਈਂ, ਭੁਲੀਂ ਨਾ। ਸਾਰੇ ਪਰਿਵਾਰ ਨਾਲ ਆਈਂ।"



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

"ਨਾ ਦੱਸ ਤਾਂ ਸਹੀ, ਕੀ ਪ੍ਰੋਗਰਾਮ ਏ?"

"ਚੱਲ ਤੂੰ ਆ ਜਾਈਂ, ਆਪੇ ਦੇਖ ਲਈਂ, ਪੱਕਾ ਯਾਦ ਰੱਖੀਂ। ਪੋਤ ਨੂੰਹਾਂ, ਪੁੱਤ ਤੇ ਪੋਤੇ ਨਾਲ ਈ ਆਉਣ। ਕਹਿ ਦਈਂ ਚਾਚਾ ਪੱਕੀ ਕਰਦਾ ਸੀ, ਇਨ੍ਹਾਂ ਦੇ ਤਾਂ ਕੰਮ ਈ ਨਹੀਂ ਮੁੱਕਣੇ ਸਾਲੇ, ਅਸੀਂ ਮੁੱਕ ਜਾਣੈ।"

ਮੈਂ ਸੋਚੀਂ ਪੈ ਗਿਆ। ਲੱਗਦੈ ਚਾਚਾ ਕਰੂ ਕੋਈ ਅਲੋਕਾਰੀ ਗੱਲ। ਸੁਖਮਨੀ ਸਾਹਿਬ ਦਾ ਪਾਠ ਹੀ ਨਾ ਰਖਾ ਦਿੱਤਾ ਹੋਏ ਕਿਤੇ, ਚਾਚੀ ਦਾ ਜ਼ੋਰ ਪੈ ਗਿਆ ਹੋਊ? ਮੇਰੀ ਉਤਸੁਕਤਾ ਜ਼ਿਹਨ 'ਚ ਉਸਲਵੱਟੇ ਲਈ ਜਾਏ। ਭਲਾ ਕੀ ਕਰੂ ਚਾਚਾ ਮਾਨਾ! ਰਹਿ ਨਾ ਹੋਇਆ। ਇਕ ਦਿਨ ਮੈਂ ਉਹਨੂੰ ਜਾ ਟੱਕਰਿਆ ਨਾਨਕਸਰ ਵਾਲੇ ਪਾਰਕ 'ਚ। ਡਾਕਟਰ ਦੇ ਜਾਣਾ ਸੀ, ਸੋਚਿਆ ਉਹ ਉਥੇ ਜ਼ਰੂਰ ਮਿਲ ਜਾਊ।

ਦੂਰ ਘਾਹ 'ਤੇ ਬੈਠੀ ਇਕ ਤਾਸ਼ ਢਾਣੀ 'ਚੋਂ ਮੈਨੂੰ ਵੇਖ ਚਾਚਾ ਹੱਸਦਾ ਤੁਰਿਆ ਆਵੇ। "ਚਾਚਾ ਉਸ ਦਿਨ ਸ਼ਾਮ ਨੂੰ ਕਿਹੜੀ ਕੋਈ ਵੱਖਰੀ ਗੱਲ ਕਰਨੀ ਈ।" ਮੈਂ ਹੱਥ ਮਿਲਾਉਂਦਿਆਂ ਸਿੱਧਾ ਸਵਾਲ ਦਾਗ ਦਿੱਤਾ।

"ਭਤੀਜ ਮੈਂ ਇਕ ਵੱਖਰੀ ਈ ਲੀਹ ਪਾਉਣੀ ਚਾਹੁੰਨਾਂ। ਚਾਚੀ ਤੇਰੀ ਤਾਂ ਕਹਿੰਦੀ ਸੀ ਸ਼ੁਕਰਾਨਾ ਅਖੰਡ ਪਾਠ ਕਰਾਉਣੈ ਤੇ ਲੰਗਰ ਪਾਣੀ ਦੀ ਸੰਗਤ ਨੂੰ ਛਕਾਉਣੈ।"

"ਗੱਲ ਤਾਂ ਚਾਚੀ ਦੀ ਕੋਈ ਮਾੜੀ ਨਹੀਂ।" ਮੈਂ ਵਿਚੋਂ ਟੋਕਿਆ।

"ਲੈ ਤੂੰ ਵੀ ਪੁਰਾਣੀਆਂ ਪਿਰਤਾਂ 'ਤੇ ਤੁਰਿਆ ਫਿਰਦੈਂ। ਸੁਣੀ ਨਹੀਂ, ਢਾਡੀਆਂ ਦੀ ਇਕ ਕਵਿਤਾ, ਰੇਡੀਓ 'ਤੇ ਬੜੀ ਸੁਣਾਈ ਜਾ ਰਹੀ ਏ ਅੱਜ-ਕੱਲ੍ਹ, 'ਗੁਰੂ ਗ੍ਰੰਥ ਦੀ ਤਾਬਿਆ ਰਹਿ ਗਏ, 'ਕੱਲੇ ਭਾਈ ਤੇ ਗ੍ਰੰਥੀ ਜੀ, ਲੋਕ ਮੱਥਾ ਟੇਕ ਬਾਹਰ ਬਹਿੰਦੇ ਜਾਣ।' ਲੰਬੀ ਐ, ਅਖੰਡ ਪਾਠ ਦੀ ਹੁੰਦੀ ਬੇਹੁਰਮਤੀ ਬਿਆਨ ਕਰਦੀ ਐ। ਕੀ ਅਸੀਂ ਨਾ ਕੁਝ ਸਿੱਖੀਏ, ਕੋਈ ਨਵੀਆਂ ਪਿਰਤਾਂ ਨਾ ਪਾਈਏ? ਮੇਰਾ ਦਾਦਾ ਕਹਿੰਦਾ ਹੁੰਦਾ ਸੀ, ਲੀਹੇ ਲੀਹੇ ਗੱਡੀ ਚੱਲੇ, ਲੀਹੇ ਚੱਲੇ ਕਪੂਤ, ਤਿੰਨੋਂ ਲੀਹੇ ਨਈਂ ਚੱਲਦੇ-ਸੂਰਾ, ਸ਼ੀਂਹ, ਸਪੂਤ। ਮੈਂ ਤਾਂ ਭਤੀਜ ਹੁਣ ਨਵੀਂ ਲੀਹ ਪਾਉਣ ਲੱਗਾ ਊਂ, ਭਾਵੇਂ ਲੱਗੇ ਕਿਸੇ ਦੇ ਗੋਡੇ, ਭਾਵੇਂ ਲੱਗੇ ਗਿੱਟੇ। ਤੇਰੀ ਚਾਚੀ ਨੂੰ ਵੀ ਸਮਝੌਤੀਆਂ ਪਾਉਂਦਾ ਰਿਹਾ ਹਾਂ, ਆਖਰ ਉਹ ਵੀ ਮੰਨ ਗਈ। ਛੋਟੀ ਹੁੰਦੀ, ਭਾਈ ਤੋਂ ਸੰਥਿਆ ਲੈਂਦੀ ਹੁੰਦੀ ਨੇ ਬਾਬੇ ਦੇ ਜੀਵਨ ਬਿਰਤਾਂਤ ਸੁਣੇ ਹੋਏ ਸਨ, ਉਹ ਜਾਗ ਉਠੇ। ਮੇਰਾ ਸਹੁਰਾ ਵੀ ਆਜ਼ਾਦ ਖਿਆਲਾਂ ਵਾਲਾ ਬੰਦਾ ਸੀ, ਪ੍ਰੀਤ ਲੜੀ ਲਵਾਈ ਹੋਈ ਸੀ ਉਹਨੇ, ਕਾਮਰੇਡਾਂ ਨਾਲ ਫਿਰਦਾ ਰਿਹਾ ਸੀ, ਭਾਵੇਂ ਫੌਜੀ ਹੋਣ ਕਰਕੇ ਕੁਝ ਸਖਤ ਜ਼ਰੂਰ ਸੀ।"

"ਦੱਸ ਫਿਰ ਕੀ ਜੁਗਾੜ ਵਿੱਢਿਆ ਈ, ਇਸ ਜਸ਼ਨ ਦਾ?"

"ਭੈਣ ਭਰਾਵਾਂ, ਰਿਸ਼ਤੇਦਾਰਾਂ, ਦੋਸਤਾਂ, ਸਨੇਹੀਆਂ ਨੂੰ ਪਾਰਟੀ ਕਰਨੀ ਏਂ, ਉਸ ਦਿਨ। ਜੇ ਪਾਠ ਵਾਲਾ ਰਾਹ ਫੜਦੇ ਆਂ, ਵੇਖ ਲੈ ਕੀ ਹੁੰਦੈ, ਤੂੰ ਕਿਹੜਾ ਨਹੀਂ ਜਾਣਦਾ। ਕਿਵੇਂ ਲੋਕ ਬੱਧੇ-ਰੁੱਧੇ ਬੈਠੇ ਹੁੰਦੇ ਨੇ, ਮੱਥਾ ਟੇਕ ਕਈ ਬਾਹਰ ਜਾ ਸਜਦੇ ਨੇ, ਅੰਦਰ ਬੈਠਿਆਂ ਦੀਆਂ ਅੱਖਾਂ ਘੜੀ 'ਤੇ ਹੁੰਦੀਆਂ ਹਨ, ਬੀਬੀਆਂ ਆਪੋ ਵਿਚ ਢਿੱਡ ਹੌਲੇ ਕਰਦੀਆਂ ਰਹਿੰਦੀਆਂ ਹਨ, ਅਸੀਂ ਵੀ ਥੋੜ੍ਹੇ ਨੇੜੇ ਬੈਠਿਆਂ ਦੇ ਕੰਨੀਂ ਇਕ ਨਿਵੇਕਲੀ ਜਿਹੀ ਗੱਲ ਪਈ। ਇਕ ਦੂਜੀ ਨੂੰ ਕਹਿ ਰਹੀ ਸੀ, 'ਕੀਰਤਨੀਆ ਭਾਈ ਠੰਢਾ ਈ ਨਹੀਂ ਹੁੰਦਾ, ਐਵੇਂ ਡਾਲਰ ਇਕੱਠੇ ਕਰਨ ਖਾਤਰ ਗੱਲ ਵਧਾਈ ਜਾ ਰਿਹੈ।' ਅਸੀਂ ਉਹਦੀ ਗੱਲ 'ਤੇ ਕਿੰਨਾ ਚਿਰ ਮਸ਼ਕੂਲਾ ਲਾਉਂਦੇ ਰਹੇ। ਦੂਜੇ ਪਾਸੇ ਘਰ ਵਾਲੇ ਪਰਿਵਾਰ ਦੀ ਭੱਜ-ਨੱਠ ਬਹੁਤੀ, ਪਾਠ ਸੁਣਨਾ ਦੂਰ ਦੀ ਗੱਲ ਰਹਿ ਜਾਂਦੀ ਹੈ, ਪੱਲੇ ਕੁਝ ਨਹੀਂ ਪੈਂਦਾ। ਅੱਜ ਕੱਲ ਲੋਕ ਸਮਾਜਿਕ ਇਕੱਠਾਂ 'ਚ ਘੜੀ ਹੱਸਣਾ-ਖੇਡਣਾ, ਖਾਣਾ-ਪੀਣਾ ਚਾਹੁੰਦੇ ਆ, ਕਿਸੇ ਦੀ ਬਿਰਤੀ ਪਾਠ ਵੱਲ ਨਹੀਂ ਹੁੰਦੀ। ਬੱਚੇ ਬਾਹਰ ਆਪਣੀਆਂ ਲੁਕਣ-ਮੀਟੀਆਂ 'ਚ ਲੱਗੇ ਹੁੰਦੇ ਨੇ, ਪਿਆਲੇ ਦੇ ਸ਼ੌਕੀਨ ਉਡੀਕਦੇ ਹਨ, ਮਹਾਰਾਜ ਦੀ ਸਵਾਰੀ ਜਾਏ ਤੇ ਅਸੀਂ ਵੀ ਵਧਾਈਆਂ ਦਈਏ। ਕਿਉਂ ਨਾ ਕੋਈ ਅਜਿਹਾ ਪ੍ਰੋਗਰਾਮ ਕੀਤਾ ਜਾਵੇ ਜਿੱਥੇ ਸਾਰੇ ਚਾਵਾਂ ਨਾਲ ਇਕੱਠੇ ਹੋਈਏ, ਹੱਸੀਏ ਖੇਡੀਏ, ਖਾਈਏ ਪੀਈਏ।"

"ਵਾਹ ਚਾਚਾ ਵਾਹ! ਕਮਾਲ ਏ ਤੇਰੇ! ਤੂੰ ਤਾਂ ਹੁਣ ਮੈਨੂੰ ਕੋਈ ਦਾਰਸ਼ਨਿਕ ਤਾਂ ਨਾ ਸਹੀ, ਕੋਈ ਲੀਡਰ ਜਿਹਾ ਲੱਗਣ ਲੱਗ ਪਿਐਂ।"

"ਵੇਖ ਇੱਥੇ ਈ ਬੱਸ ਨਈਓਂ ਮੈਂ ਕਰਨੀ। ਮੈਂ ਇੱਥੇ ਹਸਪਤਾਲ ਲਈ ਦਸਵੰਧ ਵੀ ਕੱਢਿਆ ਕਰਨੈਂ। ਇਹ ਸਾਨੂੰ ਕਿੰਨਾ ਕੁਝ ਦਿੰਦੇ-ਡਾਕਟਰ, ਨਰਸਾਂ, ਲੈਬਾਂ। ਜਦੋਂ ਜਾਈਏ ਖਿੜ੍ਹੇ ਮੱਥੇ ਮਿਲਦੈ ਸਾਰਾ ਅਮਲਾ-ਫੈਲਾ। ਵਧੀਆ ਤਰੀਕੇ ਨਾਲ ਹਾਲ-ਚਾਲ ਪੁੱਛਦੇ, ਜਿੰਨਾ ਕਈ ਵਾਰੀ ਆਪਣੇ ਵੀ ਨਈਂ ਪੁੱਛਦੇ। ਬੱਚਿਆਂ ਨੂੰ ਤਾਂ ਅਸੀਂ ਆਪਣੀ ਕਮਾਈ ਦੇਣੀ ਹੀ ਹੈ। ਕੁਝ ਸਾਂਝੇ ਕੰਮਾਂ 'ਚ ਵੀ ਹਿੱਸਾ ਪਾਈਏ। ਅਸੀਂ ਐਮਰਜੈਂਸੀ ਵਿਚ ਇੰਤਜ਼ਾਰ ਸਮੇਂ ਨੂੰ ਕੋਸੀ ਜਾਨੇ ਆਂ। ਸਰਕਾਰਾਂ ਨੂੰ ਛੱਜ 'ਚ ਪਾ ਛੱਟਦੇ ਫਿਰਦੇ ਹਾਂ। ਅਸੀਂ ਵੀ ਕੁਝ ਕਰੀਏ। ਭਾਵੇਂ ਸਾਡੇ ਤਿਲ-ਫੁੱਲ ਨਾਲ ਚਿੜੀ ਵੱਲੋਂ ਚੁੰਝ 'ਚ ਲਿਆਂਦਾ ਪਾਣੀ ਅੱਗ ਤਾਂ ਨਹੀਂ ਬੁਝਾ ਸਕਦਾ, ਪਰ ਚਿੜੀ ਅੱਗ ਬੁਝਾਉਣ ਵਾਲਿਆਂ ਦੀ ਸੂਚੀ 'ਚ ਜ਼ਰੂਰ ਗਿਣੀ ਜਾਂਦੀ ਏ, ਕਿਉਂ ਠੀਕ ਏ ਨਾ!"

"ਚਾਚਾ ਤੇਰੀਆਂ ਗੱਲਾਂ ਤਾਂ ਠੀਕ ਨੇ, ਇਸ 'ਤੇ ਕਿੰਤੂ ਕਰਨ ਵਾਲੇ ਕਿੰਤੂ ਵੀ ਕਰਨਗੇ।"

"ਕਰੀ ਜਾਣ ਭਤੀਜ, ਲੋਕਾਂ ਦੀ ਦੰਦ ਕਥਾ ਚੱਲਦੀ ਰਹਿਣੀ ਏਂ, ਇਹ ਤਾਂ ਪਿਉ-ਪੁੱਤ ਨੂੰ ਗਧਾ ਚੁਕਾ ਦਿੰਦੇ ਨੇ! ਤੈਨੂੰ ਯਾਦ ਹੋਊ, ਮਿੰਦਰ ਮਾਸਟਰ ਨੇ ਬਿਨਾ ਦਾਜ ਵਿਆਹ ਕੀਤਾ ਸੀ, ਪੰਜ ਬੰਦੇ ਗਏ ਸੀ ਬਰਾਤੇ। ਉਸ 'ਤੇ ਵੀ ਲੋਕਾਂ ਦੀਆਂ ਦੰਦ ਚੱਕੀਆਂ ਹਾਲੀ ਤੱਕ ਚੱਲੀ ਜਾਂਦੀਆਂ ਨੇ, 'ਹਾਂ ਹਾਂ ਕਾਹਦੀ ਬਹਾਦਰੀ ਸੀ, ਕਿਹੜਾ ਤਿਆਗ ਸੀ, ਉਨ੍ਹਾਂ ਦਾ ਤਾਂ ਆਪਸ 'ਚ ਪੇਚਾ ਸੀ, ਤੇ ਮਾਪਿਆਂ ਨੇ ਲੜ ਬੰਨ੍ਹਤੀ।' ਡਾਂਗ ਉਗਰੀ ਤਾਂ ਭਤੀਜ ਰੋਕੀ ਜਾ ਸਕਦੀ ਏ, ਚਾਰ ਇੰਚੀ ਜੀਭ ਨੂੰ ਕੋਈ ਨਈਓਂ ਫੜ੍ਹ ਸਕਦਾ। ਹੁਣ ਉਹ ਨੂੰਹਾਂ-ਪੁੱਤਾਂ ਵਾਲੇ ਨੇ, ਹਾਲੀ ਵੀ ਉਨ੍ਹਾਂ ਨੂੰ ਵੇਖ ਫਿਰ ਗੱਲਾਂ ਛਿੜ ਪੈਂਦੀਆਂ ਨੇ, ਇਨ੍ਹਾਂ ਤਾਂ ਚੱਲੀ ਜਾਣੈ।"

"ਹਾਂ ਗੱਲ ਤੇਰੀ ਠੀਕ ਏ, ਨਵੀਆਂ ਲੀਹਾਂ ਤਾਂ ਦਲੇਰ ਹੀ ਪਾਉਂਦੇ ਨੇ। ਘਸਮੀ, ਵਿਹਲੜ, ਡਰੂ ਤਾਂ ਗੱਲਾਂ ਕਰਨ ਜੋਗੇ ਹੀ ਨੇ। ਸਾਡੇ ਵੀ ਇੱਕ ਮਾਸਟਰ ਹੁੰਦਾ ਸੀ, ਕਹਿੰਦਾ ਹੁੰਦਾ, ਅਸੀਂ ਤਾਂ ਕੁਝ ਨਹੀਂ ਕਰਨਾ, ਨਾ ਕਰੀਏ, ਨਾ ਨੁਕਸ ਨਿਕਲੇ, ਸਾਡਾ ਕੋਈ ਕੀ ਕਰ ਲਊ।"

"ਬੱਸ ਚਾਚਾ ਬੱਸ! ਹੁਣ ਮੈਂ ਚੱਲਦਾਂ, ਨੂੰਹ ਤੇਰੀ ਉਡੀਕਦੀ ਹੋਊ, ਕਹਿੰਦੀ ਹੋਊ ਜਿੱਥੇ ਜਾਂਦੈ, ਉੱਥੇ ਜੋਗਾ ਹੀ ਹੋ ਜਾਂਦੈ। ਹੁਣ ਤੱਕ ਤਾਂ ਮਾਲ 'ਚ ਫਿਰਦੀ ਥੱਕ ਗਈ ਹੋਊ, ਨਿੱਕੀਆਂ ਮੋਟੀਆਂ ਚੀਜ਼ਾਂ ਓਸ ਲੈਣੀਆਂ ਸਨ।"

"ਚੰਗਾ ਭਤੀਜ ਮਿਲਦਾ ਰਿਹਾ ਕਰ, ਹਾਲੀ ਤਾਂ ਹੋਰ ਅੱਗੇ ਉਧੜਨੈ, ਚੱਲ ਉਹ ਉਦੋਂ ਸਹੀ ਜਦੋਂ ਕੁਝ ਕਰ ਵਿਖਾਇਆ, ਬਹੁਤੀਆਂ ਗੱਲਾਂ ਵੀ ਕਰਨੀਆਂ ਚੰਗੀਆਂ ਨਹੀਂ ਲੱਗਦੀਆਂ, ਲੋਕ ਸ਼ੇਖ ਚਿੱਲੀ ਕਹਿਣ ਲੱਗ ਜਾਣਗੇ। ਅੱਛਾ, ਆਈਂ ਜ਼ਰੂਰ, ਭੁਲੀਂ ਨਾ!"

---

'ਕੇਰਾਂ ਸਾਲ ਪਿੱਛੋਂ ਮਿਲਿਆ। ਛੇ ਮਹੀਨੇ ਪਿੰਡ ਰਹਿ ਕੇ ਆਇਆ ਸੀ। ਅਚਾਨਕ ਮਿਲ ਪਿਆ। ਬੜੇ ਚਹਿਕੇ 'ਤੇ ਸੀ। ਕਹਿੰਦਾ, "ਆ ਭਤੀਜ ਬੈਠ ਕੇ ਗੱਲਾਂ ਕਰਦੇ ਆਂ, ਕੰਮ-ਕੁਮ ਤਾਂ ਸਾਲੇ ਮੁੱਕਣੇ ਨਈਂ, ਬੰਦਾ ਮੁੱਕ ਜਾਣੈ, ਤੇ ਨਾਲੇ ਪੀਨੇ ਆਂ ਚਾਹ-ਕੌਫੀ।"

"ਮੈਂ ਵੀ ਕਈ ਵਾਰੀ ਸੋਚਦਾ ਸੀ, ਬੜਾ ਚਿਰ ਹੋਇਆ ਤੈਨੂੰ ਮਿਲਾਂ, 'ਕੇਰਾਂ ਫੋਨ ਕੀਤਾ ਸੀ, ਕਹਿੰਦੇ ਪਿੰਡ ਗਏ ਹੋਏ ਨੇ, ਦੱਸ ਫਿਰ ਕਿਵੇਂ ਰਿਹਾ, ਪਿੰਡ ਦਾ ਗੇੜਾ।"

"ਭਤੀਜ, ਬੋਹੜ ਹੁਣ ਨਜ਼ਰ ਨਹੀਂ ਆਉਂਦੇ, ਦਰਵਾਜ਼ਿਆਂ ਬਿਨਾ ਖੁੱਲ੍ਹੇ ਵਿਹੜੇ, ਉਵੇਂ ਹੁੰਦੇ ਜਿਵੇਂ ਖੁੱਲ੍ਹੇ-ਡੁੱਲ੍ਹੇ ਦਿਲਾਂ ਦੇ ਖੁੱਲ੍ਹੇ ਭੇਤ। ਬਾਹਰੋਂ ਲੰਘਦੇ ਬੰਦੇ ਬਾਪੂ, ਬੇਬੇ, ਤਾਈ, ਚਾਚੀ, ਭਾਬੀ, ਭੈਣ, ਭਤੀਜੇ-ਭਤੀਜੀਆਂ ਨਾਲ ਗੱਲਾਂ ਕਰਦੇ ਲੰਘਦੇ, ਰਾਜ਼ੀ ਖੁਸ਼ੀ ਪੁੱਛਦੇ, ਘਰ 'ਚ ਲੱਗੀਆਂ ਨਿੰਮਾਂ, ਧਰੇਕਾਂ, ਬਕੈਣਾਂ ਹੇਠ ਬੀਬੀਆਂ ਬੈਠੀਆਂ ਸੇਵੀਆਂ ਵੱਟਦੀਆਂ, ਕਸੀਦੇ ਕੱਢਦੀਆਂ, ਛਿੱਕੂ ਚੰਗੇਰਾਂ ਬਣਾਉਂਦੀਆਂ ਹੁੰਦੀਆਂ। ਹੁਣ ਪੱਕੇ ਘਰ ਨੇ, ਵੱਡੇ ਵੱਡੇ ਲੋਹੇ ਦੇ ਗੇਟ ਨੇ, ਇਉਂ ਲੱਗਦਾ ਜਿਵੇਂ ਜਿਦੋ ਜਿਦੀ ਮੁਕਾਬਲੇਬਾਜ਼ੀ 'ਚ ਲੋਕਾਂ ਨੇ ਆਪਣੇ ਆਪ ਨੂੰ ਭਾਈਚਾਰਕ ਸਾਂਝਾਂ ਛੱਡ ਗੇਟਾਂ 'ਚ ਬੰਦ ਕਰ ਲਿਆ ਹੋਵੇ, ਬਿਜਲੀ ਨੇ ਤਾਂ ਉਵੇਂ ਹੀ ਪੇਂਡੂ ਭਾਈਚਾਰੇ ਨੂੰ ਸ਼ਹਿਰਾਂ ਵਾਂਗ ਮਜ਼ਬੂਤ ਵਲਗਣਾਂ 'ਚ ਨੂੜ ਦਿੱਤੈ। ਜਦੋਂ ਜਾਈਦਾ, ਉਨ੍ਹਾਂ ਰੌਣਕਾਂ ਦੀਆਂ ਪੈੜਾਂ ਮਿਟਦੀਆਂ ਜਾ ਰਹੀਆਂ ਨੇ। ਸੋਫਿਆਂ 'ਤੇ ਬੈਠ ਉਹ ਅਨੰਦ ਨਹੀਂ ਆਉਂਦਾ, ਜੋ ਖੁੱਲ੍ਹੇ ਵਿਹੜਿਆਂ, ਬੋਹੜਾਂ ਥੱਲੇ ਬੈਠ ਕੇ ਆਉਂਦਾ ਸੀ। ਹਰ ਕੋਈ ਰਸਮੀ ਜਿਹਾ ਹੋ ਗਿਐ, ਅਪਣੱਤ ਅਲੋਪ ਹੁੰਦੀ ਜਾ ਰਹੀ ਏ, ਕੱਪ ਪਿਆਲੀਆਂ ਵਾਹਵਾ ਖੜਕਦੀਆਂ ਹਨ, ਪਰ ਗਲਾਸਾਂ, ਬਾਟੀਆਂ ਵਾਲੀ ਚਾਹ ਦਾ ਮਜ਼ਾ ਕਿੱਥੇ ਆਉਂਦੈ, ਭਤੀਜ!"

"ਇਹ ਤੇਰੀਆਂ ਗੱਲਾਂ ਸੱਚ ਨੇ, ਹੋਰ ਦੱਸ ਫਿਰ ਕੀ ਕਾਰਨਾਮੇ ਕਰ ਆਇਐਂ।"

"ਕਲਕੱਤੇ ਵਾਲਾ ਕਮਿੱਕਰ ਸਿੰਘ ਹੁੰਦਾ ਸੀ ਨਾ ਮੁਕੰਦਪੁਰੀਆ।"

"ਹਾਂ, ਕੀ ਕਰ'ਤਾ ਉਹਨੇ, ਬੰਦਾ ਤਾਂ ਉਹ ਬੜਾ ਦਲੇਰ ਐ ਤੇ ਸਭ ਦੇ ਭਲੇ ਦੇ ਕੰਮ ਕਰਦੈ। ਅੰਮ੍ਰਿਤਧਾਰੀ ਗੁਰਸਿੱਖ ਹੈ। ਉਹ ਸਿਮਰਨਜੀਤ ਸਿੰਘ ਮਾਨ ਦੇ ਬੜਾ ਨੇੜੇ ਰਿਹੈ, ਉਹਦੀ ਪਾਰਟੀ ਵੱਲੋਂ 'ਕੇਰਾਂ ਉਨ੍ਹੇ ਚੋਣ ਵੀ ਲੜੀ ਸੀ।"

"ਆਹੋ ਆਹੋ ਉਈਏ, ਬਈ ਹੁਣ ਤਾਂ ਉਹਨੇ ਪਿੰਡ 'ਚ ਕਮਾਲ ਦੇ ਲੋਕ-ਭਲਾਈ ਦੇ ਕੰਮ ਛੇੜੇ ਹੋਏ ਨੇ।"

"ਹਾਂ ਮੈਨੂੰ ਪਤਾ ਹੈ, ਇੱਥੇ ਵੀ ਉਹ 'ਕੇਰਾਂ ਆਇਆ ਸੀ। ਆਪਣੇ ਇਲਾਕੇ ਦੇ ਕੈਨੇਡੀਅਨਾਂ ਦਾ ਇਕੱਠ ਕੀਤਾ ਸੀ ਉਹਨੇ। ਕਹਿੰਦਾ, ਪਿੰਡ ਦੇ ਲੋਕਾਂ ਦੇ ਭਲੇ ਦੇ ਕੰਮਾਂ ਦਾ ਬੀੜਾ ਹੁਣ ਸਾਨੂੰ ਆਪ ਹੀ ਚੁੱਕਣਾ ਚਾਹੀਦੈ, ਇੱਥੋਂ ਦੇ ਲੋਕਾਂ ਨੇ ਵੀ ਚੰਗਾ ਹੁੰਗਾਰਾ ਭਰਿਆ ਸੀ!"

ਉਹ ਗੁਰਦੁਆਰੇ ਬੋਲਿਆ ਸੀ, "ਆਓ! ਅਸੀਂ ਆਪਣੀ ਕਿਰਤ ਕਮਾਈ ਦਾ ਦਸਵੰਧ 'ਸਿੱਖਿਆ ਇਨਕਲਾਬ' ਲਿਆਉਣ 'ਤੇ ਲਾ ਦਈਏ, ਤਾਂ ਹੀ ਅਸੀਂ ਪਿੰਡਾਂ ਵਿਚ ਸਿਹਤਮੰਦ, ਪੜ੍ਹੇ-ਲਿਖੇ ਤੇ ਕਮਾਊ ਨੌਜਵਾਨ ਵੇਖ ਸਕਾਂਗੇ, ਤੇ ਕੌਮਾਂ ਦੀ ਕਤਾਰ ਵਿਚ ਇੱਕ ਪੜ੍ਹੀ-ਲਿਖੀ ਕੌਮ ਦੇ ਤੌਰ 'ਤੇ ਖੜ੍ਹੇ ਹੋਣ ਦਾ ਮਾਣ ਪ੍ਰਾਪਤ ਕਰ ਸਕਾਂਗੇ, ਡੇਰਾਵਾਦ ਦੇ ਜੜ੍ਹੀਂ ਤੇਲ ਪੈ ਜਾਏਗਾ, ਲੋਕ ਗੁਰ ਸ਼ਬਦ ਨਾਲ ਜੁੜ ਜਾਣਗੇ। ਇਸ ਲਈ ਲੋੜ ਹੈ-ਵਧੀਆ ਸਕੂਲਾਂ ਦੀ, ਸਿਹਤ ਕੇਂਦਰਾਂ ਦੀ, ਕਿੱਤਾਮੁਖੀ ਸਿੱਖਿਆ ਦੀ, ਲਾਇਬਰੇਰੀਆਂ ਦੀ, ਖੇਡ ਕੇਂਦਰਾਂ ਦੀ। ਨਹੀਂ ਤਾਂ ਨਸ਼ੇ 'ਚ ਡੁੱਬੀ ਜਵਾਨੀ ਸਾਡੇ ਗੁਰੂਆਂ ਦੀ ਬਖਸ਼ੀ ਮਹਾਨ ਵਿਰਾਸਤ ਨੂੰ ਰੋਲ ਦੇਵੇਗੀ। ਅਸੀਂ ਲੀਡਰਾਂ ਦੀਆਂ ਲੂੰਬੜ ਚਾਲਾਂ ਪਿੱਛੇ ਲੱਗੇ ਮੰਗਤਿਆਂ ਵਾਂਗ ਭਟਕਦੇ ਫਿਰਾਂਗੇ।" ਚਾਚਾ ਇੱਕੋ ਸਾਹ ਬੋਲੀ ਗਿਆ।

"ਲੈ ਬਈ ਹੁਣ ਤਾਂ ਉਹਨੇ ਪਿੰਡਾਂ ਵਿਚ 'ਸੁੱਖ ਸੰਸਾਰ' ਉਸਾਰੇ ਜਾਣ ਦਾ ਟੀਚਾ ਮਿਥਿਆ ਹੋਇਆ ਈ, ਲੱਕ ਬੰਨ੍ਹ ਇਸ ਮੁਹਿੰਮ ਵਿਚ ਜੁਟਿਆ ਹੋਇਆ ਈ, ਭਤੀਜ ਮੈਨੂੰ ਵੀ ਉਸ ਤੋਂ ਬੜਾ ਉਤਸ਼ਾਹ ਮਿਲਿਆ ਈ।"

"ਇਹ ਤਾਂ ਹੁੰਦਾ ਈ ਆ, ਚੰਗੇ ਕੰਮਾਂ ਤੋਂ ਬੰਦਾ ਸਿੱਖਦੈ, ਚੰਗੇ ਰਾਹ ਪੈਂਦਾ।"

ਚਾਚਾ ਆਪਣੇ ਸਕੂਲ ਵੇਲੇ ਹਾਕੀ ਦਾ ਚੰਗਾ ਸ਼ੌਕੀ ਹੁੰਦਾ ਸੀ। ਪਿੰਡ-ਵਾਰ ਟੂਰਨਾਮੈਂਟਾਂ, ਜ਼ਿਲੇ ਦੇ ਪੇਂਡੂ ਮੇਲਿਆਂ 'ਚ ਪਿੰਡ ਦੀ ਟੀਮ ਦਾ ਤਕੜਾ ਬੈਕ ਹੁੰਦਾ ਸੀ। ਉਹ ਕਲਕੱਤੇ ਦੀ ਖਾਲਸਾ ਸਪੋਰਟਿੰਗ ਵੱਲੋਂ ਹਾਕੀ ਖੇਡਣਾ ਚਾਹੁੰਦਾ ਸੀ। ਕਲਕੱਤੇ ਜਾਣ ਦਾ ਉਹਦਾ ਇੱਕ ਕਾਰਨ ਇਹ ਵੀ ਸੀ। ਉਦੋਂ ਉਹਦੇ ਪਿੰਡ ਦੇ ਮੁੰਡੇ ਕਲਕੱਤੇ ਦੀ ਖਾਲਸਾ ਸਪੋਰਟਿੰਗ ਵੱਲੋਂ ਹਾਕੀ ਲੀਗ ਖੇਡਦੇ ਸੀ। ਉਹਦੀ ਇੱਛਾ ਸੀ ਨਾਲੇ ਪਿੰਡ ਦੇ ਖੇਤੀ ਦੇ ਜੰਜਾਲ ਤੋਂ ਛੁੱਟਾਂਗੇ, ਨਾਲੇ ਆਪਣੇ ਯਾਰਾਂ ਬੇਲੀਆਂ ਨਾਲ ਖੇਡਿਆ ਕਰਾਂਗੇ।

"ਹਾਂ ਮੈਨੂੰ ਪਤਾ ਤੂੰ ਉਥੇ ਖੇਡਦਾ ਰਿਹਾ ਏਂ, ਪਰ ਭਤੀਜ ਉਹ ਤਾਂ ਗੱਲਾਂ ਹੋਈਆਂ ਬੀਤੀਆਂ, ਹੁਣ ਮੇਰੀ ਇੱਛਾ ਜਾਗ ਉਠੀ ਏ ਕਿ ਕਿਉਂ ਨਾ ਪਿੰਡ ਦੀ ਨਵੀਂ ਪਨੀਰੀ ਨੂੰ ਹਾਕੀ ਵੱਲ ਉਤਸ਼ਾਹਤ ਕੀਤਾ ਜਾਵੇ, ਐਤਕੀਂ ਮੈਂ ਮਨ ਬਣਾ ਕੇ ਈ ਕੈਨੇਡਾ ਤੋਂ ਗਿਆ ਸਾਂ, ਅਜਿਹਾ ਕੋਈ ਕੰਮ ਕਰੀਏ, ਹੁਣ ਤਾਂ ਸਭ ਖੈਰਾਂ-ਮਿਹਰਾਂ ਨੇ, ਮੁੰਡੇ ਆਪਣੇ ਕੰਮੀਂ ਧੰਦੀਂ ਲੱਗੇ ਹੋਏ ਐ, ਪੈਨਸ਼ਨ ਵੀ ਲੱਗ ਗਈ ਏ ਕੈਨੇਡਾ ਆਲੀ, ਜਮੀਨ ਦਾ ਠੇਕਾ ਵੀ ਆਈ ਜਾਂਦੈ। ਕਦੀ ਕਿਸੇ ਦਾ ਰੱਜ ਤਾਂ ਹੋਇਆ ਨਈਂ। ਪਿੰਡ ਦੀ ਹਾਕੀ ਕਲੱਬ ਨੂੰ ਹਰ ਸਾਲ 20 ਹਜ਼ਾਰ ਦੇਣ ਦਾ, ਮੇਲੇ 'ਤੇ ਐਲਾਨ ਕਰਵਾ ਦਿੱਤਾ।"

"ਇਹ ਤਾਂ ਵਧੀਆ ਕੀਤਾ ਈ ਚਾਚਾ, ਨਈਂ ਰੀਸਾਂ ਬੱਗੇ ਸ਼ੇਰ ਦੀਆਂ।"

"ਅੱਗੇ ਹੋਰ ਸੁਣ, ਫਰਵਰੀ ਦੇ ਦਿਨਾਂ 'ਚ ਰੇਲਵੇ ਵਾਲੇ ਬਲਬੀਰ ਨਾਲ ਮੇਰਾ ਮੇਲ-ਗੇਲ ਹੁੰਦਾ ਰਹਿੰਦਾ ਸੀ, ਉਹ ਸਾਡੇ ਪਿੰਡ ਦੇ ਟਰਾਂਸਪੋਰਟਰਾਂ ਦਾ ਜਾਣੂ ਸੀ, ਹੁਣ ਵੀ ਉਹਦੇ ਨਾਲ ਫੋਨ 'ਤੇ ਗੱਲ ਹੁੰਦੀ ਰਹਿੰਦੀ ਏ, ਉਨ੍ਹਾਂ ਦਿਨਾਂ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਨੇ, ਉਹਨੂੰ ਮਿਲ ਕੇ ਉਹ ਦਿਨ ਯਾਦ ਆ ਜਾਂਦੇ ਨੇ। ਉਹਤੋਂ ਪਤਾ ਲੱਗਾ ਕਿ ਲੁਧਿਆਣੇ ਦੀ ਸਪੋਰਟਸ ਕੌਂਸਲ, ਪੀ. ਏ. ਯੂ. ਦੇ ਪ੍ਰਿਥੀਪਾਲ ਐਸਟਰੋ ਟਰਫ ਦੇ ਹਾਕੀ ਸਟੇਡੀਅਮ 'ਚ ਇੱਕ ਆਲ ਇੰਡੀਆ ਹਾਕੀ ਟੂਰਨਾਮੈਂਟ ਕਰਵਾ ਰਹੀ ਹੈ, ਇਸ ਕਲੱਬ ਨੂੰ ਸਾਬਕਾ ਹਾਕੀ ਉਲੰਪੀਅਨ-ਰਾਜਿੰਦਰ ਸਿੰਘ, ਹਰਦੀਪ ਸਿੰਘ ਗਰੇਵਾਲ, ਬਲਬੀਰ ਸਿੰਘ ਰੇਲਵੇ, ਸੁਖਬੀਰ ਸਿੰਘ ਗਰੇਵਾਲ ਆਦਿ ਖਿਡਾਰੀਆਂ ਦੀ ਸਰਪ੍ਰਸਤੀ ਮਿਲੀ ਹੋਈ ਸੀ। ਬਲਬੀਰ ਮੈਨੂੰ ਕਲਕੱਤੇ ਦੇ ਦਿਨਾਂ ਦਾ ਜਾਣਦਾ ਸੀ, ਉਹਨੇ ਫੋਨ ਕਰਕੇ ਸੱਦ ਲਿਆ, 'ਹਾਕੀ ਦੀ ਮੀਟਿੰਗ ਹੋ ਰਹੀ ਏ, ਆ ਜਾਈਂ ਚਾਚਾ।' ਉਹਨੇ ਮੇਰੇ ਕੋਲੋਂ ਚਾਰ ਕਿੱਲਿਆਂ ਦੇ, ਇੱਕ ਲੱਖ ਠੇਕੇ ਦਾ ਐਲਾਨ ਸਪੋਰਟਸ ਕੌਂਸਲ ਲਈ ਮੀਟਿੰਗ 'ਚ ਹੀ ਕਰਵਾ ਦਿੱਤਾ। ਮੈਂ ਵੀ ਲੁਧਿਆਣੇ ਉਹ ਮੈਚ ਵੇਖਣ ਜਾਂਦਾ ਰਿਹਾਂ, ਕਲੱਬ ਬੜਾ ਮਾਣ ਸਨਮਾਨ ਕਰਦੀ ਏ।"

"ਬਈ ਇਹ ਤਾਂ ਤੂੰ ਨਹਿਲੇ 'ਤੇ ਦਹਿਲਾ ਈ ਨਈਂ ਸਗੋਂ, ਬੇਗੀ 'ਤੇ ਯੱਕਾ ਮਾਰ'ਤਾ। ਹਾਂ ਚਾਚਾ, ਬੰਦੇ ਦੇ ਨਾਲ ਈ ਚੱਲਦੀਆਂ ਨੇ ਪੁਰਾਣੇ ਵੇਲਿਆਂ ਦੀਆਂ ਗੱਲਾਂ, ਹੋਰ ਸੁਣਾ ਕੋਈ ਪਿੰਡ ਦੀ ਗੱਲ।"

"ਲੈ ਅੱਗੇ ਸੁਣ, ਕੈਨੇਡਾ ਆਉਣ ਪਿੱਛੋਂ ਅਸੀਂ ਘਰ ਦੀ ਸਾਂਭ-ਸੰਭਾਲ ਲਈ ਇੱਕ ਭਈਆ ਪਰਿਵਾਰ ਘਰ 'ਚ ਰੱਖਿਆ ਹੋਇਆ ਹੈ, ਹੁਣ ਤਾਂ ਵੇਖੋ ਵੇਖੀ ਉਹਨੇ ਵੀ ਆਪਣੇ ਬੱਚੇ ਲਾਗਲੇ ਪਬਲਿਕ ਸਕੂਲ 'ਚ ਪਾਏ ਹੋਏ ਨੇ। ਘਰ ਫਰੀ, ਬਿਜਲੀ-ਪਾਣੀ ਮੁਫਤ, ਖੁੱਲ੍ਹਾ ਸਾਫ-ਸੁਥਰਾ ਵਿਹੜਾ, ਭਈਆਣੀ ਪੂਰੀ ਪ੍ਰਧਾਨ ਬਣੀ ਫਿਰਦੀ ਹੈ। ਚਾਰ ਬੱਚੇ ਨੇ ਉਹਦੇ, ਇਸ ਗੱਲੋਂ ਭਈਏ ਅੱਡੀਆਂ ਚੁੱਕ ਫਾਹ ਲੈਣੋਂ ਨਈਉਂ ਹਟਦੇ, ਦਾਲ-ਰੋਟੀ ਤੁਰਦੀ ਨਈਂ, ਬੱਚੇ ਜਣਨੋਂ ਹਟਦੇ ਨਈਂ। ਤੇਰੀ ਚਾਚੀ ਨੇ ਬਥੇਰਾ ਸਮਝਾਇਆ ਕਿ ਹੁਣ ਬੱਸ ਕਰੋ, ਖੈਰ, ਉਹਦੀ ਛੋਟੀ ਕੁੜੀ ਹੁਣ ਪਹਿਲੀ 'ਚ ਈ, ਤੇ ਵੱਡੀ ਸੱਤਵੀਂ 'ਚ। ਵਿਚਾਲੜੇ ਦੋਵੇਂ ਮੁੰਡੇ ਤੀਸਰੀ-ਚੌਥੀ 'ਚ ਨੇ, ਕੁੱਲ ਮਿਲਾ ਕੇ ਉਨ੍ਹਾਂ ਦੀ ਫੀਸ ਕੋਈ ਦੋ ਹਜ਼ਾਰ ਰੁਪਏ ਮਹੀਨਾ ਬਣਦੀ ਸੀ, ਫੀਸ ਭਾਰੀ ਏ, ਭਈਆ ਤਾਂ ਮਸੀਂ 4-5 ਹਜ਼ਾਰ ਮਹੀਨਾ ਕਮਾਉਂਦੈ। ਭਈਆਣੀ ਕਸੀਦੇ, ਤਰਪਾਈਆਂ ਕੱਢਦੀ, ਏਧਰੋਂ ਫੜ-ਫੁੜ ਕੇ ਕੰਮ ਰੇੜ੍ਹੀ ਜਾਂਦੀ ਸੀ, ਪਰ ਹੈ ਬੜੇ ਔਖੇ, ਪੜ੍ਹਾਈ ਦਾ ਤੇ ਘਰ ਦੀ ਰੋਟੀ ਦਾ ਬੋਝ ਲੱਕ ਤੋੜ ਦਿੰਦੈ।"

"ਹਾਂ ਚਾਚਾ, ਮਹਿੰਗਾਈ ਵੀ ਸਾਡੇ ਦੇਸ਼ 'ਚ ਗਰੀਬਾਂ ਦੀਆਂ ਹੀਲਾਂ ਕਢਾਈ ਜਾਂਦੀ ਏ।"

"ਜਦੋਂ ਪਿੰਡ ਫੇਰਾ ਵਜਦੈ, ਅਸੀਂ ਉਥੇ ਹੁੰਨੇ ਆਂ, ਸਾਡਾ ਰੋਟੀ-ਪਾਣੀ, ਸਾਫ-ਸਫਾਈਆਂ, ਭਾਂਡੇ-ਟੀਂਡੇ ਦਾ ਕੰਮ, ਧੋਆ-ਧੁਆਈ ਵਗੈਰਾ ਉਹ ਈ ਕਰਦੇ ਨੇ, ਭਈਆਣੀ ਨਾਲ ਤੇਰੀ ਚਾਚੀ ਦੀ ਵਾਹਵਾ ਸੁਰ ਮਿਲਦੀ ਏ, ਏਨੀ ਕਿ ਵੇਲੇ-ਕੁਵੇਲੇ ਉਹਨੂੰ ਘੁਟਦੀ ਵੀ ਰਹਿੰਦੀ ਏ। ਇੱਕ ਦਿਨ ਕਹਿੰਦੀ, 'ਜੀ ਏਧਰ-ਉਧਰ ਅਸੀਂ ਬਥੇਰੇ ਖਰਚ, ਦਾਨ ਕਰਦੇ ਆਂ, ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਭਾਰ ਅਸੀਂ ਕਿਉਂ ਨਾ ਚੁੱਕ ਲਈਏ!' ਦਿਲੋਂ ਮੈਂ ਪਹਿਲਾਂ ਹੀ ਚਾਹੁੰਦਾ ਸਾਂ, ਕਿਹਾ, ਜੱਟੀਏ ਇਹਤੋਂ ਵੱਡਾ, ਪੁੰਨ-ਦਾਨ ਕਿਹੜਾ ਈ, ਕਹਿ ਦੇ ਜੇ ਪੜ੍ਹਦੇ ਗਏ ਤਾਂ ਦਸਵੀਂ ਤੀਕ ਉਨ੍ਹਾਂ ਦੀ ਫੀਸ ਅਸੀਂ ਦਿਆ ਕਰਾਂਗੇ। ਬੱਚੇ ਪੜ੍ਹ ਗਏ ਤਾਂ ਸਾਰੀ ਉਮਰ ਯਾਦ ਕਰਨਗੇ, ਅਸੀਸਾਂ ਦੇਣਗੇ।"

"ਚਾਚਾ, ਕਮਾਲ ਐ ਬਈ ਤੁਹਾਡਾ, ਇਸ ਤੋਂ ਵੱਡਾ ਦਾਨ ਕਿਹੜਾ ਹੋ ਸਕਦੈ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦੀ ਹੈ, ਤੇਰੀਆਂ ਇਨ੍ਹਾਂ ਪੈੜਾਂ ਨੇ ਵੇਖੀਂ ਕਈਆਂ ਨੂੰ ਇਸ ਪਾਸੇ ਤੋਰਨੈ। ਚੰਗਾ ਚਾਚਾ ਫਿਰ ਮਿਲਾਂਗੇ।"

ਚਾਚੇ ਦੀਆਂ ਇਹ ਗੱਲਾਂ ਸੁਣ ਸੁਣ ਮੈਂ ਸਰਸ਼ਾਰ ਹੋ ਰਿਹਾ ਸਾਂ। ਇਹ ਹੈ ਗਰੀਬ ਲੋੜਵੰਦਾਂ ਲੋਕਾਂ ਦੀ ਅਸਲ ਸੇਵਾ, ਸਹੀ ਦਾਨ! ਅਖੰਡ ਪਾਠਾਂ 'ਤੇ ਲੋਕ ਐਵੇਂ ਮਾਇਆ ਖਰਚਦੇ ਹਨ, ਗੁਰਦੁਆਰਿਆਂ 'ਚ ਚੜ੍ਹਾਵੇ ਚੜ੍ਹਾਈ ਜਾ ਰਹੇ ਹਨ। ਇਹ ਦਾਨ ਹੀ ਸਾਰਥਕ ਦਾਨ ਹਨ। ਕਾਸ਼! ਸਾਡੇ ਲੋਕ ਵੀ ਇਨ੍ਹਾਂ ਲੀਹਾਂ 'ਤੇ ਤੁਰ ਪੈਣ!

---

ਲਤੀਫਾ

## ਪੁਲਿਸ ਦਾ ਕਮਾਲ

ਇਕ ਵਾਰ ਜਰਮਨੀ ਦੇ ਚਾਂਸਲਰ ਦਾ ਪਾਲਤੂ ਹਿਰਨ ਗਵਾਚ ਗਿਆ ਜਿਸ ਨੂੰ ਲੱਭਣ ਵਿਚ ਜਰਮਨ ਪੁਲਿਸ ਅਸਫਲ ਰਹੀ। ਉਨ੍ਹਾਂ ਨੇ ਸਕਾਟਲੈਂਡ ਯਾਰਡ ਪੁਲਿਸ ਨੂੰ ਮਦਦ ਲਈ ਬੁਲਾਇਆ। ਉਹ ਵੀ ਭੱਜ-ਦੌੜ ਕਰਕੇ ਨਿਮੋਝੂਣੇ ਹੋ ਕੇ ਮੁੜ ਗਏ। ਕਿਸੇ ਨੇ ਜਰਮਨੀ ਵਾਲਿਆਂ ਨੂੰ ਸਲਾਹ ਦਿੱਤੀ ਕਿ ਤੁਸੀਂ ਭਾਰਤ ਸਰਕਾਰ ਨੂੰ ਬੇਨਤੀ ਕਰੋ ਕਿ ਉਹ ਪੰਜਾਬ ਪੁਲਿਸ ਦੇ ਖਾਸ-ਉਲ-ਖਾਸ ਥਾਣੇਦਾਰ ਭੇਜਣ। ਪੰਜਾਬ ਪੁਲਿਸ ਵਾਲਿਆਂ ਆਪਣੇ ਲੋਹੇ ਦੀ ਲੱਠ ਵਰਗੇ ਗੱਬਰ ਸਿੰਘ ਅਤੇ ਉਸ ਦੀ ਮਰਜੀ ਦੇ ਦੋ ਹਵਾਲਦਾਰ ਤੇ ਦੋ ਸਿਪਾਹੀ-ਪੰਜਾਂ ਦੀ ਟੀਮ ਜਰਮਨੀ ਭੇਜੀ।

ਟੀਮ ਨੇ ਪੰਜਾਬ ਸਟਾਈਲ ਵਿਚ ਕਾਰਵਾਈ ਸ਼ੁਰੂ ਕਰ ਦਿੱਤੀ। ਬੜੀ ਭੱਜ-ਨੱਠ ਕੀਤੀ, ਪਾਲਤੂ ਹਿਰਨ ਪਾਲਣ ਵਾਲੇ ਥਾਣੇ ਬੁਲਾ ਕੇ ਕਈ ਕਈ ਘੰਟੇ ਖੜ੍ਹੇ ਕਰੀ ਰੱਖੇ ਪਰ ਅਸਲੀ ਹਿਰਨ ਨਾ ਮਿਲਿਆ। ਇਕ ਦਿਨ ਜੰਗਲ 'ਚੋਂ ਉਨ੍ਹਾਂ ਨੂੰ ਇਕ ਮਰੀਅਲ ਜਿਹਾ ਹਾਥੀ ਲੱਭ ਪਿਆ। ਹਵਾਲਦਾਰ ਤੇ ਸਿਪਾਹੀਆਂ ਨੇ ਡਾਂਗਾਂ ਮਾਰ ਮਾਰ ਕੇ ਹਾਥੀ ਨੂੰ ਮਨਾ ਲਿਆ ਕਿ ਕੁਟਾਪਾ ਤਾਂ ਬੰਦ ਕਰਾਂਗੇ ਜੇ ਤੂੰ ਮੰਨ ਜਾਵੇਂ ਕਿ ਮੈਂ ਹਿਰਨ ਹਾਂ। ਕੁੱਟ ਤੋਂ ਨਿਜਾਤ ਪਾਉਣ ਲਈ ਹਾਥੀ ਕਹਿਣ ਲੱਗਾ, "ਮੈਥੋਂ ਜੋ ਮਰਜੀ ਅਖਵਾ ਲਵੋ, ਪਰ ਰੱਬ ਦੇ ਵਾਸਤੇ ਹੋਰ ਕੁਟਾਪਾ ਨਾ ਕਰੋ।"

ਥਾਣੇਦਾਰ ਕਹਿੰਦਾ, "ਅੱਛਾ ਐਂ ਕਰੀਂ, ਤੂੰ ਚਾਂਸਲਰ ਨੂੰ ਆਖੀਂ ਕਿ ਜਨਾਬ ਮੈਂ ਹੀ ਤੁਹਾਡਾ ਹਿਰਨ ਹਾਂ।"


ਪੁਲਿਸ ਦੀ ਕੁੱਟ ਤੋਂ ਡਰਦਾ ਹਾਥੀ ਸਭ ਕੁਝ ਮੰਨ ਗਿਆ। ਪੰਜਾਬ ਪੁਲਿਸ ਵਾਲਿਆਂ ਨੇ ਹਿਰਨ ਬਣਿਆ ਹਾਥੀ ਚਾਂਸਲਰ ਅੱਗੇ ਪੇਸ਼ ਕਰ ਦਿੱਤਾ।

*(ਨੋਟ: ਇਹ ਲਤੀਫਾ ਪੰਜਾਬ ਪੁਲਿਸ ਦੇ ਮੈਗਜ਼ੀਨ ਵਿਚ ਵੀ ਛਪ ਚੁਕਾ ਹੈ।)*

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155


# ਪਹਿਲੀ ਹਵਾਲਾਤ ਯਾਤਰਾ

*ਸਾਲ 1924 ਵਿਚ ਸਾਹਿਤਕ ਪਰਚਾ 'ਫੁਲਵਾੜੀ' ਕੱਢਣ ਵਾਲੇ ਗਿਆਨੀ ਹੀਰਾ ਸਿੰਘ ਦਰਦ (ਫਰਵਰੀ 1887-25 ਜੂਨ 1965) ਦਾ ਪੰਜਾਬੀ ਸਾਹਿਤ ਜਗਤ ਵਿਚ ਮੁਕਾਮ ਬੜਾ ਨਿਵੇਕਲਾ, ਨਰੋਆ ਅਤੇ ਨਿਆਰਾ ਹੈ। ਖੁਦ ਬਣਾਈ ਕੇਂਦਰੀ ਪੰਜਾਬੀ ਸਾਹਿਤ ਸਭਾ ਦੇ ਉਹ ਪਹਿਲੇ ਜਨਰਲ ਸਕੱਤਰ ਸਨ। ਮੁੱਖ ਰੂਪ ਵਿਚ ਉਨ੍ਹਾਂ ਕਹਾਣੀਆਂ ਲਿਖੀਆਂ। ਉਂਜ ਕਵਿਤਾ ਤੇ ਵਾਰਤਕ ਵੀ ਲਿਖੀ। ਹੁਣੇ ਹੁਣੇ ਉਨ੍ਹਾਂ ਦੀਆਂ ਕਹਾਣੀਆਂ ਅਤੇ ਅਭੁੱਲ ਯਾਦਾਂ ਦੀ ਸਵਾ ਅੱਠ ਸੌ ਸਫਿਆਂ ਤੋਂ ਵੀ ਵੱਧ ਦੀ ਵੱਡ-ਆਕਾਰੀ ਪੋਥੀ ਛਪ ਕੇ ਆਈ। ਉਨ੍ਹਾਂ ਦੇ ਪੋਤਰੇ ਡਾ. ਹਰਜੀਤ ਸਿੰਘ ਵੱਲੋਂ ਸੰਪਾਦਤ ਇਸ ਪੋਥੀ ਦਾ ਸਿਰਲੇਖ ਰੱਖਿਆ ਗਿਆ ਹੈ: ਕੁਲ ਕਹਾਣੀਆਂ ਤੇ ਅਭੁੱਲ ਯਾਦਾਂ। ਇਸ ਪੋਥੀ ਵਿਚੋਂ ਇਕ ਪੂਣੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਸ਼ਬਦ ਜੋੜਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਤਾਂ ਕਿ ਪਾਠਕ ਜਾਣ ਸਕਣ ਕਿ ਉਨ੍ਹਾਂ ਵੇਲਿਆਂ ਵਿਚ ਪੰਜਾਬੀ ਕਿੰਜ ਲਿਖੀ ਜਾਂਦੀ ਸੀ। -ਸੰਪਾਦਕ*




*ਹੀਰਾ ਸਿੰਘ ਦਰਦ ਦੀ ਪੋਥੀ 'ਕੁਲ ਕਹਾਣੀਆਂ ਤੇ ਅਭੁੱਲ ਯਾਦਾਂ' ਦਾ ਮੁਖੜਾ।*

1910 ਵਿਚ ਪਹਿਲੀ ਵੇਰ ਮੈਨੂੰ ਬਰਤਾਨਵੀ ਸਰਕਾਰ ਦੀ ਹਵਾਲਾਤ ਵਿਚ ਇਕ ਦਿਨ ਪਰਾਹੁਣਾ ਬਣਨ ਦਾ ਅਵਸਰ ਮਿਲਿਆ। ਇਉਂ ਸਮਝ ਲਓ ਕਿ ਇਥੋਂ ਮੇਰੇ ਜਿਹਲੀ ਜੀਵਨ ਦਾ ਸਿਰੀ ਗਣੇਸ਼ ਹੋ ਗਿਆ। ਇਹ ਵਾਰਤਾ ਇਸ ਪਰਕਾਰ ਹੈ।



**ਹੀਰਾ ਸਿੰਘ ਦਰਦ**

ਘਰੋਗੀ ਆਰਥਕ ਮਜਬੂਰੀਆਂ ਨੇ ਮੈਨੂੰ ਆਪਣੇ ਪਿਆਰੇ ਵਤਨ, ਕਰੰਗ ਨਦੀ ਦੇ ਪੂਰਬੀ ਕੰਢੇ ਦੀ ਹਰੀ ਭਰੀ ਤੇ ਸੁਹਾਵਣੀ ਧਰਤੀ ਤੋਂ ਧੱਕ ਕੇ ਗਰਮੀਆਂ ਵਿਚ ਭੱਠ ਤਪਦੀ ਲਾਇਲਪੁਰ ਦੀ ਬਾਰ ਵਿਚ ਭੇਜ ਦਿੱਤਾ। ਇਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਵਿਦਿਆ ਪਰਚਾਰ ਦੀ ਲਹਿਰ ਜ਼ੋਰ ਨਾਲ ਉਠ ਰਹੀ ਸੀ। ਪਹਿਲੀ ਸਿੱਖ ਵਿਦਿਅਕ ਕਾਨਫਰੰਸ ਗੁਜਰਾਂਵਾਲੇ ਹੋ ਚੁੱਕੀ ਸੀ ਤੇ ਲਾਇਲਪੁਰ ਵਿਚ ਖਾਲਸਾ ਹਾਈ ਸਕੂਲ ਖੁਲ੍ਹ ਗਿਆ ਸੀ। ਪਿੰਡਾਂ ਵਿਚ ਪਰਾਇਮਰੀ ਸਕੂਲ ਖੋਲ੍ਹਣ ਦੀ ਸਕੀਮ ਵੀ ਚਲ ਰਹੀ ਸੀ। ਵਿਦਿਆ ਪਰਚਾਰ ਨੂੰ ਧਰਮ ਪਰਚਾਰ ਦਾ ਅੰਗ ਸਮਝਿਆ ਜਾਂਦਾ ਸੀ। ਭਾਵੇਂ ਮੇਰੀ ਗਿਣਤੀ ਉਸ ਵੇਲੇ ਦੇ ਉਨ੍ਹਾਂ ਨੌਜਵਾਨਾਂ ਵਿਚੋਂ ਸੀ ਜਿਨ੍ਹਾਂ ਬਾਰੇ ਤੀਵੀਆਂ ਗੀਤ ਗਾਉਂਦੀਆਂ ਹੁੰਦੀਆਂ ਸਨ ਕਿ "ਉਨ੍ਹਾਂ ਨਾਲ ਕੀ ਬੋਲਣਾ ਜਿਨ੍ਹਾਂ ਮਿਡਲ ਪਾਸ ਨਹੀਂ ਕੀਤਾ" ਅਰਥਾਤ ਮੈਂ ਅਜੇ ਮਿਡਲ ਵੀ ਪਾਸ ਨਹੀਂ ਸੀ ਕਰ ਸਕਿਆ ਪਰ ਭਾ ਜਗਤ ਸਿੰਘ ਪਰਦੇਸੀ ਪਰਸਿਧ ਸਿੱਖ ਪਰਚਾਰਕ ਨੇ ਚਕ ਨੰ: 73 ਭਕਨਾ ਝਬਾਲ ਵਿਚ ਪਰਾਇਮਰੀ ਸਕੂਲ ਖੁਲ੍ਹਾ ਕੇ ਮੈਨੂੰ ਅਧਿਆਪਕ ਮੁਕੱਰਰ ਕਰ ਦਿੱਤਾ। ਮਿਡਲ ਪਾਸ ਗਭਰੂ ਦੀ ਚਾਹਵਾਨ ਕਿਸੇ ਮੁਟਿਆਰ ਦਾ ਪ੍ਰੇਮਪਾਤਰ ਤਾਂ ਮੈਂ ਨਾ ਬਣ ਸਕਿਆ ਪਰ ਇਕ ਵਿਦਿਆ ਤੇ ਧਰਮ ਪਰਚਾਰ ਦੇ ਪ੍ਰੇਮੀ ਨੇ ਮੇਰੇ ਨਾਲ ਉਹ ਪਿਆਰ ਕੀਤਾ ਜਿਸ ਨੇ ਮੈਨੂੰ ਲੋਕ ਸੇਵਾ ਦੇ ਰਾਹੇ ਪਾ ਦਿੱਤਾ।

10 ਰੁਪਏ ਮਹੀਨਾ ਤੇ ਪਰਸ਼ਾਦਾ ਮੇਰੀ ਤਨਖਾਹ ਮੁਕੱਰਰ ਕੀਤੀ ਗਈ। ਭਾਵੇਂ ਤਨਖਾਹ ਥੋੜ੍ਹੀ ਸੀ ਪਰ ਇਥੇ ਇਲਾਕੇ ਵਿਚ ਵਿਦਿਆ ਤੇ ਧਰਮ ਪਰਚਾਰ ਦਾ ਉਤਸ਼ਾਹ ਭਰਪੂਰ ਵਾਯੂ ਮੰਡਲ ਸੀ, ਜਿਥੇ ਮੇਰੀਆਂ ਉਮੰਗਾਂ ਨੂੰ ਵਧਣ ਫੁੱਲਣ ਦਾ ਬੜਾ ਖੁਲ੍ਹਾ ਮੈਦਾਨ ਨਜ਼ਰ ਆ ਰਿਹਾ ਸੀ। ਇਸ ਕਰਕੇ ਮੈਂ ਬੜਾ ਪਰਸੰਨ ਸਾਂ।

ਵਧੇਰੇ ਆਰਥਕ ਤੰਗੀਆਂ ਮਨੁੱਖ ਨੂੰ ਵਧੇਰੇ ਧਰਮੀ ਜਾਂ ਇਨਕਲਾਬੀ ਬਣਨ ਵਲ ਧੱਕ ਦੇਂਦੀਆਂ ਹਨ। ਮੇਰੇ ਦਿਲ ਵਿਚ ਬਣਨ ਤੇ ਕੁਝ ਕਰ ਕੇ ਵਿਖਾਉਣ ਦਾ ਚਾਉ ਉਛਾਲੇ ਮਾਰ ਰਿਹਾ ਹੈ। ਮੈਂ ਸਮਝਦਾ ਸਾਂ ਕਿ ਧਾਰਮਕ ਰਹਿਣੀ ਬਹਿਣੀ ਵਿਚ ਪਰਪੱਕ ਹੋ ਕੇ ਨਾ ਕੇਵਲ ਆਪਣੀਆਂ ਤੰਗੀਆਂ ਤੋਂ ਛੁਟਕਾਰਾ ਪ੍ਰਾਪਤ ਕਰ ਲਵਾਂਗਾ, ਬਲਕੇ (ਬਲਕਿ) ਵਧੇਰੇ ਲੋਕ-ਸੇਵਾ ਦੇ ਮੈਦਾਨ ਵਿਚ ਅੱਗੇ ਵਧ ਸਕਾਂਗਾ। ਭਜਨੀਕ ਸੰਤ, ਰਹਿਣੀ ਬਹਿਣੀ ਵਿਚ ਪੱਕੇ ਸਿੱਖਾਂ ਤੇ ਸਤਿਸੰਗੀਆਂ ਨੂੰ ਮਿਲਣ ਗਿਲਣ ਉਤੇ ਉਨ੍ਹਾਂ ਤੋਂ ਸਿੱਖਿਆ ਪ੍ਰਾਪਤ ਕਰਨ ਤੇ ਸਿੱਖ ਇਤਿਹਾਸਕ ਧਰਮ ਅਸਥਾਨਾਂ ਦੇ ਦਰਸ਼ਨਾਂ ਦਾ ਬੜਾ ਸ਼ੌਕ ਸੀ।

ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀ ਖਾਸ ਤੌਰ 'ਤੇ ਬੜੀ ਸਿੱਕ ਲੱਗੀ ਰਹਿੰਦੀ ਸੀ। ਬਾਣੀ ਵਿਚ ਵੀ ਪੜ੍ਹਿਆ ਸੀ- "ਡਿਠੇ ਸਭੇ ਥਾਂ ਨਹੀਂ ਤੁਧ ਜੇਹਾ।" ਸੁੰਦਰੀ, ਬਿਜੈ ਸਿੰਘ ਤੇ ਸਿੱਖ ਇਤਿਹਾਸ ਵਿਚ ਤਾਂ ਅੰਮ੍ਰਿਤਸਰ ਦੀ ਮਹਿਮਾ ਦਾ ਹਿਸਾਬ ਨਹੀਂ ਸੀ। ਵਗਦੀਆਂ ਤਲਵਾਰਾਂ ਵਿਚ ਸਿੱਖ ਸ੍ਰੀ ਅੰਮ੍ਰਿਤਸਰ ਦਾ ਅਸ਼ਨਾਨ ਕਰਨ ਚਲੇ ਜਾਂਦੇ ਸਨ ਤੇ ਸ਼ਹੀਦੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਸਮਝਦੇ ਸਨ। ਮੈਂ ਦਿਲ ਵਿਚ ਕਹਿੰਦਾ ਸਾਂ- "ਓਹ ਲੋਕ ਕਿੰਨੇ ਭਾਗਾਂ ਵਾਲੇ ਹਨ ਜੋ ਸ੍ਰੀ ਅੰਮ੍ਰਿਤਸਰ ਵਸਦੇ ਹਨ। ਨਿੱਤ ਅੰਮ੍ਰਿਤ ਸਰੋਵਰ ਵਿਚ ਅਸ਼ਨਾਨ ਕਰਦੇ, ਅੰਮ੍ਰਿਤ ਬਾਣੀ ਦਾ ਕੀਰਤਨ ਸੁਣਦੇ ਅਤੇ ਨਾਮਰਸ ਦੇ ਹੁਲਾਰੇ ਲੈਂਦੇ ਹਨ।" ਮੈਂ ਇਉਂ ਤਸੱਵਰ ਬੰਨ੍ਹ ਰਿਹਾ ਸਾਂ ਕਿ ਜਦ ਕਦੀ ਮੈਂ ਸ੍ਰੀ ਅੰਮ੍ਰਿਤਸਰ ਦੇ ਅਸ਼ਨਾਨ ਕਰਾਂਗਾ, ਅੰਮ੍ਰਿਤ ਵੇਲੇ ਹਰਿਮੰਦਰ ਵਿਚ ਅੰਮ੍ਰਿਤ ਭਿੰਨਾ ਕੀਰਤਨ ਸੁਣਾਂਗਾ ਤਾਂ ਮੇਰੀ ਕਾਇਆ ਪਲਟ ਜਾਏਗੀ। ਮੇਰੇ ਅੰਦਰ ਕੋਈ ਜੋਤ ਜਾਗ ਉਠੇਗੀ ਅਤੇ ਫਿਰ ਮੈਂ ਕਈ ਲੋਕਾਂ ਦੇ ਜੀਵਨ ਪਲਟ ਦੇਵਾਂਗਾ। ਮੈਂ ਕਈ ਸਾਖੀਆਂ ਸੁਣੀਆਂ ਸਨ ਕਿ ਸਰੋਵਰ ਦੇ ਅੰਮ੍ਰਿਤ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਨਾਲ ਕਈਆਂ ਦੇ ਜੀਵਨ ਬਦਲ ਗਏ ਹਨ। ਇਤਿਹਾਸ ਵਿਚ ਇਹ ਵੀ ਪੜ੍ਹਿਆ ਸੀ ਕਿ ਅੰਮ੍ਰਿਤ ਸਰੋਵਰ ਵਿਚ ਕਾਂ ਨਹਾ ਕੇ ਹੰਸ ਬਣ ਗਿਆ ਸੀ ਤੇ ਪਿੰਗਲਾ ਨੌ ਬਰ ਨੌ ਹੋ ਗਿਆ ਸੀ। ਇਨ੍ਹਾਂ ਸਾਖੀਆਂ ਨੂੰ ਵੀ ਓਦੋਂ ਸੱਚੀਆਂ ਮੰਨਦਾ ਸਾਂ।

> ***ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀ ਖਾਸ ਤੌਰ 'ਤੇ ਬੜੀ ਸਿੱਕ ਲੱਗੀ ਰਹਿੰਦੀ ਸੀ। ਬਾਣੀ ਵਿਚ ਵੀ ਪੜ੍ਹਿਆ ਸੀ- "ਡਿਠੇ ਸਭੇ ਥਾਂ ਨਹੀਂ ਤੁਧ ਜੇਹਾ।" ਸੁੰਦਰੀ, ਬਿਜੈ ਸਿੰਘ ਤੇ ਸਿੱਖ ਇਤਿਹਾਸ ਵਿਚ ਤਾਂ ਅੰਮ੍ਰਿਤਸਰ ਦੀ ਮਹਿਮਾ ਦਾ ਹਿਸਾਬ ਨਹੀਂ ਸੀ। ਵਗਦੀਆਂ ਤਲਵਾਰਾਂ ਵਿਚ ਸਿੱਖ ਸ੍ਰੀ ਅੰਮ੍ਰਿਤਸਰ ਦਾ ਅਸ਼ਨਾਨ ਕਰਨ ਚਲੇ ਜਾਂਦੇ ਸਨ ਤੇ ਸ਼ਹੀਦੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਸਮਝਦੇ ਸਨ। ਮੈਂ ਦਿਲ ਵਿਚ ਕਹਿੰਦਾ ਸਾਂ- "ਓਹ ਲੋਕ ਕਿੰਨੇ ਭਾਗਾਂ ਵਾਲੇ ਹਨ ਜੋ ਸ੍ਰੀ ਅੰਮ੍ਰਿਤਸਰ ਵਸਦੇ ਹਨ। ਨਿੱਤ ਅੰਮ੍ਰਿਤ ਸਰੋਵਰ ਵਿਚ ਅਸ਼ਨਾਨ ਕਰਦੇ, ਅੰਮ੍ਰਿਤ ਬਾਣੀ ਦਾ ਕੀਰਤਨ ਸੁਣਦੇ ਅਤੇ ਨਾਮਰਸ ਦੇ ਹੁਲਾਰੇ ਲੈਂਦੇ ਹਨ।***



ਬੜੀਆਂ ਸੱਧਰਾਂ ਤੇ ਉਮੰਗਾਂ ਨਾਲ ਭਰਿਆ ਹੋਇਆ ਦਿਲ ਲੈ ਕੇ ਦੀਪ ਮਾਲਾ ਦੇ ਮੌਕੇ ਉਤੇ ਮੈਂ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਬੜੀ ਸ਼ਰਧਾ ਭਗਤੀ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅਸ਼ਨਾਨ ਕੀਤੇ। ਦਿਲ ਨੂੰ ਬੜੀ ਸ਼ਾਂਤੀ ਤੇ ਪਰਸੰਨਤਾ ਪਰਾਪਤ ਹੋਈ ਪਰ ਪਰਕਰਮਾ ਵਿਚ ਗੰਦ ਮੰਦ, ਸਰੋਵਰ ਦੇ ਕਿਨਾਰੇ ਬੈਠੇ ਪੰਡਤਾਂ ਤੇ ਮੰਗਤਿਆਂ ਦੀ ਭੀੜ ਅਤੇ ਪੁਜਾਰੀਆਂ ਤੇ ਰਾਗੀਆਂ ਦੀਆਂ ਲਾਲਚ ਭਰੀਆਂ ਨਜ਼ਰਾਂ ਤੇ ਲੋਭੀ ਹਰਕਤਾਂ ਵੇਖ ਕੇ ਦਿਲ ਵਿਚ ਦੁੱਖ ਵੀ ਬੜਾ ਹੋਇਆ। ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਇਕ 10-12 ਵਰ੍ਹੇ ਦੇ ਬਾਲਕ ਨੂੰ ਬੈਠਾ ਵੇਖ ਕੇ ਮੈਂ ਹੈਰਾਨ ਰਹਿ ਗਿਆ। ਪੁੱਛਣ ਤੋਂ ਪਤਾ ਲੱਗਾ ਕਿ ਈਹੋ ਭਾਈ ਫ਼ਤੇ ਸਿੰਘ ਹੈਡ ਗਰੰਥੀ ਹੈ ਜਿਸ ਨੂੰ ਸਰਕਾਰ ਨੇ ਜੱਦੀ ਜਾਇਦਾਦ ਦੇ ਮਾਲਕ ਵਾਂਗ ਇਸ ਗੱਦੀ ਉਤੇ ਬਿਠਾ ਦਿੱਤਾ ਸੀ। ਜਿਸ ਕਰਕੇ ਸਿੱਖ ਨਾਰਾਜ਼ ਸਨ।

ਮਥਰਾ ਦੇ ਬਨਾਰਸ ਦੇ ਪਾਂਡਿਆਂ ਦੀ ਠੱਗੀ ਦੀਆਂ ਗੱਲਾਂ ਸੁਣਦਾ ਹੁੰਦਾ ਸਾਂ ਪਰ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੂੰ ਵੇਖ ਕੇ ਮੈਂ ਖਿਆਲ ਕੀਤਾ ਕਿ ਇਹ ਵੀ ਉਨ੍ਹਾਂ ਤੋਂ ਘੱਟ ਨਹੀਂ ਸਨ। ਇਹ ਧਰਮ ਦੇ ਆਗੂ ਇਨ੍ਹਾਂ ਪਵਿੱਤਰ ਧਰਮ ਅਸਥਾਨਾਂ ਨੂੰ ਆਪਣੀਆਂ ਦੁਕਾਨਾਂ ਸਮਝ ਰਹੇ ਸਨ। ਮੈਂ ਸੋਚਦਾ ਸਾਂ 'ਜੇ ਘਰ ਭੰਨੈ ਪਾਹਰੂ ਤਿਸ ਕੋ ਰਖਵਾਰਾ' ਜੋ ਸਾਡੇ ਧਰਮ ਦੇ ਆਗੂਆਂ ਦਾ ਇਹ ਹਾਲ ਹੈ ਤਾਂ ਸਾਡੇ ਧਰਮ ਦਾ ਰੱਬ ਹੀ ਰਾਖਾ! ਗੁਰਦੁਆਰੇ ਉਤੇ ਅਮਲੀ ਤੌਰ'ਤੇ ਸਰਕਾਰੀ ਕਬਜ਼ਾ ਸੀ। ਸਰਕਾਰ ਦਾ ਮੁਕੱਰਰ ਕੀਤਾ ਹੋਇਆ ਸਰਬਰਾਹ ਸਰਦਾਰ ਅਰੂੜ ਸਿੰਘ ਹੁਕਮ ਚਲਾਉਂਦਾ ਸੀ ਅਤੇ ਗਰੰਥੀ, ਪੁਜਾਰੀ, ਸਿੱਖ ਸੰਗਤਾਂ ਦੀ ਰਤਾ ਪਰਵਾਹ ਨਹੀਂ ਕਰਦੇ ਸਨ।

ਸਵੇਰ ਵੇਲੇ ਮਲਵਈ ਬੁੰਗੇ ਵਿਚ ਚੀਫ਼ ਖਾਲਸਾ ਦੀਵਾਨ ਦਾ ਦੀਵਾਨ ਸਜਿਆ ਹੋਇਆ ਸੀ। ਮੈਂ ਉਥੇ ਜਾ ਬੈਠਾ। ਸ਼ਬਦ ਕੀਰਤਨ ਤੇ ਕਥਾ ਮਗਰੋਂ ਉਸ ਵੇਲੇ ਦੀ ਪਰਸਿੱ ਪਰਚਾਰਕਾ ਮਾਈ ਰਾਮ ਕੌਰ ਵਖਿਆਨ ਕਰਨ ਲੱਗ ਪਈ। ਥੋੜ੍ਹੇ ਚਿਰ ਮਗਰੋਂ ਇਕ ਡਾਢੀ ਦੁਖਦਾਈ ਘਟਨਾ ਵਾਪਰੀ। ਜਿਸ ਨੇ ਸਾਰਾ ਪ੍ਰੋਗਰਾਮ ਬਦਲ ਦਿੱਤਾ। ਦੋ ਸਿੱਖ ਇਕ ਹਿੰਦੂ ਨੂੰ ਪਰਕਰਮਾ ਵਿਚੋਂ ਫੜ ਕੇ ਦੀਵਾਨ ਵਿਚ ਲੈ ਆਏ। ਉਸ ਦੀ ਮੈਲੀ ਜਿਹੀ ਧੋਤੀ ਦੀ ਗੰਢੜੀ ਵਿਚ ਕੁਝ ਬੱਧਾ ਹੋਇਆ ਸੀ। ਮਾਈ ਰਾਮ ਕੌਰ ਨੇ ਉਹ ਗੰਢੜੀ ਲੈ ਕੇ ਮੇਜ਼ ਉਤੇ ਰੱਖੀ। ਪਤਾ ਲੱਗਾ ਕਿ ਇਸ ਵਿਚ ਪੰਜ ਛੇ ਸੇਰ ਕੜਾਹ ਪਰਸ਼ਾਦ ਬੱਧਾ ਸੀ।

ਮਾਈ ਰਾਮ ਕੌਰ ਨੇ ਡਾਢੀ ਦਰਦ ਭਰੀ ਆਵਾਜ਼ ਵਿਚ ਆਖਿਆ-

"ਖਾਲਸਾ ਜੀ, ਇਹ ਜੇ ਸਾਡੇ ਪਵਿੱਤਰ ਗੁਰਧਾਮਾਂ ਦਾ ਹਾਲ! ਜਾਣਦੇ ਹੋ, ਇਹ ਕੀ ਚੀਜ਼ ਹੈ? ਇਹ ਪਵਿੱਤਰ ਕੜਾਹ ਪਰਸ਼ਾਦ ਹੈ। ਇਹ ਦੂਰ ਦੂਰ ਤੋਂ ਆਈਆਂ ਸੰਗਤਾਂ ਦੀ ਪਵਿੱਤਰ ਸ਼ਰਧਾ ਭਗਤੀ ਹੈ, ਜਿਹੜੀ ਇਥੇ ਟਕੇ ਸੇਰ ਵਿਕ ਰਹੀ ਹੈ! ਲਾਲਚੀ ਗਰੰਥੀ ਤੇ ਪੁਜਾਰੀ ਸ਼ਰਧਾ ਭਗਤੀ ਨਾਲ ਚੜ੍ਹਾਏ ਕੜਾਹ ਪਰਸ਼ਾਦ ਨੂੰ ਸੰਗਤਾਂ ਵਿਚ ਵੰਡਦੇ ਨਹੀਂ। ਪਰਸਾਦ ਚੜ੍ਹਾਉਣ ਵਾਲੇ ਨੂੰ ਥੋੜ੍ਹਾ ਜਿਹਾ ਦੇ ਕੇ ਬਾਕੀ ਸਾਰਾ ਇਕ ਵੱਡੇ ਕੜਾਹੇ ਵਿਚ ਇਕੱਠਾ ਕਰਦੇ ਰਹਿੰਦੇ ਹਨ ਅਤੇ ਆਨੇ ਦੋ ਆਨੇ ਸੇਰ ਵੇਚ ਕੇ ਪੈਸੇ ਇਕੱਠੇ ਕਰਦੇ ਹਨ। ਵਧਿਆ ਹੋਇਆ ਪਰਸ਼ਾਦ ਆਪਣੇ ਘਰੀਂ ਲਿਜਾ ਕੇ ਕੁੱਤਿਆਂ ਤੇ ਘੋੜਿਆਂ ਨੂੰ ਪਾਉਂਦੇ ਹਨ। ਸਾਡੀਆਂ ਅਖਬਾਰਾਂ ਗੁਰਦੁਆਰਿਆਂ ਦੀ ਦੁਰਦਸ਼ਾ ਬਾਰੇ ਦੁਹਾਈਆਂ ਪਾ ਰਹੀਆਂ ਹਨ, ਪਰ ਸਰਕਾਰ ਪਰਵਾਹ ਨਹੀਂ ਕਰਦੀ ਅਤੇ ਤੁਸੀਂ ਸੁੱਤੇ ਪਏ ਹੋ। ਖਾਲਸਾ ਜੀ ਜਾਗੋ, ਜੀਉਂਦੇ ਹੋ ਕੇ ਮਰ ਗਏ ਹੋ! ਤੁਹਾਡੀ ਖਾਲਸਈ ਅਣਖ ਕਿਥੇ ਚਲੀ ਗਈ? ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਯਾਦ ਕਰੋ।"

> ***ਸੁਧਾਰਕ ਖਿਆਲ ਦੇ ਸਿੰਘਾਂ ਤੇ ਪੁਜਾਰੀਆਂ ਵਿਚਕਾਰ ਚਿਰ ਤੋਂ ਵਿਰੋਧ ਵਧ ਰਿਹਾ ਸੀ। ਅੱਜ ਖੁਲ੍ਹੇ ਦੀਵਾਨ ਵਿਚ ਮਾਈ ਰਾਮ ਕੌਰ ਵੱਲੋਂ ਕੜਾਹ ਪਰਸ਼ਾਦ ਦੀ ਬੇਅਦਬੀ ਤੇ ਦਰਬਾਰ ਸਾਹਿਬ ਵਿਚ ਪ੍ਰਚਲਿਤ ਕੁਰੀਤੀਆਂ ਵਿਰੁਧ ਧੜੱਲੇਦਾਰ ਵਖਿਆਨ ਨੇ ਉਨ੍ਹਾਂ ਨੂੰ ਸੱਤੀਂ ਕੱਪੜੀਂ ਅੱਗ ਲਾ ਦਿੱਤੀ ਸੀ। ਗਰੰਥੀਆਂ ਤੇ ਪੁਜਾਰੀਆਂ ਨੂੰ ਪਤਾ ਸੀ ਕਿ ਸਦਾ ਵਾਂਗ ਦੀਵਾਨ ਦੀ ਸਮਾਪਤੀ ਮਗਰੋਂ ਮਾਈ ਰਾਮ ਕੌਰ ਜੱਥਾ ਲੈ ਕੇ ਹਰਿਮੰਦਰ ਸਾਹਿਬ ਦਰਸ਼ਨ ਨੂੰ ਆਏਗੀ। ਉਨ੍ਹਾਂ ਡਾਂਗਾਂ ਸੋਟੇ ਇਕੱਠੇ ਕਰਕੇ ਤਿਆਰੀ ਕਰ ਲਈ ਸੀ।***

ਮਾਈ ਰਾਮ ਕੌਰ ਦੇ ਇਨ੍ਹਾਂ ਸ਼ਬਦਾਂ ਨੇ ਮੇਰਾ ਕਲੇਜਾ ਵਿੰਨ੍ਹ ਦਿੱਤਾ। ਸੰਗਤ ਵਿਚ ਵੀ ਸਨਾਟਾ ਛਾ ਗਿਆ।

ਮਾਈ ਰਾਮ ਕੌਰ ਦੇ ਲੈਕਚਰ ਮਗਰੋਂ ਇਕ ਦੋ ਲੈਕਚਰ ਹੋਰ ਹੋਏ। ਦੀਵਾਨ ਦੇ ਭੋਗ ਪੈਣ ਮਗਰੋਂ ਮਾਈ ਰਾਮ ਕੌਰ ਦੀ ਅਗਵਾਈ ਵਿਚ ਇਕ ਜੱਥਾ ਸ਼ਬਦ ਪੜ੍ਹਦਾ ਹੋਇਆ ਪਰਕਰਮਾ ਕਰਨ ਤੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਚਲ ਪਿਆ। ਮੈਂ ਬਾਜ਼ਾਰ ਮਾਈ ਸੇਵਾ ਵਿਚੋਂ ਕੁਝ ਪੁਸਤਕਾਂ ਖਰੀਦਣ ਲਈ ਚਲਾ ਗਿਆ।

ਕੋਈ ਅੱਧੇ ਕੁ ਘੰਟੇ ਮਗਰੋਂ ਬਾਜ਼ਾਰ ਵਿਚ ਰੌਲਾ ਪੈ ਗਿਆ ਕਿ ਮਾਈ ਰਾਮ ਕੌਰ ਦੇ ਜੱਥੇ ਨੂੰ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਡਾਂਗਾਂ ਨਾਲ ਕੁੱਟ ਕੁੱਟ ਕੇ ਕਈਆਂ ਨੂੰ ਫੱਟੜ ਕਰ ਦਿੱਤਾ ਹੈ। ਮਾਈ ਰਾਮ ਕੌਰ ਵੀ ਬੁਰੀ ਤਰ੍ਹਾਂ ਫੱਟੜ ਹੋ ਗਈ ਹੈ।

ਸੁਧਾਰਕ ਖਿਆਲ ਦੇ ਸਿੰਘਾਂ ਤੇ ਪੁਜਾਰੀਆਂ ਵਿਚਕਾਰ ਚਿਰ ਤੋਂ ਵਿਰੋਧ ਵਧ ਰਿਹਾ ਸੀ। ਅੱਜ ਖੁਲ੍ਹੇ ਦੀਵਾਨ ਵਿਚ ਮਾਈ ਰਾਮ ਕੌਰ ਵੱਲੋਂ ਕੜਾਹ ਪਰਸ਼ਾਦ ਦੀ ਬੇਅਦਬੀ ਤੇ ਦਰਬਾਰ ਸਾਹਿਬ ਵਿਚ ਪਰਚਲਤ ਕੁਰੀਤੀਆਂ ਵਿਰੁਧ ਧੜੱਲੇਦਾਰ ਵਖਿਆਨ ਨੇ ਉਨ੍ਹਾਂ ਨੂੰ ਸੱਤੀਂ ਕੱਪੜੀਂ ਅੱਗ ਲਾ ਦਿੱਤੀ ਸੀ। ਗਰੰਥੀਆਂ ਤੇ ਪੁਜਾਰੀਆਂ ਨੂੰ ਪਤਾ ਸੀ ਕਿ ਸਦਾ ਵਾਂਗ ਦੀਵਾਨ ਦੀ ਸਮਾਪਤੀ ਮਗਰੋਂ ਮਾਈ ਰਾਮ ਕੌਰ ਜੱਥਾ ਲੈ ਕੇ ਹਰਿਮੰਦਰ ਸਾਹਿਬ ਦਰਸ਼ਨ ਨੂੰ ਆਏਗੀ। ਪੈਰ ਉਤੇ ਬਦਲਾ ਲੈ ਕੇ ਦਿਲ ਠੰਡਾ ਕਰਨ ਲਈ ਉਨ੍ਹਾਂ ਨੇ ਡਾਂਗਾਂ ਸੋਟੇ ਇਕੱਠੇ ਕਰਕੇ ਤਿਆਰੀ ਕਰ ਲਈ ਸੀ। ਜਦੋਂ ਸ਼ਬਦ ਪੜ੍ਹਦਾ ਜੱਥਾ ਦਰਸ਼ਨੀ ਡਿਉਢੀ ਵਿਚੋਂ ਲੰਘ ਕੇ ਹਰਿਮੰਦਰ ਸਾਹਿਬ ਦੇ ਸਾਹਮਣੇ ਮੱਥਾ ਟੇਕਣ ਲੱਗਾ ਤਾਂ ਉਨ੍ਹਾਂ ਉਤੇ ਅਚਨਚੇਤ ਮੀਂਹ ਵਾਂਗ ਡਾਂਗਾਂ ਵਰ੍ਹਨੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ ਕਿ ਗਰੰਥੀ ਪੁਜਾਰੀ ਅਜਿਹਾ ਕਹਿਰ ਕਮਾਉਣ ਉਤੇ ਉਤਰ ਆਉਣਗੇ, ਪਰ ਉਨ੍ਹਾਂ ਨੂੰ ਡਰ ਕਾਹਦਾ ਸੀ?

"ਸਈਆਂ ਭਏ ਕੁਤਵਾਲ ਅਬ ਡਰ ਕਾਹੇ ਕਾ"

ਸਰਕਾਰ ਮਾਈ ਬਾਪ ਦਾ ਹੱਥ ਉਨ੍ਹਾਂ ਦੇ ਸਿਰ ਉਪਰ ਸੀ। ਪੁਲਿਸ ਨੂੰ ਤੇ ਸਥਾਨਕ ਹਾਕਮਾਂ ਨੂੰ ਉਹ ਸਦਾ ਪਰਸੰਨ ਰੱਖਦੇ ਸਨ। ਸਿੱਖ ਸੰਗਤਾਂ ਨੂੰ ਉਹ ਟਿਚ ਸਮਝਦੇ ਸਨ। ਇਸ ਬੇਦਰਦੀ ਨਾਲ ਇਕ ਧਰਮ ਪਰਚਾਰਕਾ ਮਾਈ ਤੇ ਗੁਰੂ ਪਿਆਰੇ ਸਿੱਖਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਲਹੂ ਲੁਹਾਣ ਕਰਕੇ ਉਹ ਝੱਟ ਘੰਟਾ ਘਰ ਦੇ ਕੋਲ ਪੁਲਿਸ ਚੌਕੀ ਵਿਚ ਚਲੇ ਗਏ। ਰਿਪੋਰਟ ਲਿਖਾ ਦਿੱਤੀ ਕਿ ਮਾਈ ਰਾਮ ਕੌਰ ਸਿੰਘ ਸਭੀਆਂ ਦਾ ਜੱਥਾ ਲੈ ਕੇ ਗੁਰੂ ਦੀ ਗੋਲਕ ਲੁੱਟਣ ਆ ਪਈ ਸੀ। ਥਾਣੇਦਾਰ ਸਾਹਿਬ ਨੇ ਪੁਲਿਸ ਦੀ ਗਾਰਦ ਲੈ ਕੇ ਤੁਰੰਤ ਮਾਈ ਰਾਮ ਕੌਰ ਨੂੰ ਕੁਝ ਹੋਰ ਦੂਹਰੀਆਂ ਪੱਗਾਂ ਵਾਲੇ ਸਿੱਖਾਂ ਨੂੰ ਘੇਰੇ ਵਿਚ ਲੈ ਕੇ ਪੁਲਿਸ ਚੌਕੀ ਵਿਚ ਬੁਲਾ ਲਿਆ।

ਜਦੋਂ ਮੈਂ ਬਾਜ਼ਾਰ ਵਿਚ ਇਹ ਸਾਰੀ ਖਬਰ ਤੇ ਰੌਲਾ ਗੌਲਾ ਸੁਣਿਆ ਤਾਂ ਮੈਂ ਵੀ ਝੱਟ ਪੱਟ ਭੱਜਾ ਭੱਜਾ ਘੰਟਾ ਘਰ ਕੋਲ ਪੁਲਿਸ ਚੌਕੀ ਕੋਲ ਪੁਜਾ। ਉਥੇ ਹੋਰ ਗਰੰਥੀਆਂ ਤੋਂ ਬਿਨਾਂ ਇਕ ਮੱਧਰੇ ਕਦ ਦਾ ਚਿਲਕਦੇ ਲੰਮੇ ਦਾਹੜੇ ਵਾਲਾ ਗਰੰਥੀ ਸੀ। ਜਿਸ ਦਾ ਦਾਹੜਾ ਧੁਨੀ ਤੋਂ ਹੇਠਾਂ ਤੱਕ ਲੰਮਾ ਸੀ। ਗਲ ਵਿਚ ਸਰਬ-ਲੋਹ ਦੀ ਮਾਲਾ ਤੇ ਹੱਥ ਵਿਚ ਸਿਮਰਨਾ ਸੀ। ਕੜਾਹ ਦੀ ਥਿੰਧਿਆਈ ਨਾਲ ਉਸ ਦਾ ਮੂੰਹ ਚਿਲਕ ਰਿਹਾ ਸੀ। ਮੈਨੂੰ ਵੇਖਦਿਆਂ ਹੀ ਥਾਣੇਦਾਰ ਨੂੰ ਕਹਿਣ ਲੱਗਾ- "ਲੌ ਜੀ ਔਹ ਆ ਗਿਆ ਜੇ, ਇਹ ਵੀ ਰਾਮ ਕੌਰ ਦੇ ਨਾਲ ਸੀ ਤੇ ਉਚੀ ਉਚੀ ਕਹਿੰਦਾ ਸੀ, "ਫੜ ਲੌ ਗਰੰਥੀਆਂ ਨੂੰ ਤੇ ਲੁੱਟ ਲੌ ਗੋਲਕ।"

ਮੈਨੂੰ ਪੁੱਛਣ ਦੀ ਹੁਣ ਕੀ ਲੋੜ ਸੀ! ਝੱਟ ਮੈਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੇਰੇ ਸਣੇ 20-25 ਸਿੰਘਾਂ ਨੂੰ ਘੇਰ ਕੇ ਸ਼ਹਿਰ ਦੀ ਕੋਤਵਾਲੀ ਵਿਚ ਜਾ ਡਕਿਆ।

ਇਹ ਸੀ ਮੇਰੀ ਪਹਿਲੀ ਹਵਾਲਾਤ ਯਾਤਰਾ! ਹਵਾਲਾਤ ਕੀ ਸੀ, ਘੋੜਿਆ ਦਾ ਅਸਤਬਲ ਸੀ। ਇਕ ਨੁੱਕਰ ਵਿਚ ਪਸ਼ਾਬ ਤੇ ਟੱਟੀ ਦਾ ਬੰਦੋਬਸਤ ਸੀ। ਜਿਥੋਂ ਦੇ ਗੰਦ ਤੇ ਬਦਬੂ ਨਾਲ ਨੱਕ ਸੜ ਰਿਹਾ ਸੀ। ਓਥੇ ਗੱਲਾਂ ਬਾਤਾਂ ਕਰਨ ਤੋਂ ਪਤਾ ਲੱਗਾ ਕਿ ਗ੍ਰਿਫਤਾਰ ਹੋਇਆਂ ਵਿਚੋਂ ਅਧਿਆਂ ਤੋਂ ਵੱਧ ਉਹ ਸੱਜਣ ਸਨ ਜਿਹੜੇ ਅਜੇ ਪਰਕਰਮਾ ਵਿਚ ਵੀ ਨਹੀਂ ਗਏ ਸਨ।

ਗਰੰਥੀਆਂ ਦਾ ਝੂਠ ਫਰੇਬ ਤੇ ਧੱਕੇ ਸ਼ਾਹੀ ਅਤੇ ਪੁਲਿਸ ਵੱਲੋਂ ਬਿਨਾਂ ਪੁੱਛ ਗਿੱਛ ਦੇ ਅੰਧਾ ਧੁੰਦ ਗ੍ਰਿਫਤਾਰੀ ਵੇਖ ਕੇ ਮੈਂ ਆਖਿਆ- "ਇਸ ਦਾ ਨਾਂ ਹੈ ਅੰਧ ਰਾਜ ਤੇ ਬੇਦਾਦ ਨਗਰੀ।" ਸਾਰਾ ਦਿਨ ਅਸੀਂ ਹਵਾਲਾਤ ਵਿਚ ਭੁੱਖੇ ਭਾਣੇ ਡੱਕੇ ਰਹੇ। ਤ੍ਰਿਕਾਲਾਂ ਵੇਲੇ ਸਾਡੇ ਨਾਂ ਪਤੇ ਤੇ ਬਿਆਨ ਲਿਖਣੇ ਸ਼ੁਰੂ ਕੀਤੇ ਗਏ। ਫਿਰ ਥਾਣੇਦਾਰ ਸਾਨੂੰ ਧਮਕੀਆਂ ਦੇ ਕੇ ਕਹਿਣ ਲੱਗਾ ਕਿ ਮਾਫੀਨਾਮਾ ਲਿਖ ਦਿਓ ਤੁਹਾਨੂੰ ਰਿਹਾਅ ਕਰ ਦਿਆਂਗਾ।

ਮੈਂ ਪੁੱਛਿਆ- "ਥਾਣੇਦਾਰ ਸਾਹਿਬ ਡਾਕੇ ਦੇ ਮੁਕੱਦਮੇ ਵਿਚ ਮਾਫੀ ਕੈਸੀ? ਜੇ ਅਸਾਂ ਡਾਕਾ ਮਾਰਨ ਦਾ ਜੁਰਮ ਕੀਤਾ ਹੈ ਤਾਂ ਸਾਨੂੰ ਚਲਾਨ ਕਰੋ, ਅਸੀਂ ਮੁਕੱਦਮਾ ਲੜਾਂਗੇ।" ਬਿਆਨ ਲਿਖ ਕੇ ਥਾਣੇਦਾਰ ਚਲਦਾ ਹੋਇਆ।

ਘੰਟੇ ਕੁ ਮਗਰੋਂ ਸਾਡੇ ਜਾਤੀ ਮਚਲਕੇ ਲੈ ਕੇ ਸਾਨੂੰ ਛੱਡ ਦਿੱਤਾ ਗਿਆ।

ਮੈਂ ਅੰਮ੍ਰਿਤਸਰ ਸਾਹਿਬ ਬੜੀ ਸ਼ਰਧਾ ਭਗਤੀ ਤੇ ਤਾਂਘ ਨਾਲ ਦਿਲ ਵਿਚ ਆਤਮਕ ਜੋਤ ਜਗਾਉਣ ਦੇ ਆਸ਼ੇ ਨਾਲ ਗਿਆ ਸਾਂ। ਉਹ ਜੋਤ ਨਾ ਜਗੀ ਪਰ ਦਿਲ ਵਿਚ ਇਕ ਲਾਟ ਬਾਲ ਕੇ ਵਾਪਸ ਮੁੜਿਆ, ਇਹ ਲਾਟ ਗੁਰਦੁਆਰਾ ਸੁਧਾਰ ਤੇ ਰਾਜ ਪਰਬੰਧ ਦੇ ਸੁਧਾਰ ਦੀ ਅਬੁਝ ਅਗਨੀ ਸੀ।

ਇਹ ਹੈ ਮੇਰੀ ਪਹਿਲੀ ਹਵਾਲਾਤ ਯਾਤਰਾ ਦੀ ਸੰਖੇਪ ਕਥਾ।

# ਗਦਰ ਲਹਿਰ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਸੈਮੀਨਾਰ

**ਨਿਊ ਯਾਰਕ (ਬਿਊਰੋ):** "ਆਜ਼ਾਦੀ ਪ੍ਰਾਪਤ ਕਰਨ ਵਾਸਤੇ ਹਜ਼ਾਰਾਂ ਦੇਸ਼ ਭਗਤਾਂ ਨੇ ਇਨ੍ਹਾਂ ਲਹਿਰਾਂ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਹੁਣ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਸੰਕੀਰਨਤਾ ਨੂੰ ਦੂਰ ਰੱਖਦੇ ਹੋਏ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਸਾਨੂੰ ਬੜੇ ਲੰਬੇ ਸੰਘਰਸ਼ ਤੋਂ ਬਾਅਦ ਆਜ਼ਾਦੀ ਦਿਵਾਈ। ਉਹ ਧਰਮ ਨਿਰਪਖ ਸਨ, ਪਰ ਅੱਜ ਸ਼ਹੀਦਾਂ ਨੂੰ ਵੀ ਸੰਪਰਦਾਇਕ ਰੰਗ ਦਿੱਤਾ ਜਾ ਰਿਹਾ ਹੈ।"



ਡਾ. ਗੁਰੂਮੇਲ ਸਿੰਘ ਸਿੱਧੂ



ਕਸ਼ਮੀਰ ਸਿੰਘ ਕਾਂਗਣਾ



ਡਾ. ਰਾਮਜੀ ਦਾਸ ਸੇਠੀ



ਹਰਪਾਲ ਸਿੰਘ ਨਾਮਧਾਰੀ



ਸਰਮੁਖ ਸਿੰਘ ਨਾਮਧਾਰੀ



ਪ੍ਰੋ. ਪਰਮਜੀਤ ਕੌਰ



ਸਤਿਨਾਮ ਸਿੰਘ ਵਡਾਲਾ



ਰਾਣੀ ਨਗਿੰਦਰ ਕੌਰ



ਸੁਰਿੰਦਰ ਕੌਰ



ਮਨਮੋਹਨ ਪੂੰਨੀ

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਵੈਸ਼ਨਵ ਟੈਂਪਲ ਦੇ ਮੀਟਿੰਗ ਹਾਲ ਵਿਚ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਵੱਲੋਂ ਕੂਕਾ ਲਹਿਰ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਫਰਿਜ਼ਨੋ (ਕੈਲੀਫੋਰਨੀਆ) ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ




ਮੁੱਖ ਬੁਲਾਰੇ ਡਾ. ਗੁਰੂਮੇਲ ਸਿੰਘ ਸਿੱਧੂ ਨੇ ਕੀਤਾ। ਆਪਣੀਆਂ ਭਾਵਨਾਵਾਂ ਉਨ੍ਹਾਂ ਕਾਵਿ ਸ਼ਬਦਾਂ ਵਿਚ ਇੰਜ ਪ੍ਰਗਟਾਈਆਂ:

ਅਸੀਂ ਤਾਂ ਵਤਨ ਦੇ ਲਈ
ਧੜਾਂ ਤੋਂ ਸਿਰ ਕਟਾਏ ਸਨ।
ਉਨ੍ਹਾਂ 'ਤੇ ਕਿਸੇ ਕੁੱਲ੍ਹਾ, ਕਿਸੇ ਟੋਪੀ,
ਕਿਸੇ ਪਗੜੀ ਸਜਾ ਦਿੱਤੀ।
ਲੜੇ ਸਨ ਹਿੰਦੂ, ਮੁਸਲਮਾਨ,
ਸਿੱਖ ਸਭ ਭਾਰਤੀ ਬਣ ਕੇ,
ਉਨ੍ਹਾਂ ਦੇ ਹੱਥਾਂ 'ਚ ਨੇਜਾ,
ਸ਼ਮਸ਼ੀਰ ਤੇ ਤ੍ਰਿਸ਼ੂਲ ਫੜਾ ਦਿੱਤੀ।

ਡਾ. ਸਿੱਧੂ ਨੇ ਆਪਣੇ ਖੋਜ ਭਰਪੂਰ ਭਾਸ਼ਣ ਵਿਚ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਬਾਰੇ ਤੱਥ ਭਰਪੂਰ ਅੰਕੜੇ ਪੇਸ਼ ਕੀਤੇ। ਉਨ੍ਹਾਂ ਸ਼ੁਰੂਆਤ ਵਿਚ ਕੂਕਾ ਲਹਿਰ ਦੇ ਬਾਨੀ ਅਤੇ ਜੰਗੇ ਆਜ਼ਾਦੀ ਦੇ ਮੋਢੀ ਸਤਿਗੁਰੂ ਬਾਬਾ ਰਾਮ ਸਿੰਘ ਦੀ ਸਮਾਜ ਸੁਧਾਰ ਅਤੇ ਰਾਜਨੀਤਕ ਖੇਤਰ ਵਿਚ ਅਹਿਮ ਭੂਮਿਕਾ ਬਾਰੇ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਬਾਬਾ ਜੀ ਨੇ ਕੁੜੀਆਂ ਨੂੰ ਮਾਰਨ, ਵੇਚਣ, ਵੱਟੇ 'ਤੇ ਵਿਆਹ ਕਰਨ ਤੇ ਬਾਲ ਵਿਆਹ 'ਤੇ ਸਖਤੀ ਨਾਲ ਰੋਕ ਲਾਈ, ਸਤੀ ਪ੍ਰਥਾ ਨੂੰ ਬੰਦ ਕੀਤਾ ਅਤੇ ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ। ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਮਾਸ, ਸ਼ਰਾਬ, ਚੋਰੀ ਜਾਰੀ, ਠੱਗੀ ਆਦਿ ਕੁਰੀਤੀਆਂ ਤੋਂ ਵਰਜਿਆ। ਵਿਆਜ ਲੈਣ ਤੋਂ ਮਨ੍ਹਾਂ ਕੀਤਾ। ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਪਾਸ ਅੰਗਰੇਜ਼ ਸਰਕਾਰ ਵੱਲੋਂ ਬੁੱਚੜਖਾਨੇ ਖੁਲ੍ਹਵਾਏ ਗਏ, ਜਿਸ ਦਾ ਨਾਮਧਾਰੀਆਂ ਨੇ ਕੇਵਲ ਵਿਰੋਧ ਹੀ ਨਹੀਂ ਕੀਤਾ, ਸਗੋਂ ਬੁੱਚੜਖਾਨਿਆਂ ਉਤੇ ਹਮਲੇ ਕਰ ਕੇ ਗੁਰਦੁਆਰਿਆਂ ਦੀ ਪਵਿਤਰਤਾ ਬਹਾਲ ਕੀਤੀ। ਗੁਰਮਤਿ ਅਨੰਦ ਮਰਿਆਦਾ ਦੀ ਰਸਮ ਸ਼ੁਰੂ ਕੀਤੀ ਅਤੇ ਦਾਜ ਦਹੇਜ ਰਹਿਤ ਸਮੂਹਿਕ ਅਨੰਦ ਕਾਰਜ ਸ਼ੁਰੂ ਕੀਤੇ। ਰਾਜਨੀਤਕ ਖੇਤਰ ਵਿਚ ਕੂਕਾ ਲਹਿਰ ਦੀ ਭੂਮਿਕਾ ਵਰਣਨਯੋਗ ਹੈ। ਬਾਬਾ ਜੀ ਨੇ ਸਭ ਤੋਂ ਪਹਿਲਾਂ ਬਰਤਾਨਵੀ ਸਾਮਰਾਜ ਪ੍ਰਤੀ ਨਾ-ਮਿਲਵਰਤਣ ਅਤੇ ਇਨ੍ਹਾਂ ਦੇ ਸਮੁੱਚੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ। ਉਨ੍ਹਾਂ ਦੇ ਮੁੱਖ ਅਸੂਲ ਸਨ: (1) ਅੰਗਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ। (2) ਸਰਕਾਰੀ ਸਕੂਲਾਂ, ਅਦਾਲਤਾਂ, ਰੇਲਾਂ, ਡਾਕ-ਤਾਰ ਆਦਿ ਦਾ ਬਾਈਕਾਟ। (3) ਬਰਤਾਨੀਆ ਦੇ ਬਣੇ ਕੱਪੜੇ ਅਤੇ ਹੋਰ ਵਸਤੂਆਂ ਦਾ ਵੀ ਬਾਈਕਾਟ। (4) ਸਵਦੇਸ਼ੀ ਦਾ ਪ੍ਰਚਾਰ: ਕੂਕਾ ਪੋਸਟਲ ਸਰਵਿਸ ਦੀ ਸ਼ੁਰੂਆਤ। (5) ਆਪਣੇ ਉਦੇਸ਼ਾਂ ਦੀ ਪੂਰਤੀ ਲਈ ਸੂਬਿਆਂ ਦੀ ਸਥਾਪਨਾ। (6) ਆਜ਼ਾਦ ਗੁਆਂਢੀ ਰਾਜਾਂ ਨਾਲ ਸਿਆਸੀ ਸਬੰਧ ਬਣਾਉਣੇ। ਉਨ੍ਹਾਂ ਦੱਸਿਆ ਬਾਬਾ ਰਾਮ ਸਿੰਘ ਨੇ ਬਰਤਾਨਵੀ ਸਾਮਰਾਜ ਦਾ ਸਮੁੱਚਾ ਬਾਈਕਾਟ ਕਰ ਕੇ ਆਪਣਾ ਪ੍ਰਬੰਧਕੀ ਢਾਂਚਾ ਬਣਾਇਆ। ਇਕ ਕਿਸਮ ਦੀ ਸਮਾਨੰਤਰ ਸਰਕਾਰ ਬਣਾ ਲਈ। ਕੂਕਾ ਲਹਿਰ ਆਜ਼ਾਦੀ ਸੰਗਰਾਮ ਦੀ ਮੁਢਲੀ ਲਹਿਰ ਵਜੋਂ ਜਾਣੀ ਜਾਂਦੀ ਹੈ।

ਗਦਰ ਲਹਿਰ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਭਾਰਤ ਅਤੇ ਕੈਨੇਡਾ ਵਿਚ ਵੀ ਅੰਗਰੇਜ਼ ਸਰਕਾਰ ਦਾ ਰਾਜ ਹੋਣ ਕਰ ਕੇ ਸੰਨ 1900 ਦੇ ਕਰੀਬ ਬਰਖਾਸਤ ਕੀਤੇ ਗਏ ਫੌਜੀ ਅਤੇ ਜਮੀਨਾਂ ਦੇ ਮਾਮਲੇ ਵਧਣ ਕਰ ਕੇ ਗਰੀਬ ਹੋਏ ਕਿਸਾਨ ਹਿੰਦੁਸਤਾਨ ਤੋਂ ਬਾਹਰਲੇ ਦੇਸ਼ਾਂ ਵੱਲ ਜਾਣੇ ਸ਼ੁਰੂ ਹੋਏ। ਕੈਨੇਡਾ ਵਿਚ ਭਾਰਤੀਆਂ ਦੀ ਗਿਣਤੀ ਵਧਦਿਆਂ ਦੇਖ ਅਖਬਾਰਾਂ ਨੇ ਇਸ ਨੂੰ ਬਰਾਊਨ ਇਨਵੇਜ਼ਨ ਦਾ ਨਾਮ ਦਿੱਤਾ। ਸਰਕਾਰ ਨੇ ਇਸ ਆਮਦ ਨੂੰ ਠੱਲ੍ਹਣ ਲਈ ਕਈ ਗੈਰ-ਕਾਨੂੰਨੀ ਢੁੱਚਰਾਂ ਡਾਹੀਆਂ; ਜਿਵੇਂ ਭਾਰਤ ਤੋਂ ਸਿੱਧੇ ਜਹਾਜ਼ ਰਾਹੀਂ ਕੈਨੇਡਾ ਪਹੁੰਚਣਾ, ਜੇਬ ਵਿਚ 200 ਡਾਲਰ ਨਗਦ ਹੋਣੇ, ਕੈਨੇਡਾ ਵਿਚ ਵੋਟ ਨਹੀਂ ਪਾ ਸਕਦੇ, ਕਿਸੇ ਵੀ ਅਹੁਦੇ ਲਈ ਇਲੈਕਸ਼ਨ ਨਹੀਂ ਲੜ ਸਕਦੇ ਅਤੇ ਨਾ ਹੀ ਜਿਊਰੀ ਮੈਂਬਰ ਬਣ ਸਕਦੇ ਹਨ। ਅਕਾਊਂਟੈਂਟ, ਵਕੀਲ ਅਤੇ ਫਾਰਮਾਸਿਸਟ ਦਾ ਕੰਮ ਨਹੀਂ ਕਰ ਸਕਦੇ। ਇਨ੍ਹਾਂ ਕਾਨੂੰਨਾਂ ਖਿਲਾਫ ਮਜਾਹਰੇ ਹੋਏ ਅਤੇ ਪ੍ਰਤੀਕਰਮ ਵਜੋਂ ਗਦਰ ਲਹਿਰ ਦਾ ਜਨਮ ਹੋਇਆ।

ਉਨ੍ਹਾਂ ਆਖਿਆ ਕਿ ਗਦਰ ਲਹਿਰ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਂਸ਼ੀ ਰਾਮ ਸਨ। ਗਦਰ ਲਹਿਰ ਨੇ ਆਪਣਾ ਅਖਬਾਰ ਕੱਢਿਆ ਜਿਸ ਦਾ ਨਾਮ 'ਗਦਰ' ਰੱਖਿਆ। ਅਖਬਾਰ ਦੇ ਪਹਿਲੇ ਸਫੇ 'ਤੇ ਲਿਖਿਆ ਹੁੰਦਾ ਸੀ: (1) ਸਾਡਾ ਨਾਮ ਕੀ ਹੈ? ਗਦਰ। (2) ਸਾਡਾ ਕੰਮ ਕੀ ਹੈ? ਗਦਰ ਮਚੌਣਾ। (3) ਗਦਰ ਕਿਥੇ ਹੋਵੇਗਾ? ਹਿੰਦੁਸਤਾਨ ਵਿਚ। (4) ਕਦੋਂ ਹੋਵੇਗਾ? ਥੋੜ੍ਹੇ ਸਮੇਂ ਵਿਚ। (5) ਕਿਉਂ? ਅੰਗਰੇਜ਼ੀ ਰਾਜ ਦੇ ਅੱਤਿਆਚਾਰ ਨਹੀਂ ਸਹਿ ਸਕਦੇ। (6) ਸੇਵਾ ਫਲ: ਮੌਤ; ਇਨਾਮ: ਸ਼ਹਾਦਤ; ਪੈਨਸ਼ਨ: ਆਜ਼ਾਦੀ। ਇਉਂ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਕਈ ਲਹਿਰਾਂ ਪੈਦਾ ਹੋਈਆਂ; ਜਿਵੇਂ ਕੂਕਾ ਲਹਿਰ, ਪਗੜੀ ਸੰਭਾਲ ਜੱਟਾ, ਗਦਰ ਲਹਿਰ, ਅਕਾਲੀ ਲਹਿਰ, ਬੱਬਰ ਲਹਿਰ, ਭਾਰਤ ਨੌਜੁਆਨ ਸਭਾ ਅਤੇ ਇੰਡੀਅਨ ਨੈਸ਼ਨਲ ਆਰਮੀ ਆਦਿ।

ਪ੍ਰੋਗਰਾਮ ਦੀ ਸ਼ੁਰੂਆਤ ਸ਼ਹੀਦਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ। ਭਾਰਤ ਤੋਂ ਆਏ ਸੇਵਕ ਹਰਪਾਲ ਸਿੰਘ ਨਾਮਧਾਰੀ ਨੇ ਵਿਸਥਾਰ ਨਾਲ ਸਤਿਗੁਰੂ ਰਾਮ ਸਿੰਘ ਵੱਲੋਂ ਚਲਾਈ ਗਈ ਨਾਮਧਾਰੀ ਸੰਸਥਾ, ਜਿਸ ਨੂੰ ਕੂਕਾ ਲਹਿਰ ਵਜੋਂ ਵੀ ਜਾਣਿਆ ਜਾਂਦਾ ਹੈ, ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ 1857 ਦੇ ਵਿਦਰੋਹ



ਤੋਂ ਬਾਅਦ ਸਭ ਤੋਂ ਪਹਿਲਾਂ ਇਕੋ-ਇਕ ਨਾਮਧਾਰੀ ਲਹਿਰ ਹੀ ਸੀ ਜੋ 1907 ਤੱਕ ਅੰਗਰੇਜ਼ਾਂ ਖਿਲਾਫ ਸੰਘਰਸ਼ਸ਼ੀਲ ਰਹੀ। ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ਾਂ ਦੇ ਰਾਜ ਵਿਚ ਆਪਣਾ ਰਾਜ ਕਾਇਮ ਕੀਤਾ ਅਤੇ ਅੰਗਰੇਜ਼ ਹਕੂਮਤ ਦਾ ਬਾਈਕਾਟ ਕਰਦਿਆਂ ਆਪਣੇ ਸਕੂਲ ਖੋਲ੍ਹੇ, ਡਾਕ ਮਹਿਕਮਾ ਬਣਾਇਆ, ਕੱਪੜਾ ਆਪ ਬਣਾਇਆ; ਨਾਲ ਹੀ ਆਪਣੀ ਕੋਰਟ (ਨਿਆਂ ਪਾਲਿਕਾ) ਬਣਾਈ। ਨਾਮਧਾਰੀ ਸੰਸਥਾ ਨੇ ਗਊ ਹੱਤਿਆ ਦਾ ਵਿਰੋਧ ਤਾਂ ਕੀਤਾ ਹੀ, ਬੁੱਚੜਖਾਨੇ ਵੀ ਬੰਦ ਕਰਵਾਏ; ਭਾਵੇਂ ਇਸ ਐਕਸ਼ਨ ਖਿਲਾਫ ਨਾਮਧਾਰੀ ਯੋਧਿਆਂ ਨੂੰ ਫਾਂਸੀ ਦੇ ਰੱਸੇ ਵੀ ਚੁੰਮਣੇ ਪਏ। ਨਾ-ਮਿਲਵਰਤਣ ਲਹਿਰ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਨੇ ਹੀ ਸ਼ੁਰੂ ਕੀਤੀ। ਤਕਰੀਬਨ 60-65 ਸਾਲ ਬਾਅਦ 1920 ਵਿਚ ਮਹਾਤਮਾ ਗਾਂਧੀ ਨੇ ਇਸ ਲਹਿਰ ਨੂੰ ਅਪਨਾਇਆ।

ਹਰਪਾਲ ਸਿੰਘ ਨਾਮਧਾਰੀ ਨੇ ਕਿਹਾ ਕਿ 1857 ਵਿਚ ਸਤਿਗੁਰੂ ਰਾਮ ਸਿੰਘ ਨੇ ਆਜ਼ਾਦੀ ਦਾ ਜੋ ਬਹੁ-ਮੁਖੀ ਸੰਗਰਾਮ ਸ਼ੁਰੂ ਕੀਤਾ, ਉਸ ਦੇ ਪਦ ਚਿੰਨ੍ਹਾਂ ਉਤੇ ਚੱਲ ਕੇ ਵੀਹਵੀਂ ਸਦੀ ਵਿਚ ਵਖ ਵਖ ਲਹਿਰਾਂ ਚੱਲੀਆਂ; ਇਹ ਭਾਵੇਂ ਪਗੜੀ ਸੰਭਾਲ ਜੱਟਾ ਲਹਿਰ ਸੀ, ਜਾਂ ਫਿਰ 1913 ਦੀ ਗਦਰ ਲਹਿਰ। ਇਤਿਹਾਸ ਦੱਸਦਾ ਹੈ ਕਿ ਗਦਰ ਜਥੇਬੰਦੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੀ ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਸਨ। ਇਸ ਮੌਕੇ ਉਨ੍ਹਾਂ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਅਤੇ ਨਾਮਧਾਰੀ ਸੰਗਤ ਨੂੰ ਸੱਦਾ ਦਿੱਤਾ ਕਿ ਸਾਰੀਆਂ ਸੰਸਥਾਵਾਂ ਰਲ-ਮਿਲ ਕੇ ਤੁਰਨ, ਗਦਰ ਲਹਿਰ ਦੇ ਜੁਝਾਰੂਆਂ ਨੂੰ ਯਾਦ ਕਰਦਿਆਂ ਆਪਣੇ ਪੰਜਾਬੀ ਵਿਰਸੇ ਨੂੰ ਬਚਾਉਣ ਅਤੇ ਆਉਣ ਵਾਲੀ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ।

ਸ਼ਾਇਰ ਅਤੇ ਕਹਾਣੀਕਾਰ ਸੁਰਿੰਦਰ ਸੋਹਲ ਨੇ ਪੰਜਾਬੀਅਤ ਨਾਲ ਹੋ ਰਹੀ ਬੇਇਨਸਾਫੀ ਬਾਰੇ ਕਿਹਾ ਕਿ ਦਿੱਲੀ ਵਿਚ ਦਿਆਲ ਸਿੰਘ

(ਬਾਕੀ ਅਗਲੇ ਸਫੇ 'ਤੇ)




# ਗਦਰ ਲਹਿਰ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਸੈਮੀਨਾਰ

*(ਪਿਛਲੇ ਸਫੇ ਦੀ ਬਾਕੀ)*

ਮਜੀਠੀਆ ਦੇ ਨਾਂ 'ਤੇ ਕਾਲਜ ਬਣੇ ਨੂੰ ਦਹਾਕੇ ਹੋ ਗਏ ਹਨ, ਪਰ ਹੁਣ ਗਿਣੀ-ਮਿਥੀ ਚਾਲ ਅਧੀਨ ਇਸ ਦਾ ਨਾਂ ਬਦਲ ਕੇ ਵੰਦੇ ਮਾਤਰਮ ਕੀਤਾ ਜਾ ਰਿਹਾ ਹੈ। ਇਹ ਪੰਜਾਬੀਅਤ ਉਤੇ ਘਾਤਕ ਵਾਰ ਹੈ ਅਤੇ ਪੰਜਾਬੀਆਂ ਨਾਲ ਬੇਇਨਸਾਫੀ ਹੈ। ਇਸ ਮੌਕੇ ਉਨ੍ਹਾਂ ਆਪਣੀ ਨਜ਼ਮ ਸੁਣਾਈ:

ਉਨ੍ਹਾਂ ਨੂੰ ਪਤਾ ਸੀ
ਮੇਰੇ 'ਤੇ ਸਾਹਮਣਿਓਂ ਵਾਰ ਕਰਨਾ
ਕਿੰਨਾ ਮੁਸ਼ਕਿਲ ਸੀ।
ਮੇਰੇ ਮੱਥੇ ਦੇ ਤੇਜ ਨੇ
ਉਨ੍ਹਾਂ ਦੇ ਡੌਲਿਆਂ 'ਚੋਂ
ਤਾਕਤ ਸੂਤ ਲੈਣੀ ਸੀ।



ਮੇਰੇ ਬੁੱਲ੍ਹਾਂ 'ਤੇ ਫੈਲਦੀ
ਸੱਚੀ ਮੁਸਕਾਨ ਨਾਲ
ਉਨ੍ਹਾਂ ਦੇ ਪੈਰਾਂ ਹੇਠੋਂ
ਜ਼ਮੀਨ ਖਿਸਕ ਜਾਣੀ ਸੀ।

ਬੇਕਰਜ਼ਫੀਲਡ (ਕੈਲੀਫੋਰਨੀਆ) ਤੋਂ ਆਏ ਸ. ਕਸ਼ਮੀਰ ਸਿੰਘ ਕਾਂਗਣਾ ਨੇ ਕੂਕਾ ਲਹਿਰ ਅਤੇ ਗਦਰੀ ਬਾਬਿਆਂ ਵੱਲੋਂ ਆਜ਼ਾਦੀ ਦੀ ਜੰਗ ਵਿਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਗਦਰੀ ਬਾਬੇ ਕਿੰਨੀਆਂ ਮਹਾਨ ਸ਼ਖਸੀਅਤਾਂ ਸਨ ਜਿਨ੍ਹਾਂ ਸਾਡੇ ਵਾਸਤੇ ਅਨੇਕਾਂ ਤਸੀਹੇ ਝੱਲੇ ਤੇ ਸ਼ਹੀਦੀਆਂ ਪਾ ਗਏ। ਸ. ਕਾਂਗਣਾ ਨੇ ਬਾਬਾ ਬਲਵੰਤ ਸਿੰਘ ਖੁਰਦਪੁਰ ਬਾਰੇ ਦੱਸਿਆ ਕਿ ਉਹ ਆਪਣੇ ਹੱਕਾਂ ਵਾਸਤੇ ਕੈਨੇਡਾ ਤੋਂ ਇੰਗਲੈਂਡ ਡੈਪੂਟੇਸ਼ਨ ਲੈ ਕੇ ਗਏ। ਉਨ੍ਹਾਂ ਨੂੰ ਵੀ ਅੰਗਰੇਜ਼ ਸਰਕਾਰ ਨੇ ਬਿਨਾ ਕਿਸੇ ਕਾਰਨ ਫਾਂਸੀ ਦੇ ਦਿੱਤੀ। ਹਰਨਾਮ ਸਿੰਘ ਨਾਮਾ, ਅਰੂੜ ਸਿੰਘ ਤੇ ਅਬਦੁਲ ਹਾਫਿਜ਼ ਵਰਗੇ ਯੋਧਿਆਂ ਨੂੰ ਵੀ ਆਜ਼ਾਦੀ ਦਾ ਹੱਕ ਮੰਗਣ ਕਰ ਕੇ ਛੋਟੇ-ਛੋਟੇ ਮੁਕੱਦਮੇ ਬਣਾ ਕੇ ਫਾਂਸੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਅਣਗੌਲੇ ਹੋਣ ਤੋਂ ਬਚਾਉਣ ਲਈ ਇਸ ਤਰ੍ਹਾਂ ਦੇ ਯਤਨ ਹੁੰਦੇ ਰਹਿਣੇ ਚਾਹੀਦੇ ਹਨ ਅਤੇ ਆਪਣੇ ਵਿਰਸੇ ਨੂੰ ਜੀਵਤ ਰੱਖਣ ਲਈ ਕੋਸ਼ਿਸ਼ਾਂ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ।

ਰਾਣੀ ਨਗਿੰਦਰ ਕੌਰ ਨੇ ਆਖਿਆ ਕਿ ਸਾਨੂੰ ਅਜਿਹੇ ਪ੍ਰੋਗਰਾਮਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਅਤੇ ਹਰ ਤਰ੍ਹਾਂ ਦਾ ਸਹਿਯੋਗ ਵੀ ਦੇਣਾ ਚਾਹੀਦਾ ਹੈ। ਕੂਕਾ ਲਹਿਰ ਦੇ ਸ਼ਹੀਦਾਂ ਅਤੇ ਗਦਰੀ ਬਾਬਿਆਂ ਨੇ ਆਪਣੀਆਂ ਜਾਨਾਂ ਵਾਰ ਕੇ ਭਾਰਤ ਨੂੰ ਅੰਗਰੇਜ਼ਾਂ ਹੱਥੋਂ ਆਜ਼ਾਦ ਕਵਾਇਆ।

ਪ੍ਰੋ. ਪਰਮਜੀਤ ਕੌਰ ਨੇ ਗਦਰੀਆਂ ਦੀ ਚਰਚਾ ਕਰਦਿਆਂ ਕਿਹਾ ਕਿ ਅੱਜ ਸਮੇਂ ਦੀ ਲੋੜ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰ ਕੇ ਉਨ੍ਹਾਂ ਦੇ ਮਿਸ਼ਨ ਨੂੰ ਅਗਾਂਹ ਵਧਾਉਣ ਦੀ ਹੈ। ਇਸ ਮੌਕੇ ਉਨ੍ਹਾਂ ਭਾਵਪੂਰਤ ਕਾਵਿ ਸਤਰਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ:

ਅਸੀਂ ਹੋ ਕੇ ਵੀ ਨਹੀਂ ਆਜ਼ਾਦ ਹੋਏ,
ਲੋਕ ਪੁੱਛਦੇ ਫਿਰਨ ਸਵਾਲ ਓਹੀ।
ਉਚਾ ਹੋਰ ਉਚਾ, ਨੀਵਾਂ ਹੋਰ ਨੀਵਾਂ,
ਚਾਹੀ ਤੁਸਾਂ ਕੁਝ ਹੋਰ ਤੇ ਹੋਰ ਹੋਈ।
ਬਦਲੇ ਘੋੜ ਸਵਾਰ ਹੀ ਘੋੜਿਆਂ ਦੇ,
ਚਾਬੁਕ ਰਹੀ ਲਗਾਮ ਤੇ ਡੋਰ ਉਹੀ।

ਬੀਬੀ ਸੁਰਿੰਦਰ ਕੌਰ ਨੇ ਇਸ ਪ੍ਰੋਗਰਾਮ ਨੂੰ ਜਾਰੀ ਰੱਖਣ ਅਤੇ ਹੋਰ ਵੀ ਉਤਸ਼ਾਹ ਨਾਲ ਮਨਾਉਣ ਲਈ ਆਖਿਆ:

ਗਦਰ ਨਾਮ ਸੀ ਗਰਮ ਲਹੂ ਦਾ,
ਗਦਰ ਸੰਤਾਲੀ 'ਚ ਲਾਹੀ ਪੰਜਾਲੀ,
ਅਣਖ ਨਾਲ ਜਿਊਣ ਦਾ ਚੱਜ ਸੀ,
ਗਦਰ ਇਕ ਆਸ ਸੀ ਸੂਹੀ ਸਵੇਰ ਦੀ,
ਸੱਤ ਸਮੁੰਦਰੋਂ ਪਾਰ ਉਠੀ,
ਗਦਰ ਇੱਕ ਗੂੰਜ ਸੀ
ਆਜ਼ਾਦੀ ਦੀ ਪੁਕਾਰ ਸੀ।

ਸ. ਤਰਸੇਮ ਸਿੰਘ ਘੁੰਮਣ ਨੇ ਸ਼ਹੀਦਾਂ ਬਾਰੇ ਕਵਿਤਾ ਪੜ੍ਹ ਕੇ ਆਪਣੀ ਹਾਜ਼ਰੀ ਲੁਆਈ।

ਹੈਰੀਟੇਜ ਫਾਊਂਡੇਸ਼ਨ ਦੇ ਮੈਂਬਰ ਸਰਮੁਖ ਸਿੰਘ ਨਾਮਧਾਰੀ ਨੇ ਕਿਹਾ ਕਿ ਅਸੀਂ ਇਥੇ ਜੋ ਇਕੱਠੇ ਹੋਏ ਹਾਂ, ਅਸੀਂ ਨਾ ਹਿੰਦੂ ਹਾਂ, ਨਾ ਸਿੱਖ, ਨਾ ਮੁਸਲਮਾਨ ਅਤੇ ਨਾ ਹੀ ਇਸਾਈ ਹਾਂ; ਅਸੀਂ ਕੇਵਲ ਦੇਸ਼ ਭਗਤ ਹਾਂ ਅਤੇ ਸ਼ਹੀਦਾਂ ਦੀ ਯਾਦ ਮਨਾਉਣ ਲਈ ਇਕੱਠੇ ਹੋਏ ਹਾਂ। ਉਨ੍ਹਾਂ ਸਤਿਗੁਰੂ ਰਾਮ ਸਿੰਘ ਵੱਲੋਂ ਇਸਤਰੀ ਜਾਤੀ ਦੀ ਮੁਕਤੀ ਲਈ ਕੀਤੇ ਪਰਉਪਕਾਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਾਬਾ ਰਾਮ ਸਿੰਘ ਨੇ ਲੜਕੀਆਂ ਨੂੰ ਮਾਰਨ, ਵੇਚਣ ਅਤੇ ਵੱਟਾ ਕਰਨ ਤੋਂ ਬੜੀ ਸਖਤੀ ਨਾਲ ਵਰਜਿਆ। ਕੁੜੀਆਂ ਨੂੰ ਮਾਰਨਾ ਗਊ ਹੱਤਿਆ ਤੋਂ ਵੀ ਵੱਡਾ ਪਾਪ ਦੱਸਿਆ। ਹੁਕਮਨਾਮੇ ਵਿਚ ਲਿਖਿਆ ਕਿ ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਏ ਦੇਣੇ ਹੋਸ਼ ਆਉਂਦੀ ਦੇ ਨਾਲ।

ਸ. ਸਤਿਨਾਮ ਸਿੰਘ ਵਡਾਲਾ ਨੇ 'ਛੱਟਾ ਚਾਨਣਾਂ ਦਾ' ਗੀਤ ਗਾ ਕੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ।

ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਰਾਮਜੀ ਦਾਸ ਸੇਠੀ, ਸ. ਸਵਰਨ ਸਿੰਘ ਨਾਮਧਾਰੀ, ਸ. ਸ਼ਮਸ਼ੇਰ ਸਿੰਘ, ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਕਪੂਰਥਲਾ ਕਲੱਬ ਦੇ ਪ੍ਰਧਾਨ ਜਗਤਾਰ ਕਾਰੀ, ਸ. ਕਸ਼ਮੀਰ ਸਿੰਘ ਕਾਂਗਣਾ, ਡਾ. ਗੁਰੂਮੇਲ ਸਿੰਘ ਸਿੱਧੂ, ਬੀਬੀ ਆਇਸ਼ਾ ਅਤੇ ਬੀਬੀ ਸੁਰਿੰਦਰ ਕੌਰ ਸ਼ਾਮਲ ਸਨ। ਮੰਚ ਸੰਚਾਲਨ ਮਨਮੋਹਨ ਪੂੰਨੀ ਨੇ ਕੀਤਾ।

ਹੈਰੀਟੇਜ ਫਾਊਂਡੇਸ਼ਨ ਵੱਲੋਂ 12 ਹੋਣਹਾਰ ਵਿਦਿਆਰਥੀਆਂ ਨੂੰ ਹੌਸਲਾ ਅਫਜ਼ਾਈ ਸਰਟੀਫਿਕੇਟ ਅਤੇ ਪੰਜਾਬੀ ਦੇ ਕਾਇਦੇ ਦੇ ਕੇ ਸਨਮਾਨਤ ਕੀਤਾ ਗਿਆ।

ਆਜ਼ਾਦੀ ਸੰਗਰਾਮ ਦੇ ਅਮਰ ਨਾਇਕਾਂ ਦੀਆਂ ਤਸਵੀਰਾਂ ਨਾਲ ਸਜਾਇਆ ਬੈਕ ਡਰਾਪ ਸਮਾਗਮ ਦਾ ਵਿਸ਼ੇਸ਼ ਆਕਰਸ਼ਨ ਸੀ ਜਿਸ ਵਿਚ ਸਭ ਤੋਂ ਉਪਰ ਲਿਖਿਆ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਕੂਕਾ ਲਹਿਰ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੇ ਚਿਤਰਾਂ ਦੀ ਪ੍ਰਦਰਸ਼ਨੀ ਵੀ ਸਮਾਗਮ ਦੀ ਸੋਭਾ ਵਧਾ ਰਹੀ ਸੀ। ਫਾਊਂਡੇਸ਼ਨ ਵੱਲੋਂ ਗਦਰ ਲਹਿਰ ਅਤੇ ਹੋਰ ਦੇਸ਼ ਭਗਤਾਂ ਬਾਰੇ ਖੋਜ ਭਰਪੂਰ ਪੁਸਤਕਾਂ ਦਾ ਸਟਾਲ ਵੀ ਲਾਇਆ ਗਿਆ।

ਡਾ. ਰਾਮਜੀ ਦਾਸ ਸੇਠੀ ਅਤੇ ਸ. ਸਵਰਨ ਸਿੰਘ ਨਾਮਧਾਰੀ ਨੇ ਆਏ ਪਤਵੰਤਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਪੀ.ਟੀ.ਸੀ. ਵੱਲੋਂ ਆਏ ਸ. ਦਵਿੰਦਰ ਸਿੰਘ ਅਤੇ ਸ੍ਰੀ ਬਲਵੰਤ ਹੋਠੀ, ਗਲੋਬਲ ਪੰਜਾਬ ਦੇ ਸ. ਪਰਦੀਪ ਗਿੱਲ, ਜੱਸ ਟੈਲੀਵਿਜ਼ਨ ਵੱਲੋਂ ਆਏ ਮੁਨੀਸ਼, ਦੀਪਕ ਧੀਮਾਨ ਅਤੇ ਜੱਸ ਟੈਲੀਵਿਜ਼ਨ ਦੇ ਸੀ.ਈ.ਓ. ਪੈਨੀ ਦਾ ਉਚੇਚਾ ਧੰਨਵਾਦ ਕੀਤਾ। ਲੰਗਰ ਦੀ ਸੇਵਾ ਲਈ ਸਤਿਗੁਰੂ ਸਵੀਟ ਸ਼ਾਪ ਦੇ ਸ. ਬਲਵਿੰਦਰ ਸਿੰਘ ਨਾਮਧਾਰੀ ਦਾ ਵੀ ਧੰਨਵਾਦ ਕੀਤਾ ਗਿਆ।













# ਸ਼ਸ਼ੀ ਤੇ ਜੈਨੀਫਰ ਦਾ ਪ੍ਰਿਥਵੀ

## ਸਟੇਜ 'ਤੇ ਭਰਦਾ ਸਿਦਕ ਦਾ ਮੇਲਾ



ਪ੍ਰਿਥਵੀ ਥੀਏਟਰ ਦੀ ਬਾਹਰੀ ਝਲਕ।

ਕਲਾ ਪਰਿਕਰਮਾ

ਤਿੰਨਾਂ ਭਰਾਵਾਂ (ਰਾਜ ਕਪੂਰ, ਸ਼ੰਮੀ ਕਪੂਰ, ਸ਼ਸ਼ੀ ਕਪੂਰ) ਵਿਚੋਂ ਸਭ ਤੋਂ ਛੋਟਾ ਸ਼ਸ਼ੀ ਕਪੂਰ ਇਸ ਸੰਸਾਰ ਤੋਂ ਤੁਰ ਗਿਆ। ਅਸੀਮ ਛਾਬੜਾ ਨੇ ਆਪਣੀ ਪੁਸਤਕ 'ਸ਼ਸ਼ੀ ਕਪੂਰ: ਦਿ ਹਾਊਸਹੋਲਡਰ, ਦਿ ਸਟਾਰ' ਵਿਚ ਜਿਹੜਾ ਸ਼ਸ਼ੀ ਕਪੂਰ ਪੇਸ਼ ਕੀਤਾ ਹੈ, ਉਹ ਦੰਗ ਕਰਨ ਵਾਲਾ ਹੈ। ਉਸ ਨੇ ਪਰਿਵਾਰ ਤੇ ਫਿਲਮਾਂ, ਦੋਵਾਂ ਫਰੰਟਾਂ 'ਤੇ ਹੀ ਕਾਮਯਾਬੀ ਹਾਸਲ ਕੀਤੀ, ਤੇ ਉਸ ਦਾ ਤੀਜਾ ਫਰੰਟ, ਭਾਵ ਸਟੇਜ, ਅੱਜ ਵੀ ਪ੍ਰਿਥਵੀ ਥੀਏਟਰ ਦੇ ਰੂਪ ਵਿਚ ਵਧ-ਫੁਲ ਰਿਹਾ ਹੈ। ਪ੍ਰਿਥਵੀ ਥੀਏਟਰ ਨੂੰ ਅੱਜ ਕੱਲ੍ਹ ਉਸ ਦੀ ਧੀ ਸੰਜਨਾ ਕਪੂਰ ਚਲਾ ਰਹੀ ਹੈ। ਸੋਮਵਾਰ ਨੂੰ ਛੱਡ ਕੇ ਬਾਕੀ ਸਾਰੇ ਦਿਨ ਇਸ ਥੀਏਟਰ ਵਿਚ ਨਾਟਕਾਂ ਦਾ ਮੇਲਾ ਲੱਗਿਆ ਰਹਿੰਦਾ ਹੈ ਅਤੇ ਸਾਲ ਵਿਚ 550 ਤੋਂ ਵੱਧ ਨਾਟਕਾਂ ਦੇ ਸ਼ੋਅ ਇਸ ਥੀਏਟਰ ਵਿਚ ਹੁੰਦੇ ਹਨ।

**ਜਗਤਵੀਰ ਸਿੰਘ**

ਇਸ ਥੀਏਟਰ ਦਾ ਇਤਿਹਾਸ ਵੀ ਬੜਾ ਨਿਰਾਲਾ ਹੈ। ਸ਼ਸ਼ੀ ਕਪੂਰ ਦੇ ਪਿਤਾ ਪ੍ਰਿਥਵੀ ਰਾਜ ਕਪੂਰ ਨੇ 1942 ਵਿਚ ਚਲਦਾ-ਫਿਰਦਾ ਪ੍ਰਿਥਵੀ ਥੀਏਟਰ ਬਣਾਇਆ ਸੀ। ਇਹ ਥੀਏਟਰ ਭਾਰਤ ਭਰ ਵਿਚ ਘੁੰਮ ਕੇ ਨਾਟਕ ਕਰਦਾ ਸੀ ਅਤੇ ਪ੍ਰਿਥਵੀ ਰਾਜ ਕਪੂਰ ਇਸ ਥੀਏਟਰ ਲਈ ਪੈਸੇ ਫਿਲਮਾਂ ਵਿਚ ਕੰਮ ਕਰ ਕੇ ਕਮਾਉਂਦੇ ਸਨ। ਆਪਣਾ ਸੁਪਨਾ ਪੂਰਾ ਕਰਨ ਲਈ ਉਨ੍ਹਾਂ ਸਥਾਈ ਥੀਏਟਰ ਲਈ 1962 ਵਿਚ ਜੂਹੂ ਵਿਚ ਇਕ ਪਲਾਟ ਲੀਜ਼ 'ਤੇ ਲੈ ਲਿਆ, ਪਰ ਥੀਏਟਰ ਦਾ ਕੰਮ ਰੁੜ੍ਹ ਨਾ ਸਕਿਆ ਅਤੇ 1972 ਵਿਚ ਉਹ ਆਪਣਾ ਅਧੂਰਾ ਸੁਪਨਾ ਛੱਡ ਕੇ ਇਸ ਦੁਨੀਆ ਨੂੰ ਛੱਡ ਗਏ। ਇਸ ਤੋਂ ਸਾਲ ਬਾਅਦ ਹੀ ਪਲਾਟ ਦੀ ਲੀਜ਼ ਖ਼ਤਮ ਹੋ ਗਈ। ਉਂਜ, ਸਰਕਾਰ ਨੇ ਪਰਿਵਾਰ ਨੂੰ ਇਹ ਪਲਾਟ ਖਰੀਦਣ ਦੀ ਪੇਸ਼ਕਸ਼ ਕੀਤੀ। ਇਸ 'ਤੇ ਸ਼ਸ਼ੀ ਕਪੂਰ ਅਤੇ ਉਸ ਦੀ ਪਤਨੀ ਜੈਨੀਫਰ ਕੈਡਲ ਕਪੂਰ ਨੇ ਇਹ ਜ਼ਮੀਨ ਖਰੀਦ ਲਈ ਅਤੇ 1975 ਵਿਚ ਪ੍ਰਿਥਵੀ ਕਪੂਰ ਯਾਦਕਾਰੀ ਟਰਸਟ ਬਣਾ ਕੇ ਆਪਣੇ ਪਿਤਾ ਦਾ ਸੁਪਨਾ ਪੂਰਾ ਕਰਨ ਵੱਲ ਕਦਮ ਵਧਾਇਆ।

ਪ੍ਰਿਥਵੀ ਥੀਏਟਰ ਦਾ ਉਦਘਾਟਨ 5 ਨਵੰਬਰ 1978 ਨੂੰ ਨਸੀਰੂਦੀਨਸ਼ਾਹ, ਓਮ ਪੁਰੀ ਅਤੇ ਬੈਂਜਾਮਿਨ ਗਿਲਾਨੀ ਦੀ ਅਦਾਕਾਰੀ ਨਾਲ ਸਜੇ ਨਾਟਕ 'ਉਦਵਸਤਾ ਧਰਮਸ਼ਾਲਾ' ਨਾਲ ਹੋਇਆ। ਦੂਜਾ ਨਾਟਕ ਰੰਗਕਰਮੀ ਐਮ ਐਸ ਸਥਿਊ ਦੇ ਨਿਰਦੇਸ਼ਨਾ ਹੇਠ 'ਇਪਟਾ' ਵੱਲੋਂ ਖੇਡਿਆ ਨਾਟਕ 'ਬੱਕਰੀ' ਸੀ। ਸ਼ਸ਼ੀ ਕਪੂਰੀ ਦੀ ਪਤਨੀ ਜੈਨੀਫਰ ਨੇ ਇਸ ਥੀਏਟਰ ਨੂੰ ਜੀਅ-ਜਾਨ ਨਾਲ ਚਲਾਇਆ, ਪਰ 7 ਸਤੰਬਰ 1984 ਨੂੰ ਜੈਨੀਫਰ ਦੀ ਮੌਤ ਹੋ ਗਈ। ਸ਼ਸ਼ੀ ਅਤੇ ਜੈਨੀਫ਼ਰ ਦੇ ਵੱਡੇ ਪੁੱਤਰ ਕੁਨਾਲ ਕਪੂਰ ਨੇ ਫਿਰੋਜ਼ ਅਬਾਸ ਖਾਨ ਦੀ ਸਹਾਇਤਾ ਨਾਲ ਇਸ ਥੀਏਟਰ ਦਾ ਜ਼ਿੰਮਾ ਚੁੱਕਿਆ। ਮਗਰੋਂ ਜਦੋਂ ਕੁਨਾਲ ਕਪੂਰ ਰਤਾ ਕੁ ਪਿਛਾਂਹ ਹਟਿਆ ਤਾਂ 1990ਵਿਆਂ ਵਿਚ ਸੰਜਨਾ ਕਪੂਰ ਨੇ ਇਸ ਥੀਏਟਰ ਦੀ ਕਮਾਨ ਸੰਭਾਲ ਲਈ ਅਤੇ ਅੱਜ ਤੱਕ ਉਹ ਇਸ ਨੂੰ ਚਲਾ ਰਹੀ ਹੈ। ਉਸ ਨੇ ਸਗੋਂ ਇਸ ਥੀਟੇਟਰ ਦੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਉਹ ਹੁਣ 'ਪ੍ਰਿਥਵੀ ਪਲੇਅਰਜ਼' ਅਤੇ 'ਲਿਟਲ ਪ੍ਰਿਥਵੀ ਪਲੇਅਰਜ਼' ਤਹਿਤ ਵੱਡਿਆਂ ਅਤੇ ਛੋਟਿਆਂ ਲਈ ਵਰਕਸ਼ਾਪਾਂ ਲਾਉਂਦੀ ਹੈ।


ਜੈਨੀਫਰ ਕੈਂਡਲ ਤੇ ਸ਼ਸ਼ੀ ਕਪੂਰ

ਭਾਰਤ ਸਰਕਾਰ ਨੇ 1995 ਵਿਚ ਪ੍ਰਿਥਵੀ ਥੀਏਟਰ ਦੀ 50ਵੀਂ ਵਰ੍ਹੇਗੰਢ ਮੌਕੇ ਯਾਦਗਾਰ ਟਿਕਟ ਜਾਰੀ ਕੀਤੀ ਸੀ। ਇਸੇ ਤਰ੍ਹਾਂ ਪ੍ਰਿਥਵੀ ਥੀਏਟਰ ਵਿਚ 2006 ਵਿਚ ਪ੍ਰਿਥਵੀ ਰਾਜ ਕਪੂਰ ਦੀ ਜਨਮ ਸ਼ਤਾਬਦੀ ਮੌਕੇ ਨਾਟਕ ਮੇਲਾ ਲਗਾਇਆ, ਜਿਸ ਦਾ ਸਿਰਲੇਖ ਸੀ 'ਕਲਾ ਦੇਸ਼ ਕੀ ਸੇਵਾ ਮੇਂ'। ਪ੍ਰਿਥਵੀ ਥੀਏਟਰ ਕਲਾ ਦੀ ਸੇਵਾ ਅੱਜ ਵੀ ਸੰਜਨਾ ਕਪੂਰ ਦੀ ਅਗਵਾਈ ਹੇਠ ਕਰ ਰਿਹਾ ਹੈ।

ਸ਼ਸ਼ੀ ਕਪੂਰ ਦਾ ਜਨਮ ਵੇਲੇ ਨਾਂ ਬਲਬੀਰ ਰਾਜ ਰੱਖਿਆ ਗਿਆ ਸੀ, ਪਰ ਉਨ੍ਹਾਂ ਦੀ ਮਾਂ ਨੂੰ ਇਹ ਨਾਂ ਪਸੰਦ ਨਾ ਹੋਣ ਕਾਰਨ ਉਨ੍ਹਾਂ ਉਸ ਨੂੰ ਸ਼ਸ਼ੀ (ਚੰਨ ਦੀਆਂ ਰਿਸ਼ਮਾਂ) ਆਖਣਾ ਸ਼ੁਰੂ ਕਰ ਦਿੱਤਾ। ਸ਼ਸ਼ੀ ਕਪੂਰ ਦਾ ਜਨਮ ਪ੍ਰਿਥਵੀਰਾਜ ਕਪੂਰ ਅਤੇ ਰਾਮਸਰਨੀ ਕਪੂਰ ਦੇ ਘਰ 18 ਮਾਰਚ, 1938 ਨੂੰ ਕਲਕੱਤਾ ਵਿਚ ਹੋਇਆ ਸੀ।

ਸ਼ਸ਼ੀ ਕਪੂਰ ਅਤੇ ਜੈਨੀਫਰ ਕੈਂਡਲ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਵਲੈਤ ਦੀ ਜੰਮਪਲ ਜੈਨੀਫਰ ਦਾ ਪਿਤਾ ਜਿਓਫਰੀ ਕੈਂਡਲ ਅਤੇ ਉਸ ਦੀ ਪਤਨੀ ਲੋਰਾ ਨੇ ਆਪਣੀ ਥੀਏਟਰ ਕੰਪਨੀ 'ਸ਼ੇਕਸਪੀਅਰਾਨਾ' ਖੋਲ੍ਹੀ ਹੋਈ ਸੀ। ਉਸ ਦਾ ਤਾਲਮੇਲ ਪ੍ਰਿਥਵੀ ਥੀਏਟਰ ਵਾਲੇ ਪ੍ਰਿਥਵੀਰਾਜ ਕਪੂਰ ਨਾਲ ਹੋ ਗਿਆ। ਸਾਂਝੀਆਂ ਥੀਏਟਰ ਸਰਗਰਮੀਆਂ ਦੌਰਾਨ ਸ਼ਸ਼ੀ ਤੇ ਜੈਨੀਫਰ ਦਾ ਮੇਲ ਹੋਇਆ ਅਤੇ ਇਹ ਮੇਲ 1958 ਵਿਚ ਵਿਆਹ ਵਿਚ ਵਟ ਗਿਆ।

ਸ਼ਸ਼ੀ ਕਪੂਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬਾਲ ਕਲਾਕਾਰ ਵਜੋਂ ਕੀਤੀ ਸੀ। 1948 ਵਿਚ ਆਈ ਫਿਲਮ 'ਆਗ' ਅਤੇ 1951 ਵਿਚ ਰਿਲੀਜ਼ ਹੋਈ 'ਅਵਾਰਾ' ਵਿਚ ਉਸ ਨੇ ਬਾਲ ਕਲਾਕਾਰ ਵਜੋਂ ਆਪਣੀ ਛਾਪ ਛੱਡੀ। 'ਪੋਸਟ ਬਾਕਸ 999' ਫਿਲਮ ਵਿਚ ਉਸ ਨੇ ਅਸਿਸਟੈਂਟ ਡਾਇਰੈਕਟਰ ਵਾਲੇ ਫਰਜ਼ ਨਿਭਾਏ ਸਨ। ਇਹ ਸੁਨੀਲ ਦੱਤ ਦੀ ਪਲੇਠੀ ਫਿਲਮ ਸੀ। ਬਤੌਰ ਹੀਰੋ ਉਸ ਦੀ ਪਹਿਲੀ ਫਿਲਮ 'ਧਰਮ ਪੁੱਤਰ' 1961 ਵਿਚ ਰਿਲੀਜ਼ ਹੋਈ। ਉਸ ਨੇ ਕੁੱਲ 116 ਫਿਲਮਾਂ ਵਿਚ ਕੰਮ ਕੀਤਾ ਜਿਨ੍ਹਾਂ ਵਿਚੋਂ 61 ਫਿਲਮਾਂ ਵਿਚ ਉਹ ਇਕੱਲਾ ਹੀਰੋ ਸੀ ਅਤੇ 55 ਫਿਲਮਾਂ ਵਿਚ ਉਸ ਨੇ ਹੋਰ ਨਾਇਕਾਵਾਂ ਨਾਲ ਕੰਮ ਕੀਤਾ। ਇਸ ਤੋਂ ਇਲਾਵਾ 21 ਫਿਲਮਾਂ ਵਿਚ ਉਸ ਨੇ ਸਹਾਇਕ ਅਦਾਕਾਰ ਅਤੇ 7 ਫਿਲਮਾਂ ਵਿਚ ਵਿਸ਼ੇਸ਼ ਅਦਾਕਾਰ ਵਜੋਂ ਕੰਮ ਕੀਤਾ।


ਸ਼ਸ਼ੀ ਕਪੂਰ ਦਾ ਵੱਡਾ ਲੜਕਾ ਕੁਨਾਲ (ਵਿਚਕਾਰ) ਅਤੇ (ਐਨ ਸੱਜੇ) ਧੀ ਸੰਜਨਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਦਸੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-304



*ਬੀਤਿਆ ਬਚਪਨ ਚੇਤੇ ਕਰਕੇ ਪੈ ਜਾਂਦਾ ਏ ਹੌਲ।*
*ਬੇਫਿਕਰੀ ਵਿਚ 'ਡੰਗੀ' ਲੈ ਕੇ ਬੈਠੀ ਪਿਆਰੀ ਡੌਲ।*

## ਕੈਪਸ਼ਨ ਮੁਕਾਬਲਾ-302



'ਵਫਾਦਾਰਾਂ' ਦਾ ਰਾਜ ਹੋ ਗਿਆ
ਗੈਂਗ ਬਣਾ ਕੇ ਰੋਹਬ ਜਮਾਵਣ।
ਕੋਈ ਸਜ਼ਾ ਨਹੀਂ ਇਨ੍ਹਾਂ ਤਾਈਂ
ਬੰਦੇ ਨੂੰ ਭਾਵੇਂ ਮਾਰ ਮੁਕਾਵਣ।
ਮਨੁੱਖਾਂ ਦੇ ਹੱਥ ਕਾਨੂੰਨ ਦੇ ਬੱਧੇ
ਜਾਨਵਰ ਆਪਣੀ ਧੌਂਸ ਜਮਾਵਣ।
ਅੱਜ ਕੱਲ੍ਹ ਪੂਰਾ ਸਿੱਕਾ ਚੱਲਦਾ
ਵਿਚ ਗਲਾਂ ਦੇ ਹਾਰ ਪਵਾਵਣ।

**-ਜਗਮੀਤ ਸਿੰਘ ਪੰਧੇਰ**

---

ਬੇਸ਼ਰਮ ਤੇ ਜੁਮਲੇਬਾਜ ਲੀਡਰ,
ਪੱਲੇ ਨਹੀਂ ਕੋਈ ਇਮਾਨ ਯਾਰੋ।
ਨਾਲ ਕੁੱਤਿਆਂ ਦੇ ਮੇਲ ਕਰਨਾ,
ਵਫਾਦਾਰੀ ਦਾ ਹੋਊ ਘਾਣ ਯਾਰੋ।
ਬੁੱਧੂ ਬਣਾ ਕੇ, ਸੁਪਨੇ ਵਿਖਾ ਕੇ,
ਪੰਜ ਸਾਲ ਨਾ ਮੂੰਹ ਵਖਾਣ ਯਾਰੋ।
ਪਰ ਕੁੱਤੇ ਮੁੱਲ ਤਾਰਨ ਬੁਰਕੀ ਦਾ,
ਬੰਦੇ ਖਾਤਰ ਵਾਰ ਦੇਣ ਜਾਨ ਯਾਰੋ।

**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**

---

ਟੁਕੜਾ ਰੋਟੀ ਦਾ ਖਾ ਕੇ ਕੁੱਤਾ,
ਰਾਖੀ ਕਰਕੇ ਮੋੜੇ ਮੁੱਲ।
ਵੋਟਾਂ ਲੈ ਕੇ ਜਿੱਤਣ ਜਦ ਨੇਤਾ,
ਕਿਹੋ ਜਿਹੇ ਖਿੜਾਉਂਦੇ ਗੁੱਲ।
ਨੇਤਾ ਦੀ ਥਾਂ ਕੁੱਤੇ ਗਲ ਹਾਰ ਪਾ,
ਬੰਦਿਆ ਤੈਂ ਬਖਸ਼ਾ ਲਈ ਭੁੱਲ।

**-ਦਵਿੰਦਰ ਕੌਰ**

---

ਘਰ ਦਾ ਚੌਕੀਦਾਰ ਕਹਾਵੇ
ਡੱਬੂ ਰੰਗ ਦਾ ਕਾਲਾ।
ਤਾਹੀਓਂ ਹਾਰ ਪਾਇਆ ਗਲ ਉਸ ਦੇ
ਹੈ ਸਵਾਮੀ ਭਗਤ ਰਖਵਾਲਾ।
ਸਬਕ ਸਿੱਖਣ ਜੇ ਨੇਤਾ ਕਿਧਰੇ
ਦੇਸ਼ ਦੇ ਸੇਵਕ ਬਣ ਜਾਵਣ।
ਫਿਰ ਨਾ ਵਾੜ ਖੇਤ ਨੂੰ ਖਾਵੇ
ਸਭ ਸੱਚਾ ਫਰਜ਼ ਨਿਭਾਵਣ।

**-ਸੇਵਾ ਸਿੰਘ ਨੂਰਪੁਰੀ**

---

ਪਾਲਤੂ ਕੁੱਤਾ ਵਫਾਦਾਰੀ ਨਾਲ
ਲੈਂਦਾ ਮਾਲਕ ਦਾ ਪਿਆਰ।
ਜਾਨ ਜੋਖਮ 'ਚ ਪਾ ਕੇ ਕਰੇ ਰਾਖੀ
ਬਣਦਾ ਫੁੱਲਾਂ ਦੇ ਹਾਰ ਦਾ ਹੱਕਦਾਰ।
ਅਵਾਰਾ ਕੁੱਤੇ ਹੋਏ ਚਿੜਚਿੜੇ
ਵੱਢ ਵੱਢ ਲੋਕਾਂ ਨੂੰ, ਬਣੇ ਆਦਮਖੋਰ।
ਜੀਵ ਪ੍ਰੇਮੀ ਮਾਰਨ ਨਾ ਦੇਣ
ਨਾ ਹੀ ਲੱਭਣ ਹੱਲ ਕੋਈ ਹੋਰ।

**-ਅਮਰਜੀਤ ਸਿੰਘ ਤੂਰ**

---

ਵੋਟਾਂ ਪਈਆਂ ਜਿੱਤ ਹੋ ਗਈ
ਗਲ ਵਿਚ ਹਾਰ ਪੁਆ ਲਏ ਨੇ।
ਮੈਂ ਵੀ ਮੰਤਰੀ ਨਾਲੋਂ ਘੱਟ ਨਹੀਂ ਹਾਂ
ਝਗੜੇ ਅਸੀਂ ਮੁਕਾ ਲਏ ਨੇ।
ਗਲ 'ਚ ਹਾਰ ਪੁਆ ਕੇ ਕੁੱਤਾ
ਜਾਪੇ ਨਵੇਂ ਮੰਤਰੀ ਜੀ ਆ ਗਏ ਨੇ।
ਸਭ ਮੈਨੂੰ ਬੈਠਾ ਦੇਖ ਕੇ
ਦੂਰੋਂ ਹੀ ਘਬਰਾ ਗਏ ਨੇ।

**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਝੂਠੀ ਸ਼ੁਹਰਤ ਦੇ ਸਭ ਭੁੱਖੇ
ਨਿੱਘਰ ਗਈ ਸਿਆਸਤ ਇਸ ਕਦਰ
ਪਾਰ ਕਰ ਗਈ ਸਭ ਹੱਦਾਂ ਬੰਨੇ।
ਹੋ ਗਈ ਪਲੀਤ ਇੱਜਤ
ਮਿਟ ਗਈ ਪੈਰਾਂ 'ਚ।
ਦੇਖ ਕੇ ਗਲ 'ਚ ਕੁੱਤੇ ਦੇ ਹਾਰ
ਆਖੇਗਾ ਲੀਡਰ ਸਿਰ ਨੀਵਾਂ ਕਰ
'ਤੂੰ ਕੁੱਤਿਆ ਸਾਲਿਆ!
ਲੈ ਲਿਆ ਮੇਰਾ ਖਿਤਾਬ।'
ਕੀ ਇੱਜਤ ਰਹਿ ਗਈ
ਕਰ'ਤੇ ਲੀਡਰ ਤੇ ਕੁੱਤੇ ਬਰਾਬਰ।

**-ਦਰਸ਼ਨਪਾਲ ਦੋਸਾਂਝ**

---

ਲੰਡੇ ਲੁੱਚੇ ਸਭ ਬਣ ਗਏ ਲੀਡਰ
ਸ਼ਰਮ ਪੀਤੀ ਏ ਘੋਲ।
ਲੋਕਾਂ ਨੂੰ ਬੇਵਕੂਫ ਬਣਾਉਣ
ਝੂਠੇ ਵਾਅਦੇ ਬੋਲ।
ਇਨ੍ਹਾਂ ਨਾਲੋਂ ਕੂਕਰ ਚੰਗੇ
ਕਰਦੇ ਨਾ ਬੇਵਫਾਈ।
ਭਾਰਤੀ ਸਿਆਸਤ ਵਰਗੀ
ਕਿਧਰੇ ਨਾ ਦਿਖਦੀ ਬੇਹਯਾਈ।

**-ਕੈਲਾਸ਼ ਠਾਕੁਰ ਨੰਗਲ ਟਾਊਨਸ਼ਿਪ**

---

ਮੈਂ ਨਾ ਕੋਈ ਨੇਤਾ, ਮੇਰੇ ਗਲ
ਪਾ ਕੇ ਹਾਰ ਕੀਤਾ ਧੋਖਾ।
ਮੈਂ ਮਾਲਕ ਸੰਗ ਵਫਾ ਕਰਨੀ
ਬੇਸ਼ਕ ਕੰਮ ਇਹ ਔਖਾ।

**-ਗੋਰਾ ਪ੍ਰਜਾਪਤ, ਨਿਊ ਯਾਰਕ**

# ਸੰਯੁਕਤ ਰਾਸ਼ਟਰ 'ਚ ਯੋਰੋਸ਼ਲਮ ਦੇ ਮੁੱਦੇ 'ਤੇ ਇਕੱਲਾ ਪਿਆ ਅਮਰੀਕਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਦੇ ਫੈਸਲੇ ਉਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਤਾਕਤਵਰ ਮੈਂਬਰਾਂ ਨੇ ਅਮਰੀਕਾ ਨੂੰ ਖੂੰਡੇ ਲਾ ਦਿੱਤਾ। ਅਮਰੀਕਾ ਦੇ ਬ੍ਰਿਟੇਨ ਅਤੇ ਫਰਾਂਸ ਵਰਗੇ ਭਾਈਵਾਲ ਵੀ ਉਸ ਦੇ ਫੈਸਲੇ ਖਿਲਾਫ਼ ਖੁੱਲ੍ਹ ਕੇ ਆ ਗਏ ਅਤੇ ਜ਼ੋਰਦਾਰ ਢੰਗ ਨਾਲ ਅਮਰੀਕਾ ਦੀ ਨਿਖੇਧੀ ਕੀਤੀ।

ਸੰਯੁਕਤ ਰਾਸ਼ਟਰ 'ਚ ਅਮਰੀਕੀ ਕੂਟਨੀਤਕ ਨਿੱਕੀ ਹੇਲੀ ਨੇ ਹੀ ਸਿਰਫ ਟਰੰਪ ਦੇ ਯੋਰੋਸ਼ਲਮ ਬਾਰੇ ਫੈਸਲੇ ਦਾ ਪੱਖ ਪੂਰਿਆ। ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਤਾਕਤਵਰ ਜਥੇਬੰਦੀ ਦੇ ਸਥਾਈ ਨੁਮਾਇੰਦਿਆਂ ਬ੍ਰਿਟੇਨ, ਫਰਾਂਸ, ਇਟਲੀ, ਜਰਮਨੀ ਅਤੇ ਸਵੀਡਨ ਨੇ ਸਾਂਝੇ ਬਿਆਨ 'ਚ ਕਿਹਾ,"ਅਸੀਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਤਲ ਅਵੀਵ ਤੋਂ ਯੋਰੋਸ਼ਲਮ 'ਚ ਅਮਰੀਕੀ ਸਫਾਰਤਖਾਨਾ ਖੋਲ੍ਹਣ ਦੀਆਂ ਤਿਆਰੀਆਂ ਦੇ ਫੈਸਲੇ ਤੋਂ ਅਸਹਿਮਤ ਹਾਂ। ਇਹ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ ਅਨੁਸਾਰ ਨਹੀਂ ਹੈ ਅਤੇ ਖਿੱਤੇ 'ਚ ਸ਼ਾਂਤੀ ਦੀਆਂ ਸੰਭਾਵਨਾਵਾਂ ਲਈ ਇਹ ਫੈਸਲਾ ਅੜਿੱਕਾ ਬਣ ਸਕਦਾ ਹੈ।"

ਉਨ੍ਹਾਂ ਕਿਹਾ ਕਿ ਯੋਰੋਸ਼ਲਮ ਦਾ ਰੁਤਬਾ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦਰਮਿਆਨ ਗੱਲਬਾਤ ਰਾਹੀਂ ਤੈਅ ਹੋਣਾ ਚਾਹੀਦਾ ਹੈ। ਹੰਗਾਮੀ ਬੈਠਕ ਦੀ ਅਗਵਾਈ ਜਾਪਾਨ ਵੱਲੋਂ ਕੀਤੀ ਗਈ ਜੋ ਦਸੰਬਰ ਤੱਕ ਸਲਾਮਤੀ ਪ੍ਰੀਸ਼ਦ ਦਾ ਪ੍ਰਧਾਨ ਹੈ। ਹੇਲੀ ਨੇ ਸਲਾਮਤੀ ਪ੍ਰੀਸ਼ਦ 'ਚ ਟਰੰਪ ਦੇ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਅਮਰੀਕਾ ਨੇ ਸੋਚ-ਵਿਚਾਰ ਕੇ ਕਦਮ ਚੁੱਕਿਆ ਹੈ ਅਤੇ ਉਹ ਜਾਣਦਾ ਸੀ ਕਿ ਇਸ ਨਾਲ ਸਵਾਲ ਉਠਣਗੇ। ਉਸ ਮੁਤਾਬਕ ਇਹ ਕਦਮ ਖਿੱਤੇ 'ਚ ਸ਼ਾਂਤੀ ਬਹਾਲੀ ਦੇ ਯਤਨਾਂ ਲਈ ਚੁੱਕਿਆ ਗਿਆ ਹੈ ਅਤੇ ਸਰਹੱਦਾਂ ਤੇ ਖੁਦਮੁਖਤਿਆਰੀ ਬਾਰੇ ਫੈਸਲਾ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਵੱਲੋਂ ਲਿਆ ਜਾਣਾ ਚਾਹੀਦਾ ਹੈ।

### ਬ੍ਰਿਟੇਨ ਤੇ ਫਰਾਂਸ ਵਰਗੇ ਭਾਈਵਾਲ ਵੀ ਫੈਸਲੇ ਦੇ ਖਿਲਾਫ



### ਅਮਰੀਕਾ ਖਿਲਾਫ ਵੱਖ-ਵੱਖ ਮੁਲਕਾਂ ਵਿਚ ਮੁਜਾਹਰੇ

**ਯੋਰੋਸ਼ਲਮ:** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਖਿਲਾਫ਼ ਯੋਰੋਸ਼ਲਮ ਸਮੇਤ ਵੱਖ-ਵੱਖ ਮੁਲਕਾਂ ਵਿਚ ਅਮਰੀਕਾ ਖਿਲਾਫ਼ ਰੋਸ ਮੁਜਾਹਰੇ ਕੀਤੇ ਗਏ। ਵਾਦੀ ਵਿਚ ਸ੍ਰੀਨਗਰ ਦੇ ਮਾਇਸੂਮਾ ਅਤੇ ਹਸਨਾਬਾਦ ਇਲਾਕੇ ਸਮੇਤ ਹੋਰ ਥਾਈਂ ਟਰੰਪ ਖਿਲਾਫ਼ ਨਾਅਰੇ ਗੂੰਜੇ। ਪ੍ਰਦਰਸ਼ਨਕਾਰੀਆਂ ਨੇ ਟਰੰਪ ਦੀ ਅਰਥੀ ਵੀ ਫੂਕੀ। ਇਸ ਦੌਰਾਨ ਇੰਡੋਨੇਸ਼ੀਆ ਤੇ ਮਲੇਸ਼ੀਆ 'ਚ ਹਜ਼ਾਰਾਂ ਲੋਕਾਂ ਨੇ ਅਮਰੀਕਾ ਖਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਦੇ ਰੋਹ ਕਾਰਨ ਇਨ੍ਹਾਂ ਦੋਵੇਂ ਮੁਲਕਾਂ ਵਿਚ ਅਮੈਰਿਕਨ ਸਫਾਰਤੀ ਵਫਦ ਨੂੰ ਆਪਣੇ ਮੁਲਾਜ਼ਮਾਂ ਵਾਸਤੇ ਸੁਰੱਖਿਆ ਅਲਰਟ ਜਾਰੀ ਕਰਨਾ ਪਿਆ। ਇੰਡੋਨੇਸ਼ੀਆ ਦੇ ਜਕਾਰਤਾ ਵਿਚ ਅਮਰੀਕੀ ਸਫ਼ਾਰਤਖਾਨੇ ਸਾਹਮਣੇ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ ਦਾ ਝੰਡਾ ਸਾੜਿਆ।

### ਵ੍ਹਾਈਟ ਹਾਊਸ ਵੱਲੋਂ ਟਰੰਪ ਦੇ ਫੈਸਲੇ ਦਾ ਬਚਾਅ

**ਵਾਸ਼ਿੰਗਟਨ:** ਯੋਰੋਸ਼ਲਮ ਬਾਰੇ ਫੈਸਲੇ ਬਾਅਦ ਆਲਮੀ ਪੱਧਰ 'ਤੇ ਨਿਖੇੜੇ ਜਾਣ ਦਾ ਸਾਹਮਣਾ ਕਰਨ ਰਹੇ ਵ੍ਹਾਈਟ ਹਾਊਸ ਨੇ ਰਾਸ਼ਟਰਪਤੀ ਟਰੰਪ ਦੇ ਇਸ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਜ਼ਮੀਨੀ ਹਕੀਕਤਾਂ ਦਾ ਝਲਕਾਰਾ ਹੈ ਅਤੇ ਅਮਰੀਕਾ ਮੱਧ ਪੂਰਬ ਸ਼ਾਂਤੀ ਪ੍ਰਕਿਰਿਆ ਲਈ ਵਚਨਬੱਧ ਹੈ। ਇਸ ਮਸਲੇ 'ਚ ਕਿਸੇ ਹੋਰ ਮੁਲਕ ਵੱਲੋਂ ਅਮਰੀਕਾ ਦੇ ਪਦਚਿੰਨ੍ਹਾਂ ਉਤੇ ਚੱਲਣ ਬਾਰੇ ਪੁੱਛਣ ਉਤੇ ਵ੍ਹਾਈਟ ਹਾਊਸ ਪ੍ਰੈੱਸ ਸੈਕਟਰੀ ਸਾਰਾ ਸੈਂਡਰਜ਼ ਨੇ ਕਿਹਾ, 'ਮੈਂ ਇਹ ਨਹੀਂ ਕਹਿ ਰਹੀ ਕਿ ਉਹ ਨਹੀਂ ਕਰਨਗੇ ਪਰ ਮੈਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ।'

## ਟਰੰਪ ਨੂੰ ਉਤਰੀ ਕੋਰੀਆ ਤੋਂ ਵੱਡੀ ਸਮੱਸਿਆ ਮੰਨਦੇ ਨੇ ਜਰਮਨ ਲੋਕ

**ਬਰਲਿਨ:** ਜਰਮਨੀ ਦੇ ਨਾਗਰਿਕ ਆਪਣੇ ਦੇਸ਼ ਦੀ ਵਿਦੇਸ਼ ਨੀਤੀ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਤਰੀ ਕੋਰੀਆ, ਰੂਸ ਜਾਂ ਤੁਰਕੀ ਦੇ ਰਾਸ਼ਟਰ ਪ੍ਰਧਾਨਾਂ ਤੋਂ ਵੱਡੀ ਚੁਣੌਤੀ ਮੰਨਦੇ ਹਨ। ਕੋਰਬਰ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਇਕ ਸਰਵੇ ਵਿਚ 26 ਫੀਸਦੀ ਲੋਕਾਂ ਨੇ ਸ਼ਰਨਾਰਥੀਆਂ ਦੀ ਵਧਦੀ ਗਿਣਤੀ ਨੂੰ ਜਰਮਨੀ ਲਈ ਸਭ ਤੋਂ ਵੱਡੀ ਚਿੰਤਾ ਦੱਸਿਆ। ਸਰਵੇ ਵਿਚ ਸ਼ਾਮਲ ਲੋਕਾਂ ਵਿਚੋਂ 19 ਫੀਸਦੀ ਨੂੰ ਲੱਗਦਾ ਹੈ ਕਿ ਟਰੰਪ, ਜਰਮਨੀ ਦੀ ਵਿਦੇਸ਼ ਨੀਤੀ ਲਈ ਸਭ ਤੋਂ ਵੱਡੀ ਸਮੱਸਿਆ ਹੈ।

17 ਫੀਸਦੀ ਨੇ ਤੁਰਕੀ, 10 ਫੀਸਦੀ ਨੇ ਉਤਰੀ ਕੋਰੀਆ ਅਤੇ ਅੱਠ ਫੀਸਦੀ ਲੋਕਾਂ ਨੇ ਰੂਸ ਨੂੰ ਜਰਮਨੀ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੱਸਿਆ। ਦੱਸਣਯੋਗ ਹੈ ਕਿ ਟਰੰਪ ਨੇ ਸੱਤਾ ਵਿਚ ਆਉਂਦੇ ਹੀ ਪੈਰਿਸ ਸਮਝੌਤੇ ਅਤੇ ਈਰਾਨ ਦੇ ਪਰਮਾਣੂ ਪ੍ਰੋਗਰਾਮ ਨਾਲ ਜੁੜੇ ਅੰਤਰਰਾਸ਼ਟਰੀ ਸਮਝੌਤੇ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਟਰੰਪ ਨੇ ਨਾਟੋ ਫੌਜ ਵਿਚ ਜਰਮਨੀ ਦੇ ਯੋਗਦਾਨ ਦੀ ਵੀ ਆਲੋਚਨਾ ਕੀਤੀ ਸੀ। ਇਸ ਪਿੱਛੋਂ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੇ ਕਿਹਾ ਸੀ ਕਿ ਉਹ ਭਵਿੱਖ ਵਿਚ ਅਮਰੀਕਾ ਉਤੇ ਭਰੋਸਾ ਨਹੀਂ ਕਰੇਗੀ ਅਤੇ ਯੂਰਪ ਨੂੰ ਹੁਣ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਖੁਦ ਲੈਣੀ ਹੋਵੇਗੀ। ਸਰਵੇਖਣ ਵਿਚ ਸ਼ਾਮਲ 1,005 ਲੋਕਾਂ ਵਿਚੋਂ 56 ਫੀਸਦੀ ਨੇ ਅਮਰੀਕਾ ਅਤੇ ਜਰਮਨੀ ਦੇ ਸਬੰਧਾਂ ਨੂੰ ਬਹੁਤ ਖਰਾਬ ਦੱਸਿਆ।



### ਅਦਾਲਤ ਨੇ ਪੁੱਛਿਆ; ਲਸਣ ਮਸਾਲਾ ਹੈ ਜਾਂ ਸਬਜ਼ੀ?

**ਜੈਪੁਰ:** ਰਾਜਸਥਾਨ ਹਾਈ ਕੋਰਟ ਨੇ ਸੂਬਾ ਸਰਕਾਰ ਤੋਂ ਪੁੱਛਿਆ ਹੈ ਕਿ ਲਸਣ ਨੂੰ ਸਰਕਾਰ ਕਿਸ ਕੈਟਾਗਰੀ ਵਿਚ ਰੱਖਦੀ ਹੈ- ਮਸਾਲਾ ਜਾਂ ਸਬਜ਼ੀ? ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਕੋਰਟ ਨੇ ਸੂਬਾ ਸਰਕਾਰ ਤੋਂ ਪੁੱਛਿਆ ਹੈ ਕਿ ਬਾਜ਼ਾਰ ਵਿਚ ਲਸਣ ਦੀ ਵਿਕਰੀ ਉਤੇ ਜੀ.ਐਸ.ਟੀ. ਲੱਗੇਗਾ ਜਾਂ ਨਹੀਂ? ਸਰਕਾਰ ਨੇ ਇਸ ਦਾ ਜਵਾਬ ਦੇਣ ਲਈ ਹਫਤੇ ਦਾ ਸਮਾਂ ਮੰਗਿਆ ਹੈ। ਆਲੂ, ਪਿਆਜ ਤੇ ਲਸਣ ਵੇਚਣ ਵਾਲਿਆਂ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਸਵਾਲ ਚੁੱਕਿਆ। ਪਟੀਸ਼ਨ ਪਾਉਣ ਵਾਲਿਆਂ ਨੇ ਕਿਹਾ ਹੈ ਕਿ ਲਸਣ ਨੂੰ ਮਸਾਲਾ ਜਾਂ ਸਬਜ਼ੀ ਕਿਸੇ ਇਕ ਕੈਟਾਗਰੀ ਵਿਚ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਇਹ ਮਸਾਲੇ ਦੇ ਰੂਪ ਵਿਚ ਵੇਚਿਆ ਜਾਂਦਾ ਹੈ ਤਾਂ ਇਸ ਉਤੇ ਟੈਕਸ ਲੱਗਣਾ ਚਾਹੀਦਾ ਹੈ।

## ਨੌਜਵਾਨ ਪਾਠਕ ਪ੍ਰਿੰਟ ਐਡੀਸ਼ਨ ਨੂੰ ਅਜੇ ਵੀ ਦਿੰਦੇ ਨੇ ਵੱਧ ਤਰਜੀਹ

**ਲੰਡਨ:** ਅਖ਼ਬਾਰਾਂ ਦੀ ਸਰਕੁਲੇਸ਼ਨ ਘਟਣ ਤੇ ਸਮਾਰਟ ਫੋਨਾਂ ਰਾਹੀਂ ਖ਼ਬਰਾਂ ਦੀ ਵਧੇਰੇ ਖਪਤ ਦੇ ਰੁਝਾਨ ਦੇ ਬਾਵਜੂਦ ਨੌਜਵਾਨ ਪਾਠਕ ਅਜੇ ਵੀ ਵੈੱਬਸਾਈਟਜ਼ ਤੇ ਐਪਜ਼ ਦੀ ਨਿਸਬਤ ਪ੍ਰਿੰਟ ਐਡੀਸ਼ਨ ਨੂੰ ਵੱਧ ਤਰਜੀਹ ਦਿੰਦੇ ਹਨ। ਸਿਟੀ, ਯੂਨੀਵਰਸਿਟੀ ਆਫ ਲੰਡਨ ਵੱਲੋਂ ਸ਼ਹਿਰ ਵਿਚ ਕੀਤੇ ਇਕ ਅਧਿਐਨ ਮੁਤਾਬਕ ਨੌਜਵਾਨ ਪਾਠਕ ਅਜੇ ਵੀ ਆਨ ਲਾਈਨ ਖ਼ਬਰਾਂ ਪੜ੍ਹਨ ਦੀ ਥਾਂ ਅਖ਼ਬਾਰਾਂ ਦੇ ਪ੍ਰਿੰਟ ਐਡੀਸ਼ਨਾਂ ਨੂੰ ਤਰਜੀਹ ਦਿੰਦਿਆਂ ਲਗਭਗ ਦੁੱਗਣਾ ਸਮਾਂ ਬਿਤਾਉਂਦੇ ਹਨ।

ਅਧਿਐਨ ਮੁਤਾਬਕ ਸਾਲ 2016 ਵਿਚ 18 ਤੋਂ 34 ਸਾਲ ਦੇ ਯੂਕੇ ਦੇ ਅੱਠ ਕੌਮੀ ਅਖ਼ਬਾਰਾਂ ਦੇ ਬ੍ਰਿਟਿਸ਼ ਪਾਠਕਾਂ ਨੇ ਲਗਭਗ ਅਖ਼ਬਾਰਾਂ ਦੇ ਪ੍ਰਿੰਟ ਐਡੀਸ਼ਨ ਨੂੰ ਪੜ੍ਹਨ ਲਈ 21.7 ਅਰਬ ਮਿੰਟਾਂ ਦਾ ਸਮਾਂ ਲਾਇਆ ਜਦਕਿ ਇਨ੍ਹਾਂ ਪਾਠਕਾਂ ਨੇ ਵੈੱਬਸਾਈਟਜ਼ ਤੇ ਐਪਜ਼ ਉਤੇ ਸਿਰਫ 11.9 ਅਰਬ ਮਿੰਟ ਹੀ ਖਪਾਏ। ਯੂਨੀਵਰਸਿਟੀ ਨੇ ਸਰਵੇਖਣ ਲਈ ਪ੍ਰਿੰਟ ਐਡੀਸ਼ਨਾਂ ਤੇ ਆਨ ਲਾਈਨ ਵੈੱਬਸਾਈਟਾਂ ਉਤੇ ਖ਼ਬਰਾਂ ਪੜ੍ਹਨ ਲਈ ਖਪਾਏ ਸਮੇਂ ਨੂੰ ਅਧਾਰ ਬਣਾਇਆ ਹੈ। ਪੱਤਰਕਾਰੀ ਵਿਭਾਗ ਵਿਚ ਪ੍ਰੋਫੈਸਰ ਨੀਲ ਥਰਮਨ ਨੇ ਕਿਹਾ ਕਿ ਨੌਜਵਾਨ ਪਾਠਕਾਂ ਨੂੰ ਆਨ ਲਾਈਨ ਖ਼ਬਰਾਂ ਸਕੈਨ ਕਰਨ ਦੀ ਥਾਂ ਅਖ਼ਬਾਰਾਂ ਦੇ ਪ੍ਰਿੰਟ ਐਡੀਸ਼ਨਾਂ ਤੋਂ ਅਧੇੜ ਤੇ ਬਜ਼ੁਰਗ ਖਪਤਕਾਰਾਂ ਵਾਂਗ ਸਮੇਂ ਦੇ ਨਿਵੇਸ਼ ਨਾਲ ਤਜਰਬਾ ਮਿਲਦਾ ਹੈ। ਅਧਿਐਨ ਮੁਤਾਬਕ 18 ਤੋਂ 34 ਸਾਲ ਦੇ ਪਾਠਕ ਅਖ਼ਬਾਰ ਪੜ੍ਹਨ ਲਈ ਔਸਤ 23 ਮਿੰਟ ਲਾਉਂਦੇ ਹਨ। ਸ਼ਨਿਚਰਵਾਰ ਤੇ ਐਤਵਾਰ ਨੂੰ ਇਹ ਸਮਾਂ ਹੋਰ ਵਧ ਜਾਂਦਾ ਹੈ।




## ਅਮਰੀਕੀ ਫੌਜ ਵਿਚ ਸਮਲਿੰਗੀਆਂ ਦੀ ਭਰਤੀ ਰੋਕਣ ਲਈ ਜ਼ੋਰ ਅਜ਼ਮਾਈ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਸਰਕਾਰ ਨੇ ਸੰਘੀ ਅਦਾਲਤ ਨੂੰ ਦਰਖਾਸਤ ਕੀਤੀ ਹੈ ਕਿ ਉਹ ਪੈਂਟਾਗਨ ਰਾਹੀਂ ਸਮਲਿੰਗੀਆਂ ਦੀ ਭਰਤੀ ਸ਼ੁਰੂ ਕਰਨ ਉਤੇ ਅਗਲੇ ਸਾਲ ਤੋਂ ਰੋਕ ਲਾ ਦੇਵੇ। ਬੀਤੀ ਜੁਲਾਈ 'ਚ ਟਰੰਪ ਨੇ ਤਿੰਨ ਟਵੀਟ ਕਰ ਕੇ ਕਿਹਾ ਸੀ ਕਿ ਫੌਜ 'ਚ ਸਮਲਿੰਗੀਆਂ ਕਿਸੇ ਵੀ ਅਹੁਦੇ ਉਤੇ ਸੇਵਾ ਨਹੀਂ ਦੇ ਸਕਣਗੇ।

ਇਸ ਤੋਂ ਬਾਅਦ ਇਸ ਪਾਸੇ ਕਈ ਕਦਮ ਚੁੱਕੇ ਗਏ। ਟਰੰਪ ਦੇ ਟਵੀਟਾਂ ਤੋਂ ਬਾਅਦ ਵਾਈਟ ਹਾਊਸ ਵੱਲੋਂ ਮੈਮੋਰੰਡਮ ਦਿੱਤਾ ਗਿਆ ਜਿਸ ਕਾਰਨ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਫੌਜ ਦੇ ਕਈ ਮੈਂਬਰਾਂ ਤੇ ਜਥੇਬੰਦੀਆਂ ਨੇ ਇਸ ਨੂੰ ਚੁਣੌਤੀ ਦਿੱਤੀ ਹੈ। ਇਸ ਤੋਂ ਬਾਅਦ ਦੋ ਅਦਾਲਤਾਂ ਨੇ ਟਰੰਪ ਦੇ ਹੁਕਮਾਂ ਉਤੇ ਰੋਕ ਲਾ ਦਿੱਤੀ। ਹੁਣ ਪੈਂਟਾਗਨ ਨੂੰ ਪਹਿਲੀ ਜਨਵਰੀ ਤੋਂ ਸਮਲਿੰਗੀਆਂ ਦੀ ਅਰਜ਼ੀ ਲੈਣੀ ਪਵੇਗੀ। ਸਰਕਾਰ ਅਦਾਲਤ ਰਾਹੀਂ ਇਸ ਨੂੰ ਟਾਲਣਾ ਚਾਹੁੰਦੀ ਹੈ।

## ਆਇੰਸਟਾਈਨ ਦੀ ਚਿੱਠੀ ਇਕ ਲੱਖ ਡਾਲਰ 'ਚ ਵਿਕੀ

**ਲੰਡਨ:** ਆਪਣੇ ਸਾਪੇਖਤਾ ਦੇ ਸਿਧਾਂਤ ਉਤੇ ਖੁਸ਼ੀ ਪ੍ਰਗਟਾਉਣ ਲਈ ਜਰਮਨ ਵਿਗਿਆਨੀ ਅਲਬਰਟ ਆਇੰਸਟਾਈਨ ਵੱਲੋਂ ਆਪਣੇ ਜਿਗਰੀ ਯਾਰ ਮਿਸ਼ੇਲ ਬੇਸੋ ਨੂੰ ਲਿਖੀ ਚਿੱਠੀ ਨਿਲਾਮੀ ਵਿਚ 106,250 ਅਮਰੀਕੀ ਡਾਲਰਾਂ ਵਿਚ ਵਿਕੀ। ਇਸ ਚਿੱਠੀ ਉਤੇ ਬਰਲਿਨ ਦੀ ਡਾਕ ਮੋਹਰ ਹੈ ਅਤੇ ਮਿਤੀ 10 ਦਸੰਬਰ 1915 ਹੈ।

ਇਸ ਦੀ ਅਸਲ ਅੰਦਾਜ਼ਨ ਕੀਮਤ 30 ਹਜ਼ਾਰ ਡਾਲਰ ਸੀ। ਆਪਣੇ ਸਿਧਾਂਤ ਦੀ ਸਫਲਤਾ ਉਤੇ ਖੁਸ਼ੀ ਜ਼ਾਹਰ ਕਰਦਿਆਂ ਆਇੰਸਟਾਈਨ ਨੇ ਚਿੱਠੀ ਵਿਚ ਲਿਖਿਆ ਕਿ 'ਵੱਡੇ ਸੁਪਨੇ ਹੁਣ ਪੂਰੇ ਹੋ ਗਏ ਹਨ।'

ਬਰਤਾਨੀਆ ਦੇ ਨਿਲਾਮੀ ਘਰ ਕ੍ਰਿਸਟੀ ਅਨੁਸਾਰ ਆਇੰਸਟਾਈਨ ਨੇ 4 ਤੋਂ 25 ਨਵੰਬਰ ਵਿਚਾਲੇ ਪਰੂਸ਼ੀਆ ਅਕੈਡਮੀ ਆਫ ਸਾਇੰਸਜ਼ ਵਿਚ ਜਮ੍ਹਾਂ ਕਰਵਾਏ ਚਾਰ ਮੈਜਿਸਟਰੀਅਲ ਪਰਚਿਆਂ ਵਿਚ ਸਾਪੇਖਤਾ ਦੇ ਆਮ ਸਿਧਾਂਤ ਦੇ ਮੁੱਖ ਤੱਤਾਂ ਦਾ ਜ਼ਿਕਰ ਕੀਤਾ ਸੀ। ਇਹ ਪੋਸਟ ਕਾਰਡ ਆਇੰਸਟਾਈਨ ਵੱਲੋਂ ਆਪਣੇ ਕਾਲਜ ਮਿੱਤਰ ਬੇਸੋ ਨੂੰ ਲਿਖੀਆਂ ਉਨ੍ਹਾਂ ਚਿੱਠੀਆਂ ਦਾ ਹਿੱਸਾ ਹੈ, ਜਿਨ੍ਹਾਂ ਦੀ ਕ੍ਰਿਸਟੀ ਵਿਚ ਆਨ ਲਾਈਨ ਨਿਲਾਮੀ ਹੋਈ। ਇਹ ਕੁੱਲ 63 ਚਿੱਠੀਆਂ 12,34,625 ਅਮਰੀਕੀ ਡਾਲਰਾਂ ਵਿਚ ਵਿਕੀਆਂ।

### ਅਮਰੀਕੀ ਡ੍ਰੋਨਾਂ ਦੀਆਂ ਵਧੀਕੀਆਂ ਤੋਂ ਪਾਕਿ ਔਖਾ

**ਇਸਲਾਮਾਬਾਦ:** ਪਾਕਿਸਤਾਨ ਦੀ ਅਮਰੀਕਾ ਨਾਲ ਤਲਖੀ ਵਧਦੀ ਜਾ ਰਹੀ ਹੈ। ਪਾਕਿਸਤਾਨ ਹਵਾਈ ਸੈਨਾ ਮੁਖੀ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਸਰਹੱਦ ਵਿਚ ਕੋਈ ਡ੍ਰੋਨ ਨਜ਼ਰ ਆਏ, ਭਾਵੇਂ ਉਹ ਅਮਰੀਕਾ ਦਾ ਹੀ ਕਿਉਂ ਨਾ ਹੋਵੇ, ਨੂੰ ਸੁੱਟ ਲਿਆ ਜਾਏਗਾ। ਏਅਰ ਚੀਫ ਸੋਹੇਲ ਅਮਨ ਨੇ ਏਅਰ ਟੇਕ ਕਾਨਫਰੰਸ ਦੇ ਉਦਘਾਟਨ ਦੌਰਾਨ ਕਿਹਾ ਕਿ ਜੇ ਅਮਰੀਕੀ ਡ੍ਰੋਨ ਨੇ ਸਾਡੀ ਹਵਾਈ ਸੀਮਾ ਦੀ ਉਲੰਘਣਾ ਕੀਤੀ ਤਾਂ ਉਨ੍ਹਾਂ ਨੂੰ ਸੁੱਟ ਲਿਆ ਜਾਏਗਾ।

## ਮੋਦੀ ਸਰਕਾਰ ਨੇ ਆਪਣੀ ਮਸ਼ਹੂਰੀ ਉਤੇ ਖਰਚ ਦਿੱਤੇ 3755 ਕਰੋੜ ਰੁਪਏ

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਸਾਢੇ ਤਿੰਨ ਸਾਲਾਂ ਦੇ ਸ਼ਾਸਨ ਦੌਰਾਨ ਇਸ ਸਾਲ ਅਕਤੂਬਰ ਤੱਕ ਇਸ਼ਤਿਹਾਰਾਂ ਉਤੇ ਤਕਰੀਬਨ 3755 ਕਰੋੜ ਰੁਪਏ ਖਰਚ ਕੀਤੇ ਹਨ। ਆਰ.ਟੀ.ਆਈ. ਰਾਹੀਂ ਮੰਗੀ ਜਾਣਕਾਰੀ 'ਚ ਇਹ ਖੁਲਾਸਾ ਹੋਇਆ ਹੈ।

ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਆਰ.ਟੀ.ਆਈ. ਦੇ ਜਵਾਬ ਵਿਚ ਦੱਸਿਆ ਹੈ ਕਿ 'ਇਲੈਕਟ੍ਰੋਨਿਕ, ਪ੍ਰਿੰਟ ਤੇ ਬਾਹਰੀ (ਆਊਟਡੋਰ) ਇਸ਼ਤਿਹਾਰਾਂ ਉਤੇ ਅਪਰੈਲ 2014 ਤੋਂ ਅਕਤੂਬਰ 2017 ਤੱਕ ਤਕਰੀਬਨ 3755 ਕਰੋੜ ਰੁਪਏ ਖਰਚੇ ਹਨ। ਇਹ ਆਰ.ਟੀ.ਆਈ. ਨੋਇਡਾ ਦੇ ਇਕ ਆਰ.ਟੀ.ਆਈ. ਐਕਟੀਵਿਸਟ ਰਾਮਵੀਰ ਤੰਵਰ ਨੇ ਦਾਖਲ ਕੀਤੀ ਸੀ। ਆਰ.ਟੀ.ਆਈ. ਮੁਤਾਬਕ ਰੇਡੀਓ, ਡਿਜੀਟਲ ਸਿਨੇਮਾ, ਦੂਰਦਰਸ਼ਨ, ਇੰਟਰਨੈਟ, ਐਸ.ਐਮ.ਐਸ. ਤੇ ਟੀ.ਵੀ. ਸਣੇ ਇਲੈਕਟ੍ਰੋਨਿਕ ਮੀਡੀਆ ਉਤੇ ਤਕਰੀਬਨ 1656 ਕਰੋੜ ਰੁਪਏ ਖਰਚ ਕੀਤੇ ਗਏ। ਪ੍ਰਿੰਟ ਮੀਡੀਆ ਲਈ ਸਰਕਾਰ ਨੇ 1698 ਕਰੋੜ ਤੋਂ ਜ਼ਿਆਦਾ ਦਾ ਖਰਚਾ ਕੀਤਾ। ਹੋਰਡਿੰਗ, ਪੋਸਟਰ, ਬੁੱਕਲੈਟਸ ਤੇ ਕੈਲੰਡਰਾਂ ਉਤੇ 399 ਕਰੋੜ ਰੁਪਏ ਖਰਚੇ ਗਏ ਹਨ।

ਪਹਿਲੀ ਜੂਨ, 2014 ਤੋਂ 31 ਅਗਸਤ, 2016 ਵਿਚਾਲੇ ਅਜਿਹੇ ਇਸ਼ਤਿਹਾਰਾਂ ਉਤੇ 1600 ਕਰੋੜ ਰੁਪਏ ਖਰਚੇ ਗਏ ਹਨ ਜਿਨ੍ਹਾਂ 'ਚ ਪ੍ਰਧਾਨ ਮੰਤਰੀ ਮੋਦੀ ਨੂੰ ਵਿਖਾਇਆ ਗਿਆ ਹੋਵੇ। 2015 ਵਿਚ ਇਕ ਆਰ.ਟੀ.ਆਈ. ਵਿਚ ਖੁਲਾਸਾ ਹੋਇਆ ਸੀ ਕਿ ਕੇਂਦਰ ਨੇ ਜੁਲਾਈ 2015 ਤੱਕ ਪ੍ਰਧਾਨ ਮੰਤਰੀ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਬਾਰੇ ਅਖ਼ਬਾਰਾਂ ਵਿਚ ਤਕਰੀਬਨ 8.5 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਸਨ। ਭਾਜਪਾ ਤੇ ਕਾਂਗਰਸ ਨੇ ਆਮ ਆਦਮੀ ਪਾਰਟੀ ਵੱਲੋਂ 2015 ਵਿਚ 526 ਕਰੋੜ ਇਸ਼ਤਿਹਾਰਾਂ ਉਤੇ ਖਰਚਣ ਕਾਰਨ ਨਿੰਦਾ ਕੀਤੀ ਸੀ।



### ਭ੍ਰਿਸ਼ਟਾਚਾਰ ਬਾਰੇ ਮੋਦੀ ਸਰਕਾਰ ਦੇ ਦਾਅਵੇ ਕੋਰਾ ਝੂਠ

**ਨਵੀਂ ਦਿੱਲੀ:** ਮੋਦੀ ਸਰਕਾਰ ਦੇ ਭ੍ਰਿਸ਼ਟਾਚਾਰ ਬਾਰੇ ਸਾਰੇ ਦਾਅਵੇ ਝੂਠੇ ਹਨ। ਭਾਰਤ ਵਿਚ ਭ੍ਰਿਸ਼ਟਾਚਾਰ ਘਟਣ ਦੀ ਥਾਂ ਲਗਾਤਾਰ ਵਧ ਰਿਹਾ ਹੈ। ਇਹ ਗੱਲ ਸਰਵੇਖਣ ਵਿਚ ਸਾਹਮਣੇ ਆਈ ਹੈ। 'ਟ੍ਰਾਂਸਪੇਰੈਂਸੀ ਇੰਟਰਨੈਸ਼ਨਲ' ਨਾਂ ਦੀ ਜਥੇਬੰਦੀ ਨੇ ਭਾਰਤ ਦੇ 9 ਸੂਬਿਆਂ ਵਿਚ ਇਹ ਸਰਵੇਖਣ ਕੀਤਾ ਸੀ। ਇਸ ਵਿਚ ਸ਼ਾਮਲ 45 ਫੀਸਦੀ ਲੋਕਾਂ ਨੇ ਮੰਨਿਆ ਕਿ ਪਿਛਲੇ ਇਕ ਸਾਲ ਵਿਚ ਉਨ੍ਹਾਂ ਨੇ ਆਪਣਾ ਕੋਈ ਨਾ ਕੋਈ ਕੰਮ ਕਰਵਾਉਣ ਲਈ ਘੱਟੋ-ਘੱਟ ਇਕ ਵਾਰ ਤਾਂ ਰਿਸ਼ਵਤ ਦਿੱਤੀ ਹੀ ਹੈ। ਇਸ ਤੋਂ ਪਿਛਲੀ ਵਾਰ ਇਹ ਡਾਟਾ 43 ਫੀਸਦੀ ਸੀ। ਸਰਵੇਖਣ ਵਿਚ ਸ਼ਾਮਲ 34,696 ਲੋਕਾਂ ਵਿਚੋਂ 37 ਫੀਸਦੀ ਨੇ ਮੰਨਿਆ ਕਿ ਰਿਸ਼ਵਤਖੋਰੀ ਵਧ ਗਈ ਹੈ। ਅਜਿਹਾ ਨਾ ਮੰਨਣ ਵਾਲੇ ਲੋਕਾਂ ਦੀ ਗਿਣਤੀ ਸਿਰਫ 14 ਫੀਸਦੀ ਹੈ। ਖਾਸ ਗੱਲ ਇਹ ਹੈ ਕਿ 45 ਫੀਸਦੀ ਲੋਕਾਂ ਨੇ ਕਿਹਾ ਹੈ ਕਿ ਸਿਸਟਮ ਵਿਚ ਕੋਈ ਬਦਲਾਅ ਨਹੀਂ ਹੋਇਆ। ਸਰਵੇ ਮੁਤਾਬਕ ਸਭ ਤੋਂ ਜ਼ਿਆਦਾ ਮਾੜਾ ਹਾਲ ਪੱਛਮੀ ਬੰਗਾਲ ਤੇ ਮੱਧ ਪ੍ਰਦੇਸ਼ ਦਾ ਹੈ।

# ਸੰਸਾਰ ਅਮਨ ਵਿਚ ਔਰਤਾਂ ਦੀ ਭੂਮਿਕਾ

ਅਸੀਂ ਉਸ ਦੁਨੀਆਂ ਵਿਚ ਵੱਸ ਰਹੇ ਹਾਂ, ਜਿਥੇ ਜੰਗ ਜ਼ੋਰ ਫੜ ਰਹੀ ਹੈ, ਹਿੰਸਕ ਹੋਏ ਅਤਿਵਾਦੀ ਕਰੋੜਾਂ ਲੋਕਾਂ ਨੂੰ ਦਹਿਸ਼ਤਜ਼ਦਾ ਕਰ ਰਹੇ ਹਨ ਅਤੇ ਸ਼ਰਨਾਰਥੀਆਂ ਦੀ ਗਿਣਤੀ ਹੁਣ ਐਨੀ ਜ਼ਿਆਦਾ ਹੋ ਚੁੱਕੀ ਹੈ, ਜਿੰਨੀ ਪਹਿਲਾਂ ਕਦੇ ਵੀ ਨਹੀਂ ਹੋਈ ਸੀ। ਆਧੁਨਿਕ ਦੁਨੀਆਂ 21ਵੀਂ ਸਦੀ ਦੀਆਂ ਚੁਣੌਤੀਆਂ ਵਿਚ ਜਕੜੀ ਹੋਈ ਹੈ, ਜਿਨ੍ਹਾਂ ਵਿਚ ਅਤਿਵਾਦ ਅਤੇ ਦਹਿਸ਼ਤਗਰਦੀ ਵਰਗੀਆਂ ਚੁਣੌਤੀਆਂ ਵੀ ਸ਼ਾਮਲ ਹਨ। ਬੁੱਧੀਜੀਵੀ ਤੇ ਨੀਤੀਘਾੜੇ ਇਨ੍ਹਾਂ ਚੁਣੌਤੀਆਂ ਦਾ ਸੰਭਵ ਹੱਲ

**ਮਾਰੀਆ ਤੈਮੂਰ**

ਲੱਭਣ ਦੇ ਯਤਨ ਕਰ ਰਹੇ ਹਨ, ਹਾਲਾਂਕਿ ਇਹ ਬਹੁਤ ਮੁਸ਼ਕਿਲ ਕੰਮ ਹੈ। ਵੀਹਵੀਂ ਸਦੀ ਦੇ ਆਗਮਨ ਵਿਚ ਅਸੀਂ ਅੱਗ ਤੋਂ ਬਚਾਅ ਵਾਲੀਆਂ ਤਕਨੀਕਾਂ ਨਾਲ ਸ਼ਹਿਰ ਉਸਰਦੇ ਵੇਖੇ ਸਨ ਤੇ ਹੁਣ ਇਕੀਵੀਂ ਸਦੀ ਵਿਚ ਸ਼ਾਇਦ ਸਾਨੂੰ ਦਹਿਸ਼ਤਗਰਦੀ ਤੋਂ ਸ਼ਹਿਰ ਕਿਵੇਂ ਬਚਾ ਕੇ ਰੱਖਣੇ ਹਨ, ਇਸ ਪਾਸੇ ਧਿਆਨ ਦੇਣਾ ਪਏਗਾ। ਸ਼ਾਇਦ ਇਹ ਗੱਲਾਂ ਆਮ ਕਰ ਕੇ ਪਸੰਦ ਨਾ ਕੀਤੀਆਂ ਜਾਣ ਜਾਂ ਕਈ ਵੀ ਇਨ੍ਹਾਂ ਤੋਂ ਕਾਇਲ ਨਾ ਹੋਵੇ, ਪਰ ਜਿਸ ਤਰ੍ਹਾਂ ਇਸ ਸਦੀ ਦੀ ਸ਼ੁਰੂਆਤ ਹੋਈ ਹੈ, ਉਹ ਸਾਨੂੰ ਇਸੇ ਢੰਗ ਨਾਲ ਸੋਚਣ ਲਈ ਮਜਬੂਰ ਕਰ ਰਹੀ ਹੈ।

ਦੁਨੀਆਂ ਵਿਚ ਹਰ ਦਿਨ ਅਸਹਿਣਸ਼ੀਲਤਾ, ਹਿੰਸਾ, ਟਕਰਾਅ ਤੇ ਜੰਗ ਦੀਆਂ ਨਵੀਆਂ ਖ਼ਬਰਾਂ ਲੈ ਕੇ ਚੜ੍ਹਦਾ ਹੈ। ਕੁਝ ਵਿਵਾਦ ਤਾਂ ਹੱਲ ਹੋ ਗਏ ਹਨ, ਪਰ ਅਜੇ ਵੀ ਬਹੁਤ ਸਾਰੇ ਟਕਰਾਅ ਜਾਰੀ ਹਨ ਜਿਨ੍ਹਾਂ ਨੇ ਆਮ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਕੁਝ ਵੀ ਹੋਵੇ, ਇਨ੍ਹਾਂ ਟਕਰਾਵਾਂ, ਦਹਿਸ਼ਤਗਰਦੀ ਘਟਨਾਵਾਂ ਤੇ ਜੰਗਾਂ ਕਾਰਨ ਹੋ ਰਹੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਦੀ ਪੂਰਤੀ ਹੋਣੀ ਅਸੰਭਵ ਬਣ ਗਈ ਹੈ। ਟਕਰਾਵਾਂ ਦੇ ਖਾਤਮੇ ਬਾਅਦ ਜਿਨ੍ਹਾਂ ਖੇਤਰਾਂ ਵਿਚ ਅਮਨ ਪਰਤਿਆ ਹੈ, ਉਥੇ ਇਸ ਨੂੰ ਬਣਾਈ ਰੱਖਣ ਅਤੇ ਲੋਕਾਂ ਦੇ ਮੁੜ ਵਸੇਬੇ ਲਈ ਸਹਾਇਤਾ ਦੀ ਲੋੜ ਹੈ, ਤੇ ਜਿਥੇ ਅਜੇ ਵੀ ਟਕਰਾਅ ਜਾਰੀ ਹਨ, ਉਥੇ ਅਮਨ ਕਾਇਮ ਕਰਨ ਲਈ ਸਹਾਇਤਾ ਦੀ ਲੋੜ ਪੈ ਰਹੀ ਹੈ।

ਇਕ ਵਿਚਾਰ, ਜਿਹੜਾ ਹੋ ਸਕਦਾ ਹੈ ਕਿ ਜ਼ੋਰ ਫੜ ਰਿਹਾ ਹੋਵੇ, ਭਾਵੇਂ ਹੌਲੀ-ਹੌਲੀ ਹੀ ਸਹੀ- ਇਹ ਹੈ ਸੰਸਾਰ ਵਿਚ ਅਮਨ ਕਾਇਮ ਕਰਨ ਦੇ ਹੋ ਰਹੇ ਉਪਰਾਲਿਆਂ ਅਤੇ ਟਕਰਾਵਾਂ ਦੇ ਕਾਰਨਾਂ ਦੇ ਹੱਲ ਦੀ ਪ੍ਰਕਿਰਿਆ ਵਿਚ ਮਹਿਲਾਵਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚਾਰ ਉਪਰ ਬਗੈਰ ਹੈਰਾਨ ਹੋਇਆਂ, ਇਹ ਸ਼ੰਕੇ ਪ੍ਰਗਟ ਕੀਤੇ ਗਏ ਅਤੇ ਆਲੋਚਨਾ ਵੀ ਹੋਈ ਕਿ ਔਰਤਾਂ ਅਜਿਹਾ ਕਰਨ ਵਿਚ ਕਾਮਯਾਬ ਹੋਣਗੀਆਂ, ਕਿਉਂਕਿ



ਔਰਤਾਂ ਨੂੰ ਉਨ੍ਹਾਂ ਨੇ ਜ਼ਿਆਦਾਤਰ ਕੇਵਲ ਹਿੰਸਾ ਦੀਆਂ ਸ਼ਿਕਾਰ ਹੋਈਆਂ ਹੀ ਦੇਖਿਆ ਸੀ ਅਤੇ ਜਾਂ ਇਨ੍ਹਾਂ ਨੂੰ ਹਮਾਇਤ ਨਾਂ-ਮਾਤਰ ਮਿਲਣ ਦੇ ਰੂਪ 'ਚ। ਇਸ ਤੋਂ ਇਲਾਵਾ ਪੁਰਸ਼ ਪ੍ਰਧਾਨ ਸਮਾਜਾਂ ਵਿਚ ਇਨ੍ਹਾਂ ਦੇ ਰੋਲ ਉਪਰ ਬੋਲ੍ਹਿਆਂ ਵਰਗੀ ਖਾਮੋਸ਼ੀ ਧਾਰੀ ਹੋਈ ਹੁੰਦੀ ਹੈ। ਫਿਰ ਵੀ ਇਹ ਵਿਚਾਰ ਠੋਸ ਰੂਪ ਅਖਤਿਆਰ ਕਰ ਰਿਹਾ ਹੈ। ਜਿਥੇ ਔਰਤਾਂ ਵਿਭਿੰਨਤਾ ਵਾਲੇ ਸਭਿਆਚਾਰਾਂ ਵਿਚੋਂ ਆਈਆਂ ਹਨ, ਲਗਦਾ ਹੈ ਕਿ ਉਥੇ ਮਹਿਲਾਵਾਂ ਨੂੰ ਅਜਿਹੀਆਂ ਜ਼ਿੰਮੇਵਾਰੀਆਂ ਮਿਲ ਸਕਣਗੀਆਂ ਤੇ ਉਹ ਗੁਣਵੱਤਾ ਤੇ ਵਿਲੱਖਣਤਾ ਦੇ ਆਧਾਰ ਉਪਰ ਆਪਣਾ ਬਣਦਾ ਸਥਾਨ ਹਾਸਲ ਕਰ ਸਕਣ ਵਿਚ ਕਾਮਯਾਬ ਵੀ ਹੋਣਗੀਆਂ।

ਬਹੁਤ ਸਾਰੇ ਕੇਸਾਂ ਵਿਚ ਇਹ ਸਾਬਤ ਹੋ ਚੁੱਕਾ ਹੈ ਕਿ ਅਮਨ ਪ੍ਰਕਿਰਿਆ ਵਿਚ ਔਰਤਾਂ ਦੀ ਸ਼ਮੂਲੀਅਤ ਕੀਤੇ ਜਾਣ ਨਾਲ ਨਾ ਕੇਵਲ ਟਕਰਾਅ ਦੇ ਅੰਤਰ ਪ੍ਰਵਾਹ ਦੀ ਥਾਹ ਪਾਉਣ ਵਿਚ ਸਹਾਇਤਾ ਮਿਲੀ, ਸਗੋਂ ਭਾਈਚਾਰਿਆਂ ਦੀਆਂ ਫਿਕਰਮੰਦੀਆਂ ਨੇ ਅਮਨ ਲਈ ਪ੍ਰਾਪਤ ਹੋ ਸਕਣ ਵਾਲੇ ਟੀਚੇ ਨਿਰਧਾਰਤ ਕਰਨ ਦੇ ਯੋਗ ਵੀ ਮਹਿਲਾਵਾਂ ਨੂੰ ਬਣਾਇਆ। ਔਰਤਾਂ, ਜ਼ਿਆਦਾਤਰ ਭਾਈਚਾਰਿਆਂ ਨਾਲ ਰੂਹ ਤੱਕ ਜੁੜੀਆਂ ਹੁੰਦੀਆਂ ਹਨ। ਇਸ ਲਈ ਜੇ ਇਨ੍ਹਾਂ ਨੂੰ ਮੌਕਾ ਦਿੱਤਾ ਜਾਵੇ, ਇਨ੍ਹਾਂ ਵਿਚ ਐਨੀ ਸਮਰੱਥਾ ਹੈ ਕਿ ਇਹ ਵਿਵਾਦਾਂ ਨੂੰ ਬਗੈਰ ਹਿੰਸਕ ਰਾਹ ਅਪਣਾਇਆਂ ਹੱਲ ਕਰ ਸਕਦੀਆਂ ਹਨ।

ਖੋਜੀਆਂ ਤੇ ਮਨੋਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਔਰਤਾਂ ਨੂੰ ਆਦਮੀਆਂ ਨਾਲੋਂ ਬਹੁਤ ਪਹਿਲਾਂ ਹਿੰਸਾ ਹੋਣ ਦੀ ਚਿਤਾਵਨੀ ਦੇ ਸੰਕੇਤ ਪਤਾ ਲੱਗ ਜਾਂਦੇ ਹਨ। ਮਿਸਾਲ ਵਜੋਂ, ਅਫ਼ਗਾਨ ਭਾਈਚਾਰਿਆਂ ਵਿਚ ਔਰਤਾਂ ਨੇ ਤਾਲਿਬਾਨ ਵੱਲੋਂ ਉਨ੍ਹਾਂ ਦੇ ਪੁੱਤਰਾਂ ਨੂੰ ਆਪਣੇ ਵਿਚ ਭਰਤੀ ਕਰਨ ਜਾਂ ਕੱਟੜ ਧਾਰਮਿਕ ਬਣਾਉਣ ਦੇ ਖਤਰਿਆਂ ਨੂੰ ਸਮੇਂ ਸਿਰ ਭਾਂਪ ਕੇ ਉਨ੍ਹਾਂ ਦੇ ਨਾਪਾਕ ਮਨਸੂਬੇ ਅਸਫਲ ਬਣਾਉਣ ਵਿਚ ਸਫਲਤਾ ਹਾਸਲ ਕੀਤੀ, ਜਦੋਂਕਿ ਸਥਾਨਕ ਸੁਰੱਖਿਆ ਬਲਾਂ ਨੇ ਇਸ ਖਤਰੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੋਇਆ ਸੀ। ਇਸ ਸਬੰਧੀ ਲਾਇਬੇਰੀਅਨ ਮਹਿਲਾਵਾਂ ਦੇ ਜੀਵਨ ਦੀਆਂ ਉਦਾਹਰਨਾਂ ਵੀ ਲਈਆਂ ਜਾ ਸਕਦੀਆਂ ਹਨ, ਜਿਨ੍ਹਾਂ ਨੇ ਪਿਛਲੇ ਦਹਾਕੇ ਦੌਰਾਨ ਆਪਣੇ ਭਾਈਚਾਰਿਆਂ ਵਿਚ ਔਰਤਾਂ ਨੂੰ ਸਰਗਰਮ ਕਰਦਿਆਂ, ਉਥੇ ਪਈਆਂ ਧਾਰਮਿਕ ਤੇ ਨਸਲੀ ਵੰਡੀਆਂ ਨੂੰ ਕੇਵਲ ਖਤਮ ਕਰਨ ਵਿਚ ਸਫਲਤਾ ਹਾਸਲ ਨਹੀਂ ਕੀਤੀ, ਸਗੋਂ ਉਨ੍ਹਾਂ ਦਾ ਆਪਸੀ ਮੇਲ-ਮਿਲਾਪ ਵੀ ਵਧਾਇਆ ਸੀ।

ਸੀਰੀਆ ਵਿਚ ਔਰਤਾਂ ਨੇ ਇਸ ਤੱਥ ਦਾ ਲਾਹਾ ਲਿਆ ਕਿ ਉਹ ਕਿਸੇ ਵੀ ਧਿਰ ਲਈ ਖਤਰਾ ਨਹੀਂ ਹਨ ਅਤੇ ਸਥਾਨਕ ਪੱਧਰ 'ਤੇ ਹੋ ਰਹੇ ਹਥਿਆਰਬੰਦ ਟਕਰਾਵਾਂ ਵਿਚ ਉਨ੍ਹਾਂ ਦੀ ਨਿਰਪੱਖ ਵਿਚੋਲਗਿਰੀ ਵਾਲੀ ਭੂਮਿਕਾ ਦਾ ਸਵਾਗਤ ਕੀਤਾ ਗਿਆ। ਰਵਾਂਡਾ ਵਿਚ ਪਿਛਲੇ ਕਈ ਦਹਾਕਿਆਂ ਦੌਰਾਨ ਔਰਤਾਂ ਨੂੰ ਨਸਲਘਾਤ ਦੇ ਜ਼ਖ਼ਮਾਂ ਉਪਰ ਹਰ ਸੰਭਵ ਢੰਗ ਨਾਲ ਮੱਲ੍ਹਮ ਲਾਉਂਦਿਆਂ ਵੇਖਿਆ ਗਿਆ। ਇਸੇ ਤਰ੍ਹਾਂ ਪਾਕਿਸਤਾਨ ਪੁਲਿਸ ਅਤੇ ਕਾਨੂੰਨ ਅਮਲ ਵਿਚ ਲਿਆਉਣ ਵਾਲੀਆਂ ਏਜੰਸੀਆਂ ਵਿਚ ਤਾਇਨਾਤ ਮਹਿਲਾਵਾਂ ਨੇ ਤਲਾਸ਼ੀ ਮੁਹਿੰਮਾਂ ਦੌਰਾਨ ਚੰਗੇ ਸਿੱਟੇ ਸਾਹਮਣੇ ਲਿਆ ਕੇ ਆਪਣੀ ਕਾਬਲੀਅਤ ਦਾ ਬਾਖ਼ੂਬੀ ਪ੍ਰਦਰਸ਼ਨ ਕੀਤਾ ਹੈ।

ਪਾਕਿਸਤਾਨ ਦੇ ਵਿਸ਼ੇਸ਼ ਕਿਸਮ ਦੇ ਸਮਾਜਿਕ-ਸਭਿਆਚਾਰ ਵਿਚ ਔਰਤਾਂ ਨੂੰ ਫੈਸਲੇ ਲੈਣ ਦੀ ਪ੍ਰਕਿਰਿਆ ਵਿਚ ਅਹਿਮ ਮੈਂਬਰਾਂ ਵਜੋਂ ਸ਼ਾਮਲ ਨਹੀਂ ਕੀਤਾ ਜਾਂਦਾ। ਇਨ੍ਹਾਂ ਨੂੰ ਅਮਨ ਕਾਇਮੀ ਦੇ ਕਾਰਜ ਦਾ ਹਿੱਸਾ ਬਣਾਉਣ ਦੀ ਲੋੜ ਹੁਣ ਵੱਧ ਮਹਿਸੂਸ ਕੀਤੀ ਜਾ ਰਹੀ ਹੈ। ਪਿਛਲੇ ਬਹੁਤ ਸਾਰੇ ਸਾਲਾਂ ਦੌਰਾਨ ਦਹਿਸ਼ਤਗਰਦੀ ਨੇ ਮਨੁੱਖੀ ਜਾਨਾਂ ਦਾ ਬਹੁਤ ਨੁਕਸਾਨ ਕੀਤਾ ਹੈ, ਸਾਨੂੰ ਅਤਿਵਾਦ ਤੇ ਦਹਿਸ਼ਤਗਰਦੀ ਦੇ ਮੁਕਾਬਲੇ ਲਈ ਹੋਰ ਪ੍ਰਭਾਵਸ਼ਾਲੀ ਤੇ ਨਵੀਆਂ ਅਜਿਹੀਆਂ ਰਣਨੀਤੀਆਂ ਤਿਆਰ ਕਰਨ ਦੀ ਲੋੜ ਹੈ ਜਿਨ੍ਹਾਂ ਵਿਚ ਔਰਤਾਂ ਦੀ ਵੀ ਅਹਿਮ ਭੂਮਿਕਾ ਹੋਵੇ।

ਜਦੋਂ ਸਾਡੇ ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਗੱਲ ਆਉਂਦੀ ਹੈ ਤਾਂ ਅਸੀਂ ਮਹਿਲਾ ਸਿੱਖਿਆ ਸ਼ਾਸਤਰੀਆਂ ਤੇ ਮਹਿਲਾ ਡਾਕਟਰਾਂ ਉਪਰ ਬਹੁਤ ਭਰੋਸਾ ਕਰਦੇ ਹਾਂ, ਫਿਰ ਕੀ ਕਾਰਨ ਹੈ ਕਿ ਇਨ੍ਹਾਂ ਬਾਰੇ ਅਮਨਘਾੜੀਆਂ, ਵਿਚੋਲਗਿਰੀ ਕਰਨ ਵਾਲੀਆਂ, ਵਾਰਤਾਕਾਰਾਂ ਵਜੋਂ ਸੋਚਣਾ ਸੰਭਵ ਨਹੀਂ? ਟਕਰਾਵਾਂ ਤੇ ਪਿੱਤਰੀ-ਸੱਤਾ ਦੀਆਂ ਸਭ ਤੋਂ ਵੱਧ ਸ਼ਿਕਾਰ ਰਹੀਆਂ ਹੋਣ ਕਾਰਨ ਕੀ ਉਹ ਅਮਨ ਬਹਾਲੀ ਤੇ ਇਸ ਨੂੰ ਕਾਇਮ ਰੱਖਣ ਦੀ ਲੋੜ ਸਬੰਧੀ ਜ਼ਿਆਦਾ ਸੰਵੇਦਨਸ਼ੀਲ ਨਹੀਂ ਸਮਝੀਆਂ ਜਾ ਸਕਦੀਆਂ? ਜੇ ਸਰਕਾਰਾਂ ਸੱਚਮੁੱਚ ਅਮਨ ਕਾਇਮੀ ਲਈ ਮੌਕਾ ਦੇਣ ਦਾ ਫੈਸਲਾ ਕਰਦੀਆਂ ਹਨ ਤਾਂ ਅਜਿਹੀ ਪ੍ਰਕਿਰਿਆ ਵਿਚ ਯਕੀਨਨ ਮਹਿਲਾਵਾਂ ਇਹ ਅਹਿਮ ਸਾਬਤ ਹੋ ਸਕਦੀਆਂ ਹਨ।

ਸਾਡੇ ਸਮਾਜ ਨੇ ਜੀਵਨ ਦੇ ਹਰ ਪੱਖ ਵਿਚ ਔਰਤਾਂ ਨੂੰ ਵੱਧ ਤੋਂ ਵੱਧ ਸ਼ਾਮਲ ਕਰਨ ਲਈ ਬਹੁਤ ਹੀ ਥੋੜ੍ਹੇ ਕਦਮ ਉਠਾਏ ਹਨ। ਜਿਹੜੇ ਘਰਾਂ ਨੂੰ ਬਣਾਉਣ ਵਾਲੇ ਹਨ, ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਸਮਾਜ ਦੀ ਉਸਾਰੀ ਕਰਦਿਆਂ ਆਮ ਕਰ ਕੇ ਅਤੇ ਪਰਿਵਾਰਾਂ ਵਿਚ ਖਾਸ ਕਰ ਕੇ ਔਰਤਾਂ ਜਿਸ ਭਾਈਚਾਰਿਆਂ ਨਾਲ ਸਬੰਧਤ ਹੁੰਦੀਆਂ ਹਨ ਅਤੇ ਜੋ ਆਪਸ ਵਿਚ ਟਕਰਾਉਂਦੇ ਆ ਰਹੇ ਹਨ, ਉਨ੍ਹਾਂ ਦੇ ਟਕਰਾਅ ਖਤਮ ਕਰਨ ਵਿਚ ਇਹ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਅਧਿਐਨਾਂ ਰਾਹੀਂ ਇਹ ਤੱਥ ਸਾਹਮਣੇ ਆਇਆ ਹੈ ਕਿ ਜਿਹੜੀਆਂ ਸਹਿਮਤੀਆਂ ਬਣਾਉਣ ਦੇ ਕਾਰਜਾਂ ਵਿਚ ਮਹਿਲਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ, ਉਨ੍ਹਾਂ ਹੋਏ ਸਮਝੌਤਿਆਂ ਦੇ ਕਾਇਮ ਰਹਿਣ ਦੀ ਵੱਧ ਸੰਭਾਵਨਾ ਕਾਇਮ ਰਹੀ।

ਇਸ ਲਈ ਮਹਿਲਾਵਾਂ ਨੂੰ ਨੀਤੀਘਾੜਿਆਂ ਦੇ ਪੱਧਰ ਤੱਕ ਪਹੁੰਚਾਉਣ ਲਈ ਅਤੇ ਇਨ੍ਹਾਂ ਦੀ ਆਗੂਆਂ ਵਜੋਂ ਮੁਹਾਰਿਤ ਸੁਧਾਰਨ ਲਈ ਬਹੁਤ ਸਾਰੇ ਠੋਸ ਯਤਨ ਕਰਨ ਦੀ ਲੋੜ ਹੈ। ਸੰਸਦ ਦੀਆਂ ਮਹਿਲਾਵਾਂ ਨੂੰ ਲੀਡਰਸ਼ਿਪ ਦੇ ਰੋਲ ਨਾਲ ਜੋੜਨਾ ਬਰਾਬਰ ਮਹੱਤਵਪੂਰਨ ਹੈ। ਇਨ੍ਹਾਂ ਵਿਚ ਉਨ੍ਹਾਂ ਮਹਿਲਾਵਾਂ ਨੂੰ ਵੀ ਸ਼ਾਮਲ ਕੀਤਾ ਜਾਏ, ਜਿਹੜੀਆਂ ਆਪਣੇ ਭਾਈਚਾਰਿਆਂ ਦੀਆਂ ਆਵਾਜ਼ ਰਹਿਤ ਪ੍ਰਤੀਨਿਧੀਆਂ ਵਜੋਂ ਵਿਚਰ ਰਹੀਆਂ ਹਨ। ਜਦੋਂ ਅਸੀਂ ਔਰਤਾਂ ਨੂੰ ਅਮਨ ਤੇ ਸੁਰੱਖਿਆ ਕਾਰਜਾਂ ਵਿਚ ਸ਼ਾਮਲ ਕਰਾਂਗੇ ਤੇ ਦੇਸ਼ ਦੀ ਇਹ ਅੱਧੀ ਆਬਾਦੀ ਜ਼ਰੂਰ ਚੰਗੇ ਨਤੀਜੇ ਸਾਹਮਣੇ ਲਿਆਏਗੀ।

# ਫੌਜੀ ਇਤਿਹਾਸ ਦੀ ਕਲਾ ਅਤੇ ਕਸਬ...

ਗਣਤੰਤਰੀ ਮੁਲਕ ਵਜੋਂ ਭਾਰਤੀ ਸਫ਼ਰ ਦੀ ਸ਼ੁਰੂਆਤ ਵੇਲੇ ਤੋਂ ਹੀ ਹਥਿਆਰਬੰਦ ਬਲ ਸਾਡੀ ਇਲਾਕਾਈ ਅਖੰਡਤਾ ਅਤੇ ਕੌਮੀ ਹਿੱਤਾਂ ਦੀ ਹਿਫ਼ਾਜ਼ਤ ਕਰਦੇ ਆ ਰਹੇ ਹਨ। ਅਗਸਤ 1947 ਵਿਚ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਮਿਲਣ ਦੇ ਕੁਝ ਹਫ਼ਤਿਆਂ ਦੇ ਅੰਦਰ-ਅੰਦਰ ਹੀ ਕਸ਼ਮੀਰ ਤਰਫ਼ੋਂ ਹਮਲਾ ਕਰਨ ਵਾਲੇ ਪਾਕਿਸਤਾਨੀ ਧਾੜਵੀਆਂ ਨੂੰ ਖਦੇੜਨ ਲਈ ਸੈਨਿਕਾਂ ਨੂੰ ਉਥੇ ਭੇਜਿਆ ਗਿਆ ਸੀ। ਦਰਅਸਲ, ਨਵੇਂ ਬਣੇ ਰਾਸ਼ਟਰ ਦੀ ਤਿਲਕਪੋਸ਼ੀ ਹੀ ਅਤਿਅੰਤ ਦੁਸ਼ਵਾਰ ਹਾਲਾਤ ਵਿਚ ਜੂਝਣ ਵਾਲੇ ਇਨ੍ਹਾਂ ਸੂਰਬੀਰਾਂ ਦੀਆਂ ਕੁਰਬਾਨੀਆਂ ਰਾਹੀਂ ਹੋਈ।

ਪਹਿਲੀ ਕਸ਼ਮੀਰ ਜੰਗ ਤੋਂ ਲੈ ਕੇ ਹਾਲੀਆ ਡੋਕਲਾਮ ਵਿਵਾਦ ਤਕ ਭਾਰਤ ਨੂੰ ਕਈ ਜੰਗਾਂ ਲੜਨੀਆਂ ਪਈਆਂ ਹਨ, ਜਾਂ ਫਿਰ ਜੰਗ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਹੈ। ਹਰ ਵਾਰ ਸੈਨਿਕਾਂ ਨੇ ਵੇਲਾ ਸੰਭਾਲਦਿਆਂ ਭਾਰਤ ਦੀ ਰੱਖਿਆ ਲਈ ਅਜ਼ੀਮ ਕੁਰਬਾਨੀਆਂ ਕੀਤੀਆਂ।

ਦਰਅਸਲ, ਕੁਰਬਾਨੀ ਦੇਣੀ ਮੁੱਢ ਕਦੀਮ ਤੋਂ ਹੀ ਸੈਨਿਕ ਦਾ ਫ਼ਰਜ਼ ਰਿਹਾ ਹੈ। ਹਰ ਰਾਸ਼ਟਰ ਆਪਣੇ ਸੈਨਿਕਾਂ ਤੇ ਯੋਧਿਆਂ ਨੂੰ ਸਤਿਕਾਰਨ ਅਤੇ ਯਾਦ ਕਰਨ ਦੇ ਤੌਰ ਤਰੀਕੇ ਲੱਭ ਲੈਂਦਾ ਹੈ; ਹਰ ਰਾਸ਼ਟਰ ਆਪਣੇ ਸੈਨਿਕਾਂ ਦੀ ਦਲੇਰੀ ਤੇ ਸੂਰਬੀਰਤਾ ਦੁਆਲੇ ਇਤਿਹਾਸਕ ਗਾਥਾਵਾਂ ਵੀ ਬੁਣ ਲੈਂਦਾ ਹੈ। ਹਰ ਰਾਸ਼ਟਰ ਆਪਣੇ ਸੈਨਿਕਾਂ ਦੀਆਂ ਕੁਰਬਾਨੀਆਂ ਦੀ ਯਾਦ ਨੂੰ ਸੰਭਾਲਣ ਅਤੇ ਮੈਦਾਨ-ਏ-ਜੰਗ ਵਿਚ ਦਿਖਾਈ ਗਈ ਸੂਰਬੀਰਤਾ ਦੁਆਲੇ ਡਰਾਮਾ, ਮਿੱਥਾਂ, ਰਹੱਸ ਅਤੇ ਆਭਾ ਮੰਡਲ ਉਸਾਰਨ ਲਈ ਇਤਿਹਾਸਕਾਰਾਂ, ਬਿਰਤਾਂਤਕਾਰਾਂ, ਨਾਵਲਕਾਰਾਂ, ਕਵੀਆਂ, ਕਵੀਸ਼ਰਾਂ, ਨਿਬੰਧਕਾਰਾਂ ਅਤੇ ਪਟਕਥਾ ਲੇਖਕਾਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਿਤ ਵੀ ਕਰਦਾ ਹੈ। ਲਿਓ ਤਾਲਸਤਾਏ ਦਾ ਨਾਵਲ 'ਜੰਗ ਅਤੇ ਅਮਨ' ਸੈਨਿਕ ਸਾਹਿਤ ਦਾ ਬਿਹਤਰੀਨ ਨਮੂਨਾ ਰਹੇਗਾ।

ਅਸੀਂ ਭਾਰਤੀ ਇਸ ਸ਼ੈਲੀ ਦੀ ਅਹਿਮੀਅਤ ਪਛਾਣਨ ਵਿਚ ਕੁਝ ਢਿੱਲੇ ਹੀ ਰਹੇ ਹਾਂ। ਕਿਸੇ ਭਾਰਤੀ ਜਰਨੈਲ ਜਾਂ ਇਤਿਹਾਸਕਾਰ ਵੱਲੋਂ ਲਿਖੀ ਗਈ ਅਜਿਹੀ ਕੋਈ ਲਿਖਤ ਜਾਂ ਫ਼ਿਲਮ ਚੇਤੇ ਕਰਨੀ ਮੁਸ਼ਕਿਲ ਹੈ ਜੋ ਸਾਡੀਆਂ ਹਰਮਨ ਪਿਆਰੀਆਂ ਕਲਾਵਾਂ ਵਿਚ ਉਘੜਵੀਂ ਹੋਵੇ। ਅਜਿਹੀ ਕਿਸੇ ਵੀ ਕ੍ਰਿਤ ਬਾਰੇ ਸੋਚਦਿਆਂ ਲਤਾ ਮੰਗੇਸ਼ਕਰ ਵੱਲੋਂ ਬਹੁਤ ਹੀ ਮਾਰਮਿਕ ਅਤੇ ਜਜ਼ਬਾਤੀ ਰੌਂਅ ਵਿਚ ਗਾਇਆ ਗਿਆ ਗੀਤ 'ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ' ਸ਼ਾਇਦ ਇਸੇ ਲਈ ਰੂਹ ਨੂੰ ਝੰਜੋੜਨ ਵਾਲੀ ਵਿਲੱਖਣ ਕਲਾਤਮਿਕ ਮਿਸਾਲ ਹੈ।

ਇਸੇ ਵਾਸਤੇ ਚੰਡੀਗੜ੍ਹ ਵਿਚ ਸੈਨਿਕ ਸਾਹਿਤ ਮੇਲਾ (ਮਿਲਟਰੀ ਲਿਟਰੇਚਰ ਫੈਸਟੀਵਲ) ਲਾਉਣਾ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਬਾਕਮਾਲ ਵਿਚਾਰ ਸੀ। ਅਜਿਹਾ ਹੋਣਾ ਜਾਇਜ਼ ਵੀ ਸੀ, ਕਿਉਂਕਿ ਭਾਰਤ ਵਿਚ ਕੈਪਟਨ ਸਾਹਿਬ ਹੀ ਸ਼ਾਇਦ ਇਕੋ-ਇਕ ਅਜਿਹੇ ਸਿਆਸੀ ਆਗੂ ਹਨ ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿਚ ਬਾਰੂਦ ਦੀ ਗੰਧ ਸੱਚਮੁੱਚ ਸੁੰਘੀ ਹੋਈ ਹੈ। ਸਿਰਫ਼ ਇੰਨਾ ਹੀ ਨਹੀਂ, ਉਹ ਆਪਣੀ ਹੀ ਤਰ੍ਹਾਂ ਦੇ ਸਤਿਕਾਰਤ ਸੈਨਿਕ ਇਤਿਹਾਸਕਾਰ ਵੀ ਹਨ ਜੋ ਉਨ੍ਹਾਂ ਦੀਆਂ ਲਿਖੀਆਂ ਕਈ ਪੁਸਤਕਾਂ ਤੋਂ ਪਤਾ ਲੱਗਦਾ ਹੈ। ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਵੀ ਮੁੱਖ ਮੰਤਰੀ ਵਾਂਗ ਹੀ ਇਸ ਸਾਹਿਤਕ ਮੇਲੇ ਵਿਚ ਦਿਲਚਸਪੀ ਲੈਂਦਿਆਂ ਇਸ ਵਿਚ ਖੁੱਲ੍ਹ ਕੇ ਸ਼ਿਰਕਤ ਕੀਤੀ ਤੇ ਮੇਲੇ ਦੀ ਪੂਰੀ ਸਰਪ੍ਰਸਤੀ ਕੀਤੀ।

ਇਸ ਸਮਾਗਮ ਵਿਚ ਦੇਸ਼ ਦੇ ਕੁਝ ਵਿਚਾਰਵਾਨ ਫ਼ੌਜੀ ਅਫ਼ਸਰ ਸ਼ਾਮਿਲ ਹੋਏ ਜਿਨ੍ਹਾਂ ਨੇ ਰੱਖਿਆ ਖੇਤਰ ਅਤੇ ਰਾਸ਼ਟਰੀ ਸੁਰੱਖਿਆ ਦੇ ਪੇਚੀਦਾ ਮਸਲਿਆਂ ਬਾਰੇ ਸੁਲਝੇ ਹੋਏ ਢੰਗ ਨਾਲ ਗੱਲਬਾਤ ਕੀਤੀ। ਚੀਕ-ਚੀਕ ਕੇ ਬੋਲਣ ਦੇ ਉਨ੍ਹਾਂ ਮੁਕਾਬਲਿਆਂ, ਜਿਨ੍ਹਾਂ ਨੂੰ ਸਾਡੇ ਅਖੌਤੀ ਰਾਸ਼ਟਰੀ ਚੈਨਲਾਂ ਉਤੇ ਬਹਿਸ ਮੰਨਿਆ ਜਾਂਦਾ ਹੈ; ਦੀ ਬਜਾਏ ਇਹ ਸਭਿਅਕ ਸੰਵਾਦ ਸੀ।

ਉਂਜ ਵੀ, ਇਹ ਕੋਈ ਕਾਰੋਬਾਰੀ ਉਦਮ ਨਹੀਂ ਸੀ, ਜਿਵੇਂ ਹੁਣ ਜ਼ਿਆਦਾਤਰ ਸਾਹਿਤਕ ਮੇਲੇ ਬਣ ਗਏ ਹਨ ਜਿਨ੍ਹਾਂ ਵਿਚ ਕਿਤਾਬਾਂ ਅਤੇ ਲੇਖਕਾਂ ਦੇ ਨਾਂ ਵੇਚੇ ਜਾਂਦੇ ਹਨ, ਜਾਣ-ਬੁਝ ਕੇ ਕੋਈ ਵਿਵਾਦ ਖੜ੍ਹਾ ਕੀਤਾ ਜਾਂਦਾ ਹੈ ਅਤੇ ਅਸਹਿਣਸ਼ੀਲਤਾ ਦਾ ਖੁੱਲ੍ਹ ਕੇ ਮੁਜ਼ਾਹਰਾ ਕੀਤਾ ਜਾਂਦਾ ਹੈ।

ਖ਼ੂਬਸੂਰਤ ਸੁਖਨਾ ਝੀਲ ਕਿਨਾਰੇ ਬਣੇ ਲੇਕ ਕਲੱਬ ਨੇ ਸੈਨਿਕ ਸਾਹਿਤ ਮੇਲੇ ਵਾਸਤੇ ਐਨ ਢੁਕਵਾਂ ਮੰਚ ਮੁਹੱਈਆ ਕੀਤਾ। ਚੰਡੀਗੜ੍ਹ, ਮੁਹਾਲੀ ਤੇ ਪੰਚਕੂਲਾ ਨੂੰ ਆਪਣਾ ਘਰ ਬਣਾ ਚੁੱਕੇ ਬਹੁਤ ਸਾਰੇ ਸੇਵਾਮੁਕਤ ਅਫ਼ਸਰਾਂ ਨੂੰ ਇਕ ਥਾਂ ਦੇਖਣਾ ਵਧੀਆ ਲੱਗਿਆ। ਇਸ ਦੇ ਨਾਲ ਹੀ ਇਸ ਨਾਲੋਂ ਵੀ ਵਧੇਰੇ ਹੌਸਲਾ ਵਧਾਉਣ ਵਾਲੀ ਗੱਲ ਇਹ ਸੀ ਕਿ ਜਨਤਾ, ਖ਼ਾਸਕਰ ਸਕੂਲੀ ਬੱਚਿਆਂ ਨੂੰ ਵੀ ਇਸ ਵਿਚ ਸ਼ਾਮਿਲ ਕਰਨ ਦਾ ਯਤਨ ਕੀਤਾ ਗਿਆ ਸੀ ਅਤੇ ਮਿਲਟਰੀ ਇਤਿਹਾਸ ਨਾਲ ਸਬੰਧਿਤ ਪੁਸਤਕਾਂ ਨਾਲ ਬੁੱਕ ਸਟਾਲ ਭਰੇ ਹੋਏ ਸਨ।

ਮੁੱਖ ਮੰਤਰੀ ਵੱਲੋਂ ਦਿੱਤੀ ਗਈ ਦਾਅਵਤ ਨਾਲ ਉਹ ਰਾਤ ਮਨੋਹਰ ਬਣ ਗਈ ਅਤੇ ਚੰਡੀਗੜ੍ਹ ਤੋਂ ਬਾਹਰ ਦੇ ਬਹੁਤ ਸਾਰੇ ਦੋਸਤਾਂ ਮਿੱਤਰਾਂ ਨੂੰ ਮਿਲਣਾ ਖ਼ੁਸ਼ਨੁਮਾ ਅਨੁਭਵ ਸੀ।

ਸਾਡੇ ਮੁਲਕ ਵਿਚ ਸਿਵਲੀਅਨਾਂ ਅਤੇ ਫ਼ੌਜੀਆਂ ਦੇ ਰਿਸ਼ਤੇ ਬਹੁਤੇ ਖ਼ੁਸ਼ਨੁਮਾ ਨਹੀਂ ਹਨ। ਸਿਆਸੀ ਲੀਡਰਸ਼ਿਪ ਪ੍ਰਤੀ ਬੇਵਿਸਾਹੀ ਦੀ ਭਾਵਨਾ ਕਾਰਨ ਵਰਦੀਧਾਰੀ ਸੈਨਿਕਾਂ ਦਾ ਸਿਵਲੀਅਨਾਂ ਪ੍ਰਤੀ ਵੀ ਅਵੇਸ਼ ਜਿਹਾ ਵਤੀਰਾ ਹੈ। ਮੇਰਾ ਮੰਨਣਾ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਕੁਝ ਵਰ੍ਹਿਆਂ ਬਾਅਦ ਹੀ ਅਮਰੀਕੀ ਬੌਧਿਕ ਦਖ਼ਲਅੰਦਾਜ਼ੀ ਕਾਰਨ ਇਹ ਸਬੰਧ ਖੱਟੇ ਹੋਣੇ ਸ਼ੁਰੂ ਹੋ ਗਏ ਸਨ। ਇਹ ਸੀਤ ਯੁੱਧ ਦੀ ਤੀਬਰਤਾ ਦਾ ਦੌਰ ਸੀ, ਜਦੋਂ ਅਮਰੀਕੀ ਅਤੇ ਸੋਵੀਅਤ ਬਲਾਕ ਦੋਵੇਂ ਹੀ ਭਾਰਤ ਨੂੰ ਆਪੋ-ਆਪਣੇ ਪ੍ਰਭਾਵ ਵਾਲਾ ਖੇਤਰ ਬਣਾਉਣਾ ਚਾਹੁੰਦੇ ਸਨ। ਇਹ ਉਹ ਦੌਰ ਸੀ ਜਦੋਂ ਅਮਰੀਕੀ ਵਿਦੇਸ਼ ਮੰਤਰਾਲਾ ਆਪਣੇ ਮੁਲਕ ਲਈ ਭਾਰਤ ਦੇ ਅਕਾਦਮਿਕ ਅਤੇ ਪੱਤਰਕਾਰ ਭਾਈਚਾਰੇ ਵੱਲੋਂ ਤਰਜੀਹ ਅਤੇ ਤਰਫ਼ਦਾਰੀ ਹਾਸਲ ਕਰਨ ਖ਼ਾਤਰ 'ਖੋਜ' ਫੰਡਾਂ ਅਤੇ ਗ੍ਰਾਂਟਾਂ ਵਜੋਂ ਭਾਰੀ ਖ਼ਰਚ ਕਰ ਰਿਹਾ ਸੀ। ਏਸ਼ੀਆ ਅਤੇ ਅਫਰੀਕਾ ਵਿਚ ਬਸਤੀਵਾਦੀ ਹਾਕਮਾਂ ਤੋਂ ਨਵੇਂ ਨਵੇਂ ਆਜ਼ਾਦ ਹੋਏ ਮੁਲਕਾਂ ਵਿਚ ਅਮਰੀਕਾ ਦੀ ਤਰਜੀਹ ਸੀ ਕਿ ਸ਼ਾਸਨ ਮਜ਼ਬੂਤ ਵਿਅਕਤੀਆਂ ਦੇ ਹੱਥ ਵਿਚ ਹੋਵੇ, ਤੇ ਸਿਰਫ਼ ਹਥਿਆਰਬੰਦ ਸੈਨਾਵਾਂ ਹੀ 'ਘੋੜੇ ਦੀ ਕਾਠੀ 'ਤੇ ਬੈਠਣ ਵਾਲੇ' ਅਜਿਹੇ ਸ਼ਾਸਕ ਮੁਹੱਈਆ ਕਰਵਾ ਸਕਦੀਆਂ ਸਨ। ਲੀਡਰਸ਼ਿਪ ਦਾ ਇਹ ਅਮਰੀਕੀ ਮਾਡਲ ਭਾਰਤ ਵਿਚ ਮੂਧੇ ਮੂੰਹ ਡਿੱਗ ਪਿਆ, ਕਿਉਂ ਜੋ ਮਹਾਤਮਾ ਗਾਂਧੀ ਦੀ ਪ੍ਰੇਰਨਾਮਈ ਅਗਵਾਈ ਹੇਠ ਭਾਰਤੀ ਜਮਹੂਰੀ ਅਮਲ ਨੇ ਇਖ਼ਲਾਕੀ ਪ੍ਰਮਾਣਿਕਤਾ ਹਾਸਲ ਕਰ ਲਈ ਸੀ। ਇਸੇ ਕਾਰਨ ਭਾਰਤ ਵਿੱਚ 'ਅਯੂਬ ਖ਼ਾਨ' ਜਿਹੇ ਕਿਸੇ ਫ਼ੌਜੀ ਜਰਨੈਲ ਦੇ ਹੱਥ ਸੱਤਾ ਆਉਣ ਦੀ ਕੋਈ ਸੰਭਾਵਨਾ ਨਹੀਂ ਸੀ।

ਇਸ ਸਭ ਦੇ ਬਾਵਜੂਦ ਅਮਰੀਕੀ ਲੌਬੀ ਭਾਰਤ ਵਿਚ ਇਹ ਖ਼ਤਰਨਾਕ ਬਿਰਤਾਂਤ ਸਿਰਜਣ ਵਿਚ ਕਾਮਯਾਬ ਰਹੀ ਕਿ ਜਵਾਹਰ ਲਾਲ ਨਹਿਰੂ ਹਥਿਆਰਬੰਦ ਸੈਨਾਵਾਂ ਦੇ ਵਿਰੋਧੀ ਸਨ; ਤੇ ਉਹ ਜਨਰਲ ਕਰੀਅੱਪਾ ਤੋਂ ਡਰਦੇ ਸਨ ਅਤੇ ਇਸ ਲਈ ਕੌਮੀ ਸਰੋਤਾਂ ਅਤੇ ਅਹਿਮੀਅਤ ਵਿਚ ਹਥਿਆਰਬੰਦ ਬਲਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ ਗਿਆ। 1962 ਵਿਚ ਚੀਨ ਨਾਲ ਹੋਈ ਜੰਗ ਮਗਰੋਂ 'ਫ਼ੌਜ ਦਾ ਦੋਖੀ ਨਹਿਰੂ' ਵਾਲਾ ਕੇਂਦਰੀ ਨੁਕਤਾ ਫਿਰ ਜ਼ੋਰ ਫੜ ਗਿਆ; ਤੇ ਨਵੇਂ ਭਾਰਤ ਵਿਚ ਤਾਂ ਇਹ ਸਾਡੇ ਸਰਕਾਰੀ 'ਧਰਮ ਸ਼ਾਸਤਰ' ਦਾ ਹਿੱਸਾ ਬਣ ਚੁੱਕਾ ਹੈ। **-ਹਰੀਸ਼ ਖਰੇ**




# ਨੱਥਾ ਤੇ ਅਬਦੁੱਲਾ ਸਨ ਢਾਡੀ ਇਤਿਹਾਸ ਦੇ ਪਹਿਲੇ ਢਾਡੀ

***ਸਿੱਖ ਇਤਿਹਾਸ ਵਿਚ ਸੂਰਬੀਰਾਂ ਦੀਆਂ ਕੁਰਬਾਨੀਆਂ ਅਤੇ ਸਿੱਖ ਯੋਧਿਆਂ ਦੀਆਂ ਜੀਵਨੀਆਂ ਨੂੰ ਢੱਡ ਤੇ ਸਾਰੰਗੀ ਦੇ ਸੰਗੀਤ ਨਾਲ ਪੇਸ਼ ਕਰਨ ਦਾ ਇਕ ਆਪਣਾ ਸੰਗੀਤਕ ਪੱਖ ਰਿਹਾ ਹੈ। ਇਨ੍ਹਾਂ ਨੂੰ ਗਾਉਣ ਵਾਲੇ ਢਾਡੀਆਂ ਨੇ ਇਤਿਹਾਸ ਦੇ ਇਨ੍ਹਾਂ ਵਰਕਿਆਂ ਨੂੰ ਫਰੋਲਦਿਆਂ ਆਪਣੀ ਇਕ ਖਾਸ ਥਾਂ ਬਣਾਈ ਰੱਖੀ ਹੈ। ਪੰਜਾਬੀ ਦੇ ਨਾਮਵਰ ਲੇਖਕ ਐਸ. ਅਸ਼ੋਕ ਭੌਰਾ ਦਾ ਢਾਡੀਆਂ ਤੇ ਕਵੀਸ਼ਰਾਂ ਨਾਲ ਬੜਾ ਨੇੜਲਾ ਵਾਹ ਵਾਸਤਾ ਰਿਹਾ ਹੈ। ਉਹ ਇਨ੍ਹਾਂ ਦੀ ਇਸ ਸੰਗੀਤਕ ਜੀਵਨ ਸ਼ੈਲੀ ਨੂੰ ਬਾਖੂਬੀ ਜਾਣਦੇ ਹਨ। ਅਸੀਂ 'ਢਾਡੀ ਇਤਿਹਾਸ ਦੇ ਪੰਨੇ' ਕਾਲਮ ਅਧੀਨ ਇਨ੍ਹਾਂ ਢਾਡੀਆਂ ਅਤੇ ਕਵੀਸ਼ਰਾਂ ਬਾਰੇ ਲੜੀਵਾਰ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਸਿੱਖ ਧਰਮ ਵਿਚ ਸ਼ਹੀਦਾਂ ਦੇ ਸਾਕੇ, ਸੂਰਬੀਰਾਂ ਦੀ ਬਹਾਦਰੀ ਅਤੇ ਕੁਰਬਾਨੀਆਂ ਨੂੰ ਢੱਡ-ਸਾਰੰਗੀ ਨਾਲ ਪੇਸ਼ ਕਰਨ ਦੀ ਪ੍ਰਥਾ ਬਹੁਤ ਪੁਰਾਣੀ ਹੈ। ਪੇਸ਼ਕਾਰੀ ਵਿਚ ਬਿਆਨ ਅਤੇ ਸੰਗੀਤ ਦਾ ਸੰਗਮ ਕਮਾਲ ਦਾ ਹੁੰਦਾ ਹੈ। ਢਾਡੀਆਂ ਦਾ ਸਿੱਖ ਜਗਤ ਅਤੇ ਸਿੱਖ ਸਭਿਆਚਾਰ ਵਿਚ ਖਾਸ ਸਥਾਨ ਰਿਹਾ ਹੈ ਕਿਉਂਕਿ ਇਨ੍ਹਾਂ ਨੇ ਸਮੇਂ ਸਮੇਂ ਸਿੱਖ ਕੌਮ ਨੂੰ ਜੋਸ਼ ਤੇ ਹੋਸ਼ ਦੀ ਯੋਗ ਅਗਵਾਈ ਦਿੱਤੀ ਹੈ। ਢਾਡੀ ਸ਼ਬਦ ਦਾ ਅਰਥ ਹੀ ਗੁਰੂ ਦਾ ਜਸ ਗਾਉਣ ਵਾਲਾ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਢੱਡ ਵਜਾ ਕੇ ਯੋਧਿਆਂ ਦਾ ਜਸ ਗਾਉਣ ਵਾਲੇ ਨੂੰ ਢਾਡੀ ਕਿਹਾ ਹੈ। 'ਇਨਸਾਈਕਲੋਪੀਡੀਆ ਆਫ ਸਿਖਇਜ਼ਮ' ਅਨੁਸਾਰ ਢੱਡ ਨਾਲ ਸੂਰਬੀਰਾਂ ਦੀ ਗਾਥਾ ਗਾਉਣ ਵਾਲੇ ਨੂੰ ਢਾਡੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਅਕਾਲ ਪੁਰਖ ਵਾਹਿਗੁਰੂ ਦਾ ਕੀਰਤਨ ਕਰਨ ਵਾਲੇ ਨੂੰ ਢਾਡੀ ਦਾ ਨਾਂ ਦਿੱਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ 29 ਵਾਰ ਢਾਡੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ 8 ਵਾਰ, ਗੁਰੂ ਅਮਰ ਦਾਸ ਜੀ ਨੇ 6 ਵਾਰ, ਗੁਰੂ ਰਾਮਦਾਸ ਜੀ ਨੇ 4 ਵਾਰ ਅਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ 11 ਵਾਰ ਢਾਡੀ ਸ਼ਬਦ ਦੀ ਉਪਮਾ ਕੀਤੀ ਹੈ। ਭਾਵੇਂ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਢਾਡੀ ਕਲਾ ਤੇ ਜੋਸ਼ੀਲੇ ਢਾਡੀ ਸੰਗੀਤ ਨੂੰ ਇੱਕ ਮੰਚ ਬਖਸ਼ਿਆ ਹੈ ਪਰ ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਢਾਡੀ ਆਖਦਿਆਂ ਲਿਖਦੇ ਹਨ:

ਹਮ ਢਾਢੀ ਹਰਿ ਪ੍ਰਭ ਖਸਮ ਕੇ
ਨਿਤ ਗਾਵਹ ਹਰਿ ਗੁਣ ਛੰਤਾ॥
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ
ਤਿਸੁ ਕਵਲਾ ਕੰਤਾ॥ (ਪੰਨਾ 650)

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਢਾਢੀ ਤਿਸ ਨੋ ਆਖੀਐ
ਜਿ ਖਸਮੈ ਧਰੇ ਪਿਆਰੁ॥
ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥
ਢਾਢੀ ਦਰੁ ਘਰੁ ਪਾਇਸੀ
ਸਚੁ ਰਖੈ ਉਰ ਧਾਰਿ॥
ਢਾਢੀ ਕਾ ਮਹਲੁ ਅਗਲਾ
ਹਰਿ ਕੈ ਨਾਇ ਪਿਆਰਿ॥
ਢਾਢੀ ਕੀ ਸੇਵਾ ਚਾਕਰੀ
ਹਰਿ ਜਪਿ ਹਰਿ ਨਿਸਤਾਰਿ॥ (ਪੰਨਾ 516)

ਇਸ ਤਰ੍ਹਾਂ ਢਾਡੀ ਸ਼ਬਦ ਦੀ ਵਡਿਆਈ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਜਾਂਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਢਾਡੀ ਸ਼ਬਦ ਦਾ ਜ਼ਿਕਰ ਆਉਂਦਾ ਹੈ:

ਸਚ ਦਾਤਾਰ ਵਿਸਾਰ ਕੇ
ਮੰਗਤਿਆ ਨੋ ਮੰਗਣ ਜਾਹੀ।
ਢਾਢੀ ਵਾਰਾ ਗਾਵਦੇ
ਵੈਰ ਵਿਰੋਧ ਜੋਧ ਸਾਲਾਹੀ।

ਖਾਲਸਾ ਡਾਇਰੈਕਟਰੀ ਵਿਚ 1899 ਈਸਵੀ ਦੇ ਢਾਡੀਆਂ ਦਾ ਜ਼ਿਕਰ ਇਉਂ ਹੈ, "ਸੰਤ ਸਿੰਘ, ਭਾਈ ਰੂੜਾ, ਭਾਈ ਲਾਭ, ਭਾਈ ਹੁਕਮਾ, ਭਾਈ ਵਲਾਇਤੀ, ਭਾਈ ਸ਼ੇਰੂ, ਭਾਈ ਲੱਭੂ, ਭਾਈ ਸਮੁੰਦ ਸਿੰਘ ਤੇ ਭਾਈ ਸ਼ੇਰ ਸਿੰਘ ਮਹਾਨ ਢਾਡੀ ਸਨ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਵਿਚ ਮੁਸ਼ਕੀ ਤੇ ਛਬੀਲਾ ਨਾਂ ਦੇ ਦੋ ਢਾਡੀਆਂ ਨੂੰ ਬੇਹੱਦ ਸਤਿਕਾਰ ਅਤੇ ਪਿਆਰ ਦਿੱਤਾ ਗਿਆ।

ਇਤਿਹਾਸਕਾਰਾਂ ਅਨੁਸਾਰ ਮੀਰੀ ਪੀਰੀ ਦੇ ਮਾਲਕ ਤੇ ਦੇਗ ਤੇਗ ਦੇ ਧਾਰਨੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਭਾਈ ਨੱਥਾ ਤੇ ਭਾਈ ਅਬਦੁੱਲਾ ਪਹਿਲੇ ਢਾਡੀ ਸਨ। ਢਾਡੀਆਂ ਦਾ ਸੇਵਕੀ ਰੂਪ ਵਿਚ ਜ਼ਿਕਰ ਦਸਵੇਂ ਪਾਤਸ਼ਾਹ ਵੇਲੇ ਵੀ ਆਉਂਦਾ ਹੈ।

**ਹੋਰ ਇਤਿਹਾਸਕ ਤੱਥ:** ਭਾਵੇਂ ਢਾਡੀਆਂ ਤੇ ਕਲਾ ਦਾ ਸਿੱਧਾ ਸਬੰਧ ਸਿੱਖ ਕੌਮ ਤੇ ਸਿੱਖ ਧਰਮ ਨਾਲ ਰਿਹਾ ਹੈ ਪਰ ਸਾਰੰਗੀ ਕਿਉਂਕਿ ਰਾਜਸਥਾਨ ਦਾ ਮੂਲ ਸਾਜ਼ ਹੈ, ਇਸ ਕਰਕੇ ਢੱਡ ਨਾਲ ਗੱਲ ਜੁੜਨ ਵੇਲੇ ਕੁਝ ਇਤਿਹਾਸਕ ਤੱਥ ਵੀ ਧਿਆਨ ਮੰਗਦੇ ਹਨ:

ਸਦੀਆਂ ਪਹਿਲਾਂ ਸਾਹਿਤ ਦਾ ਪਸਾਰਾ ਹਰ ਪਾਸੇ ਹੋਇਆ ਅਤੇ ਸੂਚਨਾ ਦਾ ਮਾਧਿਅਮ ਸਾਹਮਣੇ ਆਉਣ ਲੱਗਾ। ਢਾਡੀ ਸੰਧੀਆਂ, ਤਾਰੀਖਾਂ, ਨਾਂਵਾਂ ਅਤੇ ਸਮਕਾਲੀ ਘਟਨਾਵਾਂ ਦਾ ਵਰਣਨ ਆਪਣੀਆਂ ਵਾਰਾਂ ਵਿਚ ਕਰਦੇ ਸਨ।

ਰਾਜਸਥਾਨ ਵਿਚ ਹਰੇਕ ਸਭਿਆਚਾਰ ਇਕ ਜਾਂ ਇਕ ਤੋਂ ਵੱਧ ਸੰਗੀਤਕ ਵੰਨਗੀਆਂ ਰੱਖਦਾ ਹੈ। ਵਿਸ਼ੇਸ਼ ਕਰਕੇ 'ਅੱਕਰੀ ਨਿਸ਼ਾਨੀ' ਦੇ ਗਾਇਨ ਦੇ ਅੰਤ ਵਿਚ ਹਾਦੀ ਰਾਣੀ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਆਪਣਾ ਸਿਰ ਆਪਣੇ ਪਤੀ ਸਲੰਬਰ ਦੇ ਰਾਓ ਰਤਨਾ ਸਿੰਘ ਨੂੰ ਉਦੋਂ ਭੇਟ ਕਰ ਦਿੱਤਾ ਸੀ ਜਦੋਂ ਉਹ ਜੰਗ ਦੇ ਮੈਦਾਨ ਵਿਚ ਵੈਰੀ ਢਾਹ ਜਾਂਦਾ ਹੈ।

ਇਹ ਕਿਹਾ ਜਾਂਦਾ ਹੈ ਕਿ ਜਦੋਂ ਬਰਾਬਰ ਦੀ ਲੜਾਈ ਦਾ ਸੁਨੇਹਾ ਪੁੱਜਾ, ਉਦੋਂ ਰਾਓ ਅਜੇ ਬੂੰਦੀ ਦੀ ਰਾਜਕੁਮਾਰੀ ਨੂੰ ਵਿਆਹ ਕੇ ਘਰੇ ਲਿਆਇਆ ਹੀ ਸੀ। ਇਹ ਜੋੜਾ ਇਕੱਲਾ ਹੀ ਸੀ, ਰਾਓ ਉਸ ਨੂੰ ਇਕੱਲੀ ਨਹੀਂ ਸੀ ਛੱਡਣੀ ਚਾਹੁੰਦਾ। ਕਿਵੇਂ ਨਾ ਕਿਵੇਂ ਹਾਦੀ ਨੇ ਉਸ 'ਤੇ ਦਬਾਅ ਬਣਾਇਆ ਕਿ ਉਹ ਰਾਜਪੂਤ ਵਾਂਗ ਆਪਣਾ ਫਰਜ਼ ਪੂਰਾ ਕਰੇ। ਰਾਓ ਜੱਕੋ ਤੱਕੀ ਵਿਚ ਲੜਾਈ ਦੇ ਮੈਦਾਨ ਵੱਲ ਚੱਲ ਪਿਆ। ਅੱਧ ਵਿਚਕਾਰ ਹੀ ਇੱਕ ਵਿਚੋਲੇ ਹੱਥ ਸੁਨੇਹਾ ਭਿਜਵਾਇਆ ਕਿ ਉਹ ਰਾਜਕੁਮਾਰੀ ਹਾਦੀ ਰਾਣੀ ਤੋਂ ਕੋਈ ਯਾਦਗਾਰੀ ਚੀਜ਼ ਲੈ ਕੇ ਆਵੇ। ਇਸ ਕਦਮ ਨੇ ਰਾਣੀ ਨੂੰ ਗੁੱਸੇ ਵਿਚ ਲੈ ਆਂਦਾ। ਰਾਣੀ ਨੇ ਆਪਣੇ ਆਪ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਦਾ ਫੈਸਲਾ ਕਰ ਲਿਆ। ਇਸ ਕਦਮ ਨੇ ਰਾਓ ਨੂੰ ਝੰਜੋੜ ਕੇ ਰੱਖ ਦਿੱਤਾ। ਆਖਿਆ ਜਾਂਦਾ ਹੈ ਕਿ ਰਾਓ ਆਪਣੀ ਪਤਨੀ ਦਾ ਸਿਰ



***ਇਕ ਚਿੱਤਰਕਾਰ ਦੀਆਂ ਨਜ਼ਰਾਂ 'ਚ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਦੇ ਪਹਿਲੇ ਢਾਡੀ ਭਾਈ ਨੱਥਾ ਤੇ ਭਾਈ ਅਬਦੁੱਲਾ***

ਯਾਦਗਾਰੀ ਵਸਤੂ ਵਜੋਂ ਮਿਲਣ ਪਿਛੋਂ ਸਿਰੇ ਦੀ ਬਹਾਦਰੀ ਨਾਲ ਲੜਿਆ।

ਇਸੇ ਤਰ੍ਹਾਂ ਗੋਰਖਿਆਂ ਦੀ ਬਹਾਦਰੀ ਦੇ ਕਿੱਸੇ ਗਾਏ ਜਾਂਦੇ। ਇਹੀ ਰਿਵਾਜ ਪੰਜਾਬ ਵੱਲ ਆਇਆ ਮੰਨਿਆ ਜਾਂਦਾ ਹੈ। ਜਦੋਂ ਰਾਜਪੂਤ ਤੇ ਜੱਟ ਰਾਜਸਥਾਨ ਵਿਚ ਕਾਲ ਪੈਣ ਉਪਰੰਤ ਪੰਜਾਬ ਵੱਲ ਹਿਜਰਤ ਕਰ ਆਏ ਸਨ ਤਾਂ ਉਨ੍ਹਾਂ ਨੂੰ ਢਾਡੀਆਂ ਦੇ ਤੌਰ 'ਤੇ ਜਾਣਿਆ ਜਾਣ ਲੱਗਾ। ਇਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਕਿ ਉਹ ਕਿਹੜੇ ਔਜ਼ਾਰ, ਹਥਿਆਰ ਵਰਤਦੇ ਸਨ, ਸਿਵਾਏ ਇਸ ਦੇ ਕਿ ਉਹ ਰਾਜਿਆਂ ਦੇ ਕੁੱਤੇ ਪਾਲਦੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਪਨਾਹ ਦਿੱਤੀ ਅਤੇ ਉਨ੍ਹਾਂ ਨੂੰ ਸਿੱਖਾਂ ਨੂੰ ਬਹਾਦਰੀ ਪ੍ਰਤੀ ਉਤਸ਼ਾਹਿਤ ਕਰਨ ਦਾ ਕੰਮ ਸੌਂਪਿਆ।

ਢਾਡੀ ਸ਼ਬਦ ਦਾ ਅਰਥ ਹੈ, ਉਹ ਵਿਅਕਤੀ ਜੋ ਕਿਸੇ ਦੀ ਬਹਾਦਰੀ ਦੇ ਗੁਣ ਗਾਵੇ। ਇਹ ਸਿਹਰਾ ਗੁਰੂ ਸਾਹਿਬਾਨ ਨੂੰ ਹੀ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਪ੍ਰਥਾ ਨੂੰ ਇਸ ਤਰ੍ਹਾਂ ਅੱਗੇ ਵਧਾਇਆ ਕਿ ਉਹ ਰਾਜਿਆਂ-ਨਵਾਬਾਂ ਦੇ ਮਹਿਲਾਂ ਤੱਕ ਸੀਮਤ ਨਾ ਰਹੀ। ਇਸ ਤਰ੍ਹਾਂ ਢਾਡੀਆਂ ਨੇ ਉਸ ਅਕਾਲ ਪੁਰਖ ਦੀ ਉਸਤਤ ਕਰਨੀ ਅਰੰਭ ਕੀਤੀ ਅਤੇ ਨਾਲ ਹੀ ਜੋ ਆਪਣੇ ਫਰਜ਼ਾਂ ਜਾਂ ਹੱਕਾਂ ਲਈ ਲੜੇ, ਉਨ੍ਹਾਂ ਦੀ ਬਹਾਦਰੀ ਬਾਰੇ ਵੀ ਗਾਉਣਾ ਅਰੰਭਿਆ।

ਇਤਿਹਾਸ ਵਿਚ ਦਰਜ ਹੈ ਕਿ ਹਰਗੋਬਿੰਦ ਸਾਹਿਬ ਦਾ ਪੱਕਾ ਸ਼ਰਧਾਲੂ ਬਿਧੀ ਚੰਦ ਛੀਨਾ ਦੋ ਢਾਡੀਆਂ-ਨੱਥਾ ਅਤੇ ਅਬਦੁੱਲ ਨੂੰ ਗੁਰੂ ਸਾਹਿਬ ਕੋਲ ਲੈ ਕੇ ਆਇਆ। ਦੋਵੇਂ ਉਸ ਦੇ ਜੱਦੀ ਪਿੰਡ ਸੁਰਸਿੰਘ ਵਾਲਾ, ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਸਨ। ਅਕਾਲ ਤਖਤ ਸਾਹਿਬ ਦੀ ਨੀਂਹ ਰੱਖਣ ਨਾਲ ਜਿੱਥੇ ਗੁਰੂ ਸਾਹਿਬਾਨ ਆਪਣਾ ਦਰਬਾਰ ਲਾਇਆ ਕਰਦੇ ਸਨ, ਇਨ੍ਹਾਂ ਦੋਵੇਂ ਵਿਅਕਤੀਆਂ ਨੂੰ ਸਿੱਖਾਂ ਦੇ ਦਿਲਾਂ ਵਿਚ ਬਹਾਦਰੀ ਲਈ ਪ੍ਰੇਰਨਾ ਪੈਦਾ ਕਰਨਾ ਦਾ ਮੌਕਾ ਮਿਲਦਾ ਸੀ, ਜਿਹੜੇ ਜਹਾਂਗੀਰ ਦੀਆਂ ਫੌਜਾਂ ਨਾਲ ਲੋਹਾ ਲੈਂਦੇ ਸਨ। ਗੁਰੂ ਸਾਹਿਬ ਇਨ੍ਹਾਂ ਦੀ ਢਾਡੀ ਕਲਾ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਦੋਵਾਂ ਨੂੰ ਸੁਨਹਿਰੇ ਢੱਡ ਦੇ ਕੇ ਮਾਣ ਬਖਸ਼ਿਆ। ਗੁਰੂ ਹਰਗੋਬਿੰਦ ਸਾਹਿਬ ਦੀ ਵਿਰਾਸਤ ਨੂੰ ਅੱਗੇ ਲਿਜਾਣ ਵਾਲੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਸ਼ਕੀ ਅਤੇ ਛਬੀਲਾ ਨਾਂ ਦੇ ਢਾਡੀ ਰੱਖੇ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਇਸ ਪ੍ਰਥਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵਿਚ ਇਸ ਦੇ ਮੂਲ ਰੂਪ ਵਿਚ ਸੰਭਾਲ ਕੇ ਨਹੀਂ ਰੱਖਿਆ ਜਾ ਸਕਿਆ ਕਿਉਂਕਿ ਇਹ ਸਿੱਖਾਂ ਲਈ ਬੜੀ ਉਥਲ ਪੁਥਲ ਦਾ ਸਮਾਂ ਸੀ।

ਇਹ ਮੰਨਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਵੀ ਢਾਡੀਆਂ ਨੂੰ ਉਤਸ਼ਾਹਿਤ ਕੀਤਾ ਭਾਵੇਂ ਕਿ ਇਸ ਦਾਅਵੇ ਬਾਰੇ ਕੋਈ ਦਸਤਾਵੇਜ਼ੀ ਪ੍ਰਮਾਣ ਨਹੀਂ ਮਿਲਦਾ। ਇਕ ਵੇਰਵੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਖੜਕ ਸਿੰਘ ਦੇ ਵਿਆਹ ਮੌਕੇ ਢਾਡੀਆਂ ਨੂੰ ਵੀ ਬੁਲਾਇਆ ਸੀ।

ਢਾਡੀ ਕਲਾ ਨੂੰ 1920 ਵਿਚ ਆ ਕੇ ਨਵਾਂ ਹੁਲਾਰਾ ਮਿਲਿਆ ਜਦੋਂ ਬੱਬਰ ਅਕਾਲੀਆਂ ਨੇ ਗੁਰੂ ਘਰਾਂ ਵਿਚੋਂ ਮਹੰਤਾਂ ਨੂੰ ਭਜਾਉਣ ਲਈ ਗੁਰਦੁਆਰਾ ਲਹਿਰ ਸ਼ੁਰੂ ਕੀਤੀ। ਇਸੇ ਤਰ੍ਹਾਂ ਜਦੋਂ ਅਕਾਲੀਆਂ ਨੇ 1960 ਵਿਚ ਪੰਜਾਬੀ ਸੂਬਾ ਮੋਰਚਾ ਲਾਇਆ ਤਾਂ ਢਾਡੀ ਦਿਲਬਰ ਨੂੰ ਹਕੂਮਤ ਵਿਰੋਧੀ ਸੁਨੇਹੇ ਦੇਣ ਕਰਕੇ ਜੇਲ੍ਹ ਵਿਚ ਸੁੱਟਿਆ ਗਿਆ। ਅਸਲ ਵਿਚ ਦੇਸ਼ ਦੀ ਵੰਡ ਉਪਰੰਤ ਢਾਡੀ ਪ੍ਰਥਾ ਹੋਰ ਵੀ ਪ੍ਰਸਿੱਧ ਹੋਈ। ਮੁਲਕ ਵੰਡ ਦੌਰਾਨ ਸਿੱਖਾਂ ਨੇ ਬਹੁਤ ਨੁਕਸਾਨ ਝੱਲਿਆ, ਇਸ ਦੌਰਾਨ ਕੌਮੀ ਏਕਤਾ ਦੀ ਤੰਦ ਹੋਰ ਮਜ਼ਬੂਤ ਹੋਈ।

ਪੰਜਾਬ ਵਿਚ ਖਾਲਿਸਤਾਨੀ ਲਹਿਰ ਦੌਰਾਨ ਅਨੇਕਾਂ ਢਾਡੀ ਮੌਤ ਦੇ ਘਾਟ ਉਤਾਰੇ ਗਏ। ਦਿਲਬਰ ਇਨ੍ਹਾਂ 'ਚੋਂ ਇਕ ਢਾਡੀ ਸੀ ਜਿਸ ਨੂੰ 1984 ਵਿਚ ਅਕਾਲ ਤਖਤ ਉਤੇ ਹਮਲਾ ਕਰਵਾਉਣ ਵਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਿਰੁਧ ਬੋਲਣ ਕਰਕੇ ਰਾਸ਼ਟਰੀ ਸੁਰੱਖਿਆ ਐਕਟ (ਐਨ. ਐਸ. ਏ.) ਅਧੀਨ ਗ੍ਰਿਫਤਾਰ ਕੀਤਾ ਗਿਆ ਸੀ। ਦਿਲਬਰ ਨੇ ਅਸਲ ਵਿਚ ਅੰਗ ਰੱਖਿਅਕ ਸਿੱਖ ਵਲੋਂ ਇੰਦਰਾ ਗਾਂਧੀ ਦੇ ਕਤਲ ਨੂੰ ਤਰਕਸੰਗਤ ਦੱਸਿਆ ਸੀ।

**ਲੋਕ ਢਾਡੀ:** ਢਾਡੀ ਜਥਿਆਂ ਦੇ ਵਰਗੀਕਰਨ ਵਿਚ ਲੋਕ ਢਾਡੀਆਂ ਦੀ ਥਾਂ ਹੈ ਤੇ ਉਨ੍ਹਾਂ ਦਾ ਜ਼ਿਕਰ ਵੀ ਚੱਲਦਾ ਰਿਹਾ ਹੈ। ਇਨ੍ਹਾਂ ਦੀ ਪੇਸ਼ਕਾਰੀ ਵੀ ਆਪਣੀ ਹੀ ਤਰ੍ਹਾਂ ਕਮਾਲ ਦੀ ਰਹੀ ਹੈ। ਇਹ ਅਖਾੜਿਆਂ ਵਿਚ ਘੁੰਮ ਘੁੰਮ ਕੇ ਗਾਉਂਦੇ ਹਨ, ਨਖਰੇ ਨਾਲ ਅੱਗੇ ਪਿੱਛੇ ਹੋ ਕੇ ਸਰੀਰ ਨੂੰ ਝੁਕਾ ਕੇ ਤੇ ਇਕ ਹੱਥ ਕੰਨ 'ਤੇ ਰੱਖ ਕੇ ਹੇਕਾਂ ਲਾਉਂਦੇ ਤਾਂ ਸਰੋਤੇ ਕੀਲੇ ਜਾਂਦੇ। ਇਹ ਢਾਡੀ ਆਮ ਤੌਰ 'ਤੇ ਆਸ਼ਕਾਂ ਦੇ ਕਿੱਸੇ ਜਾਂ ਕਿੱਸਾ ਕਾਵਿ 'ਤੇ ਆਧਾਰਤ ਸਨ ਅਤੇ ਇਹ ਪਰੰਪਰਾ ਢਾਡੀ ਅਮਰ ਸਿੰਘ ਸ਼ੌਂਕੀ, ਦੀਦਾਰ ਸਿੰਘ ਰਟੈਂਡਾ ਤੋਂ ਈਦੂ ਸ਼ਰੀਫ ਤੱਕ ਚਲਦੀ ਆ ਰਹੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਸਿਰਫ ਗੁਰੂ ਜਸ ਗਾਉਣ ਨੂੰ ਢਾਡੀ ਕਿਹਾ ਜਾਣਾ ਚਾਹੀਦਾ ਹੈ।

ਲੋਕ ਢਾਡੀ ਵਿਆਹ-ਸ਼ਾਦੀ ਜਾਂ ਹੋਰ ਖੁਸ਼ੀ-ਗਮੀ ਦੇ ਵੇਲੇ ਵੀ ਰਸਦ ਲੈ ਕੇ ਸਟੇਜੀ ਪ੍ਰੋਗਰਾਮ ਕਰਨ ਜਾਂਦੇ ਰਹੇ ਹਨ। ਲੋਕ ਢਾਡੀਆਂ ਬਾਰੇ ਵਾਰਿਸ ਸ਼ਾਹ ਨੇ ਵੀ ਜ਼ਿਕਰ ਕੀਤਾ ਹੈ:

ਚੜ੍ਹ ਘੋੜੀਆਂ ਖੇਡਿਆਂ ਗੇਂਦ ਤੇਰੀ
ਚੜ੍ਹੇ ਗੱਭਰੂ ਜੰਞ ਬਣਾ ਕੇ ਤੇ।
ਜਾਵੀਆਂ ਸੁਰਖ ਬਨਾਤ ਦਾਅਨ ਹੱਥ ਨੇਜੇ
ਦਾਰੂ ਪੀ ਕੇ ਲਗ ਵਜਾਇ ਕੇ ਤੇ।

ਲੋਕ ਢਾਡੀ ਪ੍ਰੀਤ ਗਾਥਾਵਾਂ ਜਿਵੇਂ ਹੀਰ ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਗਾਉਂਦੇ ਸਨ ਅਤੇ ਦੁੱਲਾ ਭੱਟੀ, ਜੈਮਲ ਫੱਤਾ, ਪੂਰਨ ਭਗਤ, ਸੁੱਚ ਸੂਰਮਾ, ਗੋਪੀ ਚੰਦ ਤੇ ਮਹਾਂਭਾਰਤ ਗਾਉਣ ਵੇਲੇ ਜੋਸ਼ ਭਰਨ ਦਾ ਯਤਨ ਕਰਦੇ ਸਨ।

## ਕਾਵਿ ਜਗਤ

### ਅਬਲਾ ਦੀ ਪੁਕਾਰ

ਕੇਹਾ ਯੁਗ, ਕੇਹੀ ਹਵਾ ਵਗੀ
ਹਰ ਇਕ ਅਬਲਾ ਜਾਪੇ ਹੈਰਾਨ ਜਿਹੀ।
ਆਦਮ-ਹਵਸ ਦੇ ਚਰਚੇ ਥਾਂ ਥਾਂ 'ਤੇ
ਹਰ ਇਕ ਨਾਰੀ ਲੱਗੇ ਪ੍ਰੇਸ਼ਾਨ ਜਿਹੀ।

ਪੁਰਾਣੇ ਜ਼ਖਮਾਂ ਨੂੰ ਦੇਵੀਆਂ ਯਾਦ ਕਰਕੇ
ਮਨੁੱਖੀ ਦਰਿੰਦਿਆਂ ਦੀ ਗਾਥਾ ਸੁਣਾ ਰਹੀਆਂ।
ਕਈ ਕੰਜਕਾਂ ਦੇ ਬਚਪਨ ਫਨਾਹ ਕੀਤੇ
ਸੋਸ਼ਲ ਮੀਡੀਏ ਰਾਹੀਂ ਦੁਹਰਾ ਰਹੀਆਂ।

ਮੈਂ ਖੁਸ਼ ਹਾਂ, ਸਦਕੇ ਮੈਂ ਜਾਵਾਂ
ਔਰਤ-ਸ਼ਕਤੀ ਉਜਾਗਰ ਹੋ ਰਹੀ ਏ।
ਦੇਸ-ਪਰਦੇਸ ਦੀਆਂ ਟੌਪ ਹੱਦਾਂ
ਜੋ ਇਹ ਲਹਿਰ ਅਗਰਸਰ ਹੋ ਰਹੀ ਏ।
ਕੁਆਰੀਆਂ ਕੰਜਕਾਂ ਦੇ ਕਿੱਸੇ ਸੁਣ ਸੁਣ
ਮਨੁੱਖਤਾ ਮੂੰਹ ਛੁਪਾ ਕੇ ਰੋ ਰਹੀ ਏ।

ਅਸਲ ਚਿਹਰਾ ਸਮਾਜ ਦਾ ਨਜ਼ਰ ਆਇਆ
ਹਰ ਇਕ ਮੀਡੀਏ 'ਚ ਚਰਚਾ ਹੋ ਰਹੀ ਏ।

ਰਾਜਨੇਤਾਵਾਂ ਦੇ ਪਾਜ ਉਘੜ ਆਏ
ਦੇਖੋ ਅਜਬ ਜ਼ਮਾਨੇ ਦਾ ਰੰਗ ਯਾਰੋ।
ਪ੍ਰਧਾਨ ਤੱਕ ਵੀ ਉਂਗਲਾਂ ਉਠੀਆਂ ਨੇ
ਸੁਣ ਕੇ ਲੋਕ ਰਹਿ ਗਏ ਦੰਗ ਯਾਰੋ।
ਸਿਆਸੀ ਤਾਣਾ-ਪੇਟਾ ਉਲਝਿਆ ਜਾਪਦਾ
ਲੋਕਾਈ ਅੰਦਰੋਂ ਅੰਦਰੀ ਤੰਗ ਯਾਰੋ।
ਅਸ਼ਕੇ ਜਾਵਾਂ ਅਮਰੀਕਨ ਮੀਡੀਏ 'ਤੇ
ਵਿਚਾਰ-ਚਰਚਾ 'ਚ ਭੱਜਿਆ ਨਿਸੰਗ ਯਾਰੋ।

ਔਰਤ ਜ਼ਾਤ ਅੱਜ ਨਿਡਰ ਜਾਪਦੀ ਏ
ਮਨੁੱਖੀ ਕੁਕਰਮਾਂ 'ਤੇ ਚਾਨਣਾ ਪਾ ਰਹੀਆਂ।
ਕਰਕੇ ਹੌਸਲਾ ਤੇ ਨਿਧੜਕ ਬਿਆਨਾਂ ਰਾਹੀਂ
ਸਹਿਜ ਸਹਿਜ ਕੇ ਕਿੱਸੇ ਸੁਣਾ ਰਹੀਆਂ।

ਇਸ ਸਮਾਜ ਦਾ ਹਰ ਇਕ ਅੰਗ ਯਾਰੋ
ਮੈਨੂੰ ਅੱਜ ਕਲੰਕਿਤ ਨਜ਼ਰ ਆਇਆ।
ਮਨੁੱਖ ਦੀ 'ਭੋਗ-ਵਿਲਾਸ' ਦੀ ਭੁੱਖ ਵਾਲਾ
ਇਕ ਅਜਬ ਹੀ ਨਕਸ਼ਾ ਨਜ਼ਰ ਆਇਆ।

ਔਰਤ ਕਹਿ ਰਹੀ ਜਨਮ ਦਿੱਤਾ ਮਨੁੱਖੋ ਥੋਨੂੰ
ਤਾਂ ਕਿ ਆਪਣੇ ਫਰਜ਼ ਪਹਿਚਾਣ ਸਕੋ।
ਮਾਤਾ, ਬੀਵੀ ਅਤੇ ਧੀ ਦੇ ਚਿਹਰਿਆਂ ਨੂੰ
ਚੰਗੀ ਤਰ੍ਹਾਂ ਸਮਝੋ ਅਤੇ ਜਾਣ ਸਕੋ।
ਚੰਗਾ ਸਮਾਜ ਜੇ ਸਿਰਜਣਾ ਚਾਹੁੰਦੇ ਹੋ
ਸਿੱਖ ਲਓ ਔਰਤ ਦਾ ਤੁਸੀਂ ਸਤਿਕਾਰ ਕਰਨਾ।
ਰੱਬ ਦਾ ਰੂਪ ਹਾਂ ਆਪਾਂ ਸਭ ਜੱਗ ਉਤੇ
ਉਸ ਦਾ ਨਾਮ ਸਿੱਖੋ ਅੰਗੀਕਾਰ ਕਰਨਾ।

ਔਰਤ ਜ਼ਾਤ ਦਾ ਮਾਣ ਜੋ ਸਮਾਜ ਕਰੂ
ਰਹਿੰਦੀ ਦੁਨੀਆਂ ਤੱਕ ਉਸ ਦਾ ਨਾਮ ਰਹੂ।
ਇਤਿਹਾਸ ਦੇਊ ਗਵਾਹੀ, ਆਪਣੀ ਲਿਖਤ ਰਾਹੀਂ
ਸੁਨਹਿਰੀ ਸ਼ਬਦਾਂ ਸੰਗ ਦੁਨੀਆਂ ਪ੍ਰਣਾਮ ਕਰੂ।

ਔਰਤ ਪ੍ਰੇਮ ਦਾ ਅਦੁੱਤੀ ਤੇ ਅਜਬ ਸੋਮਾ
ਉਸ ਦਾ ਪਿਆਰ ਨਿਹਾਰਨਾ ਸਿੱਖ ਲਈਏ।
ਜਨਮ-ਦਾਤੀ ਦੇ ਰੂਪ ਵਿਚ ਰੱਬ ਵਰਗੀ
ਹਰ ਇਕ ਰੂਪ ਸਤਿਕਾਰਨਾ ਸਿੱਖ ਲਈਏ।

ਅੰਗੀਕਾਰ ਕਰ ਸੁੱਚੇ ਆਦਰਸ਼ ਤਾਈਂ
ਆਓ ਸਿਰਜੀਏ ਆਪਾਂ ਸਮਾਜ ਸੋਹਣਾ।
ਇੱਜਤ ਬਖਸ਼ ਕੇ ਪਿਆਰ ਤੇ ਦਇਆ ਵਾਲੀ
ਆਓ ਸਿੱਖੀਏ ਕਰਨਾ ਇਹ ਕਾਜ ਸੋਹਣਾ।
ਦੇਵੀ ਦਇਆ ਦੀ ਪ੍ਰਤੀਨਿਧ ਮੂਰਤ ਹੈ ਜੋ
ਆਓ ਬਖਸ਼ੀਏ ਪਿਆਰ ਦਾ ਤਾਜ ਸੋਹਣਾ।
ਆਓ ਜ਼ਬਤ 'ਚ ਰਹਿਣਾ ਸਿੱਖ ਲਈਏ
ਅਸ਼ ਅਸ਼ ਕਰੂ ਜੱਗ ਦੇਖ ਅੰਦਾਜ਼ ਸੋਹਣਾ।

***-ਮਨਜੀਤ ਸਿੰਘ ਗਿੱਲ***
***ਫੋਨ: 248-885-6680***

---

### ਸਮੁੰਦਰੀ ਹਾਲ

ਵੋਟ ਪਾਉਣ ਲਈ ਨਿਕਲੇ 'ਛੈਲ ਬਾਂਕੇ',
ਬਣ ਕੇ ਨੀਲਿਆਂ ਰੰਗਾਂ ਨਾਲ ਮੋਰ ਮੀਆਂ।
ਡਰ ਗਏ 'ਜਰਨੈਲ' ਦੀਆਂ ਘੂਰੀਆਂ ਤੋਂ,
ਸਾਰੇ ਨਿਕਲੇ ਅੰਦਰ ਦੇ ਚੋਰ ਮੀਆਂ।
ਤੇਜਾ ਸਿੰਘ ਸਮੁੰਦਰੀ ਹਾਲ ਅੰਦਰ,
ਸੁਣਿਆ ਸਾਰਿਆਂ ਚੋਰਾਂ ਦਾ ਸ਼ੋਰ ਮੀਆਂ।
ਵਕਤ ਲੰਘਿਆ ਪੰਥ ਪ੍ਰਸਤੀਆਂ ਦਾ,
ਆ ਗਿਆ ਜ਼ਮਾਨਾ ਹੈ ਹੋਰ ਮੀਆਂ।
ਲੰਗਰਾਂ ਤੱਕ ਹੈ ਦਿੱਤੀ ਸਮੇਟ ਸਿੱਖੀ,
ਤੋੜ ਕਿਰਤ ਤੋਂ ਕੀਤਾ ਕਮਜ਼ੋਰ ਮੀਆਂ।
'ਗੁਲਪੁਰੀਆ' ਹੇਠ ਦੀ ਆਊ ਉਤੇ,
ਜਦੋਂ ਚੱਲਿਆ 'ਸੰਗਤ' ਦਾ ਜ਼ੋਰ ਮੀਆਂ।

***-ਹਰਜਿੰਦਰ ਗੁਲਪੁਰ***


---

### ਗਜ਼ਲ

ਮੈਂ ਵੀ ਕੀਤਾ ਹੈ ਦੋਸਤੋ ਅਕਸਰ
ਗਮ ਦੇ ਡੂੰਘੇ ਸਮੁੰਦਰਾਂ ਦਾ ਸਫਰ।
ਜ਼ਿੰਦਗੀ ਦੇ ਘਣੇ ਹਨੇਰੇ ਵਿਚ
ਖੌਰੇ ਕੀ ਭਾਲਦੀ ਹੈ ਮੇਰੀ ਨਜ਼ਰ।
ਲੱਖ ਬਚ ਕੇ ਚਲੇ ਅਸੀਂ ਫਿਰ ਵੀ
ਪਿਆਰ ਦੀ ਰਾਹ 'ਚ ਖਾ ਗਏ ਠੋਕਰ।
ਹੱਥ ਹੀ ਪਾਵੇ ਕਿਸ ਲਈ ਉਸ ਨੂੰ
ਆਦਮੀ ਜੋ ਸਕੇ ਨਾ ਜੋ ਪੱਥਰ।
ਫੇਰ ਵੱਸਦਾ ਨਹੀਂ ਕਿਸੇ ਵੀ ਤਰ੍ਹਾਂ
ਜੇ ਉਜੜ ਜਾਏ ਆਰਜ਼ੂ ਦਾ ਨਗਰ।

***-ਡਾ. ਸ਼ਸ਼ੀ ਕਾਂਤ ਉਪਲ***

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਸਬਦੁ ਸੁਰਤਿ ਲਿਵ ਅਲਖੁ ਲਖਾਏ

ਭਾਈ ਗੁਰਦਾਸ ਪੰਜਵੀਂ ਵਾਰ ਦੀ ਪੰਜਵੀਂ ਪਉੜੀ 'ਸਬਦੁ ਸੁਰਤਿ ਲਿਵ ਅਲਖੁ ਲਖਾਏ' ਵਿਚ ਗੁਰਮੁਖਾਂ ਦਾ ਸ੍ਰਿਸ਼ਟੀ ਦੇ ਬਾਕੀ ਲੋਕਾਂ ਨਾਲੋਂ ਫਰਕ ਦੱਸਦੇ ਹਨ (ਇਹ ਫਰਕ ਉਨ੍ਹਾਂ ਦੇ ਦੁਨੀਆਂ ਪ੍ਰਤੀ ਰਵੱਈਏ ਅਤੇ ਨਜ਼ਰੀਏ ਸਦਕਾ ਹੈ)। ਇਸ ਪਉੜੀ ਵਿਚ ਉਨ੍ਹਾਂ ਨੇ ਗਿਆਨ ਜਾਂ ਵਿੱਦਿਆ ਨਾਲ ਜੁੜੇ ਵੱਖ ਵੱਖ ਕਿੱਤਿਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਕਈ ਆਪਣੇ ਆਪ ਨੂੰ ਪੰਡਿਤ ਅਰਥਾਤ ਸ਼ਾਸਤਰਾਂ ਦੇ ਗਿਆਤਾ ਅਖਵਾਉਂਦੇ ਹਨ, ਕਈ ਹੋਰ ਜੋਤਿਸ਼ੀ ਹਨ (ਜੋ ਭਵਿੱਖ ਦੱਸਦੇ ਹਨ), ਕਈ ਪਾਧੇ ਅਖਵਾਉਂਦੇ ਹਨ (ਜੋ ਪੂਜਾ ਵਿਧੀਆਂ ਕਰਦੇ ਹਨ) ਅਤੇ ਕਈ ਵੈਦ ਅਖਵਾਉਂਦੇ ਹਨ (ਜੋ ਦਵਾਈਆਂ ਨਾਲ ਇਲਾਜ ਕਰਦੇ ਹਨ)। ਕਈ ਆਪਣੇ ਆਪ ਨੂੰ ਰਾਜੇ ਅਖਵਾਉਂਦੇ ਹਨ, ਕੋਈ ਸਾਮੰਤ ਹਨ ਤੇ ਕਈ ਆਪਣੇ ਆਪ ਨੂੰ ਮੁਖੀਏ ਤੇ ਚੌਧਰੀ ਅਖਵਾਉਂਦੇ ਹਨ। ਕਈ ਕੱਪੜਾ ਵੇਚਦੇ ਹਨ ਤੇ ਬਜਾਜ ਅਖਵਾਉਂਦੇ ਹਨ ਅਤੇ ਕਈ ਗਹਿਣਿਆਂ ਦਾ ਕੰਮ ਕਰਦੇ ਹਨ ਤੇ ਸਰਾਫ ਅਖਵਾਉਂਦੇ ਹਨ। ਹੀਰਿਆਂ ਦਾ ਵਣਜ ਕਰਨ ਵਾਲੇ ਜੌਹਰੀ ਅਖਵਾਉਂਦੇ ਹਨ ਅਤੇ ਪ੍ਰਚੂਨ ਦਾ ਸੌਦਾ ਵੇਚਣ ਵਾਲੇ ਪੰਸਾਰੀ ਅਖਵਾਉਂਦੇ ਹਨ। ਜਿਹੜੇ ਦਲਾਲੀ ਲੈ ਕੇ ਕੰਮ ਕਰਦੇ ਹਨ, ਉਹ ਦਲਾਲ ਕਹੇ ਜਾਂਦੇ ਹਨ। ਛੋਟੀਆਂ ਜਾਤਾਂ ਵਿਚੋਂ ਕਹੇ ਜਾਣ ਵਾਲੇ ਲੋਕ ਲੱਖਾਂ ਦੀ ਗਿਣਤੀ ਵਿਚ ਹਨ, ਜਿਨ੍ਹਾਂ ਦਾ ਨਾਂ ਉਨ੍ਹਾਂ ਦੇ ਕੰਮਾਂ ਅਨੁਸਾਰ ਲਿਆ ਜਾਂਦਾ ਹੈ। ਇਹ ਸਾਰੇ ਦੁਨਿਆਵੀ ਨਾਮ ਤੇ ਅਹੁਦੇ ਹਨ ਅਤੇ ਦੁਨਿਆਵੀ ਕਾਰਜਾਂ ਨਾਲ ਜੁੜੇ ਹੋਏ ਹਨ।

ਗੁਰੂ ਦਾ ਸਿੱਖ ਸਤਿਸੰਗਤਿ ਵਿਚ ਜਾ ਕੇ ਸੰਸਾਰਕ ਖੁਸ਼ੀਆਂ ਮਾਣਦਿਆਂ ਵੀ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ ਅਤੇ ਆਪਣੀ ਸੁਰਤਿ ਸ਼ਬਦ ਵਿਚ ਜੋੜ ਕੇ ਉਸ ਅਕਾਲ ਪੁਰਖ ਦੇ ਦਰਸ਼ਨ ਕਰਦਾ ਹੈ। ਇਸ ਦਾ ਇਹ ਅਰਥ ਵੀ ਬਣਦਾ ਹੈ ਕਿ ਗੁਰਸਿੱਖ ਹਰ ਤਰ੍ਹਾਂ ਦੇ ਦੁਨਿਆਵੀ ਭੇਦ-ਭਾਵ ਤੋਂ ਉਤੇ ਉਠ ਜਾਂਦਾ ਹੈ:

ਕੋਈ ਪੰਡਿਤੁ ਜੋਤਿਕੀ  
ਕੋ ਪਾਧਾ ਕੋ ਵੈਦੁ ਸਦਾਏ।  
ਕੋਈ ਰਾਜਾ ਰਾਉ ਕੋ  
ਕੋ ਮਹਤਾ ਚਉਧਰੀ ਅਖਾਏ।  
ਕੋਈ ਬਜਾਜੁ ਸਰਾਫੁ ਕੋ  
ਕੋ ਜਉਹਰੀ ਜੜਾਉ ਜੜਾਏ।  
ਪਾਸਾਰੀ ਪਰਚੂਨੀਆ  
ਕੋਈ ਦਲਾਲੀ ਕਿਰਸਿ ਕਮਾਏ।  
ਜਾਤਿ ਸਨਾਤ ਸਹੰਸ ਲਖ  
ਕਿਰਤਿ ਵਿਰਤਿ ਕਰਿ ਨਾਉ ਗਣਾਏ।  
ਸਾਧ ਸੰਗਤਿ ਗੁਰਸਿਖਿ ਮਿਲਿ  
ਆਸਾ ਵਿਚਿ ਨਿਰਾਸੁ ਵਲਾਏ।  
ਸਬਦੁ ਸੁਰਤਿ ਲਿਵ ਅਲਖੁ ਲਖਾਏ॥5॥

ਇਹ ਸਾਰਾ ਵੇਰਵਾ ਦੇਣ ਤੋਂ ਭਾਈ ਗੁਰਦਾਸ ਦੀ ਮੁਰਾਦ ਇਹ ਹੈ ਕਿ ਆਮ ਸੰਸਾਰ ਸੰਸਾਰਕ ਧੰਦੇ ਕਰਦਾ ਉਨ੍ਹਾਂ ਵਿਚ ਮਸ਼ਰੂਫ ਰਹਿੰਦਾ ਹੈ ਪਰ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਗੁਰਸਿੱਖ ਦੁਨਿਆਵੀ ਕਾਰਜ ਕਰਦਿਆਂ ਵੀ ਸੰਸਾਰ ਵਿਚ ਨਿਰਲੇਪ ਹੋ ਕੇ ਵਿਚਰਦਾ ਹੈ।

ਅਗਲੀ ਪਉੜੀ ਵਿਚ ਗੁਰਮੁਖਾਂ ਪ੍ਰਤੀ ਇਸ ਵਿਚਾਰ ਨੂੰ ਕਾਇਮ ਰੱਖਦਿਆਂ ਭਾਈ ਗੁਰਦਾਸ ਨੇ ਧਾਰਮਿਕ ਤੇ ਅਧਿਆਤਮਕ ਕਾਰਜ ਕਰਨ ਵਾਲੇ ਅਤੇ ਆਪਣੇ ਆਪ ਨੂੰ ਧਾਰਮਿਕ ਤੇ ਅਧਿਆਤਮਕ ਕਹਾਉਣ ਵਾਲੇ ਮਨੁੱਖਾਂ ਨਾਲ ਗੁਰਮੁਖਾਂ ਦੀ ਤੁਲਨਾ ਕੀਤੀ ਹੈ। ਭਾਈ ਗੁਰਦਾਸ ਦੱਸਦੇ ਹਨ ਕਿ ਬਹੁਤ ਸਾਰੇ ਮਨੁੱਖ ਅਜਿਹੇ ਹਨ ਜੋ ਬ੍ਰਹਮਚਾਰੀ ਹਨ, ਜਤ ਕਾਇਮ ਰੱਖਦੇ ਹਨ ਅਤੇ ਆਪਣੇ ਆਪ ਨੂੰ ਜਤੀ ਅਖਵਾਉਂਦੇ ਹਨ। ਕਈ ਅਜਿਹੇ ਹਨ ਜੋ ਸਤਿ ਦੀ ਪਾਲਣਾ ਕਰਦੇ ਹਨ ਅਤੇ ਸਤੀ ਅਖਵਾਉਂਦੇ ਹਨ। ਇਸ ਦੇ ਨਾਲ ਹੀ ਚਿਰਾਂ ਤੱਕ ਜਿਉਂਦੇ ਰਹਿਣ ਵਾਲੇ ਅਤੇ ਆਪਣੇ ਆਪ ਨੂੰ ਅਮਰ ਅਖਵਾਉਣ ਵਾਲੇ ਹਨ। ਸਾਧਨਾ ਕਰਨ ਵਾਲੇ, ਰਿਧੀਆਂ-ਸਿਧੀਆਂ ਪ੍ਰਾਪਤ ਕਰਨ ਵਾਲੇ, ਨਾਥ (ਸਿੱਧਾਂ ਦੀ ਇੱਕ ਪਰੰਪਰਾ), ਅਚਾਰੀਆ ਅਤੇ ਉਨ੍ਹਾਂ ਦੇ ਚੇਲੇ ਹੁੰਦੇ ਹਨ। ਬਹੁਤ ਸਾਰੇ ਦੇਵੀ-ਦੇਵਤੇ, ਰਿਸ਼ੀ-ਮੁਨੀ, ਭੂਤ-ਪ੍ਰੇਤ, ਸਵਰਗ ਦੇ ਰਾਗੀ ਅਤੇ ਆਪਣੇ ਖੇਤਰਾਂ ਦੀ ਰਾਖੀ ਕਰਨ ਵਾਲੇ ਖੇਤਰਪਾਲ ਤੇ ਅਨੰਦ ਮਨਾਉਣ ਵਾਲੇ ਹਨ। ਬਹੁਤ ਸਾਰੇ ਗਣ, ਗੰਧਰਵ, ਸਵਰਗਾਂ ਦੀਆਂ ਪਰੀਆਂ, ਕਿੰਨਰ, ਬਹੁਤ ਕਿਸਮ ਦੇ ਨਾਟਕ-ਚੇਟਕ ਕਰਨ ਵਾਲੇ, ਕਰਤੱਵ ਕਰਕੇ ਦਿਖਾਉਣ ਵਾਲੇ ਹਨ। ਰਾਖਸ਼ ਬੁੱਧੀ ਦੇ ਮਾਲਕ, ਦਾਨਵ, ਦੈਂਤ ਵੀ ਲੱਖਾਂ ਹਨ, ਜਿਨ੍ਹਾਂ ਅੰਦਰ ਦਵੈਤ-ਭਾਵ ਹੈ, ਜਿਸ ਕਰਕੇ ਉਹ ਦੁਖੀ ਵੀ ਹੁੰਦੇ ਹਨ। ਇਹ ਸਾਰੇ, ਜੋ ਆਪਣੇ ਆਪ ਨੂੰ ਕੁਝ ਨਾ ਕੁਝ ਅਖਵਾਉਂਦੇ ਹਨ, ਹਉਮੈ ਵਿਚ ਗ੍ਰੱਸੇ ਹੋਏ ਹਨ, ਅਹੰਕਾਰ ਦੇ ਮਾਰੇ ਹੋਏ ਹਨ।

ਭਾਈ ਗੁਰਦਾਸ ਦੱਸਦੇ ਹਨ ਕਿ ਇਨ੍ਹਾਂ ਦੇ ਬਿਲਕੁਲ ਉਲਟ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਗੁਰਮੁਖਿ ਹਨ ਜੋ ਸਾਧ ਸੰਗਤਿ ਵਿਚ ਜਾ ਕੇ ਖੁਸ਼ੀ ਮਹਿਸੂਸ ਕਰਦੇ ਹਨ। ਉਹ ਆਪਣੀ ਸੁਰਤਿ ਉਸ ਇੱਕ ਅਕਾਲ ਪੁਰਖ ਵਿਚ ਜੋੜ ਕੇ ਉਸ ਦੀ ਅਰਾਧਨਾ ਕਰਦੇ ਹਨ ਅਤੇ ਗੁਰੂ ਦੀ ਮਤਿ ਗ੍ਰਹਿਣ ਕਰਕੇ ਆਪਣੇ ਅੰਦਰੋਂ ਹਉਮੈ ਦੀ ਭਾਵਨਾ ਦੂਰ ਕਰਕੇ ਸੁਖੀ ਹੁੰਦੇ ਹਨ।

ਭਾਈ ਗੁਰਦਾਸ ਇਸ ਤੋਂ ਅੱਗੇ ਵਿਆਹ ਵਾਲੀ ਕੁੜੀ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਵਿਆਹ ਕਰਕੇ ਸਹੁਰੇ ਘਰ ਜਾਣ ਵਾਲੀ ਲੜਕੀ ਵਿਆਹ ਤੋਂ ਪਹਿਲਾਂ ਤੇਲ ਚੜ੍ਹਾਉਣ ਦੀ ਰਸਮ ਤੋਂ ਬਾਅਦ ਸਹੁਰੇ ਘਰ ਜਾਣ ਲਈ ਆਪਣੇ ਮਨ ਨੂੰ ਤਿਆਰ ਕਰਦੀ ਹੈ, ਇਸੇ ਤਰ੍ਹਾਂ ਗੁਰਮੁਖਿ ਗੁਰੂ ਤੋਂ ਗਿਆਨ ਲੈ ਕੇ, ਗੁਰੂ ਦੀ ਮਤਿ ਗ੍ਰਹਿਣ ਕਰਕੇ ਅਗਲੇ ਘਰ ਜਾਣ ਲਈ ਮਨੋਂ ਤਿਆਰ ਹੋ ਜਾਂਦੇ ਹਨ:

ਜਤੀ ਸਤੀ ਚਿਰੁ ਜੀਵਣੇ  
ਸਾਧਿਕ ਸਿਧ ਨਾਥ ਗੁਰ ਚੇਲੇ।  
ਦੇਵੀ ਦੇਵ ਰਿਖੀਸੁਰਾ ਭੈਰਉ  
ਖੇਤ੍ਰਪਾਲ ਬਹੁ ਮੇਲੇ।  
ਗਣ ਗੰਧਰਬ ਅਪਛਰਾ ਕਿੰਨਰ  
ਜਛ ਚਲਿਤ ਬਹੁ ਖੇਲੇ।  
ਰਾਖਸ ਦਾਨੋ ਦੈਤ ਲਖ  
ਅੰਦਰਿ ਦੂਜਾ ਭਾਉ ਦੁਹੇਲੇ।  
ਹਉਮੈ ਅੰਦਰਿ ਸਭ ਕੋ  
ਗੁਰਮੁਖਿ ਸਾਧ ਸੰਗਤਿ ਰਸ ਕੇਲੇ।  
ਇਕ ਮਨ ਇਕੁ ਅਰਾਧਣਾ  
ਗੁਰਮਤਿ ਆਪੁ ਗਵਾਇ ਸੁਹੇਲੇ।  
ਚਲਣੁ ਜਾਣਿ ਪਏ ਸਿਰਿ ਤੇਲੇ॥6॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਨੇ ਗੁਰੂ ਦੇ ਸ਼ਬਦ ਦੀ ਮਹੱਤਤਾ ਅਤੇ ਸੰਸਾਰਕ ਝਮੇਲਿਆਂ ਦੀ ਗੱਲ ਕੀਤੀ ਹੈ। ਭਾਈ ਗੁਰਦਾਸ ਬਿਆਨ ਕਰਦੇ ਹਨ ਕਿ ਜਤ, ਸਤ, ਸੰਜਮ ਆਦਿ ਜਿਨ੍ਹਾਂ ਨੂੰ ਧਾਰਨ ਕਰਨਾ ਚੰਗਾ ਸਮਝਿਆ ਜਾਂਦਾ ਹੈ ਜਾਂ ਜੋ ਧਾਰਮਿਕਤਾ ਅਤੇ ਅਧਿਆਤਮਕਤਾ ਨਾਲ ਜੁੜੇ ਹਨ, ਇਸੇ ਤਰ੍ਹਾਂ ਧਾਰਮਿਕ ਕਹੇ ਜਾਣ ਵਾਲੇ ਕਰਮ ਜਿਵੇਂ ਹੋਮ ਦੇਣਾ, ਜੱਗ ਕਰਨੇ, ਜਪੁ ਕਰਨਾ, ਤਪੱਸਿਆ ਕਰਨੀ, ਤੀਰਥਾਂ ਆਦਿ 'ਤੇ ਜਾ ਕੇ ਦਾਨ-ਪੁੰਨ ਕਰਨਾ-ਇਨ੍ਹਾਂ ਸਾਰੇ ਕਾਰਜਾਂ ਵਿਚ ਬਹੁਤ ਸਾਰਾ ਪਖੰਡ ਅਤੇ ਦਿਖਾਵਾ ਸ਼ਾਮਲ ਹੋ ਗਿਆ ਹੈ। ਇਸੇ ਤਰ੍ਹਾਂ ਰਿਧੀਆਂ-ਸਿਧੀਆਂ ਅਤੇ ਨੌਂ-ਨਿਧੀਆਂ ਦੀ ਪ੍ਰਾਪਤੀ, ਤੰਤਰ-ਮੰਤਰ ਕਰਨੇ ਅਤੇ ਪੜ੍ਹਨੇ ਇਹ ਸਭ ਨਾਟਕ-ਚੇਟਕ ਹਨ, ਪਖੰਡ ਅਤੇ ਦਿਖਾਵਾ ਹੈ। (ਅਜਿਹੇ ਕਰਮ-ਕਾਂਡਾਂ ਨੂੰ ਗੁਰਮਤਿ ਵਿਚ ਅਕਾਲ ਪੁਰਖ ਦੇ ਹੁਕਮ ਦੇ ਉਲਟ ਮੰਨਿਆ ਗਿਆ ਹੈ।)

ਇਸੇ ਤਰ੍ਹਾਂ ਬਵੰਜਾ ਵੀਰਾਂ ਨੂੰ ਅਰਾਧਣਾ, ਜੋਗਣਾਂ (ਜੋ ਮੜ੍ਹੀਆਂ ਵਰਗੀਆਂ ਉਜਾੜ ਥਾਂਵਾਂ 'ਤੇ ਨਿਵਾਸ ਕਰਦੀਆਂ ਹਨ), ਮੜ੍ਹੀਆਂ-ਮਸਾਣਾਂ ਆਦਿ ਨੂੰ ਜਗਾਉਣ ਦੇ ਬਹੁਤ ਸਾਰੇ ਅਜੀਬ ਕਿਸਮ ਦੇ ਪਖੰਡ ਕੀਤੇ ਜਾਂਦੇ ਹਨ। ਜੋਗੀ ਕਈ ਕਿਸਮ ਦੇ ਆਸਣ ਵਗੈਰਾ ਜਿਵੇਂ ਪੂਰਕ, ਕੁੰਭਕ, ਰੇਚਕ (ਪ੍ਰਣਾਯਾਮ) ਆਦਿ ਕਰਦੇ ਹਨ ਅਤੇ ਕੁੰਡਲਨੀ ਜਗਾਉਣ ਦੇ ਗੇੜ ਵਿਚ ਪਏ ਰਹਿੰਦੇ ਹਨ। ਸਿੱਧ ਆਪਣੇ ਆਸਣਾਂ ਵਿਚ ਹੀ ਰੁੱਝੇ ਰਹਿੰਦੇ ਹਨ, ਹਠ-ਜੋਗ ਨਾਲ ਆਪਣੀਆਂ ਇੰਦਰੀਆਂ ਨੂੰ ਸੰਜਮ ਵਿਚ ਰੱਖਣ ਦੇ ਲੱਖਾਂ ਕੌਤਕ ਕਰਨ ਵਿਚ ਲੱਗੇ ਦਿਖਾਈ ਦਿੰਦੇ ਹਨ। ਕਈ ਅਜਿਹੇ ਹਨ ਜੋ ਪਾਰਸ, ਮਣੀ, ਰਸਾਇਣਾਂ ਅਤੇ ਕਰਾਮਾਤਾਂ ਦੀ ਕਾਲਖ ਵਿਚ ਰੁੱਝੇ ਹਨੇਰਾ ਢੋਂਦੇ ਹਨ। ਇਸੇ ਤਰ੍ਹਾਂ ਠਾਕਰ (ਪੱਥਰਾਂ) ਦੀ ਪੂਜਾ ਕਰਦੇ ਹਨ, ਵਰਤ ਰੱਖਦੇ/ਖੋਲ੍ਹਦੇ ਹਨ ਅਤੇ ਵਰ ਜਾਂ ਸਰਾਪ ਲਈ ਸ਼ਿਵਜੀ ਤੇ ਸ਼ਕਤੀ ਦੀ ਪੂਜਾ/ਸੇਵਾ ਕਰਦੇ ਹਨ।

ਭਾਈ ਗੁਰਦਾਸ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਸਾਧ ਸੰਗਤਿ ਵਿਚ ਜਾ ਕੇ ਗੁਰੂ ਦੇ ਸ਼ਬਦ ਦੇ ਲੜ ਲੱਗਣ ਤੋਂ ਬਗੈਰ ਇਸ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਨਹੀਂ ਕਰ ਸਕੀਦਾ, ਆਪਣਾ ਅਸਲੀ ਟਿਕਾਣਾ ਪ੍ਰਾਪਤ ਨਹੀਂ ਹੁੰਦਾ। ਉਹ ਨਤੀਜਾ ਕੱਢਦੇ ਹਨ ਕਿ ਇੱਕ ਝੂਠ ਨੂੰ ਸਿਰੇ ਚੜ੍ਹਾਉਣ ਲਈ ਸੌ ਫੇਰਿਆਂ ਵਾਲੀਆਂ ਗੰਢਾਂ ਲੈਣੀਆਂ ਪੈਂਦੀਆਂ ਹਨ:

ਜਤ ਸਤ ਸੰਜਮ ਹੋਮ ਜਗ  
ਜਪੁ ਤਪੁ ਦਾਨ ਪੁੰਨ ਬਹੁਤੇਰੇ।  
ਰਿਧਿ ਸਿਧਿ ਨਿਧਿ ਪਾਖੰਡ ਬਹੁ  
ਤੰਤੁ ਮੰਤੁ ਨਾਟਕ ਅਗਲੇਰੇ।  
ਵੀਰਾਰਾਧਣ ਜੋਗਣੀ  
ਮੜ੍ਹੀ ਮਸਾਣ ਵਿਡਾਣ ਘਨੇਰੇ।  
ਪੂਰਕ ਕੁੰਭਕ ਰੇਚਕਾ  
ਨਿਵਲੀ ਕਰਮ ਭੁਇਅੰਗਮ ਘੇਰੇ।  
ਸਿਧਾਸਣ ਪਰਚੇ ਘਣੇ ਹਠ  
ਨਿਗ੍ਰਹ ਕਉਤਕ ਲਖ ਹੇਰੇ।  
ਪਾਰਸ ਮਣੀ ਰਸਾਇਣਾ  
ਕਰਾਮਾਤ ਕਾਲਖ ਆਨ੍ਹੇਰੇ।  
ਪੂਜਾ ਵਰਤ ਉਪਾਰਣੇ  
ਵਰ ਸਰਾਪ ਸਿਵ ਸਕਤਿ ਲਵੇਰੇ।  
ਸਾਧ ਸੰਗਤਿ ਗੁਰ ਸਬਦ ਵਿਣੁ  
ਥਾਉ ਨ ਪਾਇਨਿ ਭਲੇ ਭਲੇਰੇ।  
ਕੂੜ ਇਕ ਗੰਢੀ ਸਉ ਫੇਰੇ॥7॥

ਅਗਲੀ ਪਉੜੀ ਵਿਚ ਵਹਿਮੀ ਕਿਸਮ ਦੇ ਲੋਕਾਂ ਦੀ ਗੱਲ ਕੀਤੀ ਗਈ ਹੈ ਜੋ ਜੋਤਸ਼ੀਆਂ ਤੋਂ ਪੁੱਛ-ਪੁੱਛਾ ਕੇ, ਸ਼ਗਨ/ਬਦਸ਼ਗਨ ਵਿਚਾਰ ਕੇ ਚੱਲਦੇ ਹਨ। ਦੱਸਿਆ ਹੈ ਕਿ ਕਈ ਲੋਕ ਹਰ ਕਾਰਜ ਦਿਨ, ਮਹੀਨੇ, ਨੌਂ ਨਛੱਤਰਾਂ ਅਤੇ ਬਾਰ੍ਹਾਂ ਰਾਸ਼ੀਆਂ ਆਦਿ ਦਾ ਮੇਲ ਮਿਲਾ ਕੇ, ਇਨ੍ਹਾਂ ਬਾਰੇ ਪੁੱਛ-ਪੁੱਛਾ ਕੇ ਹੀ ਕਰਦੇ ਹਨ। ਕਈ ਇਸਤਰੀਆਂ ਅਜਿਹੀਆਂ ਹਨ ਜੋ ਟੂਣੇ-ਟਾਮਣ ਕਰਦੀਆਂ ਹਨ, ਕਈ ਤਰ੍ਹਾਂ ਦੇ ਵਹਿਮ ਜਿਵੇਂ ਔਂਸੀਆਂ ਪਾਉਣਾ, ਕਨਸੋਅ ਰੱਖਣ ਵਰਗੇ ਪਸਾਰੇ ਪਸਾਰਦੀਆਂ ਹਨ। ਕਈ ਅਜਿਹੇ ਹਨ ਜੋ ਖੋਤਿਆਂ, ਗਿੱਦੜਾਂ, ਬਿੱਲੀਆਂ ਆਦਿ ਜਾਨਵਰਾਂ, ਇੱਲਾਂ, ਮੈਨਾ ਅਤੇ ਵਾ-ਵਰੋਲਿਆਂ ਦੇ ਸ਼ਗਨਾਂ-ਬਦਸ਼ਗਨਾਂ ਨੂੰ ਵਿਚਾਰਦੇ ਹਨ (ਜਾਨਵਰਾਂ ਦੇ ਹੀਂਗਣ ਜਾਂ ਆਵਾਜ਼ ਕੱਢਣ ਦਾ ਵਹਿਮ ਕਰਨਾ ਜਿਵੇਂ ਜੇ ਰਾਤ ਕੁੱਤਾ ਰੋਣ ਵਰਗੀ ਲੰਬੀ ਆਵਾਜ਼ ਕੱਢੇ ਤਾਂ ਕਈ ਵਹਿਮ ਕਰਦੇ ਹਨ ਕਿ ਜਮਦੂਤ ਦੇਖ ਕੇ ਕੁੱਤਾ ਰੋ ਰਿਹਾ ਹੈ, ਇਸ ਲਈ ਕਿਸੇ ਦੀ ਮੌਤ ਹੋਣ ਵਾਲੀ ਹੈ, ਜੇ ਬਿੱਲੀ ਰਸਤਾ ਕੱਟ ਜਾਵੇ ਤਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਬਦਸ਼ਗਨੀ ਹੈ, ਵਗੈਰਾ ਵਗੈਰਾ)। ਕਈ ਇਸਤਰੀ ਜਾਂ ਪੁਰਸ਼ ਅਜਿਹੇ ਹਨ ਜੋ ਪਾਣੀ, ਅੱਗ, ਛਿੱਕ ਜਾਂ ਹਿਚਕੀ ਵਗੈਰਾ ਕੁਦਰਤੀ ਵਰਤਾਰੇ ਨੂੰ ਵਹਿਮ ਨਾਲ ਜੋੜ ਲੈਂਦੇ ਹਨ (ਜਿਵੇਂ ਜੇ ਕੋਈ ਕਿਸੇ ਖਾਸ ਕੰਮ ਵਾਸਤੇ ਤੁਰਨ ਲੱਗੇ ਅਤੇ ਅੱਗੋਂ ਕੋਈ ਛਿੱਕ ਮਾਰ ਦੇਵੇ, ਇਸ ਨੂੰ ਬਦਸ਼ਗਨੀ ਸਮਝਿਆ ਜਾਂਦਾ ਹੈ; ਹਿੱਚਕੀਆਂ ਲੱਗਣ ਤਾਂ ਮੰਨ ਲਿਆ ਜਾਂਦਾ ਹੈ ਕਿ ਕੋਈ ਯਾਦ ਕਰ ਰਿਹਾ ਹੈ, ਆਦਿ)।

ਇਸੇ ਤਰ੍ਹਾਂ ਥਿੱਤ, ਵਾਰ (ਦਿਨ) ਅਤੇ ਭਦ੍ਰ ਆਦਿ ਦਾ ਵਿਚਾਰ ਕੀਤਾ ਜਾਂਦਾ ਹੈ (ਜਿਵੇਂ ਵੀਰਵਾਰ ਨੂੰ ਕਿਸੇ ਪਾਸੇ ਲਈ ਵਾਟ ਨਹੀਂ ਤੁਰਨਾ, ਕੇਸੀ ਇਸ਼ਨਾਨ ਨਹੀਂ ਕਰਨਾ ਜਾਂ ਕੋਈ ਹੋਰ ਕਾਰਜ ਨਹੀਂ ਕਰਨਾ, ਆਦਿ), ਕਿਸੇ ਵਿਧਵਾ ਇਸਤਰੀ ਦਾ ਮਿਲ ਜਾਣਾ (ਆਮ ਵਹਿਮ ਕੀਤਾ ਜਾਂਦਾ ਹੈ ਕਿ ਕਿਸੇ ਸ਼ਗਨਾਂ ਵਾਲੇ ਕੰਮ ਲਈ ਵਿਧਵਾ ਇਸਤਰੀ ਦਾ ਅੱਗੇ ਆਉਣਾ ਠੀਕ ਨਹੀਂ ਹੈ। ਇਹ ਸਭ ਵਹਿਮ-ਭਰਮ ਹੈ ਕਿਉਂਕਿ ਗੁਰਮਤਿ ਅਨੁਸਾਰ ਜਨਮ ਅਤੇ ਮੌਤ ਅਕਾਲ ਪੁਰਖ ਦੇ ਹੱਥ ਵਿਚ ਹੈ। ਜੇ ਪਤੀ ਦੀ ਮੌਤ ਹੋ ਜਾਂਦੀ ਹੈ ਤਾਂ ਇਸ ਵਿਚ ਇਸਤਰੀ ਦਾ ਕੀ ਦੋਸ਼ ਹੈ? ਇਹ ਤਾਂ ਅਕਾਲ ਪੁਰਖ ਦਾ ਭਾਣਾ ਹੈ)।

ਭਾਈ ਗੁਰਦਾਸ ਦਾ ਕਹਿਣਾ ਹੈ ਕਿ ਸੰਸਾਰ ਫਜ਼ੂਲ ਕਿਸਮ ਦੇ ਯੋਗ ਅਤੇ ਅਯੋਗ ਦੇ ਚੱਕਰਾਂ, ਦਿਸ਼ਾ-ਸੂਚਕ ਵਹਿਮਾਂ-ਭਰਮਾਂ, ਸੰਸਿਆਂ ਵਿਚ ਪਿਆ ਹੋਇਆ ਹੈ। ਵਲ-ਛਲ ਕਰਕੇ ਰਿਝਾਉਣ ਵਾਲੀ ਇਸਤਰੀ ਪਤੀ ਨਾਲ ਸੁਖੀ ਦੰਪਤੀ ਜੀਵਨ ਕਿਵੇਂ ਗੁਜ਼ਾਰ ਸਕਦੀ ਹੈ? ਗੁਰਮੁਖ ਦਾ ਪਾਰ-ਉਤਾਰਾ ਇਨ੍ਹਾਂ ਸਭ ਵਹਿਮਾਂ-ਭਰਮਾਂ ਨੂੰ ਛੱਡ ਕੇ ਅਕਾਲ ਪੁਰਖ ਦੀ ਭਗਤੀ ਕਰਨ ਨਾਲ ਹੁੰਦਾ ਹੈ, ਪਰਮਾਤਮ-ਭਗਤੀ ਹੀ ਉਸ ਦਾ ਸੁਖ-ਫਲ ਹੈ:

ਸਉਣ ਸਗੁਨ ਵੀਚਾਰਣੇ  
ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।  
ਕਾਮਣ ਟੂਣੇ ਅਉਸੀਆ  
ਕਣਸੋਈ ਪਾਸਾਰ ਪਸਾਰਾ।  
ਗਦਹੁ ਕੁਤੇ ਬਿਲੀਆ  
ਇਲ ਮਲਾਲੀ ਗਿਦੜ ਛਾਰਾ।  
ਨਾਰਿ ਪੁਰਖੁ ਪਾਣੀ ਅਗਨਿ  
ਛਿਕ ਪਦ ਹਿਡਕੀ ਵਰਤਾਰਾ।  
ਥਿਤਿ ਵਾਰ ਭਦ੍ਰਾ ਭਰਮ  
ਦਿਸਾਸੂਲ ਸਹਸਾ ਸੈਸਾਰਾ।  
ਵਲਛਲ ਕਰਿ ਵਿਸਵਾਸ  
ਲਖ ਬਹੁ ਚੁਖੀ ਕਿਉ ਰਵੈ ਭਤਾਰਾ।  
ਗੁਰਮੁਖਿ ਸੁਖ ਫਲੁ ਪਾਰ ਉਤਾਰਾ॥8॥

ਭਾਈ ਗੁਰਦਾਸ ਅਗਲੀ ਪਉੜੀ ਵਿਚ ਗੁਰੂ ਦੇ ਦੱਸੇ ਮਾਰਗ ਦੀ ਪਾਵਨਤਾ ਦੱਸਦੇ ਹਨ ਕਿ ਇਸ ਮਾਰਗ 'ਤੇ ਚੱਲਣ ਨਾਲ ਮਨੁੱਖ ਦਾ ਕਿਸ ਕਿਸਮ ਦਾ ਕਾਇਆਕਲਪ ਹੋ ਜਾਂਦਾ ਹੈ। ਭਾਈ ਗੁਰਦਾਸ ਗੁਰਮੁਖਿ ਦੇ ਇਸ ਮਾਰਗ ਦੀ ਮਹੱਤਤਾ ਦੱਸਣ ਲਈ ਆਮ ਜੀਵਨ ਅਤੇ ਕੁਦਰਤ ਵਿਚੋਂ ਦ੍ਰਿਸ਼ਟਾਂਤ ਪੇਸ਼ ਕਰਕੇ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਦੱਸਦੇ ਨਜ਼ਰ ਆਉਂਦੇ ਹਨ। ਉਹ ਬਿਆਨ ਕਰਦੇ ਹਨ ਕਿ ਛੋਟੇ-ਛੋਟੇ ਨਾਲੇ, ਨਦੀਆਂ, ਬਰਸਾਤੀ ਪਾਣੀ ਦੇ ਚੋਅ ਵਗੈਰਾ ਸਭ ਜਦੋਂ ਗੰਗਾ ਵਿਚ ਆ ਡਿਗਦੇ ਹਨ ਤਾਂ ਗੰਗਾ ਨਾਲ ਮਿਲ ਕੇ ਗੰਗਾ ਦਾ ਹੀ ਰੂਪ ਹੋ ਜਾਂਦੇ ਹਨ, ਪਵਿੱਤਰ ਦਰਿਆ ਦਾ ਰੂਪ ਧਾਰ ਲੈਂਦੇ ਹਨ। ਇਸੇ ਤਰ੍ਹਾਂ ਅਸ਼ਟ ਧਾਤਾਂ (ਅੱਠ ਧਾਤਾਂ ਜਿਵੇਂ ਪਿੱਤਲ, ਤਾਂਬਾ, ਚਾਂਦੀ, ਜਿਸਤ, ਕਾਂਸੀ ਵਗੈਰਾ) ਜਦੋਂ ਪਾਰਸ ਨਾਲ ਛੂੰਹਦੀਆਂ ਹਨ ਤਾਂ ਉਹ ਸੋਨਾ ਬਣ ਜਾਂਦੀਆਂ ਹਨ। ਜੰਗਲ ਵਿਚ ਚੰਦਨ ਜਾਂ ਸੰਦਲ ਦਾ ਰੁੱਖ ਉਗਿਆ ਹੁੰਦਾ ਹੈ, ਉਸ ਦੇ ਆਸ-ਪਾਸ ਜਿੰਨੇ ਵੀ ਬੂਟੇ ਜਾਂ ਦਰੱਖਤ ਉਗੇ ਹੁੰਦੇ ਹਨ, ਉਹ ਭਾਵੇਂ ਫਲਦਾਰ ਹੋਣ ਜਾਂ ਫਲ ਨਾ ਦੇਣ ਵਾਲੇ, ਸਭ ਵਿਚੋਂ ਚੰਦਨ ਦੀ ਸੁਗੰਧ ਆਉਣ ਲੱਗ ਪੈਂਦੀ ਹੈ; ਇਹ ਚੰਦਨ ਦੀ ਵਿਸ਼ੇਸ਼ਤਾ ਹੈ।

ਸਾਲ ਦੀਆਂ ਛੇ ਰੁੱਤਾਂ ਤੇ ਬਾਰਾਂ ਮਹੀਨੇ ਹੁੰਦੇ ਹਨ ਪਰ ਇਨ੍ਹਾਂ ਵਿਚ ਸੂਰਜ ਇੱਕੋ ਹੁੰਦਾ ਹੈ ਜਿਸ ਕਾਰਨ ਰੁੱਤਾਂ ਅਤੇ ਮਹੀਨੇ ਬਦਲਦੇ ਹਨ। ਇਸ ਸੰਸਾਰ ਵਿਚ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਹੈ, ਛੇ ਦਰਸ਼ਨ ਹਨ ਅਤੇ ਯੋਗੀਆਂ ਦੇ ਬਾਰਾਂ ਫਿਰਕੇ ਹਨ ਜਿਨ੍ਹਾਂ ਵਿਚ ਸਾਰਾ ਸੰਸਾਰ ਭਉਂਦਾ ਫਿਰਦਾ ਹੈ ਅਰਥਾਤ ਇਹ ਸਭ ਦੁਬਿਧਾ ਦਾ ਕਾਰਨ ਹਨ। ਪ੍ਰੰਤੂ ਜਦੋਂ ਕੋਈ ਗੁਰੂ ਦੇ ਦੱਸੇ ਮਾਰਗ 'ਤੇ ਚੱਲਦਾ ਹੈ, ਗੁਰਮੁਖਾਂ ਵਾਲਾ ਰਸਤਾ ਅਖਤਿਆਰ ਕਰ ਲੈਂਦਾ ਹੈ ਤਾਂ ਸਾਧ ਸੰਗਤਿ ਵਿਚ ਜਾ ਕੇ ਉਸ ਦੇ ਮਨ ਵਿਚੋਂ ਹਰ ਤਰ੍ਹਾਂ ਦਾ ਭਰਮ ਅਤੇ ਦੁਬਿਧਾ ਖਤਮ ਹੋ ਜਾਂਦੀ ਹੈ, ਭਾਵ ਉਸ ਦੇ ਮਨ ਅੰਦਰ ਸੱਚ ਦਾ ਚਾਨਣ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਮੁਖਿ ਅਡੋਲ ਮਨ ਨਾਲ ਆਪਣੀ ਸੁਰਤਿ ਨੂੰ ਉਸ ਇੱਕ ਵਾਹਿਗੁਰੂ ਨਾਲ ਜੋੜ ਲੈਂਦਾ ਹੈ, ਆਪਣਾ ਧਿਆਨ ਇਕਾਗਰ-ਚਿੱਤ ਹੋ ਕੇ ਉਸ ਵਿਚ ਲਾ ਲੈਂਦਾ ਹੈ:

ਨਦੀਆ ਨਾਲੇ ਵਾਹੜੇ  
ਗੰਗਿ ਸੰਗਿ ਗੰਗੋਦਕ ਹੋਈ।  
ਅਸਟ ਧਾਤੁ ਇਕ ਧਾਤੁ ਹੋਇ  
ਪਾਰਸ ਪਰਸੈ ਕੰਚਨੁ ਸੋਈ।  
ਚੰਦਨ ਵਾਸੁ ਵਣਾਸਪਤਿ  
ਅਫਲ ਸਫਲ ਕਰ ਚੰਦਨੁ ਗੋਈ।  
ਛਿਅ ਰੁਤਿ ਬਾਰਹ ਮਾਹ ਕਰਿ  
ਸੁਝੈ ਸੁਝ ਨ ਦੂਜਾ ਕੋਈ।  
ਚਾਰਿ ਵਰਨਿ ਛਿਅ ਦਰਸਨਾ  
ਬਾਰਹ ਵਾਟ ਭਵੈ ਸਭੁ ਲੋਈ।  
ਗੁਰਮੁਖਿ ਦਰਸਨੁ ਸਾਧਸੰਗੁ  
ਗੁਰਮੁਖਿ ਮਾਰਗਿ ਦੁਬਿਧਾ ਖੋਈ।  
ਇਕ ਮਨਿ ਇਕੁ ਅਰਾਧਨਿ ਓਈ॥9॥

ਗੁਰਬਾਣੀ ਗਿਆਨ

# ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ

**ਸੂਹੀ ਮਹਲਾ ੫**  
ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ॥  
ਮਾਨੈ ਹੁਕਮੁ ਤਜੈ ਅਭਿਮਾਨੈ॥  
ਪ੍ਰਿਅ ਸਿਉ ਰਾਤੀ ਰਲੀਆ ਮਾਨੈ॥  
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥  
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ਰਹਾਉ॥  
ਸਖੀ ਸਹੇਲੀ ਕਉ ਸਮਝਾਵੈ॥  
ਸੋਈ ਕਮਾਵੈ ਜੋ ਪ੍ਰਭ ਭਾਵੈ॥  
ਸਾ ਸੋਹਾਗਣਿ ਅੰਕਿ ਸਮਾਵੈ॥  
ਗਰਬਿ ਗਹੇਲੀ ਮਹਲੁ ਨ ਪਾਵੈ॥  
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥  
ਕਰਮਹੀਣਿ ਮਨਮੁਖਿ ਦੁਖੁ ਪਾਵੈ॥  
ਬਿਨਉ ਕਰੀ ਜੇ ਜਾਣਾ ਦੂਰਿ॥  
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ॥  
ਜਨੁ ਨਾਨਕੁ ਗਾਵੈ ਦੇਖਿ ਹਦੂਰਿ॥

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਆਖਦੇ ਹਨ, ਹੇ ਸਖੀਏ ਉਹ ਜੀਵ ਇਸਤਰੀ ਸਲਾਹੁਣਯੋਗ ਹੈ, ਸੁਹਾਗ ਭਾਗ ਵਾਲੀ ਹੈ, ਜੋ ਪ੍ਰਭੂ ਪਤੀ ਨਾਲ ਸਾਂਝ ਬਣਾਈ ਰੱਖਦੀ ਹੈ। ਜਿਹੜੀ ਸੁਹਾਗਣ ਅਹੰਕਾਰ ਛੱਡ ਕੇ ਪ੍ਰਭੂ ਪਤੀ ਦਾ ਹੁਕਮ ਮੰਨਦੀ ਰਹਿੰਦੀ ਹੈ, ਉਹ ਹੀ ਭਾਗਾਂ ਵਾਲੀ ਹੈ। ਫਿਰ ਉਹ ਵਡਭਾਗਣ ਜੀਵ ਇਸਤਰੀ ਪ੍ਰਭੂ ਰੰਗ ਵਿਚ ਰੰਗੀ ਹੋਈ ਉਸ ਦੇ ਮਿਲਾਪ ਦਾ ਅਨੰਦ ਮਾਣਦੀ ਰਹਿੰਦੀ ਹੈ ਤੇ ਸਦਾ ਸੁਖ ਪਾਉਂਦੀ ਹੈ।

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥  
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ ਰਹਾਉ॥

ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿਚ ਗੁਰਦੇਵ ਪਿਤਾ ਆਖਦੇ ਹਨ, ਹੇ ਸਖੀਏ! ਉਸ ਮਿਹਰਬਾਨ ਪ੍ਰਭੂ ਨੂੰ ਮਿਲਣ ਦੀ ਨਿਸ਼ਾਨੀ ਕੀ ਹੈ? ਉਹ ਮੈਥੋਂ ਸੁਣ ਲੈ, ਉਹ ਨਿਸ਼ਾਨੀ, ਉਹ ਤਰੀਕਾ ਇਹ ਹੈ ਕਿ ਇਸ ਦੁਨੀਆਂ ਵਿਚ ਰਹਿੰਦਿਆਂ ਲੋਕ ਲਾਜ ਖਾਤਰ ਕੰਮ ਕਰਨੇ ਛੱਡ ਕੇ ਆਪਣਾ ਮਨ-ਤਨ, ਆਪਣਾ ਸਾਰਾ ਕੁਝ ਹੀ ਉਸ ਮਾਲਕ ਪਰਮਾਤਮਾ ਦੇ ਹਵਾਲੇ ਕਰ ਦੇਹ।

ਸਖੀ ਸਹੇਲੀ ਕਉ ਸਮਝਾਵੈ॥  
ਸੋਈ ਕਮਾਵੈ ਜੋ ਪ੍ਰਭ ਭਾਵੈ॥  
ਸਾ ਸੋਹਾਗਣਿ ਅੰਕਿ ਸਮਾਵੈ॥

ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਆਖਦੇ ਹਨ ਕਿ ਇਕ ਪ੍ਰਭੂ ਰੰਗ ਵਿਚ ਰੰਗੀ ਹੋਈ ਸਹੇਲੀ ਦੂਜੀ ਪ੍ਰਭੂ ਪਿਆਰ ਲਈ ਤੜਪ ਰਹੀ ਸਹੇਲੀ ਨੂੰ ਸਮਝਾਉਂਦਿਆਂ ਆਖਦੀ ਹੈ, ਹੇ ਸਖੀਏ ਜਿਹੜੀ ਜੀਵ ਇਸਤਰੀ ਉਹੀ ਕੁਝ ਕਰਦੀ ਹੈ ਜੋ ਉਸ ਦੇ ਪ੍ਰਭੂ ਪਤੀ ਨੂੰ ਪਸੰਦ ਆਉਂਦਾ ਹੈ ਤਾਂ ਫਿਰ ਉਹੀ ਸੁਹਾਗ ਭਾਗ ਵਾਲੀ ਜੀਵ ਰੂਪੀ ਇਸਤਰੀ ਮਾਲਕ ਪ੍ਰਭੂ ਵਿਚ ਸਦਾ ਸਦਾ ਲਈ ਲੀਨ ਹੋ ਜਾਂਦੀ ਹੈ।

ਗਰਬਿ ਗਹੇਲੀ ਮਹਲੁ ਨ ਪਾਵੈ॥  
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥  
ਕਰਮਹੀਣਿ ਮਨਮੁਖਿ ਦੁਖੁ ਪਾਵੈ॥

ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਮਨਮੁਖ ਜੀਵਾਂ ਨੂੰ ਆਖਦੇ ਹਨ, ਹੇ ਸਖੀਏ ਜਿਹੜੀ ਜੀਵ ਇਸਤਰੀ ਅਹੰਕਾਰ ਵਿਚ ਫਸੀ ਰਹਿੰਦੀ ਹੈ ਅਤੇ ਪ੍ਰਭੂ ਹੁਕਮ ਵਿਚ ਨਹੀਂ ਤੁਰਦੀ, ਉਹ ਪ੍ਰਭੂ ਪਤੀ ਦੇ ਚਰਨਾਂ ਵਿਚ ਥਾਂ ਪ੍ਰਾਪਤ ਨਹੀਂ ਕਰ ਸਕਦੀ, ਪਰ ਜਦੋਂ ਜ਼ਿੰਦਗੀ ਦੀ ਰਾਤ ਬੀਤ ਜਾਂਦੀ ਹੈ ਤਾਂ ਬਹੁਤ ਪਛਤਾਉਂਦੀ ਹੈ; ਆਪਣੇ ਮਨ ਪਿੱਛੇ ਲੱਗ ਕੇ ਤੁਰਨ ਵਾਲੀ ਉਹ ਮੰਦਭਾਗਣ ਜੀਵ ਰੂਪੀ ਇਸਤਰੀ ਸਦਾ ਹੀ ਦੁਖ ਪਾਉਂਦੀ ਰਹਿੰਦੀ ਹੈ।

ਬਿਨਉ ਕਰੀ ਜੇ ਜਾਣਾ ਦੂਰਿ॥  
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ॥  
ਜਨ ਨਾਨਕੁ ਗਾਵੈ ਦੇਖਿ ਹਦੂਰਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਆਖਦੇ ਹਨ, ਭਾਈ ਲੋਕਾਂ ਨੂੰ ਦਿਖਾਉਣ ਲਈ ਮੈਂ ਤਾਂ ਹੀ ਪਰਮਾਤਮਾ ਦੇ ਦਰ 'ਤੇ ਬੇਨਤੀ ਅਰਦਾਸ ਕਰਾਂ ਜੇ ਮੈਂ ਉਸ ਨੂੰ ਕਿਤੇ ਦੂਰ ਵੱਸਦਾ ਸਮਝ ਰਿਹਾ ਹੋਵਾਂ; ਅਬਿਨਾਸੀ ਭਾਵ ਨਾਸ ਰਹਿਤ, ਸਦਾ ਹੀ ਰਹਿਣ ਵਾਲਾ ਮੇਰਾ ਮਿਹਰਬਾਨ ਪ੍ਰਭੂ ਤਾਂ ਹਰ ਥਾਂ ਵੱਸਦਾ ਹੈ। ਇਹ ਦਾਸ ਨਾਨਕ ਤਾਂ ਉਸ ਨੂੰ ਆਪਣੇ ਅੰਗ-ਸੰਗ ਵੱਸਦਾ ਵੇਖ ਕੇ ਹਰ ਵੇਲੇ ਉਸ ਦੀ ਸਿਫਤਿ ਸਾਲਾਹ ਕਰਦਾ ਹੈ, ਉਸ ਦੇ ਗੁਣ ਗਾਉਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*  
*ਫੋਨ: 916-687-3536*

# ਮਾਤ-ਮੂਰਤ ਮਾਤਾ ਸਾਹਿਬ ਕੌਰ (1681-1747)

ਮਾਤਾ ਸਾਹਿਬ ਕੌਰ ਨੂੰ ਪੰਥਕ ਲੋੜ ਮੁਤਾਬਕ ਵਰਤਣ ਵਿਚ ਕੋਈ ਕਸਰ ਨਹੀਂ ਰਹੀ, ਪਰ ਮਾਤਾ ਜੀ ਨੂੰ ਸਿੱਖ ਸੁਰ ਵਿਚ ਉਸਾਰਨ ਦੀ ਕੋਸ਼ਿਸ਼ ਅਜੇ ਹੋਣੀ ਹੈ। ਸਿੱਖੀ ਅਤੇ ਪੰਥਕਤਾ ਦਾ ਸੰਜੋਗੀ ਮੇਲ ਹਿੱਲ ਗਿਆ ਹੈ ਅਤੇ ਗੱਲ ਸਿੱਖਾਂ ਨੂੰ ਸਿੱਖਾਂ ਤੋਂ ਬਚਾਉਣ ਤੱਕ ਪਹੁੰਚ ਗਈ ਹੈ। ਚੇਤਨਾ ਦੇ ਹੜ੍ਹ ਵਿਚ ਮਜ਼ਬੂਤ ਜੜ੍ਹਾਂ ਵਾਲੇ ਹਾਸਲ ਹੀ ਬਚ ਸਕਣਗੇ। ਅਜਿਹਾ ਬਾਣੀ ਵੱਲ ਪਰਤਣ ਨਾਲ ਹੀ ਸੰਭਵ ਹੋ ਸਕਦਾ ਹੈ। ਇਸ ਵਾਸਤੇ ਪੁਸਤਕ ਸਭਿਆਚਾਰ ਦਾ ਸਹਾਰਾ ਬਹੁਤ ਜ਼ਰੂਰੀ ਹੈ। ਚੇਤਨਾ ਨਾਲੋਂ ਟੁੱਟੀ ਹੋਈ ਆਸਥਾ ਸੁਆਰਦੀ ਘੱਟ ਅਤੇ ਵਿਗਾੜਦੀ ਬਹੁਤਾ ਹੈ।



ਆਧੁਨਿਕਤਾ ਨਾਲ ਪਰਵੇਸ਼ ਕਰ ਗਏ ਨਾਰੀ-ਸਰੋਕਾਰਾਂ ਵਿਚੋਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਮਾਂ-ਪਰਤਾਂ ਚਿੰਤਾ ਦਾ ਵਿਸ਼ਾ ਹਨ। ਕਾਰਨ ਹੈ, ਸਮਾਜਕ

**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਪ੍ਰਸੰਗ ਵਿਚ ਮਾਤਰਤਵ (Motherhood) ਦੇ ਰੋਲ ਮਾਡਲ ਦਾ ਦਿਨੋ ਦਿਨ ਗੁਆਚਦੇ ਜਾਣਾ। ਮਾਤ-ਸ਼ਸ਼ਕਤੀਕਰਣ ਦੀ ਦ੍ਰਿਸ਼ਟੀ ਤੋਂ ਗੁਰੂ ਮਹਿਲਾਂ ਦੇ ਇਤਿਹਾਸ ਵਿਚ ਮਾਤਾ ਸਾਹਿਬ ਕੌਰ ਦਾ ਵਿਲੱਖਣ ਥਾਂ ਹੈ ਕਿਉਂਕਿ ਉਨ੍ਹਾਂ ਦੀ ਭੂਮਿਕਾ ਗੁਰੂ ਮਹਿਲ ਤੋਂ ਖਾਲਸੇ ਦੀ ਮਾਤਾ ਹੋ ਜਾਣ ਤੱਕ ਫੈਲੀ ਹੋਈ ਹੋਣ ਕਰਕੇ, ਉਹ ਮਾਤ-ਮੂਰਤ ਵਜੋਂ ਸਿੱਖ ਸਿਮਰਤੀ ਵਿਚ ਡੂੰਘੇ ਉਤਰ ਚੁਕੇ ਹਨ।

ਇਤਿਹਾਸਕਾਰਾਂ ਨੇ ਮਾਤਾ ਜੀ ਨੂੰ ਬਹੁਤਾ ਨਹੀਂ ਗੌਲਿਆ ਅਤੇ ਇੰਜ ਦਿੱਭਤਾ ਨਾਲ ਸਿੱਖ ਸੁਰ ਵਿਚ ਨਿਭਣ ਵਾਲਾ ਨਾਰੀ ਪੱਖ ਸਾਹਮਣੇ ਨਹੀਂ ਆ ਸਕਿਆ। ਇਤਿਹਾਸ ਦੀ ਸਮੱਸਿਆ ਇਹ ਹੈ ਕਿ ਇਹ ਵਿਧਾ, ਵਰਤਮਾਨ ਨਾਲ ਜੋੜਦੀ ਘੱਟ ਹੈ ਤੇ ਇਸ ਤੋਂ ਤੋੜਦੀ ਵੱਧ ਹੈ। ਇਸੇ ਕਰਕੇ ਮਾਤਾ ਜੀ ਬਾਰੇ ਮਿਲਦੇ ਵੇਰਵੇ ਬਹੁਤ ਘੱਟ ਹਨ ਅਤੇ ਜੋ ਹਨ, ਉਹ ਸਿੱਧਮ ਸਿੱਧੇ ਨਾਰੀ-ਪ੍ਰਸੰਗ ਨਾਲ ਜੁੜੇ ਹੋਏ ਹੋਣ ਕਾਰਨ, ਮਾਤਰਤਵ ਦੀਆਂ ਦਿੱਭ-ਪਰਤਾਂ ਤੱਕ ਪਹੁੰਚਣ ਵਿਚ ਮਦਦ ਨਹੀਂ ਕਰਦੇ। ਆਮ ਧਾਰਨਾ ਵਜੋਂ ਮਾਤਾ ਜੀ ਦੀ ਜੋ ਨਾਰੀ ਛਬੀ ਇਤਿਹਾਸ ਵਿਚ ਉਤਰ ਚੁਕੀ ਹੈ, ਉਹ ਸਿੱਖ ਧਾਰਨਾ ਤਾਂ ਕੀ, ਪੰਥਕ ਧਾਰਨਾ ਨਾਲ ਵੀ ਮੇਲ ਨਹੀਂ ਖਾਂਦੀ। ਇਸੇ ਕਰਕੇ ਮਾਤਾ ਜੀ ਦੇ ਸਵੈਇੱਛਤ ਸਰੋਕਾਰ ਅਤੇ ਇੱਛਾ ਰਹਿਤ ਵਚਨਬੱਧਤਾ ਦੀ ਸਕਰਮਕਤਾ ਸਾਹਮਣੇ ਨਹੀਂ ਆ ਸਕੀ। ਗੁਰੂ ਮਹਿਲਾਂ ਨੂੰ ਲੈ ਕੇ ਗੁਰੂ ਦਿੱਭਤਾ ਨਾਲ ਨਿਭਣ ਦੇ ਨਾਰੀ ਪ੍ਰਸੰਗ ਨੂੰ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਸਥਾਪਤ ਅਜੇ ਕੀਤਾ ਜਾਣਾ ਹੈ। ਬਾਣੀ ਵਿਚ ਜਿਗਿਆਸੂ ਨੂੰ ਲਿੰਗ-ਪ੍ਰਸੰਗ ਵਿਚ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਨਾ ਹੀ ਪ੍ਰਾਪਤ ਅਤੇ ਸਥਾਪਤ ਜੀਵ-ਵੰਡ ਮੁਤਾਬਕ ਧਾਰਮਿਕ ਜਿਗਿਆਸਾ ਨੂੰ ਸਿੱਖ ਪ੍ਰਸੰਗ ਵਿਚ ਪ੍ਰਵਾਨ ਕੀਤਾ ਗਿਆ ਹੈ। ਬਾਣੀ ਦੀ ਰੋਸ਼ਨੀ ਵਿਚ ਇਤਿਹਾਸ ਲਿਖਿਆ ਹੁੰਦਾ ਤਾਂ ਗੁਰੂ ਮਹਿਲਾਂ ਦਾ ਇਹ ਪੱਖ ਸਾਹਮਣੇ ਆ ਜਾਣਾ ਸੀ ਕਿ ਸਿੱਖ ਸੁਰ ਵਿਚ ਮਾਤਰਤਵ ਅਚੇਤ ਅਤੇ ਸੁਚੇਤ ਅਕਾਂਖਿਆਵਾਂ ਦਾ ਸੰਜੋਗੀ ਮੇਲ ਹੈ। ਸਿੱਖਾਂ ਦੇ ਚੇਤਿਆਂ ਵਿਚ ਜਿਸ ਤਰ੍ਹਾਂ ਗੁਰੂ ਸ਼ਖਸੀਅਤਾਂ ਧਰਤੀ 'ਤੇ ਸਕਰਮਕ ਦਿੱਭਤਾ ਵਜੋਂ ਟਿਕੀਆਂ ਹੋਈਆਂ ਸਨ, ਉਹੀ ਪ੍ਰਸੰਗਕਤਾ ਗੁਰੂ ਦਿੱਭਤਾ ਨਾਲ ਨਿਭਣ ਵਾਲੇ ਗੁਰੂ ਮਹਿਲਾਂ ਨੂੰ ਪ੍ਰਾਪਤ ਨਹੀਂ।

ਜਿਸ ਗੁਰੂ ਦੀ ਸੰਗਤ ਵਿਚ ਪਾਪੀ ਵੀ ਤਰਦਾ ਰਿਹਾ ਹੈ, ਉਸ ਗੁਰੂ ਦੇ ਮਹਿਲ ਨੂੰ ਜੇ ਗੁਰੂ ਮਿਹਰ ਦੇ ਰੰਗ ਵਿਚ ਰੰਗੀ ਸਕਰਮਕਤਾ ਪ੍ਰਵਾਨ ਨਹੀਂ ਕਰਾਂਗੇ ਤਾਂ ਗੁਰੂ ਦਿੱਭਤਾ ਦੇ ਸਮਾਜੀ ਵਰਤਾਰੇ ਤੱਕ ਨਹੀਂ ਪਹੁੰਚ ਸਕਾਂਗੇ। ਇਹ ਵਰਤਾਰਾ ਸਹਿਜ ਵਿਗਾਰ ਦਾ ਹੈ, ਵਿਸਮਾਦੀ ਵਿਚਰਨ ਦਾ ਹੈ ਅਤੇ ਅਨੰਦੀ ਅਹਿਸਾਸ ਦਾ ਹੈ। ਇਸ ਹਾਲਤ 'ਚ ਸੰਸੇ ਅਤੇ ਝੋਰੇ ਵੀ ਮੁਹੱਬਤ ਬਣ ਜਾਂਦੇ ਹਨ। ਗੁਰੂ ਦੇ ਸੱਚ ਨੂੰ ਲੋੜਵੰਦਾਂ ਦੇ ਅਮਲ ਵਿਚ ਉਤਾਰਨ ਦਾ ਮਾਧਿਅਮ, ਗੁਰੂ ਮਹਿਲਾਂ ਤੋਂ ਵੀ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਿੱਖ ਸੁਰ ਵਿਚ ਦੁਬਿਧਾ-ਮੁਕਤ ਸਮਾਜਕਤਾ ਦੀ ਪਛਾਣ ਘਰ ਤੋਂ ਕੀਤੇ ਜਾਣ ਦੀ ਲੋੜ ਸਦਾ ਰਹਿਣੀ ਹੈ। ਇਹ ਤਾਂ ਆਮ ਸਮਝ ਦੀ ਗੱਲ ਹੈ ਕਿ ਚੀਜ਼ਾਂ ਉਹੀ ਖਰਾਬ ਹੁੰਦੀਆਂ ਹਨ, ਜਿਨ੍ਹਾਂ ਨੂੰ ਸਾਂਭਣਯੋਗ ਭਾਂਡਾ ਨਹੀਂ ਮਿਲਦਾ। ਮਾਤਰਤਵ ਤਾਂ ਰਿਸ਼ਤਿਆਂ ਨੂੰ ਸੰਭਾਲਣ ਦਾ ਹੀ ਨਾਂ ਹੈ। ਪ੍ਰੋ. ਪੂਰਨ ਸਿੰਘ ਮਾਂ ਨੂੰ 'ਸਰੀਰ, ਮਨ ਅਤੇ ਰੂਹ ਦਾ ਮੁਜੱਸਮਾ' ਕਹਿੰਦੇ ਹਨ।

ਗੁਰਬਾਣੀ ਵਿਚ ਅਕਾਲ ਦੇ ਹਵਾਲੇ ਨਾਲ ਆਮ ਬੰਦੇ ਤੋਂ ਦਿੱਭ ਤੱਕ ਦੀ ਸਰੀਰਕ ਯਾਤਰਾ ਨੂੰ ਨਾਰੀ ਬਿੰਬ ਰਾਹੀਂ ਉਸਾਰਨ ਦਾ ਯਤਨ ਕੀਤਾ ਗਿਆ ਹੈ। ਸੂਖਮ ਪ੍ਰਗਟਾਵਿਆਂ ਲਈ ਨਾਰੀ ਬਿੰਬ ਦੀ ਚੋਣ ਬਾਣੀ ਦਾ ਅਹਿਮ ਪਹਿਲੂ ਹੈ। ਇਸ ਦਾ ਸੰਕੇਤ ਅਕਾਲ ਰੂਪ ਪਤੀ ਅਤੇ ਸਰੀਰਧਾਰੀ ਪਤਨੀਆਂ ਦੇ ਹਵਾਲੇ ਨਾਲ 'ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥' (ਪੰਨਾ 591) ਰਾਹੀਂ ਸਥਾਪਤ ਕੀਤਾ ਹੋਇਆ ਹੈ। ਇਸ ਸੰਕੇਤ ਨਾਲ ਸਿੱਖ ਪ੍ਰਸੰਗ 'ਚ ਨਾਰੀਤਵ ਨੂੰ ਸਿੱਖ ਸਮਾਜਕਤਾ ਦੀ ਚੂਲ ਕਹਿ ਸਕਦੇ ਹਾਂ। ਗੁਰੂ ਸਾਹਿਬਾਨ ਦੀ ਹਾਜ਼ਰੀ ਵਿਚ (1469-1708) ਗੁਰੂ ਮਹਿਲਾਂ ਵੱਲੋਂ ਸਿੱਖ ਸਮਾਜਕਤਾ ਦੀ ਉਸਾਰੀ ਲਈ ਜੋ ਭੂਮਿਕਾ ਨਿਭਾਈ ਜਾਂਦੀ ਰਹੀ ਹੈ, ਉਸ ਨੂੰ ਵੀ ਇਤਿਹਾਸ ਨੇ ਪੂਰੀ ਤਰ੍ਹਾਂ ਨਹੀਂ ਸਾਂਭਿਆ। ਇਸ ਕਰਕੇ ਦਸਮ ਪਾਤਸ਼ਾਹ ਦੀ ਗੈਰਹਾਜ਼ਰੀ ਵਿਚ ਮਾਤਾ ਜੀ ਦੀ ਭੂਮਿਕਾ ਦਾ ਪ੍ਰਸੰਗਕ ਉਸਾਰ ਨਹੀਂ ਹੋ ਸਕਿਆ। ਇਹ ਠੀਕ ਹੈ ਕਿ 'ਗੁਰੂ ਮਾਨਿਓ ਗ੍ਰੰਥ' ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜਾਗਤ ਜੋਤਿ ਅਤੇ ਜ਼ਾਹਰਾ ਜ਼ਹੂਰ ਸ਼ਬਦ-ਗੁਰੂ ਦੀ ਭੂਮਿਕਾ 1708 ਤੋਂ ਬਾਅਦ ਨਿਭਾਈ ਜਾ ਰਹੀ ਸੀ ਅਤੇ ਇਸੇ ਕਰਕੇ ਪੰਥਕ ਭੂਮਿਕਾ ਮਾਤਾ ਜੀ ਵਲੋਂ ਖਾਲਸਾ ਮਾਤਾ ਵਜੋਂ ਨਿਭਾਈ ਜਾਂਦੀ ਰਹੀ ਸੀ।

ਮਾਤਾ ਜੀ ਦੇ ਹੁਕਮਨਾਮਿਆਂ ਦਾ ਅਰੰਭ "ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ, ਸ੍ਰੀ ਮਾਤਾ ਸਾਹਿਬ ਦੇਵੀ ਜੀ ਦੀ ਆਗਿਆ ਹੈ" ਨਾਲ ਹੁੰਦਾ ਸੀ। ਹੁਕਮਨਾਮਿਆਂ ਵਿਚ ਇਹ ਵੀ ਸ਼ਾਮਲ ਰਹਿੰਦਾ ਸੀ, "ਤੁਸੀਂ ਮੇਰੇ ਪੁੱਤ ਫਰਜੰਦ ਹੋ", "ਵਾਹਿਗੁਰੂ ਦੇਗ ਤੇਗ ਫਤਿਹ ਕਰੇ", "ਖੂਹ ਨਵਾਂ ਬਣਵਾਈ ਦੇਣਾ ਅਤੇ ਜੋ ਕੁਝ ਲੱਗੇ ਸੋ ਸਰਕਾਰ ਦੇ ਲੇਖੇ ਲਗਾਵਣਾ" ਅਤੇ "ਗੁਰੂ ਘਰ ਇਕ ਜਾਣਨਾ। ਵਖਰੇਵਾਂ ਨਹੀਂ ਪਾਉਣਾ, ਐਸੇ ਸ਼ਾਤਰਾਂ ਤੋਂ ਬਚਣਾ। ਸੁੰਦਰੀ ਜੀ ਦੀ ਆਗਿਆ ਉਨ੍ਹਾਂ ਦੀ ਆਗਿਆ ਹੈ," ਆਦਿ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਸਿੱਖ ਭਾਈਚਾਰੇ ਨੂੰ ਪੰਥਕ ਸੇਧ ਵਿਚ ਰੱਖਣ ਦੀ ਚੇਤੰਨ ਜ਼ਿੰਮੇਵਾਰੀ ਦੇ ਜੋਖਮ ਨੂੰ ਮਾਤਾ ਸਾਹਿਬ ਕੌਰ ਨਿਭਾਉਣ ਦੀ ਕੋਸ਼ਿਸ਼ ਕਰਦੇ ਰਹੇ ਸਨ। ਇਹ ਸਮਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਅਤੇ ਸਿੱਖ ਸੰਘਰਸ਼ ਦਾ ਸਮਾਂ ਸੀ।

ਤੱਤ ਖਾਲਸਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਾਲੇ ਤਣਾਉ ਨਾਲ ਪੈਦਾ ਹੋਏ ਸੰਕਟ ਦਾ ਸਮਾਂ ਵੀ ਇਹੀ ਸੀ। ਸੰਕਟ ਅਤੇ ਸੰਘਰਸ਼ ਵਿਚ ਲੋੜੀਂਦੀ ਸਿੱਖ ਭੂਮਿਕਾ ਦੇ ਹਵਾਲੇ ਨਾਲ ਮਾਤਾ ਜੀ ਨੂੰ ਨਾਰੀ ਰੋਲ ਮਾਡਲ ਵਜੋਂ ਨਾ ਸੰਭਾਲਣ ਕਰਕੇ ਸਿੱਖ ਧਰਮ ਵਿਚੋਂ ਨਾਰੀ ਭੂਮਿਕਾ ਗੁਆਚਦੀ ਚਲੀ ਗਈ ਹੈ ਅਤੇ ਉਸ ਦਾ ਖਮਿਆਜ਼ਾ ਸਿੱਖ ਪੀੜ੍ਹੀਆਂ ਨੂੰ ਭੁਗਤਣਾ ਪੈਂਦਾ ਰਿਹਾ ਹੈ। ਜਿੰਨਾ ਚਿਰ ਸਿੱਖ ਮਾਤਰਤਵ ਨੂੰ ਸਥਾਪਤ ਅਤੇ ਪ੍ਰਚੰਡ ਨਹੀਂ ਕੀਤਾ ਜਾਂਦਾ, ਉਨਾ ਚਿਰ ਸਿੱਖ ਘਰਾਂ ਵਿਚ ਸਿੱਖੀ ਦੀ ਸੰਭਾਲ ਨਹੀਂ ਕੀਤੀ ਜਾ ਸਕਦੀ।

ਇਹ ਠੀਕ ਹੈ ਕਿ ਸਮਾਜਕ ਪ੍ਰਸੰਗ ਵਿਚ ਰਿਸ਼ਤਿਆਂ ਨੂੰ ਕੇਂਦਰੀਅਤ ਪ੍ਰਾਪਤ ਰਹਿੰਦੀ ਹੈ ਕਿਉਂਕਿ ਰਿਸ਼ਤਾ ਕੇਵਲ ਨਾ ਹੀ ਨਹੀਂ ਹੁੰਦਾ ਸਗੋਂ ਸਮਾਜਕ ਸਰੋਕਾਰਾਂ ਦਾ ਪ੍ਰਸੰਗਕ ਸਮੁੱਚ ਹੁੰਦਾ ਹੈ। ਰਿਸ਼ਤਿਆਂ ਵਿਚੋਂ ਨੈਤਿਕਤਾ ਮਨਫੀ ਹੋ ਜਾਵੇ ਤਾਂ ਇਨ੍ਹਾਂ ਦੀ ਖੂਬਸੂਰਤੀ ਧੁਆਂਖੀ ਜਾਂਦੀ ਹੈ। ਰਿਸ਼ਤਿਆਂ ਦੀਆਂ ਲਿੰਗ ਆਧਾਰਤ ਪਰਤਾਂ ਇਨ੍ਹਾਂ ਦੇ ਉਲਾਰ ਨੂੰ ਸਾਹਮਣੇ ਲਿਆਉਂਦੀਆਂ ਹਨ। ਪਤੀ ਦਾ ਪਰਮੇਸ਼ਰ ਹੋ ਜਾਣਾ ਇਸੇ ਦੀ ਪਰਤ ਹੈ ਅਤੇ 'ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥' (ਪੰਨਾ 963) ਦੇ ਪ੍ਰਸੰਗ ਵਿਗਾੜ ਨਾਲ ਇਸ ਨੂੰ ਪੁਸ਼ਟ ਕਰਨ ਦੀ ਗਲਤੀ ਸਿੱਖ ਭਾਈਚਾਰੇ ਵਲੋਂ ਵੀ ਲਗਾਤਾਰ ਹੁੰਦੀ ਆ ਰਹੀ ਹੈ। ਹਾਲਾਂਕਿ ਰਿਸ਼ਤਿਆਂ ਦੀ ਪ੍ਰਾਪਤ ਸਮਾਜਕਤਾ ਨੂੰ ਸਿੱਖ ਰੰਗ ਵਿਚ ਢਾਲਣ ਦਾ ਅਰੰਭ ਤਾਂ ਗੁਰੂ ਨਾਨਕ ਦੇਵ ਨਾਲ ਹੀ ਹੋ ਗਿਆ ਸੀ। ਗੁਰੂ ਕਾਲ ਵਿਚ ਵੇਖਣ ਨੂੰ ਸਭ ਕੁਝ ਉਹੀ ਸੀ ਕਿਉਂਕਿ ਰੱਬ ਦੇ ਬੰਦੇ ਤੇ ਧਰਤੀ ਓਹੀ ਸਨ। ਸਿੱਖ ਰੰਗ ਦਾ ਅਰੰਭ ਦਰਪੇਸ਼ ਰੁਕਾਵਟਾਂ ਨਾਲ ਜੂਝ ਕੇ, ਸਮਾਜਕ ਨੈਤਿਕਤਾ ਸਥਾਪਤ ਕਰਨ ਨਾਲ ਜੁੜਿਆ ਹੋਇਆ ਸੀ/ਹੈ। ਇਸ ਨਾਲ ਪਹਿਲੀ ਵਾਰ ਆਮ ਬੰਦੇ ਵਿਚ ਅਹਿਸਾਸ ਜਗਾਇਆ ਗਿਆ ਕਿ ਬੰਦੇ ਦਾ ਬੰਦਾ ਹੋਏ ਬਿਨਾ ਵੀ ਬੰਦਖਲਾਸੀ ਦਾ ਰਾਹ ਪੱਧਰਾ ਹੋ ਸਕਦਾ ਹੈ। ਗੁਰੂ ਨਾਨਕ ਦੇਵ ਨੇ ਮੁਕਤੀ ਮਾਰਗ ਦੀ ਜੋ ਜੋਤਿ ਜਗਈ ਸੀ, ਉਸ ਨੂੰ ਪੈਗੰਬਰ ਜਾਂ ਦੇਵਤੇ ਵਾਂਗ ਨਹੀਂ ਸੀ ਜਗਾਇਆ, ਸਗੋਂ ਰੱਬ ਦੇ ਜਾਗੇ ਹੋਏ ਬੰਦੇ ਵਾਂਗ ਜਗਾਇਆ ਸੀ। ਇਸ ਨਾਲ ਸ਼ਬਦ ਦਾ ਨਾਦ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਸਭ ਪਾਸੇ ਗੂੰਜਣ ਲੱਗ ਪਿਆ ਸੀ। ਇਸੇ ਦੀ ਲੈਅ ਨਾਲ ਜੁੜੀ ਹੋਈ ਸੀ, ਮਾਤਾ ਸਾਹਿਬ ਕੌਰ ਦੇ ਵਡੇਰਿਆਂ ਦੀ ਸੁਰਤਿ। ਇਹ ਸਿੱਖ ਮਾਰਗ, ਬੰਦ ਸੱਚਾਈ ਜਾਂ ਸੂਖਮ ਕਲਪਨਾ (ਨੈਣ ਮੁੰਦੀ ਸਮਾਧੀ) ਦਾ ਨਹੀਂ ਸੀ, ਸਗੋਂ ਵਿਸਮਾਦੀ ਤੇ ਜੀਵੰਤ ਜ਼ਿੰਦਗੀ (ਨੈਣ ਖੁਲ੍ਹੀ ਸਮਾਧੀ) ਦਾ ਮਾਰਗ ਸੀ/ਹੈ। ਸਿੱਖ ਚਿੰਤਨ ਦੇ ਦਖਲ ਤੋਂ ਪਹਿਲਾਂ ਸਿਧਾਂਤ ਤੇ ਅਮਲ ਵਿਚ ਪਾੜਾ ਇੰਨਾ ਵਧ ਗਿਆ ਕਿ ਲਿੰਗ ਆਧਾਰਤ ਰਿਸ਼ਤੇ ਹਾਕਮ ਤੇ ਮਹਿਕੂਮ ਦੇ ਰਿਸ਼ਤਿਆਂ ਵਾਂਗ ਪ੍ਰਵਾਨ ਕਰ ਲਏ ਗਏ ਸਨ। ਨਾਰੀ ਸਥਿਤੀ ਨੂੰ ਢਾਹ ਇਸ ਹੱਦ ਤੱਕ ਲੱਗ ਗਈ ਕਿ ਤੁਲਸੀ ਦਾਸ ਦੇ 'ਰਾਮ ਚਰਿਤ ਮਾਨਸ' ਵਿਚ ਨਾਰੀ ਦੀ ਤੁਲਨਾ ਸਮਾਜਕ ਮਜਬੂਰੀ ਅਤੇ ਵਰਤਣਯੋਗ ਵਸਤੂਆਂ ਨਾਲ ਹੋਣ ਲੱਗ ਪਈ ਸੀ:

ਢੋਰ ਗਵਾਰ ਸੂਦਰ ਪਸ਼ੂ ਨਾਰੀ
ਯੇਹ ਸਭ ਤਾੜਨ ਕੇ ਅਧਿਕਾਰੀ।

ਧਰਮ ਅਤੇ ਸਭਿਆਚਾਰ ਵਿਚ ਪਰਵੇਸ਼ ਕਰ ਗਈ ਇਸ ਸਥਿਤੀ ਵਿਚੋਂ ਬਾਹਰ ਕੱਢਣ ਦੀ ਭੂਮਿਕਾ ਸਿੱਖ ਚਿੰਤਨ ਨੇ ਨਿਭਾਈ।

ਜੋ ਸਿੱਖ ਭਾਈਚਾਰੇ ਨੇ ਜਿਉਣਾ ਸ਼ੁਰੂ ਕੀਤਾ, ਉਸੇ ਦੀ ਤਰਜ਼ 'ਤੇ ਅੰਗਰੇਜ਼ੀ ਹਕੂਮਤ ਨੇ ਸਤੀ ਪ੍ਰਥਾ ਕਾਨੂੰਨ 1829 ਅਤੇ ਵਿਧਵਾ ਵਿਆਹ ਕਾਨੂੰਨ 1856 ਬਣਾਏ ਸਨ। ਇਸ ਨੂੰ ਜੋ ਹੁੰਗਾਰਾ ਸਿੱਖ ਭਾਈਚਾਰੇ ਵੱਲੋਂ ਮਿਲਿਆ, ਉਹ ਆਮ ਪੰਜਾਬੀ ਭਾਈਚਾਰੇ ਵੱਲੋਂ ਨਹੀਂ ਮਿਲਿਆ ਸੀ। ਇਹ



ਮਾਤਾ ਸਾਹਿਬ ਕੌਰ

ਹਵਾਲਾ ਇਸ ਕਰਕੇ ਦਿੱਤਾ ਹੈ ਕਿ ਦਸਮ ਪਾਤਸ਼ਾਹ ਹਜ਼ੂਰ ਦੇ ਸਮੇਂ ਤੱਕ ਸਿੱਖ ਸਮਾਜ ਵਿਚ ਕੁੜੀਆਂ ਨੂੰ ਗੁਰਮਤਿ ਦੇ ਰੰਗ ਵਿਚ ਰੰਗੇ ਜਾਣ ਦੇ ਅਵਸਰ ਪ੍ਰਾਪਤ ਸਨ। ਮਾਤਾ ਸਾਹਿਬ ਕੌਰ ਦਾ ਪਰਿਵਾਰ, ਰੁਹਤਾਸ ਨਗਰ (ਜੇਹਲਮ, ਹੁਣ ਪਾਕਿਸਤਾਨ) ਵਿਚ ਰਹਿੰਦਾ ਸੀ ਅਤੇ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਇਸ ਪਰਿਵਾਰ ਦੇ ਭਾਈ ਰਾਵਾ (ਰਾਮ ਵੀ ਲਿਖਿਆ ਮਿਲਦਾ ਹੈ) ਅਤੇ ਮਾਤਾ ਜਸ ਦੇਵੀ ਦੇ ਘਰ 1681 ਵਿਚ ਮਾਤਾ ਸਾਹਿਬ ਕੌਰ ਨੇ ਜਨਮ ਲਿਆ ਸੀ।

ਧੰਨੀ ਪੋਠੋਹਾਰ (ਹੁਣ ਪਾਕਿਸਤਾਨ) ਦਾ ਇਲਾਕਾ ਬਹੁਤ ਸਾਰੀਆਂ ਵਿਲੱਖਣਤਾਵਾਂ ਕਰਕੇ ਜਾਣਿਆ ਜਾਂਦਾ ਰਿਹਾ ਹੈ। ਇਸੇ ਇਲਾਕੇ ਦੇ ਰੁਹਤਾਸ ਨਗਰ ਵਿਚ ਸਿੱਖੀ ਦੇ ਰੰਗ ਵਿਚ ਰੰਗੇ ਭਾਈ ਰਾਵਾ ਅਤੇ ਬੀਬੀ ਜਸ ਦੇਵੀ ਦੇ ਪਰਿਵਾਰ ਵਿਚ ਜਨਮੀ ਬੇਟੀ ਸਾਹਿਬ ਦੇਵਾਂ ਪੰਥਕ ਪ੍ਰਸੰਗ ਵਿਚ ਅਹਿਮ ਭੂਮਿਕਾ ਨਿਭਾਏਗੀ, ਇਹ ਕਿਸੇ ਨੇ ਨਹੀਂ ਸੀ ਸੋਚਿਆ। ਜਨਮ ਤੋਂ ਹੀ ਬੱਚੀ ਆਮ ਕੁੜੀਆਂ ਨਾਲੋਂ ਵੱਖਰੀ ਲੱਗਣ ਕਰਕੇ ਸਭਨਾਂ ਦੇ ਪਿਆਰ ਦੀ ਪਾਤਰ ਬਣਨ ਲੱਗ ਪਈ ਸੀ।

ਸੌਂਪੀਆਂ ਜਿੰਮੇਵਾਰੀਆਂ ਨੂੰ ਜਿਸ ਤਰ੍ਹਾਂ ਉਹ ਨਿਭਾਉਂਦੀ ਸੀ, ਉਸ ਨਾਲ ਉਹ ਉਮਰ ਨਾਲੋਂ ਸਿਆਣੀ ਲੱਗਦੀ। ਮਾਪਿਆਂ ਤੋਂ ਸੁਣੀਆਂ ਸਾਖੀਆਂ ਉਸ ਨੂੰ ਰੂਹ ਤੱਕ ਸਰਸ਼ਾਰ ਕਰਦੀਆਂ ਅਤੇ ਇਸ ਰੰਗ ਨੂੰ ਹੋਰ ਗੂੜ੍ਹਾ ਕਰਨ ਵਾਸਤੇ ਉਹ ਗੁਰਬਾਣੀ ਨਾਲ ਲਗਾਤਾਰ ਜੁੜੀ ਰਹਿੰਦੀ। ਸਹਿਜ ਤੇ ਸੰਤੁਸ਼ਟੀ ਉਸ ਦੇ ਹਾਵ-ਭਾਵ ਤੋਂ ਝਲਕਣ ਲੱਗ ਪਈ। ਸੇਵਾ ਕਰਦਿਆਂ ਸਿਮਰਨ ਵਿਚ ਜੁੜਨ ਦੀ ਉਸ ਨੂੰ ਜਾਚ ਆ ਗਈ ਸੀ। ਭਾਈਚਾਰੇ ਵਿਚ ਸਿੱਖੀ ਦੀ ਗੱਲ ਚੱਲਦੀ ਤਾਂ ਉਹ ਸ੍ਰੋਤਿਆਂ ਵਿਚ ਸਭ ਤੋਂ ਅੱਗੇ ਹੁੰਦੀ। ਮਾਪਿਆਂ ਦੀ ਧੀ ਵਾਂਗ ਹੀ ਉਹ ਭਾਈਚਾਰੇ ਦੀ ਧੀ ਹੁੰਦੀ ਜਾ ਰਹੀ ਸੀ। ਜਿਵੇਂ ਜਿਵੇਂ ਉਹ ਵੱਡੀ ਹੁੰਦੀ ਜਾ ਰਹੀ ਸੀ, ਉਵੇਂ ਉਵੇਂ ਉਸ ਦੇ ਹਾਮੀਆਂ ਹਿਤੈਸ਼ੀਆਂ ਨੂੰ ਫਿਕਰ ਹੋਣ ਲੱਗਾ ਕਿ ਸਾਹਿਬ ਦੇਵਾਂ ਦੇ ਹਾਣ ਦਾ ਵਰ ਕਿਥੋਂ ਤੇ ਕਿਵੇਂ ਲੱਭੇਗਾ? ਉਸ ਦੇ ਜਨਮ ਵੇਲੇ ਗੁਰੂ ਗੋਬਿੰਦ ਸਿੰਘ ਦੀ ਉਮਰ 15 ਸਾਲ ਸੀ ਅਤੇ ਉਨ੍ਹਾਂ ਦੀ ਗੁਰੂ ਭੂਮਿਕਾ ਦੀ ਸੋਭਾ ਦੇ ਚਰਚੇ ਸਿੱਖ ਭਾਈਚਾਰੇ ਵਿਚ ਉਤਸੁਕਤਾ ਨਾਲ ਵੇਖੇ-ਸੁਣੇ ਜਾ ਰਹੇ ਸਨ। ਅਜਿਹੇ ਹਾਲਾਤ ਵਿਚ ਹੀ ਕਿਸੇ ਨੂੰ ਇਹ ਫੁਰਨਾ ਫੁਰਿਆ ਕਿ ਸਾਹਿਬ ਦੇਵਾਂ ਵਰਗੀ ਧੀ ਲਈ ਵਰ ਦਸਮ ਪਾਤਸ਼ਾਹ ਹਜ਼ੂਰ ਵਰਗਾ ਹੋਣਾ ਚਾਹੀਦਾ ਹੈ। ਇਹੀ ਭਾਵਨਾ ਹੌਲੀ ਹੌਲੀ ਸੰਗਤੀ ਭਾਵਨਾ ਦਾ ਰੂਪ ਧਾਰ ਗਈ। ਮਾਪਿਆਂ ਨੂੰ ਧੀ ਦੀ ਯੋਗਤਾ ਤੇ ਖੁਸ਼ੀ ਵੀ ਹੁੰਦੀ ਅਤੇ ਫਿਕਰ ਵੀ ਹੁੰਦਾ। ਜੋ ਚਿਤਵਿਆ ਜਾ ਰਿਹਾ ਸੀ, ਉਹ ਕਰ ਸਕਣਾ ਸੌਖਾ ਨਹੀਂ ਸੀ। ਫਿਰ ਵੀ ਭਾਈਚਾਰੇ ਵਿਚ ਸਾਹਿਬ ਦੇਵਾਂ ਨੂੰ ਗੁਰੂ ਜੀ ਨਾਲ ਜੋੜ ਕੇ ਵੇਖਿਆ ਜਾਣ ਲੱਗਾ। ਸਾਹਿਬ ਦੇਵਾਂ ਉਸ ਵੇਲੇ 19 ਸਾਲ ਦੀ ਸੀ, ਜਦੋਂ ਪੋਠੋਹਾਰ ਦੀ ਸੰਗਤ ਨੇ ਗੁਰੂ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਦਿੱਭ ਵਰਤਾਰਿਆਂ ਵਿਚ ਘਟਨਾਵਾਂ ਕਾਰਨ ਤੇ ਕਾਰਜ ਅਤੇ ਸਮੇਂ ਤੇ ਸਥਾਨ ਦੀਆਂ ਮੁਥਾਜੀਆਂ ਤੋਂ ਅਕਸਰ ਪਾਰ ਲੰਘ ਜਾਂਦੀਆਂ ਹਨ। ਸਾਹਿਬ ਦੇਵਾਂ ਦੇ ਮਾਪਿਆਂ ਸਮੇਤ ਜਦੋਂ ਪੋਠੋਹਾਰੀ ਸੰਗਤ ਅਨੰਦਪੁਰ ਪਹੁੰਚੀ ਤਾਂ ਖਾਲਸਾ ਸਾਜਣਾ ਦਾ ਵਰਤਾਰਾ ਵਾਪਰ ਚੁਕਾ ਸੀ ਅਤੇ ਆਉਣ ਵਾਲੇ ਸਿੱਖ ਜਿਗਿਆਸੂਆਂ ਨੂੰ ਅੰਮ੍ਰਿਤ ਛਕਾਉਣ ਦੀ ਮੁਹਿੰਮ ਲਗਾਤਾਰ ਚਲਾਈ ਜਾ ਰਹੀ ਸੀ। ਇਸ ਸਭ ਕੁਝ ਦਾ ਹਿੱਸਾ ਹੋ ਕੇ ਵੀ ਪੋਠੋਹਾਰੀ ਸੰਗਤ ਨੂੰ ਸਮਝ ਨਹੀਂ ਆਉਂਦੀ ਕਿ ਸਾਹਿਬ ਦੇਵਾਂ ਵਾਲੀ ਗੱਲ ਦਸਮ ਪਾਤਸ਼ਾਹ ਨਾਲ ਕਿਵੇਂ ਕੀਤੀ ਜਾਵੇ?

ਕਰਤਾਰ ਸਿੰਘ ਕਲਾਸਵਾਲੀਆਂ ਆਪਣੇ ਮਹਾਂ ਕਾਵਿ 'ਦੁਸ਼ਟ ਦਮਨ' ਵਿਚ ਲਿਖਦੇ ਹਨ ਕਿ ਏਨੀ ਵੱਡੀ ਗੱਲ ਵਿਅਕਤੀ ਨਹੀਂ ਕਰ ਸਕਦਾ ਸੀ। ਇਸੇ ਕਰਕੇ ਇਸ ਕੋਮਲ ਵਰਤਾਰੇ ਨੂੰ ਸੰਗਤ ਨੇ ਆਪਣੇ ਜਿੰਮੇ ਲੈ ਲਿਆ ਅਤੇ ਦਸਮ ਪਾਤਸ਼ਾਹ ਅੱਗੇ ਇਸ ਤਰ੍ਹਾਂ ਅਰਜ਼ ਗੁਜ਼ਾਰ ਦਿੱਤੀ:

ਸਾਰੀ ਸੰਗਤ ਉਠ ਕੇ ਅਰਜ਼ ਕੀਤੀ,
ਕੀਹ ਕਰਨੀ ਬੈਠ ਵਿਚਾਰ ਸਤਿਗੁਰ।
ਇਹ ਤਾਂ ਆਪ ਜੀ ਦੇ ਅਰਪਨ ਹੋ ਚੁਕੀ,
ਸਭ ਜਾਣਦੇ ਨੇ ਨਰ ਨਾਰ ਸਤਿਗੁਰ।
ਸਾਰਾ ਦੇਸ ਸਾਡਾ ਇਹਨੂੰ ਕਹੇ ਮਾਤਾ,
ਹੁਣ ਕੌਣ ਕਰੇ ਅੰਗੀਕਾਰ ਸਤਿਗੁਰ।
ਦਾਸੀ ਆਪ ਦੀ ਰਹੇ ਕਰਤਾਰ ਸਿੰਘਾ,
ਉਹਦੀ ਇੱਛਿਆ ਦਾ ਇਹੀ ਸਾਰ ਸਤਿਗੁਰ।

ਦਸਮ ਪਾਤਸ਼ਾਹ ਹਜ਼ੂਰ ਉਸ ਵੇਲੇ ਤੱਕ ਗ੍ਰਿਹਸਥ ਦੀਆਂ ਜਿੰਮੇਵਾਰੀਆਂ ਪੂਰੀਆਂ ਕਰਦਿਆਂ ਚਾਰ ਬੱਚਿਆਂ ਦੇ ਬਾਪ ਬਣ ਚੁਕੇ ਸਨ। ਨਵੀਂ ਗ੍ਰਿਹਸਥੀ ਨਾਲ ਜੁੜੀ ਹੋਈ ਸੰਗਤੀ ਭਾਵਨਾ ਦਾ ਲੱਭਿਆ ਗਿਆ ਹੱਲ, ਸਿੱਖ ਸਿਮਰਤੀ ਵਿਚ 'ਕੁਆਰੇ ਡੋਲੇ' ਵਜੋਂ ਟਿਕਿਆ ਹੋਇਆ ਹੈ। ਇਸ ਨੂੰ ਕਵਤਾ ਸੂਰਜ ਪ੍ਰਕਾਸ਼, ਗੁਰੂ ਦੀ ਸੇਵਾ ਨੂੰ ਸਮਰਪਿਤ ਵਚਨਬੱਧਤਾ ਆਖਦਾ ਹੈ:

ਰਹੇ ਕੁਆਰੋ ਡੋਰਾ ਨਾਮੂ।
ਕਰਹਿ ਸੇਵ ਬਸਹਿ ਮਮ ਧਾਮੂ।

ਬੀਬੀ ਸਾਹਿਬ ਦੇਵਾਂ ਨੂੰ ਲੈ ਕੇ ਜੋ ਕੁਝ ਹੋ ਰਿਹਾ ਸੀ, ਉਸ ਨੂੰ ਕਲਾਸਵਾਲੀਆ ਗੁਰੂ ਦੀ ਲੀਲ੍ਹਾ ਨਾਲ ਜੋੜ ਕੇ ਵੇਖਦਾ ਹੈ:

'ਡੋਲਾ ਕੁਆਰਾ' ਹੀ ਨਾਮ ਰਹੂ,
ਮੁਖੋਂ ਸਹਿਜ ਸੁਭਾਵ ਅਲਾਵੰਦੇ ਨੇ।
ਕਾਰ ਹੁਕਮ ਦੀ ਸਭ ਕਰਤਾਰ ਸਿੰਘਾ,
ਚੋਜੀ ਚੋਜ ਅਨੇਕ ਦਿਖਾਵੰਦੇ ਨੇ।

ਮਾਤਾ ਸਾਹਿਬ ਦੇਵਾਂ ਦੀ ਸ਼ਾਦੀ 1700 ਈ. ਵਿਚ ਹੋਈ ਸੀ ਅਤੇ ਇਸੇ ਨਾਲ ਸਿੱਖ ਸੰਘਰਸ਼ ਦਾ ਉਹ ਦੌਰ ਸ਼ੁਰੂ ਹੋ ਗਿਆ ਸੀ, ਜਿਸ ਦੀ ਮਿਸਾਲ ਧਰਮ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ। ਗੁਰੂ ਮਹਿਲਾਂ ਵਿਚਕਾਰ ਗੁਰੂ-ਪਤੀ ਨਾਲ ਰਹਿਣ ਦਾ ਸਭ ਨਾਲੋਂ ਘਟ ਸਮਾਂ ਮਾਤਾ ਸਾਹਿਬ ਕੌਰ ਨੂੰ ਮਿਲਿਆ ਸੀ। ਇਸ ਦੇ ਬਾਵਜੂਦ ਉਹ ਗੁਰੂ ਮਹਿਲ ਵਜੋਂ ਸਭ ਨਾਲੋਂ ਵੱਧ ਸਤਿਕਾਰ ਦੇ ਹੱਕਦਾਰ ਵਜੋਂ ਇਤਿਹਾਸ ਦਾ ਹਿੱਸਾ ਹਨ। ਗੁਰੂ ਮਿਹਰ ਦੇ ਨਿਕਟਤਮ ਪਾਤਰ ਵਜੋਂ ਉਹ ਸਿੱਖ ਸਿਮਰਤੀ ਵਿਚ ਟਿਕੇ ਹੋਏ ਹਨ ਅਤੇ ਸਿੱਖ ਸਮਾਜਕਤਾ ਦੀ ਸਥਾਪਨਾ ਲਈ ਉਨ੍ਹਾਂ ਦੀ ਭੂਮਿਕਾ ਨੂੰ ਭਰੋਸੇਯੋਗ ਮਾਧਿਅਮ ਵਜੋਂ ਅਜੇ ਤੱਕ ਵਰਤਿਆ ਨਹੀਂ ਗਿਆ। ਗੁਰੂ ਦਿੱਭਤਾ ਦੀ ਚਸ਼ਮਦੀਦ ਗਵਾਹ ਮਾਤਾ ਸਾਹਿਬ ਕੌਰ ਨੂੰ ਮਾਤ-ਮੂਰਤ ਵਜੋਂ ਸਥਾਪਤ ਕਰਨ ਲਈ ਮਾਤ-ਦਿਵਸ ਵਜੋਂ ਹਰ ਸਾਲ ਮਨਾਏ ਜਾਣ ਲਈ ਕੋਈ ਇਕ ਦਿਨ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ। ਅਜਿਹਾ ਕਰਾਂਗੇ ਤਾਂ ਇਹ ਸੱਚ ਸਾਹਮਣੇ ਲਿਆ ਸਕਾਂਗੇ ਕਿ ਰੂਹਾਂ ਦੇ ਰਿਸ਼ਤਿਆਂ ਵਿਚੋਂ ਸਰੀਰਾਂ ਦੇ ਦਖਲ ਮਨਫੀ ਕੀਤੇ ਜਾ ਸਕਦੇ ਹਨ।

ਜਿਸ ਸਿੱਖ ਭਾਈਚਾਰੇ ਦੀ ਨੀਂਹ ਗੁਰੂ ਨਾਨਕ ਦੇਵ ਨੇ ਸਿੱਖ ਧਰਮ ਵਜੋਂ ਰੱਖੀ ਸੀ, ਉਸੇ ਨੂੰ ਨਾਨਕ-ਚਿੰਤਨ ਦੀ ਨਿਰੰਤਰਤਾ ਵਿਚ ਅੰਤਿਮ ਛੋਹਾਂ ਦਸਮ ਪਾਤਸ਼ਾਹ ਨੇ ਖਾਲਸਾ ਸਾਜ ਕੇ (ਵਿਸਾਖੀ 1699) ਦਿੱਤੀਆਂ ਸਨ। ਇਸ ਨਾਲ ਭਾਰਤੀ ਭੂਖੰਡ ਵਿਚ ਪਹਿਲੀ ਵਾਰ ਭਾਈਚਾਰੇ ਨੂੰ ਕੌਮੀਅਤ ਵਿਚ ਢਾਲ ਸਕਣ ਦੀ ਨੀਂਹ ਟਿਕ ਗਈ ਸੀ। ਦਸਮ ਪਾਤਸ਼ਾਹ ਹਜ਼ੂਰ ਨੇ ਆਪਣੇ ਨਾਦੀ-ਪੁੱਤਰ ਖਾਲਸਾ ਨੂੰ ਮਾਤਾ ਸਾਹਿਬ ਕੌਰ ਰਾਹੀਂ ਕੁੱਖ ਬਖਸ਼ੀ ਸੀ। ਆਮ ਬੰਦੇ ਦੀ ਸਮਝ ਵਿਚ ਆ ਸਕਣ ਵਾਲੇ ਪੰਥਕ ਰਿਸ਼ਤਿਆਂ ਨੂੰ ਪਰਿਵਾਰਕ ਬਿੰਬ ਵਜੋਂ ਉਭਾਰਨ ਲਈ ਇਕ ਪਿਤਾ, ਇਕ ਮਾਤਾ ਅਤੇ ਇਕ ਵਾਸੀ ਹੋ ਸਕਣ ਦੇ ਵਰਤਾਰੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਸੀ। ਇਹ ਸੱਜਰਾ ਤੇ ਨਿਵੇਕਲਾ ਤਜਰਬਾ ਧਰਮ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਸੀ ਅਤੇ ਇਸ ਨਾਲ ਸਿੱਖ ਭਾਈਚਾਰੇ ਨੂੰ ਇਕ ਇਕਾਈ ਵਿਚ ਰੱਖਣ ਲਈ ਇਕ ਪਿਤਾ ਗੁਰੂ ਗੋਬਿੰਦ ਸਿੰਘ, ਇਕ ਪੰਥਕ ਮਾਤਾ ਮਾਤਾ ਸਾਹਿਬ ਕੌਰ ਅਤੇ ਇਕ ਜਨਮ ਭੂਮੀ ਅਨੰਦਪੁਰ ਸਾਹਿਬ ਨਾਲ ਜੋੜਿਆ ਜਾ ਰਿਹਾ ਸੀ। ਕਲਾਸਵਾਲੀਆ ਕਰਤਾਰ ਸਿੰਘ ਆਪਣੇ ਮਹਾਂ ਕਾਵਿ 'ਦੁਸ਼ਟ ਦਮਨ' ਵਿਚ ਪੰਥ ਖਾਲਸਾ ਦੀ ਅਹਿਮੀਅਤ ਗੁਰੂ ਦ੍ਰਿਸ਼ਟੀ ਵਿਚ ਪੁੱਤਰਾਂ ਨਾਲੋਂ ਵੀ ਵੱਧ ਪ੍ਰਵਾਨ ਕਰਦਾ ਹੈ:

ਧੰਨ ਸ੍ਰੀ ਦਸ਼ਮੇਸ਼ ਕਰਤਾਰ ਸਿੰਘਾ,
ਪੰਥ, ਪੁੱਤਰਾਂ ਤੋਂ ਵੱਧ ਚਾਹਿਆ ਏ।

ਇਹ ਸੱਚ ਆਮ ਸਿੱਖਾਂ ਦੀ ਸਿਮਰਤੀ ਦਾ ਹਿੱਸਾ ਗਈ ਹੈ ਅਤੇ ਇਸੇ ਨੂੰ ਪ੍ਰਚੰਡ ਕਰਕੇ 'ਪੰਥ ਵੱਸੇ ਮੈਂ ਉਜੜਾਂ ਮਨ ਚਾਉ ਘਨੇਰਾ' ਵਾਲੀ ਮਾਨਸਿਕਤਾ ਪੈਦਾ ਕਰਨ ਦੀਆਂ ਵੱਖ ਵੱਖ ਵਿਧਾਵਾਂ ਢਾਡੀਆਂ ਅਤੇ ਰਾਗੀਆਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਰਹੀਆਂ ਹਨ। ਅਜਿਹਾ ਸਿੱਖੀ ਨੂੰ ਹਰ ਸਮਕਾਲ ਦੇ ਹਾਣ ਦਾ ਬਣਾਉਣ ਲਈ ਹੁੰਦਾ ਰਿਹਾ ਸੀ। ਪਰ ਹੌਲੀ ਹੌਲੀ ਇਹ ਸਭ ਦਿੱਤੀ ਹੋਈ ਸੇਧ ਵਿਚ ਰਹਿਣ ਦੀ ਥਾਂ ਭੂਤ ਪੂਜਕਾਂ ਵਾਂਗ ਪਿਛਲਪੈਰੀਂ ਤੁਰਦਾ ਤੁਰਦਾ ਗੁਰੂ ਕਾਲ ਤੋਂ ਅੱਗੇ ਨਹੀਂ ਤੁਰ ਸਕਿਆ। ਇਸ ਦਾ ਸਭ ਤੋਂ ਵੱਧ ਨੁਕਸਾਨ ਸੰਕਲਪੀ ਅਮਲ ਦੇ ਕੋਮਲ ਪਹਿਲੂਆਂ ਨੂੰ ਹੋਇਆ ਹੈ। ਵਿਰਾਸਤ ਨੂੰ ਮਾਲਕੀ ਵਾਂਗ ਵਰਤਣ ਦਾ ਇਹ ਰਾਹ ਪੰਥਕਤਾ ਦੀ ਥਾਂ ਪੰਥਕ ਸਿਆਸਤ ਤੱਕ ਪਹੁੰਚ ਗਿਆ ਹੈ। ਇਸ ਨਾਲ ਮਾਤ ਬਿੰਬ ਮਾਤਾ ਸਾਹਿਬ ਕੌਰ ਬਾਰੇ ਜੋ ਕੁਝ ਟੋਟਿਆਂ ਵਿਚ ਮਿਲਦਾ ਹੈ, ਉਸ ਦਾ ਸਮੁੱਚ ਉਸਾਰਨ ਦੀਆਂ ਕੋਸ਼ਿਸ਼ਾਂ ਸਿੱਖ ਰੰਗ ਵਿਚ ਨਹੀਂ ਹੋ ਰਹੀਆਂ। ਇਸ ਪਾਸੇ ਤੁਰਾਂਗੇ ਤਾਂ ਜਾਣ ਪਾਵਾਂਗੇ ਕਿ ਜਿਗਰ ਦੇ ਖੂਨ ਨਾਲ ਪਾਲੇ ਹੋਏ ਬੂਟਿਆਂ ਦੀ ਅਸਲੀਅਤ ਕੀ ਹੁੰਦੀ ਹੈ? ਇਸ ਦੇ ਆਧਾਰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ ਅਤੇ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' (ਪੰਨਾ 103), 'ਮੇਰਾ ਮਾਤ ਪਿਤਾ ਹਰਿ ਰਾਇਆ' (ਪੰਨਾ 626-27) ਅਤੇ 'ਹਰਿ ਜੀ ਮਾਤਾ ਹਰਿ ਜੀ ਪਿਤਾ' (ਪੰਨਾ 1102-3) ਰਾਹੀਂ ਮਮਤਾ ਮੂਰਤ ਮਾਤਾ ਸਾਹਿਬ ਕੌਰ ਦੇ ਹਵਾਲੇ ਨਾਲ ਅਜਿਹੀਆਂ ਪਰਤਾਂ ਸਾਹਮਣੇ ਲਿਆਂਦੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ 'ਬਤੀਹ ਸੁਲਖਣੀ ਸਚੁ ਸੰਤਤਿ ਰੈ' (ਪੰਨਾ 371) ਵਾਲੇ ਮਾਤ ਬਿੰਬ ਦਾ ਸਿੱਖ ਪ੍ਰਸੰਗ ਸਥਾਪਤ ਕੀਤਾ ਜਾ ਸਕਦਾ ਹੈ।

ਸਿਧਾਂਤ ਰੂਪ ਵਿਚ ਸਥਾਪਤ ਹੈ ਕਿ ਪ੍ਰੇਮ ਤਾਂ ਓਹੋ ਜਿਹਾ ਹੀ ਹੋਣਾ ਚਾਹੀਦਾ ਹੈ, ਜਿਹੋ ਜਿਹਾ ਦਰਿਆ ਅਤੇ ਸਮੁੰਦਰ ਦਾ ਹੁੰਦਾ ਹੈ। ਇਕ ਦੂਜੇ ਵਿਚ ਹਲੂਲ ਹੋ ਜਾਣ ਦੀ ਪ੍ਰੇਮ ਗਾਥਾ ਦਾ ਸਿੱਖ ਪ੍ਰਸੰਗ ਇਹ ਹੈ ਕਿ ਪ੍ਰੇਮ ਦੀ ਪਾਤਰਤਾ ਸਿਰਲੱਥ ਸੂਰਮੇ ਦੀ ਗਾਥਾ ਵਰਗੀ ਹੁੰਦੀ ਹੈ। ਪ੍ਰੇਮ ਨੂੰ ਆਪਸੀ ਹਲੂਲ ਦਾ ਸਮਰਥ ਮਾਧਿਅਮ ਮੰਨਦਿਆਂ ਸਿੱਖ ਧਰਮ ਵਿਚ ਤਲੀ 'ਤੇ ਸਿਰ ਰੱਖ ਸਕਣ ਵਾਲਿਆਂ ਨੂੰ ਹੀ ਪ੍ਰੇਮੀ ਮੰਨਿਆ ਗਿਆ ਹੈ (ਜਉ ਤਉ ਪ੍ਰੇਮ ਖੇਲਣ ਕਾ ਚਾਉ...)। ਇਸ ਅਮਲ ਵਿਚ ਮਾਤਾ ਸਾਹਿਬ ਕੌਰ ਪੂਰੇ ਉਤਰੇ ਸਨ ਅਤੇ ਦਿੱਭਤਾ ਨਾਲ ਨਿਭ ਗਏ ਸਨ। ਇਸ ਅਹਿਸਾਸ ਨਾਲ ਨਿਭਣ ਦੀ ਕੋਸ਼ਿਸ਼ ਨਹੀਂ ਕਰਾਂਗੇ ਤਾਂ ਪੁਰਖੇ ਕੀ ਕਹਿਣਗੇ? ਆਪਣੀ ਗੱਲ ਮੈਂ ਕਲਾਸਵਾਲੀਆ ਦੀ ਟੂਕ ਨਾਲ ਸਮਾਪਤ ਕਰਨਾ ਚਾਹਾਂਗਾ:

ਘੂਕ ਸੁੱਤੇ ਨੂੰ ਝੁਣ ਲਈਦਾ,
ਮੁਰਦਾ ਹੋ ਜਾਇ ਕੌਣ ਜਗਾਇ ਉਹਨੂੰ।
ਪਾਟ ਜਾਏ ਅਸਮਾਨ ਕਰਤਾਰ ਸਿੰਘਾ,
ਦਸੋ ਕੌਣ ਟਾਕੀ ਜਾ ਕੇ ਲਾਇ ਉਹਨੂੰ।
(...ਦੁਸ਼ਟ ਦਮਨ ਵਿਚੋਂ)

# ਦਹਿਸ਼ਤੀ ਦੌਰ ਤੇ 'ਗੁਫਾ ਵਿਚਲੀ ਉਡਾਣ'

## ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ

2

ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਦੂਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਭੇਤ ਦੀ ਗੱਲ ਵਿਚੋਂ ਇਹ ਹੈ ਕਿ ਜਦੋਂ ਉਹਦਾ ਕਹਾਣੀਆਂ ਲਿਖਣ ਵੱਲੋਂ ਚੱਕਾ ਜਾਮ ਹੁੰਦੈ, ਉਦੋਂ ਕਵਿਤਾ ਤੇ ਵਾਰਤਕ ਲਿਖਣ ਵਾਲੇ ਚੱਕੇ ਚੱਲ ਪੈਂਦੇ ਹਨ! ਉਹਦੀਆਂ ਵਾਰਤਕ ਦੀਆਂ ਕਿਤਾਬਾਂ ਕਹਾਣੀਆਂ ਦੀਆਂ ਕਿਤਾਬਾਂ ਤੋਂ ਕਿਤੇ ਵੱਧ ਹਨ। ਉਸ ਨੇ ਕਵਿਤਾਵਾਂ ਵੀ ਬਥੇਰੀਆਂ ਲਿਖੀਆਂ ਤੇ ਸਟੇਜਾਂ 'ਤੇ ਸੁਣਾਈਆਂ ਵੀ। ਕਦੇ ਉਹ ਵੀ ਨਕਸਲੀਆਂ ਦੀਆਂ ਸਟੇਜਾਂ ਦਾ ਸ਼ਿੰਗਾਰ ਹੁੰਦਾ ਸੀ। ਸੰਤ ਰਾਮ ਉਦਾਸੀ, ਪਾਸ਼, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਦਰਸ਼ਨ ਖਟਕੜ ਤੇ ਹਰਭਜਨ ਹਲਵਾਰਵੀ ਨਾਲ ਬਰ ਮੇਚਦਾ ਸੀ। ਇਹ ਜੁਦੀ ਗੱਲ ਹੈ, ਉਸ ਨੇ ਕੋਈ ਕਾਵਿ ਸੰਗ੍ਰਿਹ ਪ੍ਰਕਾਸ਼ਿਤ ਨਹੀਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਕਰਵਾਇਆ। ਜਿਨ੍ਹਾਂ ਨੇ ਉਹਦੀਆਂ ਕਹਾਣੀਆਂ ਹੀ ਪੜ੍ਹੀਆਂ ਹਨ, ਉਹ ਕਵਿਤਾਵਾਂ ਦਾ ਨਮੂਨਾ ਵੀ ਵੇਖ ਲੈਣ:

**ਆ ਬੁੱਲ੍ਹਿਆ! ਕੁਝ ਗੱਲਾਂ ਕਰੀਏ!**
*(16 ਮਈ ਦੀ ਹੋਣੀ ਦੇ ਨਾਂ!)*

ਆ ਬੁੱਲ੍ਹਿਆ! ਕੁਝ ਗੱਲਾਂ ਕਰੀਏ
ਤੂੰ ਪੁੱਛੇਂ ਮੈਂ ਦੱਸਾਂ।
ਕਦੀ ਤਾਂ ਉਚੀ ਉਚੀ ਰੋਵਾਂ
ਕਦੀ ਮੈਂ ਖਿੜ ਖਿੜ ਹੱਸਾਂ।
ਮਸਜਿਦ ਢਹਿ ਗਈ
ਮੰਦਿਰ ਢੱਠਾ
ਹੋਰ ਵੀ ਕਈ ਕੁਝ ਢਹਿੰਦਾ
ਬੰਦਿਆਂ ਦੇ ਦਿਲ ਮਲਬਾ ਹੋ ਗਏ
ਰੱਬ ਨਹੀਂ ਓਥੇ ਰਹਿੰਦਾ।
ਔਰੰਗਜ਼ੇਬ ਜਦ ਜਿੱਤਣਾ ਚਾਹਵੇ
ਪੂਰੇ ਮੁਲਕ ਦੀ ਬਾਜ਼ੀ
ਸੜਕਾਂ ਉਤੇ ਸਾੜੇ ਤੇਰਾ
ਤੇਗ ਬਹਾਦਰ ਗਾਜ਼ੀ।
ਧਰਮਸਾਲ ਦੇ ਸਭ ਧੜਵਾਈ
ਠਾਕਰਦਵਾਰੇ ਦੇ ਠੱਗ
ਮਸੀਤਾਂ ਵਿਚਲੇ ਕੂੜ-ਕੁਸੱਤੀਏ
ਹੋ ਬੈਠਣ ਇੱਕਮੱਤ
ਆਸ਼ਕ ਬਿਟ ਬਿਟ ਵਿੰਹਦੇ ਰਹਿ ਗਏ
ਹੋਏ ਅਲੱਗ-ਥਲੱਗ।
ਮਾਲਕ ਦਾ ਹਿਤ ਪਾਲਣ ਵਾਲੇ
ਬਾਜ਼ੀ ਲੈ ਗਏ ਕੁੱਤੇ
ਕਈ ਸਾਲ ਹੁਣ ਲੈਣਗੇ ਮੌਜਾਂ
ਜਾ ਮਹਿਲਾਂ ਵਿਚ ਸੁੱਤੇ।
ਆਸ਼ਕ ਆਪਣੇ ਕਰਮੀਂ ਹੀ ਹੁਣ
ਸੌਣਗੇ ਰੂੜੀਆਂ ਉਤੇ
ਆਪਣੀ ਹੋਣੀ ਆਪ ਵਿਹਾਜੀ
ਸੌ ਸੌ ਖਾਣਗੇ ਜੁੱਤੇ।
ਆ ਬੁੱਲ੍ਹਿਆ! ਕੁਝ ਗੱਲਾਂ ਕਰੀਏ!

---


ਦਿਲ ਸੀ ਦਿੱਲੀ ਧੜਕਦਾ,
ਮੈਨੂੰ ਪੁੱਛਾਂ ਪੁੱਛੇ ਪਸ਼ੌਰ।
ਇਕ ਬਾਂਹ ਅੰਬਰਸਰ ਸੀ,
ਤੇ ਦੂਜੀ ਬਾਂਹ ਲਾਹੌਰ।
ਮੇਰੇ ਪਾਣੀ ਬਾਣੀ ਬੋਲਦੇ,
ਕਲਮਾ ਪੜ੍ਹਨ ਪਹਾੜ।
ਹਿਰਨ ਸਾਂ ਭਰਦਾ ਚੁੰਗੀਆਂ,
ਰਾਹ ਵਿਚ ਵੱਟ ਨ ਵਾੜ।
ਅੱਖਰ ਪਾਕਿ ਕੁਰਾਨ ਦੇ,
ਮਸਜਿਦ ਵਿਚ ਆਜ਼ਾਨ।
ਹਰਿਮੰਦਰ ਹਰਿ ਵੱਸਦਾ,
ਗੀਤਾ ਵਿਚ ਭਗਵਾਨ।
ਭਾਈ, ਪੰਡਿਤ, ਮੌਲਵੀ,
ਬੋਲ ਹੋਏ ਹਲਕਾਨ।
ਜ਼ੋਰ ਨਾ ਲਿਆ ਦੁਸ਼ਮਣਾਂ,
ਮਰਿਆ ਨਾ ਇਨਸਾਨ।
ਹੋਣੀ ਮੇਰੇ ਨਾਲ ਪਰ,
ਕੀਤਾ ਕੀ ਖਿਲਵਾੜ।
ਸਾਊਣ ਸੌਂ ਗਏ ਸੁੱਤਿਆਂ,
ਬਲਦੇ ਰਹਿ ਗਏ ਹਾੜ।
ਦੁਸ਼ਮਣ ਅੰਗ-ਅੰਗ ਕੱਟਿਆ,
ਜਾਮਾ ਲਹੂ-ਲੁਹਾਣ।
ਇਕ ਦੂਜੇ ਗਲ ਮਿਲਣ ਲਈ,
ਮੇਰੇ ਟੋਟੇ ਤੜਫੀ ਜਾਣ।
(ਮੇਰੇ) ਖੰਭ ਕੁਤਰ ਲਏ ਉਤਲਿਆਂ,
(ਮੇਰਾ) ਖੁੱਸ ਗਿਆ ਅਸਮਾਨ।
ਕੀ ਹਾਂ, ਪਤਾ ਨਾ ਚੱਲਿਆ,
ਮਿੱਟੀ ਕਿ ਇਨਸਾਨ?
ਉਚੇ ਬੁਰਜ ਲਾਹੌਰ ਦੇ,
ਡਿੱਗ ਪਏ ਗਸ਼ ਖਾ।
ਭਰ ਭਰ ਅੱਖਾਂ ਡੁਲ੍ਹੀਆਂ,
ਸਭ ਸੁੱਕ ਗਏ ਦਰਿਆ।
ਧਰਮ ਦਿਲਾਂ 'ਚੋਂ ਨਿਕਲ ਕੇ
ਸਿਰਾਂ 'ਤੇ ਹੋਇਆ ਸਵਾਰ।
ਉਠ ਗਈ ਸਭਾ ਮਲੇਸ਼ ਦੀ,
ਫਿਰ ਵੀ ਕੂੜ ਪਸਾਰ।
ਕੁਰਖੇਤਰ ਵਿਚ ਭਟਕਦਾ,
ਮੇਰਾ ਜਾਮਾ ਲਹੂ-ਲੁਹਾਣ।
ਮੈਂ 'ਕੱਲਾ ਭੋਗਾਂ ਹੋਣੀਆਂ,
ਮੇਰਾ ਕੋਈ ਨਹੀਂ ਰਥਵਾਨ।
ਦਿੱਲੀ ਦੁੱਲੇ ਮਾਰਦੀ,
ਮੱਚਿਆ ਪਿਆ ਕੁਹਰਾਮ।
ਬਾਹਵਾਂ ਵੱਢਣ ਆਪ ਨੂੰ,
ਸੌਂ ਗਈ ਲਾਲ ਸਲਾਮ।
(ਮੇਰੀ) ਚੌੜੀ ਛਾਤੀ ਖੋਖਲੀ,
(ਵਿਚ) ਹੈ ਨਹੀਂ ਜਾਨ-ਪਰਾਣ
ਸਭ ਸੁਪਨੇ ਮੇਰੇ ਰਾਂਗਲੇ
ਜਾਇ ਸੁੱਤੇ ਜੀਰਾਣ।

---

ਉਹਦੀਆਂ 50 ਕੁ ਕਵਿਤਾਵਾਂ ਪੰਜਾਬੀ ਦੇ ਪ੍ਰਸਿੱਧ ਸਾਹਿਤਕ ਪੱਤਰਾਂ-ਆਰਸੀ, ਪ੍ਰੀਤਲੜੀ, ਨਾਗਮਣੀ, ਹੇਮ ਜਯੋਤੀ, ਮੁਹਾਂਦਰਾ, ਲੋਅ ਤੇ ਰੋਹਿਲੇ-ਬਾਣ ਵਿਚ ਪ੍ਰਕਾਸ਼ਿਤ ਹੋਈਆਂ। ਉਨ੍ਹਾਂ 'ਚੋਂ ਕਈ ਕਵਿਤਾਵਾਂ ਸਮੇਂ ਸਮੇਂ ਪ੍ਰਕਾਸ਼ਿਤ ਹੋਏ ਕਾਵਿ-ਸੰਗ੍ਰਿਹਾਂ 'ਚ ਵੀ ਸ਼ਾਮਲ ਕੀਤੀਆਂ ਗਈਆਂ। ਕਈ ਕਵਿਤਾਵਾਂ ਹਿੰਦੀ ਦੇ 'ਧਰਮ-ਯੁਗ' ਜਿਹੇ ਪਰਚਿਆਂ ਵਿਚ ਵੀ ਅਨੁਵਾਦ ਹੋ ਕੇ ਛਪੀਆਂ। ਕਾਫੀ ਕਵਿਤਾਵਾਂ ਅਣਛਪੀਆਂ ਪਈਆਂ ਹਨ।

ਨਕਸਲੀ ਕਵਿਤਾਵਾਂ ਲਿਖਣ ਤੋਂ ਪਹਿਲਾਂ ਉਹ ਕਵੀਸ਼ਰੀ ਦੇ ਛੰਦ ਵੀ ਲਿਖਦਾ ਸੀ। ਲਿਖਦਾ ਕੀ, ਕਵੀਸ਼ਰੀ ਕਰਦਾ ਵੀ ਸੀ। ਸਕੂਲ 'ਚ ਉਸ ਨੇ ਕਵੀਸ਼ਰੀ ਜਥਾ ਵੀ ਬਣਾਇਆ ਸੀ। ਸੁਰਸਿੰਘ ਦੇ ਨਗਰ ਕੀਰਤਨ ਦੇ ਪੜਾਵਾਂ 'ਤੇ ਉਹ ਕਵੀਸ਼ਰੀ ਸੁਣਾਉਂਦਾ। ਇਕ ਵਾਰ ਤਾਂ ਉਸ ਨੇ ਸਕੂਲ ਦਾ ਪਾੜ੍ਹਾ ਹੁੰਦਿਆਂ ਹੀ ਪਿੰਡ ਦਾ ਜੁਝਾਰੂ ਤੇ ਗਦਰੀ ਇਤਿਹਾਸ ਸੁਣਾ ਕੇ ਸੁਰਸਿੰਘੀਆਂ ਨੂੰ ਹੈਰਾਨ ਵੀ ਕੀਤਾ ਤੇ ਮਾਣ ਨਾਲ ਵੀ ਭਰ ਦਿੱਤਾ। ਉਥੇ ਭਾਦਰੋਂ ਦੇ ਮੇਲੇ 'ਤੇ ਉਸ ਨੇ ਪਹਿਲੀ ਵਾਰ ਕਵੀਸ਼ਰੀ ਸੁਣਾਈ ਤਾਂ 37 ਦਮੜੇ ਇਨਾਮ ਦੇ ਮਿਲੇ। ਉਦੋਂ ਦੇ 37 ਦਮੜੇ ਅੱਜ ਕੱਲ੍ਹ ਦੇ 3700 ਰੁਪਈਆਂ ਤੋਂ ਵੱਧ ਬਣਦੇ ਹਨ। ਪਰ ਕਵੀਸ਼ਰੀ ਉਸ ਨੇ ਪੇਸ਼ੇ ਦੇ ਤੌਰ 'ਤੇ ਨਾ ਅਪਨਾਈ। ਉਹ ਇਨਕਲਾਬੀ ਕਵਿਤਾਵਾਂ ਲਿਖਣ ਤੇ ਬੋਲਣ ਵੱਲ ਮੁੜ ਪਿਆ। ਉਂਜ ਕਵੀਸ਼ਰੀ ਨਾਲ ਉਹਦਾ ਮੋਹ ਹਾਲੇ ਵੀ ਪਹਿਲਾਂ ਵਾਂਗ ਹੀ ਕਾਇਮ ਹੈ। ਨਵੰਬਰ 2017 ਵਿਚ ਕਵੀਸ਼ਰ ਜੋਗਾ ਸਿੰਘ ਜੋਗੀ ਦੇ ਚਲਾਣੇ 'ਤੇ ਉਸ ਨੇ ਆਪਣੇ ਫੇਸਬੁੱਕ ਪੇਜ ਉਤੇ ਲਿਖਿਆ:

"ਜੋਗਾ ਸਿੰਘ ਜੋਗੀ ਦੇ ਤੁਰ ਜਾਣ ਨਾਲ ਪੰਜਾਬੀ ਕਵੀਸ਼ਰੀ ਦਾ ਸ਼ਾਨਾਂਮੱਤਾ ਇਤਿਹਾਸ ਤੁਰ ਗਿਆ। 57-58 ਸਾਲ ਹੋ ਗਏ ਹੋਣਗੇ, ਜਦੋਂ ਮੈਂ ਆਪਣੇ ਪਿੰਡ ਸੁਰਸਿੰਘ ਦੇ ਭਾਦਰੋਂ ਮੇਲੇ 'ਤੇ ਕਾਲੀ ਦਾੜ੍ਹੀ ਵਾਲੇ ਨੌਜਵਾਨ ਗੱਭਰੂ ਜੋਗਾ ਸਿੰਘ ਜੋਗੀ ਨੂੰ ਸਰੂਪ ਸਿੰਘ ਸੂਰਵਿੰਡੀਏ ਤੇ ਇਕ ਹੋਰ ਕਵੀਸ਼ਰ ਨਾਲ ਜਥੇ ਦੀ ਅਗਵਾਈ ਕਰਦਿਆਂ, ਭਾਸ਼ਣ ਦਿੰਦਿਆਂ ਤੇ ਆਪਣੇ ਛੰਦ ਸੁਣਾਉਂਦਿਆਂ ਸੁਣਿਆਂ। ਸੰਗਤਾਂ 'ਬੋਲੇ ਬੋਲੇ' ਵੀ ਕਰ ਰਹੀਆਂ ਸਨ ਤੇ ਦਮੜਿਆਂ ਦੇ ਢੇਰ ਵੀ ਲਾ ਰਹੀਆਂ ਸਨ। ਅਸੀਂ ਸਕੂਲ 'ਚ ਆਪਣਾ ਕਵੀਸ਼ਰੀ ਜਥਾ ਬਣਾਇਆ ਤਾਂ ਜਿੱਥੇ ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਦੇ, ਓਥੇ ਸਾਥੀਆਂ ਵਿਚ ਬਹਿ ਕੇ ਜੋਗੀ ਦੀਆਂ ਕਵਿਤਾਵਾਂ ਵੀ ਗਾਉਂਦੇ। ਮੈਨੂੰ ਅੱਜ ਵੀ ਜੋਗੀ ਦੀਆਂ ਕਈ ਕਵਿਤਾਵਾਂ ਦੇ ਬੰਦ ਯਾਦ



*ਸਵਰਗੀ ਕਵੀਸ਼ਰ ਜੋਗਾ ਸਿੰਘ ਜੋਗੀ*

ਹਨ। ਉਹ ਹਰ ਸਾਲ ਸਾਡੇ ਪਿੰਡ ਜੇਠ ਅਤੇ ਭਾਦਰੋਂ ਦੇ ਮੇਲੇ 'ਤੇ ਜਥੇ ਸਮੇਤ ਆਉਂਦਾ। ਛੇਤੀ ਹੀ ਉਹ ਪੰਜਾਬ ਦਾ ਮੰਨਿਆ ਪ੍ਰਮੰਨਿਆ ਕਵੀਸ਼ਰ ਬਣ ਗਿਆ। ਗਿਆਨੀ ਸੋਹਣ ਸਿੰਘ ਸੀਤਲ ਤੋਂ ਬਾਅਦ ਜੋਗੀ ਸੀ, ਜਿਸ ਦੇ ਮੂੰਹੋਂ ਪੰਜਾਬ ਤੇ ਸਿੱਖਾਂ ਦਾ ਇਤਿਹਾਸ ਜਨ ਸਧਾਰਨ ਤੱਕ ਪੁੱਜਾ। ਜਦੋਂ ਮੈਂ ਵੀ ਥੋੜ੍ਹਾ ਕੁ ਪੈਰਾਂ ਸਿਰ ਹੋਇਆ ਤਾਂ ਸਾਡਾ ਮਿਲਣਾ-ਗਿਲਣਾ ਵੀ ਹੁੰਦਾ ਰਿਹਾ ਤੇ ਵਿਚਾਰ-ਵਟਾਂਦਰਾ ਵੀ ਚਲਦਾ ਰਿਹਾ। ਮੈਨੂੰ ਉਹ ਦਿਨ ਵੀ ਯਾਦ ਹੈ, ਜਦੋਂ ਮੈਂ ਦੇਸ਼ ਭਗਤ ਯਾਦਗਾਰ ਹਾਲ 'ਚ ਕਰਨੈਲ ਸਿੰਘ ਪਾਰਸ ਦਾ ਰੂਬਰੂ ਕਰਵਾਇਆ ਤਾਂ ਜੋਗੀ ਵੀ ਪਾਰਸ ਦਾ ਸ਼ਰਧਾਲੂ ਹੋਣ ਕਰਕੇ ਹਾਜ਼ਰ ਹੋਇਆ ਤੇ ਜਦੋਂ ਉਹਨੇ ਮੇਰੀ ਬੇਨਤੀ ਮੰਨ ਕੇ ਪਾਰਸ ਦਾ ਲਿਖਿਆ ਛੰਦ 'ਦਸਵੇਂ ਪਿਤਾ ਦਸਮੇਸ਼ ਗੋਬਿੰਦ ਜੀ' ਦਾ ਪਹਿਲਾ ਬੰਦ ਕਵੀਸ਼ਰੀ 'ਚ ਗਾਇਆ ਤਾਂ ਮੇਰੇ ਅੰਦਰਲਾ ਬਚਪਨ ਦਾ ਸੁੱਤਾ ਕਵੀਸ਼ਰ ਜਾਗ ਪਿਆ ਤੇ ਉਸੇ ਛੰਦ ਦਾ ਅਗਲਾ ਬੰਦ ਓਨੀ ਹੀ ਉਚੀ ਆਵਾਜ਼ ਵਿਚ ਜੋਗੀ ਦਾ 'ਜੋਟੀਦਾਰ-ਕਵੀਸ਼ਰ' ਬਣ ਕੇ ਚੁੱਕ ਦਿੱਤਾ ਤਾਂ ਉਹਦੇ ਸਮੇਤ ਸਾਰੇ ਦੋਸਤ ਹੈਰਾਨ ਰਹਿ ਗਏ! ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਅੰਦਰ ਕਵੀਸ਼ਰੀ ਤੇ ਢਾਡੀ ਕਲਾ ਦੀ ਮੁਹੱਬਤ ਜਗਾਉਣ ਵਾਲੇ ਪੰਡਿਤ ਮੋਹਨ ਸਿੰਘ ਘਰਿਆਲਾ ਤੇ ਜੋਗਾ ਸਿੰਘ ਜੋਗੀ ਦੇ ਕਵੀਸ਼ਰੀ ਜਥੇ ਤੋਂ ਇਲਾਵਾ ਢਾਡੀ ਸੋਹਣ ਸਿੰਘ ਸੀਤਲ ਜੀ ਤੇ ਢਾਡੀ ਪਿਆਰਾ ਸਿੰਘ ਪੰਛੀ ਜੀ ਸਨ। ਅੱਜ ਜੋਗੀ ਜੀ ਦੇ ਤੁਰ ਜਾਣ ਨਾਲ ਪੰਜਾਬੀ ਕਵੀਸ਼ਰੀ ਦੇ ਇਕ ਯੁਗ ਦਾ ਅੰਤ ਹੋ ਗਿਆ ਏ। ਉਹਦੀ ਸ਼ਾਇਰੀ ਦਾ ਇਕ ਰੰਗ ਚੇਤੇ ਵਿਚ ਲਿਸ਼ਕ ਉਠਿਆ ਹੈ, ਤੁਸੀਂ ਵੀ ਮਾਣੋ:

ਬੰਦ ਬੰਦ ਕਟਵਾ ਕੇ ਆਖੇ ਜਿੱਤ ਗਿਆ
ਤਨ ਆਰੇ ਨਾਲ ਚਿਰਾ ਕੇ ਆਖੇ ਜਿੱਤ ਗਿਆ
ਬੱਚੇ ਸੂਲੀ ਉਤੇ ਚੜ੍ਹਾ ਕੇ ਆਖੇ ਜਿੱਤ ਗਿਆ
ਵੱਟ ਮੁੱਛਾਂ ਦਾ ਨਹੀਂ ਅਜੇ ਲੱਥਦਾ ਜਨਾਬ ਦਾ
ਰਹਵੇ ਜੁਗੋ ਜੁਗ ਜਿਉਂਦਾ ਗੱਭਰੂ ਪੰਜਾਬ ਦਾ
ਇਹਨੇ ਇੰਜਣਾਂ ਨੂੰ ਆਖਿਆ,
ਓਏ ਠਹਿਰ ਜਾਹ
ਨਹੀਂ ਤਾਂ ਜ਼ਾਲਮਾ ਗੁਜ਼ਾਰ ਕੇ
ਕੋਈ ਕਹਿਰ ਜਾਹ
ਇਹਦਾ ਰਣਾਂ ਵਿਚ ਹਿੱਲਦਾ ਨਹੀਂ ਪੈਰ ਜਿਹਾ
ਇਹਦੀ ਅੱਖ ਵੇਖ ਨਸ਼ਾ ਲੱਥਦਾ ਸ਼ਰਾਬ ਦਾ
ਰਹਵੇ ਜੁਗੋ ਜੁਗ ਜਿਉਂਦਾ
ਗੱਭਰੂ ਪੰਜਾਬ ਦਾ...।"

ਸੰਧੂ ਰੋਣੇ-ਧੋਣੇ ਕਰੀ ਜਾਣ ਵਾਲੇ ਆਮ ਪੰਜਾਬੀ ਲੇਖਕਾਂ ਵਾਂਗ 'ਭੁੱਖੇ ਮਰਨ' ਤੇ 'ਭੁੱਗਾ ਚੌੜ' ਕਰਾਉਣ ਦੇ ਝੋਰੇ ਨਹੀਂ ਝੁਰਦਾ। ਪੰਜਾਬੀ ਮਾਂ ਦੀ 'ਸੇਵਾ' ਕਰਨ ਦੀਆਂ ਟਾਹਰਾਂ ਨਹੀਂ ਮਾਰਦਾ। ਸੇਵਾ ਕਰਦਿਆਂ ਅੱਖਾਂ ਦੀ ਨਿਗ੍ਹਾ ਘਟਣ, ਸਰੀਰ ਕਸਰਿਆ ਜਾਣ ਅਤੇ ਬੁਰੇ ਹਾਲ ਔਖੇ ਦਿਹਾੜੇ ਆ ਜਾਣ ਦੀਆਂ ਦੁਹਾਈਆਂ ਨਹੀਂ ਦਿੰਦਾ। ਪਹਿਲਾਂ ਤਾਂ ਉਹ ਇਹ ਦੱਸਣੋਂ ਵੀ ਸੰਕੋਚ ਕਰਦਾ ਰਿਹਾ ਕਿ 'ਲਿਖਣ' ਦੇ ਗੇੜ 'ਚ 'ਅਤਿ ਖ਼ਤਰਨਾਕ' ਗਰਦਾਨਿਆ ਜਾਣ ਕਰਕੇ ਉਸ ਨੂੰ ਵਾਰ-ਵਾਰ ਗ੍ਰਿਫਤਾਰ ਕੀਤਾ ਗਿਆ ਤੇ ਤਿੰਨ ਵਾਰ ਜੇਲ੍ਹ ਯਾਤਰਾ ਵੀ ਕਰਨੀ ਪਈ। ਇੰਟੈਰੋਗੇਸ਼ਨ ਸੈਂਟਰ ਦਾ 'ਕੁੰਭੀ ਨਰਕ' ਵੀ ਵੇਖਣਾ ਪਿਆ ਤੇ ਕਥਿਤ 'ਖਾੜਕੂਆਂ' ਤੋਂ 'ਭਲੇ ਦੇ ਕੰਮਾਂ' ਕਾਰਨ ਗੋਲੀਆਂ ਖਾਂਦਾ-ਖਾਂਦਾ ਮਸੀਂ ਬਚਿਆ। ਮੌਤ ਉਸ ਤੋਂ ਇੱਕ ਹੱਥ ਦੇ ਫਰਕ ਨਾਲ ਲੰਘਦੀ ਰਹੀ। ਪੁਲਿਸ ਉਹਦਾ ਕਈ ਸਾਲ ਪਿੱਛਾ ਕਰਦੀ ਰਹੀ। ਉਹ ਜੇਲ੍ਹੋਂ ਬਾਹਰ ਮਗਰੋਂ ਆਉਂਦਾ, ਪੁਲਸੀਏ ਪਹਿਲਾਂ ਹੀ ਸ਼ਹਿ ਲਾ ਕੇ ਬੈਠੇ ਹੁੰਦੇ। ਭੱਜੇ-ਭਜਾਏ ਨੂੰ ਅਖੀਰ ਚੰਡੀਗੜ੍ਹ ਜਾ ਕੇ ਐਮ. ਫਿਲ. 'ਚ ਦਾਖਲਾ ਲੈਣਾ ਪਿਆ, ਪਈ ਏਥੇ ਸ਼ਾਇਦ ਬਚਾਅ ਹੋ ਜਾਵੇ। ਪਹੁੰਚ ਤਾਂ ਪੁਲਸੀਏ ਓਥੇ ਵੀ ਗਏ ਸਨ ਪਰ ਅਸੀਂ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸੁਰਿੰਦਰ ਸਿੰਘ ਕੋਹਲੀ ਦੇ, ਜਿਹਨੇ ਆਪਣੀ ਗਾਰੰਟੀ ਦੇ ਕੇ ਬਚਾਅ ਕਰ ਲਿਆ।

ਕਈ ਚੀਚੀ ਨੂੰ ਲਹੂ ਲਾ ਕੇ 'ਸ਼ਹੀਦ' ਹੋਣ ਦਾ ਢੰਡੋਰਾ ਪਿੱਟਦੇ ਨਹੀਂ ਥਕਦੇ ਪਰ ਵਰਿਆਮ ਨੇ ਅਜਿਹੇ ਤਰਸ ਭਾਵ ਕਦੇ ਨਹੀਂ ਜਗਾਏ। ਸਾਨੂੰ ਵੀ ਵਰਿਆਮ ਦੇ ਰਣ-ਤੱਤੇ ਵਿਚ ਜੂਝਣ ਦਾ ਪਤਾ ਕਿਥੇ ਲੱਗਣਾ ਸੀ ਜੇ ਉਹਦੀ ਸਵੈਜੀਵਨੀ 'ਗੁਫਾ ਵਿਚਲੀ ਉਡਾਣ' ਪ੍ਰਕਾਸ਼ਿਤ ਨਾ ਹੁੰਦੀ। ਉਹ ਵੀ ਉਸ ਨੂੰ ਕੁਝ 'ਊਜਾਂ' ਦੇ ਜਵਾਬ ਵਿਚ ਲਿਖਣੀ ਪਈ, ਭੁਲੇਖੇ ਦੂਰ ਕਰਨ ਲਈ; ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ ਦੱਸਣ ਲਈ ਅਤੇ ਰਿਸ਼ਤਿਆਂ 'ਚ ਪੈਂਦੇ ਕਜੀਏ-ਕਲੇਸ਼ ਵਿਖਾਉਣ ਲਈ। ਉਨ੍ਹਾਂ ਕਜੀਏ-ਕਲੇਸ਼ਾਂ ਨੇ ਹੀ ਉਸ ਨੂੰ ਡੂੰਘੀ ਉਦਾਸੀ ਵਿਚ ਡੋਬਿਆ।

'ਗੁਫਾ ਵਿਚਲੀ ਉਡਾਣ' ਵਿਚ ਉਸ ਨੇ ਆਪਣੀ ਸੰਘਰਸ਼ਮਈ ਹੱਡਬੀਤੀ ਦਾ ਬਿਰਤਾਂਤ ਗਲਪਮਈ ਢੰਗ ਨਾਲ ਪੇਸ਼ ਕੀਤਾ ਹੈ। ਇਸ ਨੂੰ ਮਹਾਂ-ਕਾਵਿ ਵਾਂਗ ਮਹਾਂ-ਕਹਾਣੀ ਵੀ ਕਿਹਾ ਜਾ ਸਕਦੈ। ਪਾਠਕ ਇਸ ਵਿਚੋਂ ਉਸ ਦੀਆਂ ਕਹਾਣੀਆਂ ਦੇ ਪਿਛੋਕੜ ਵਿਚ ਪਈਆਂ ਅਸਲੀ ਕਹਾਣੀਆਂ ਦਾ ਥਹੁ-ਪਤਾ ਲਾ ਸਕਦੇ ਹਨ। ਇਸ ਵਿਚ ਜਾਸੂਸੀ ਨਾਵਲਾਂ ਵਰਗੀ ਉਤਸੁਕਤਾ ਤੇ ਲੂੰਅ ਕੰਡੇ ਖੜ੍ਹੇ ਕਰਨ ਵਾਲੇ ਵੇਰਵੇ ਹਨ। ਜਿਵੇਂ-ਜਿਵੇਂ ਪੜ੍ਹਦੇ ਜਾਈਦਾ, ਹੈਰਾਨ ਹੁੰਦੇ ਜਾਈਦੈ ਕਿ ਸਾਡੇ ਪਤਲਚੰਮੇ ਵੀਰ ਵਰਿਆਮ ਨਾਲ ਕਿਹੋ ਜਿਹੇ ਭਾਣੇ ਵਰਤੇ ਤੇ ਉਹਨੇ ਕਿਵੇਂ ਉਨ੍ਹਾਂ ਦਾ ਸਾਹਮਣਾ ਕੀਤਾ? ਕਿਵੇਂ ਮੌਤ ਉਹਦੇ ਦਰਾਂ 'ਤੇ ਆਉਂਦੀ ਰਹੀ ਪਰ ਖਾਲੀ ਹੱਥ ਮੁੜਦੀ ਰਹੀ। ਸਗੋਂ ਮਾਰ-ਮਰਾਈ ਦੇ ਮਾਹੌਲ ਵਿਚੋਂ ਲੰਘਦਿਆਂ ਉਹ ਅਨੇਕਾਂ ਕਹਾਣੀਆਂ ਤੇ ਦਹਿਸ਼ਤੀ ਦੌਰ ਦਾ ਸ਼ੀਸ਼ਾ ਵਿਖਾਉਂਦੀ ਸਵੈ-ਜੀਵਨੀ 'ਗੁਫਾ ਵਿਚਲੀ ਉਡਾਣ' ਲਿਖਣ ਲਈ ਬਚਿਆ ਰਿਹਾ। ਨਾ ਸਿਰਫ ਬਚਿਆ ਰਿਹਾ ਸਗੋਂ ਹੋਰ ਉਚੀਆਂ ਉਡਾਣਾਂ ਲਾਉਣ ਲਈ ਹੋਰ ਬਲਵਾਨ ਹੁੰਦਾ ਗਿਆ! ਉਹ ਮਿਸਾਲ ਅਕਸਰ ਦੀਵੇ ਦੀ ਦਿੰਦੈ ਜਿਹੜਾ ਛਿਪਦੇ ਸੂਰਜ ਨੂੰ ਆਖਦੈ, "ਤੇਰੇ ਜਿੰਨਾ ਚਾਨਣ ਤਾਂ ਨਹੀਂ ਦੇ ਸਕਦਾ ਮੇਰੇ ਹਜ਼ੂਰ! ਫਿਰ ਵੀ ਆਖਰੀ ਤੁਪਕੇ ਤਕ ਬਲਾਂਗਾ ਤੇ ਜਿੰਨਾ ਕੁ ਹੋ ਸਕਿਆ ਹਨੇਰਾ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।"

ਉਹ ਇਸ ਪੁਸਤਕ ਦੇ ਸਰਵਰਕ ਉਤੇ ਲਿਖਦੈ, "...ਇਹ ਗੱਲ ਤਾਂ ਪੱਕ ਹੈ ਕਿ ਮੈਂ ਆਪਣੇ ਅੰਦਰੋਂ ਉਡਣ ਦੀ ਲੋਚਾ ਮਰਨ ਨਹੀਂ ਦਿੱਤੀ। ਜਿਉਂਦੀ ਬਚ ਗਈ ਉਡਣ ਦੀ ਇਹ ਲੋਚਾ ਹੀ ਹੈ ਜਿਸ ਨੇ ਮੈਨੂੰ ਗਰਕ ਜਾਣ ਤੋਂ ਬਚਾਈ ਰੱਖਿਆ। ਮੈਨੂੰ ਆਪਣੇ ਮਹਾਨ ਵਡੇਰਿਆਂ ਅੱਗੇ ਸ਼ਰਮਿੰਦਾ ਨਹੀਂ ਹੋਣ ਦਿੱਤਾ।"

ਰਘਬੀਰ ਸਿੰਘ 'ਸਿਰਜਣਾ' ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ, "ਸਧਾਰਨ ਕਿਸਾਨੀ ਪਰਿਵਾਰ ਦਾ ਜੰਮਪਲ ਹੋਣ ਦੇ ਤੱਥ ਨੂੰ ਉਸ ਨੇ ਤੱਠ-ਸੱਠ ਰੂਪ ਵਿਚ ਬਿਆਨਿਆ ਹੈ, ਨਾ ਇਸ ਵਿਚੋਂ ਗਰੀਬ ਜਾਪਣ ਵਾਲੀ ਰੁਦਨ ਦੀ ਧੁਨੀ ਸੁਣੀਂਦੀ ਹੈ ਅਤੇ ਨਾ ਹੀ 'ਖਾਨਦਾਨੀ ਚੜ੍ਹਤ' ਵਾਲੀ ਭੂਪਵਾਦੀ ਹਉਂ ਦਾ ਵਿਖਾਵਾ ਹੁੰਦਾ ਹੈ। ਮਾਂ-ਪਿਓ, ਭੈਣ-ਭਰਾਵਾਂ, ਮਾਮਿਆਂ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਦੀ ਬਾਤ ਨਿਰਲੇਪ ਰਹਿ ਕੇ ਇੰਜ ਪਾਈ ਹੈ, ਜਿਵੇਂ ਉਹ ਆਪਣੀ ਕਿਸੇ ਕਹਾਣੀ ਦਾ ਯਥਾਰਥਕ ਪਾਤਰ-ਚਿਤਰਨ ਕਰ ਰਿਹਾ ਹੋਵੇ। ਲੋੜੀਂਦੀ ਵਿੱਥ 'ਤੇ ਖਲੋ ਕੇ ਉਸ ਨੇ ਉਨ੍ਹਾਂ ਦੀ ਸ਼ਖਸੀਅਤ ਤੇ ਵਿਹਾਰ ਨੂੰ ਵੇਖਿਆ-ਪਛਾਣਿਆ ਹੈ। ਇਸੇ ਲਈ ਉਹ ਆਰਥਿਕ ਤੰਗੀ ਕਾਰਨ ਨਸ਼ਿਆਂ ਦੀ ਮਾਰ ਹੇਠ ਆ ਗਏ ਆਪਣੇ ਪਿਤਾ ਨੂੰ ਪਿੱਛਲਝਾਤ ਰਾਹੀਂ ਹਮਦਰਦੀ ਦੀ ਭਾਵਨਾ ਨਾਲ ਵੇਖਦਾ ਹੋਇਆ ਉਸ ਪ੍ਰਤੀ ਰਹੇ ਆਪਣੇ ਕੁਰੱਖਤ ਵਤੀਰੇ ਉਤੇ ਅਫਸੋਸ ਜ਼ਾਹਰ ਕਰਦਾ ਹੈ। ਸਮੁੱਚੀ ਪੁਸਤਕ ਹੀ ਇਕ ਗਲਪਕਾਰ ਵਜੋਂ ਵਰਿਆਮ ਦੀ ਨਿਪੁੰਨਤਾ ਆਪਣਾ ਪ੍ਰਗਟਾ ਕਰਦੀ ਹੈ, ਜਿਸ ਵਿਚ ਯਥਾਰਥ ਪ੍ਰਤੀ ਵਫਾਦਾਰੀ, ਸੰਵੇਦਨਸ਼ੀਲਤਾ ਤੇ ਮਾਨਵੀ ਸਰੋਕਾਰ, ਇਕੋ ਜਿੰਨੇ ਕਾਰਜਸ਼ੀਲ ਹਨ। ਵਰਿਆਮ ਸੰਧੂ ਦੀ ਇਸ ਸਵੈ-ਜੀਵਨੀ ਨੂੰ ਮੈਂ 'ਗੁਫਾ ਵਿਚਲੀ ਉਡਾਣ' ਮੰਨਣ ਲਈ ਤਾਂ ਉੱਕਾ ਤਿਆਰ ਨਹੀਂ। ਇਸ ਵਿਚ ਉਸ ਨੇ ਆਪਣੀ ਸ਼ਖਸੀਅਤ ਦੇ ਹਾਣ ਦੀ ਅਵੱਸ਼ ਬੜੀ ਉਚੀ ਤੇ ਸੋਹਣੀ ਉਡਾਣ ਭਰੀ ਹੈ।"

ਲੇਖਕ ਨੇ ਇਸ ਪੁਸਤਕ ਨੂੰ ਬਾਰਾਂ ਕਾਂਡਾਂ ਵਿਚ ਵੰਡਿਆ ਹੈ। ਅੱਗੋਂ ਕਾਂਡਾਂ ਦੇ ਉਪ ਸਿਰਲੇਖ ਹਨ। ਹਰ ਕਾਂਡ ਆਪਣੇ ਆਪ ਵਿਚ ਇਕ ਬਾਤ ਹੈ। ਸਾਰੇ ਕਾਂਡ ਲੜੀਦਾਰ ਬਾਤਾਂ ਹਨ। ਪਹਿਲਾ ਕਾਂਡ 'ਟੋਟਾ ਕੁ ਜ਼ਿੰਦਗੀ' ਉਹ ਬਾਤ ਪਾਉਣ ਵਾਂਗ ਹੀ ਸ਼ੁਰੂ ਕਰਦਾ ਹੈ, "ਮੇਰੇ ਵਡੇਰਿਆਂ ਦਾ ਪਿੰਡ ਭੜਾਣਾ ਸੀ, ਜ਼ਿਲ੍ਹਾ ਲਾਹੌਰ ਵਿਚ। ਸੁਰਸਿੰਘ ਤੋਂ ਪੰਜ-ਛੇ ਕੋਹ ਦੀ ਵਾਟ 'ਤੇ। ਸੁਰਸਿੰਘ ਪਿਤਾ ਦੇ ਨਾਨਕੇ ਸਨ। ਪਿਤਾ ਦੇ ਜਨਮ ਲੈਂਦੇ ਸਾਰ ਹੀ ਮੇਰੀ ਦਾਦੀ ਧੰਨ ਕੌਰ ਗੁਜ਼ਰ ਗਈ। ਪਤਨੀ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉਤੇ ਆ ਪੈਣ ਕਰਕੇ ਮੇਰਾ ਦਾਦਾ ਚੰਦਾ ਸਿੰਘ ਡਾਢਾ ਪ੍ਰੇਸ਼ਾਨ ਸੀ। ਪਰ ਇਸ ਪ੍ਰੇਸ਼ਾਨੀ ਨੂੰ ਉਸ ਦੇ ਛੋਟੇ ਭਰਾ ਸਾਲੋ ਹਕੀਕਤ ਸਿੰਘ ਅਤੇ ਉਸ ਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਣਾਨ, ਮੇਰੀ ਦਾਦੀ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸ ਦਾ ਬੱਚਾ (ਮੇਰਾ ਹੋਣ ਵਾਲਾ ਪਿਤਾ) ਆਪਣੀ ਗੋਦ ਵਿਚ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, ਵੀਰ ਚੰਦਾ ਸਿਆਂ! ਅੱਜ ਤੋਂ ਗੇਜੋ ਤੇ ਦੀਦਾਰ ਸਿੰਘ ਸਾਡੇ ਹੋਏ...।"

ਪੁਸਤਕ ਦਾ ਦੂਜਾ ਕਾਂਡ ਲੇਖਕ ਦੀ ਪਹਿਲੀ ਗ੍ਰਿਫਤਾਰੀ ਦਾ ਬਿਰਤਾਂਤ ਹੈ। ਕਹਾਣੀ ਵਾਂਗ ਹੀ ਗੁੰਦਿਆ ਹੋਇਆ। ਜਦੋਂ ਉਹ ਕ੍ਰਾਂਤੀਕਾਰੀ ਕਵਿਤਾਵਾਂ ਲਿਖਣ ਤੇ ਸਟੇਜਾਂ 'ਤੇ ਪੜ੍ਹਨ ਲੱਗਾ ਤਾਂ ਸੀ. ਆਈ. ਡੀ. ਕਰਦੇ ਪਿੰਡ ਦੇ ਬੰਦਿਆਂ ਨੇ ਮੱਤ ਦਿੱਤੀ, ਪਈ ਬਚ ਕੇ ਚੱਲ, ਖਿਆਲ ਰੱਖ ਆਪਣਾ। ਪਰ ਵਰਿਆਮ ਨੂੰ ਲੱਗਦਾ ਸੀ ਕਿ ਉਹ ਕੋਈ 'ਗੁਨਾਹ' ਨਹੀਂ ਕਰ ਰਿਹਾ। ਭੁੱਖ-ਦੁੱਖ, ਅਨਿਆਂ ਤੇ ਬੇਵੱਸੀ ਦਾ ਜੀਵਨ ਭੋਗ ਰਹੇ ਆਪਣੇ ਲੋਕਾਂ ਦੀ ਬੰਦ-ਖਲਾਸੀ ਲਈ ਹੱਕ-ਸੱਚ ਦੀ ਆਵਾਜ਼ ਹੀ ਤਾਂ ਬੁਲੰਦ ਕਰ ਰਿਹੈ। ਉਹ ਵੀ ਲਿਖ ਕੇ ਜਾਂ ਬੋਲ ਕੇ, ਬੜੇ ਹੀ ਸੀਮਤ ਰੂਪ ਵਿਚ। ਪਰ ਉਹ ਦਿਨ ਹੀ ਅਜਿਹੇ ਸਨ ਕਿ ਕਾਲਜ ਵਿਚ ਬੀ. ਐਡ ਕਰਦਾ ਉਹ ਸੀਖਾਂ ਪਿੱਛੇ ਡੱਕਿਆ ਗਿਆ। ਇਹ ਕਾਂਡ ਉਸ ਸਮੇਂ ਦੇ ਸਰਕਾਰੀ ਦਮਨ ਦਾ ਪਰਦਾ ਫਾਸ਼ ਕਰਦਾ ਹੈ। ਸਵੈ-ਜੀਵਨੀ ਹੋਣੀ ਵੀ ਅਜਿਹੀ ਚਾਹੀਦੀ ਹੈ ਜੋ ਜੀਵਨੀਕਾਰ ਦੇ ਜੀਵਨ ਦੇ ਨਾਲ ਸਮੇਂ ਦਾ ਸੱਚ ਚਿਤਰ ਕੇ ਸਹੀ ਇਤਿਹਾਸ ਸਿਰਜੇ।

ਤੀਜੇ ਕਾਂਡ ਵਿਚ ਐਮਰਜੈਂਸੀ ਵੇਲੇ ਲੇਖਕ ਦੀ ਦੂਜੀ ਗ੍ਰਿਫਤਾਰੀ ਦਾ ਵੇਰਵਾ ਹੈ ਕਿ ਕਿਵੇਂ ਕੋਲ ਕਰੇਂਦੇ ਨੂੰ ਅਚਿੰਤੇ ਬਾਜ ਆਣ ਪਏ। ਹੱਥਕੜੀਆਂ ਲੱਗ ਗਈਆਂ, ਪਹਿਲਾਂ ਹਵਾਲਾਤ ਤੇ ਫਿਰ ਜੇਲ੍ਹ ਵਿਚ ਡੱਕਿਆ ਗਿਆ। ਚੌਥੇ ਕਾਂਡ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਵਿਚ ਕੁੰਭੀ ਨਰਕ ਵਰਗੇ ਇੰਟੈਰੋਗੇਸ਼ਨ ਸੈਂਟਰ ਦਾ ਹਿਰਦੇਵੇਦਕ ਵਰਨਣ ਹੈ, "ਅਸਮਾਨ ਚੀਰਦੀ ਚੀਕ ਸੁਣਾਈ ਦਿੱਤੀ। ਕਿਸੇ ਦੂਜੀ ਕੋਠੀ ਵਿਚੋਂ ਬਾਹਰ ਕੱਢਿਆ ਬੰਦਾ ਧਰਤੀ 'ਤੇ ਡਿੱਗਿਆ ਪਿਆ ਸੀ ਤੇ ਇਕ ਜਣਾ ਉਹਦੇ 'ਤੇ, ਬਿਨਾ ਉਹਦੇ ਅੰਗਾਂ ਦੀ ਪ੍ਰਵਾਹ ਕੀਤਿਆਂ, ਡਾਂਗਾਂ ਵਰ੍ਹਾ ਰਿਹਾ ਸੀ। 'ਬਖ਼ਸ਼ ਲੈ ਮਾਪਿਆ! ਮੈਂ ਨ੍ਹੀਂ ਕੁਝ ਲੁਕਾਇਆ ਤੈਥੋਂ ਮੋਤੀਆਂ ਆਲਿਆ! ਅੱਖਰ ਅੱਖਰ ਸੱਚ ਦਿੱਤੈ।' ਇੰਜ ਇਕ ਇਕ ਕਰ ਕੇ ਕੋਠੜੀਆਂ ਵਿਚੋਂ 'ਬੱਕਰੇ' ਕੱਢੇ ਜਾ ਰਹੇ ਸਨ ਅਤੇ 'ਕਤਲਗਾਹ' ਵੱਲ ਲਿਜਾਏ ਜਾ ਰਹੇ ਸਨ! ਪਹਿਲਿਆਂ ਵਾਂਗ ਦੂਜਿਆਂ ਨੂੰ ਵੀ 'ਇਹ' ਮੁੱਢਲੀ 'ਦਖਸ਼ਣਾ' ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ 'ਹੋਣੀ' ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਵੱਖ ਵੱਖ ਜਣਿਆਂ ਦੀਆਂ ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ 'ਪੁਲਿਸੀ ਛਿੱਤਰਾਂ' ਦਾ ਖੜਾਕ ਆ ਰਿਹਾ ਸੀ। 'ਨਰਕ' ਵਿਚ ਵੀ ਆਪਣੇ 'ਪਾਪਾਂ ਦੀ ਸਜ਼ਾ' ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਜ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ 'ਨਰਕ' ਹੀ ਤਾਂ ਸੀ।"

"ਆ ਬਈ ਵਰਿਆਮ ਸਿੰਹਾਂ! ਬਾਹਰ ਆ।" ਰਾਤ ਵਾਲਾ ਅਧਖੜ ਅਫਸਰ ਮੇਰੀ ਕੋਠੜੀ ਸਾਹਮਣੇ ਖਲੋਤਾ ਸੀ। ਉਸ ਦੇ ਪਿੱਛੇ ਬਾਵਰਦੀ ਹਵਾਲਦਾਰ ਸੀ...।"


ਇਕ ਕਾਂਡ 'ਸ਼ਬਦਾਂ ਦੀ ਤਾਕਤ' ਨਾਲ ਸਬੰਧਤ ਹੈ। ਸੁਰਸਿੰਘ ਦੇ ਹੀ ਇਕ ਨਿਹੰਗ ਸਿਰ ਕਤਲ ਦਾ ਨਾਜਾਇਜ਼ ਕੇਸ ਪੈ ਜਾਂਦੈ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦੈ। ਜੇਲ੍ਹ ਵਿਚ ਉਹ ਵਰਿਆਮ ਸਿੰਘ ਨੂੰ ਮਿਲਦੈ। ਲੇਖਕ ਨੂੰ ਪਤਾ ਲੱਗਦੈ ਕਿ ਨਿਹੰਗ ਨਿਰਦੋਸ਼ ਹੈ। ਲੇਖਕ ਕੋਲ ਸ਼ਬਦਾਂ ਦੀ ਤਾਕਤ ਹੈ। ਉਹ ਨਿਰਦੋਸ਼ ਨੂੰ ਬਚਾਉਣ ਲਈ ਬਾਬਾ ਬਿਧੀ ਚੰਦ ਦਲ ਦੇ ਮੁਖੀ ਬਾਬਾ ਦਇਆ ਸਿੰਘ ਨੂੰ ਚਿੱਠੀ ਲਿਖਦਾ ਹੈ। ਚਿੱਠੀ ਦੇ ਸ਼ਬਦ ਬਾਬਾ ਜੀ ਦੇ ਦਿਲ 'ਤੇ ਅਜਿਹਾ ਅਸਰ ਕਰਦੇ ਹਨ ਕਿ ਉਹ ਨਿਰਦੋਸ਼ ਨਿਹੰਗ ਸਿੰਘ ਨੂੰ ਬਚਾਉਣ ਲਈ ਉਠ ਤੁਰਦੇ ਹਨ ਤੇ ਨਿਹੰਗ ਬਰੀ ਹੋ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਚਿੱਠੀ ਜੇਲ੍ਹ 'ਚੋਂ ਬਾਹਰ ਭੇਜਣ ਵੇਲੇ ਇਕ ਹਵਾਲਦਾਰ ਨੇ ਲੇਖਕ ਨੂੰ ਇੱਕ ਤਕੜੀ ਚੁਪੇੜ ਜੜ ਦਿੱਤੀ ਸੀ, "...ਮੈਂ ਉਨ੍ਹਾਂ ਹਮਦਰਦਾਂ ਦਾ ਧਿਆਨ ਆਪਣੇ ਵੱਲ ਮੋੜਨ ਲਈ ਆਵਾਜ਼ ਦੇਣ ਹੀ ਵਾਲਾ ਸਾਂ ਕਿ ਹਵਾਲਦਾਰ ਨੇ 'ਪਟਾਕ' ਕਰਦਾ ਜ਼ੋਰਦਾਰ ਥੱਪੜ ਮੇਰੀ ਗੱਲ੍ਹ 'ਤੇ ਜੜ ਦਿੱਤਾ। ਖੜਾਕ ਨਾਲ ਡਿਓੜ੍ਹੀ ਗੂੰਜ ਉਠੀ। ਮੇਰੀ ਆਵਾਜ਼ ਮੂੰਹ ਵਿਚ ਹੀ ਘੁਰਲ ਹੋ ਗਈ।"

"ਕਚਹਿਰੀ ਜਾਂਦਿਆਂ ਵੀ ਇਸ ਚਪੇੜ ਦੀ ਗੂੰਜ ਮੇਰੇ ਅੰਦਰਲੇ ਗੁੰਬਦ ਵਿਚ ਗੂੰਜਦੀ ਗਈ।" ਅਜਿਹੀ ਹੈ, ਲੇਖਕ ਦੀ ਲਿਖਣ ਸ਼ੈਲੀ!

'ਅਸੀਂ ਕੀ ਬਣ ਗਏ!' ਕਾਂਡ ਆਪਣੇ ਆਪ ਵਿਚ 'ਭੱਜੀਆਂ ਬਾਹੀਂ' ਵਰਗੀ ਕਹਾਣੀ ਹੈ। ਸੰਧੂ ਦ੍ਰਿਸ਼-ਚਿਤਰਨ ਦਾ ਵੀ ਧਨੀ ਹੈ, "ਸ਼ਾਮ ਦਾ ਘੁਸਮੁਸਾ ਅਜੇ ਪਸਰਿਆ ਹੀ ਸੀ ਤੇ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਘੁਸਮੁਸਾ ਇਕ ਦਮ ਕਾਲੀ-ਬੋਲੀ ਰਾਤ ਵਾਂਗ ਸਾਰੇ ਪਿੰਡ ਵਿਚ ਪਸਰ ਜਾਵੇਗਾ ਜਾਂ ਇਹ ਕਾਲੀ-ਬੋਲੀ ਰਾਤ ਕਿਸੇ ਪਰਿਵਾਰ ਜਾਂ ਵਿਸ਼ੇਸ਼ ਵਿਅਕਤੀਆਂ ਲਈ ਉਮਰਾਂ ਜਿੰਨੀ ਲੰਮੀ ਹੋ ਜਾਵੇਗੀ...।"

'ਕੁੜਿੱਕੀ ਵਿਚ ਫਸੀ ਜਾਨ' ਵਾਲਾ ਕਾਂਡ ਸੰਧੂ ਦੀ ਜੀਵਨ ਕਥਾ ਦਾ ਹੋਰ ਵੀ ਲੂੰ ਕੰਡੇ ਖੜ੍ਹੇ ਕਰਨ ਵਾਲਾ ਬਿਰਤਾਂਤ ਹੈ, "ਕੰਧ ਉਤੋਂ ਛਾਲਾਂ ਮਾਰ ਕੇ ਆਉਣ ਵਾਲਿਆਂ ਨੇ, ਜਿਸ ਕਮਰੇ ਵਿਚ ਅਸੀਂ ਬੈਠੇ ਸਾਂ, ਉਹਦੀ ਵੱਖੀ ਵਾਲਾ ਦਰਵਾਜ਼ਾ ਠਕੋਰਿਆ। ਅਸੀਂ ਦੋਹਾਂ ਜੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਵੇਖਿਆ। ਸੋਚਿਆ, ਸ਼ਾਇਦ ਇਹ ਇਕ ਦੂਜੇ ਦੇ ਅੰਤਿਮ ਦੀਦਾਰੇ ਹਨ। ਦਰਵਾਜ਼ਾ ਦੂਜੀ ਵਾਰ ਖੜਕਿਆ। ਮੈਨੂੰ ਛੇਤੀ ਨਾਲ ਬਾਹੋਂ ਫੜ ਕੇ ਪਿੱਛੇ ਕਰਦਿਆਂ ਪਤਨੀ ਨੇ ਹੌਸਲਾ ਕਰਕੇ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਦਿੱਤੀ। ਉਹ 'ਪਹਿਲਾ ਵਾਰ' ਆਪਣੇ 'ਤੇ ਝੱਲਣ ਲਈ ਤਿਆਰ ਸੀ!"

ਪੂਰੀ ਪੁਸਤਕ ਹੱਡੀਂ ਹੰਢਾਏ ਅਨੁਭਵ ਦੇ ਸੰਵੇਦਨਸ਼ੀਲ ਬਿਰਤਾਂਤ ਨਾਲ ਭਰੀ ਪਈ ਹੈ। ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਵਰਿਆਮ ਸਿੰਘ ਨੇ ਬਹੁਤਾ ਵੇਰਵਾ ਆਪਣੀਆਂ ਸਾਹਿਤਕ




ਸਰਗਰਮੀਆਂ ਬਾਰੇ ਦਿੱਤਾ ਸੀ। 'ਗੁਫਾ ਵਿਚਲੀ ਉਡਾਣ' ਵਿਚਲੇ ਬਹੁਤੇ ਵੇਰਵੇ ਉਹਦੇ ਉਤੇ ਆਈਆਂ ਮੁਸੀਬਤਾਂ ਦੇ ਹਨ। ਰਾਹ ਜਾਂਦੀਆਂ ਗਲ ਪਈਆਂ ਮੁਸੀਬਤਾਂ! ਇਹ ਵੇਰਵੇ ਪੁਲਿਸ ਹੱਥੋਂ ਵਾਰ ਵਾਰ ਖੱਜਲ ਖੁਆਰ ਹੋਣ, ਜੇਲ੍ਹ ਦੀ ਤੰਗੀ ਕੱਟਣ, ਇੰਟੈਰੋਗੇਸ਼ਨ ਸੈਂਟਰ ਦੀ 'ਪੁੱਛ ਗਿੱਛ', ਦਹਿਸ਼ਤੀ ਦੌਰ, ਹੋਰਨਾਂ ਦੀ ਜਾਨ ਬਚਾਉਂਦਿਆਂ ਆਪਣੇ ਸਿਰ ਪੈ ਰਹੇ ਕਤਲ, ਬੇਮੁਹਾਰੀ ਮਾਰ ਧਾੜ ਅਤੇ ਸਕੇ-ਸਬੰਧੀਆਂ ਨਾਲ ਟੁੱਟਦੇ-ਜੁੜਦੇ ਸਬੰਧਾਂ ਦੇ ਹਨ। ਪੁਸਤਕ ਪੜ੍ਹਦਿਆਂ ਪਤਾ ਲੱਗਦੈ, ਪਈ ਲੇਖਕ ਸੱਚਮੁੱਚ ਹੀ 'ਵਰਿਆਮ ਜੋਧਾ' ਨਿਕਲਿਆ। ਵਰਿਆਮ ਦੀ ਪਤਨੀ ਰਜਵੰਤ ਪੁਸਤਕ ਦੇ ਆਖਰੀ ਕਾਂਡ ਵਿਚ ਆਪਣੇ ਪਤੀ ਬਾਰੇ ਲਿਖਦੀ ਹੈ, "...ਇਹ ਅਗਲੇ ਨੂੰ ਹਾਸੇ ਹਾਸੇ ਵਿਚ ਬੜੀ ਕਰੜੀ ਗੱਲ ਵੀ ਆਖ ਦਿੰਦੇ ਨੇ। ਖਰੀ ਗੱਲ ਕਹਿਣੋਂ ਬਾਜ਼ ਨਹੀਂ ਆਉਂਦੇ। ...ਹੁਣ ਤਾਂ ਕਈ ਵਾਰ ਕੋਈ ਗੱਲ ਕਰਦਿਆਂ ਭਾਵੁਕ ਵੀ ਹੋ ਜਾਂਦੇ ਨੇ। ਅੱਖਾਂ ਵਿਚ ਅੱਥਰੂ ਭਰ ਲੈਂਦੇ ਨੇ। ਪਰ ਇਹ ਵਰਿਆਮ ਸਿੰਘ ਸੰਧੂ ਹੀ ਹਨ, ਲੋਹੇ ਦੇ ਜਿਗਰੇ ਵਾਲੇ ਕਿ ਵੱਡੇ ਵੱਡੇ ਸੰਕਟ ਆਉਂਦੇ ਰਹੇ, ਕਦੇ ਸੀ ਨਾ ਕੀਤੀ, ਸਭ ਚੁੱਪ ਕਰਕੇ ਸਹਿ ਲਏ, ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ।"

ਵਰਿਆਮ ਸੰਧੂ ਬਿਰਤਾਂਤ ਦਾ ਧਨੀ ਹੈ। ਉਹ ਹਾਸਿਆਂ ਵਿਚ ਹੰਝੂ ਵਗਾ ਦਿੰਦਾ ਹੈ ਤੇ ਹੰਝੂਆਂ ਵਿਚ ਹਾਸੇ। ਰਘਬੀਰ ਸਿੰਘ ਸਿਰਜਣਾ ਅਨੁਸਾਰ, "ਕਲਮ ਤੇ ਜ਼ਬਾਨ ਦਾ ਧਨੀ ਹੋਣ ਤੋਂ ਬਿਨਾ ਵਰਿਆਮ ਦੀ ਜੋ ਵਿਸ਼ੇਸ਼ਤਾ ਇਕ ਲੇਖਕ ਵਜੋਂ ਉਸ ਨੂੰ ਉਸ ਦੇ ਦੂਸਰੇ ਬਹੁਤ ਸਾਰੇ ਸਮਕਾਲੀਆਂ ਤੋਂ ਨਿਖੇੜਦੀ ਹੈ, ਉਹ ਹੈ, ਉਸ ਦਾ ਸਾਹਿਤ-ਸਿਰਜਣਾ ਨੂੰ ਜੀਵਨ ਦੇ ਵਡੇਰੇ ਸਰੋਕਾਰਾਂ ਨਾਲ ਜੋੜ ਕੇ ਦੇਖਣਾ ਕਿ ਲੇਖਕ ਸਮਾਜ ਤੋਂ ਟੁੱਟਿਆ, 'ਸ਼ੁੱਧ ਸਾਹਿਤਕਾਰ' ਦੇ ਆਪਣੇ ਘੇਰੇ ਵਿਚ ਕੈਦ, ਮਹਿਜ਼ ਇਕ ਅਲਬੇਲਾ ਵਿਅਕਤੀ ਹੀ ਨਾ ਹੋਵੇ। ਵਰਿਆਮ ਨੇ ਇਸ ਧਾਰਨਾ ਨੂੰ ਹਮੇਸ਼ਾ ਆਪਣੇ ਸਾਹਮਣੇ ਰੱਖਿਆ ਹੈ। ਉਸ ਦੀ ਸੋਚ ਇਹ ਰਹੀ ਹੈ ਕਿ ਸਾਹਿਤਕਾਰ ਭਾਵੇਂ ਅਮਲੀ ਖੇਤਰ ਵਿਚ ਜੂਝਣ ਵਾਲੇ ਸੰਗਰਾਮੀਏ ਦਾ ਬਦਲ ਤਾਂ ਨਹੀਂ, ਪਰ ਉਹ ਆਪਣੇ ਦੁਆਲੇ ਦੇ ਨਿਤ-ਦਿਹਾੜੀ ਦੇ ਜੀਵਨ ਤੋਂ ਨਿਰਲੇਪ ਹੋ ਕੇ ਵੀ ਨਹੀਂ ਰਹਿ ਸਕਦਾ। ਜ਼ਿੰਦਗੀ ਦੇ ਸੱਚ ਦੀਆਂ ਮਹੀਨ ਪਰਤਾਂ ਨੂੰ ਬਾਰੀਕਬੀਨੀ ਨਾਲ ਫਰੋਲਣ, ਸਮਝਣ ਤੇ ਪੇਸ਼ ਕਰਨ ਦੇ ਨਾਲ ਨਾਲ ਸਾਹਿਤਕਾਰ ਦੀ ਸਿਰਜਣਾ ਵਿਚੋਂ ਅਵੱਸ਼ ਮਾਨਵੀ ਹਮਦਰਦੀ ਦੀਆਂ ਕਨਸੋਆਂ ਆਉਣੀਆਂ ਚਾਹੀਦੀਆਂ ਹਨ। ਇਸੇ ਲਈ ਸਮਕਾਲ ਵਿਚ ਜਦੋਂ ਰਾਜਸੀ ਅਰਾਜਕਤਾ, ਸਮਾਜੀ ਨਿਘਾਰ ਅਤੇ ਨਿਜੀ ਵਿਹਾਰ ਦੀ ਅਨੈਤਿਕਤਾ ਨੇ ਹੋਰਨਾਂ ਖੇਤਰਾਂ ਦੇ ਨਾਲ ਸਾਹਿਤ ਦੇ ਖੇਤਰ ਵਿਚ ਵੀ ਆਪਣੇ ਪੈਰ ਪਸਾਰ ਰੱਖੇ ਹਨ, ਆਪਣੀ ਸਿਰਜਣਾਤਮਕਤਾ ਅਤੇ ਆਪਣੇ ਅਮਲੀ ਜੀਵਨ ਵਿਚ ਵਰਿਆਮ ਨੇ ਯਥਾ ਸੰਭਵ ਨਿਜ ਤੇ ਸਮੂਹ ਦੇ ਸਰੋਕਾਰਾਂ ਵਿਚ ਸੰਤੁਲਨ ਬਣਾਈ ਰੱਖਣ ਦਾ ਸੁਚੇਤ ਯਤਨ ਕੀਤਾ ਹੈ।"


ਸੰਧੂ ਨੇ 'ਗੁਫਾ ਵਿਚਲੀ ਉਡਾਣ' ਦੇ ਮੁੱਖ ਬੰਦ ਵਿਚ ਲਿਖਿਆ ਹੈ, "ਵੱਡੇ ਬੰਦਿਆਂ ਦੇ ਸਿਰ 'ਤੇ ਹੀ ਨੀਲੀ ਛੱਤ ਵਾਲਾ ਵੱਡਾ ਆਕਾਸ਼ ਹੁੰਦਾ ਹੈ। ਉਨ੍ਹਾਂ ਦੀ ਨਜ਼ਰ ਜਿੱਡਾ ਵਿਸ਼ਾਲ, ਉਨ੍ਹਾਂ ਦੀ ਹਿੰਮਤ ਜਿੱਡਾ ਬੁਲੰਦ। ਇਸ ਆਕਾਸ਼ ਵਿਚ ਉਹ ਉਚੀਆਂ ਤੇ ਲੰਮੀਆਂ ਉਡਾਰੀਆਂ ਭਰਦੇ ਹਨ। ਆਪਣੇ ਜਿਗਰੇ ਦੇ ਬਲ 'ਤੇ ਵਿਰੋਧੀ ਹਵਾਵਾਂ ਖਿਲਾਫ ਲੰਮੀਆਂ ਲੜਾਈਆਂ ਲੜਦੇ ਹਨ- ਯਾਦਗਾਰੀ ਤੇ ਮਿਸਾਲੀ। ਉਨ੍ਹਾਂ ਦੇ ਹੁੰਦਿਆਂ ਲੋਕ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣਦੇ ਹਨ। ਉਨ੍ਹਾਂ ਦੇ ਬੀਤ ਜਾਣ 'ਤੇ ਲੋਕ ਉਨ੍ਹਾਂ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਦੇ ਬੁਲੰਦ ਕਿਰਦਾਰ ਦੀਆਂ ਕਹਾਣੀਆਂ ਇਤਿਹਾਸ ਦਾ ਹਿੱਸਾ ਬਣਦੀਆਂ ਹਨ। ਉਨ੍ਹਾਂ ਦੇ ਕਾਰਨਾਮੇ ਜੱਗ ਜਾਣਦਾ ਹੈ। ਇਹ ਕਹਾਣੀਆਂ, ਇਹ ਕਾਰਨਾਮੇ ਆਉਣ ਵਾਲੀਆਂ ਨਸਲਾਂ ਪੜ੍ਹਦੀਆਂ-ਸੁਣਦੀਆਂ ਰਹਿੰਦੀਆਂ ਹਨ।"

"ਪਰ ਮੈਂ ਤਾਂ ਅਸਲੋਂ ਸਾਧਾਰਨ ਬੰਦਿਆਂ ਵਿਚੋਂ ਹਾਂ। ਸਾਧਾਰਨ ਬੰਦੇ ਵਿਚ ਜਿੰਨੀ ਕੁ ਸਮਰਥਾ ਹੁੰਦੀ ਹੈ, ਮੈਂ ਓਸੇ ਦੇ ਆਸਰੇ ਵਿਰੋਧੀ ਹਾਲਾਤ ਅਤੇ ਉਲਟ ਹਵਾਵਾਂ ਦੇ ਖਿਲਾਫ ਜਿੰਨਾ ਕੁ ਲੜ ਸਕਦਾ ਸਾਂ, ਲੜਿਆ ਹਾਂ; ਜਿੰਨਾ ਕੁ ਉਡ ਸਕਦਾ ਸਾਂ, ਉਡਿਆ ਹਾਂ। ਕਿਸੇ ਵੱਡੇ ਆਕਾਸ਼ ਵਿਚ ਨਹੀਂ। ਮਸਾਂ 'ਆਪਣੀ ਗੁਫਾ' ਜੇਡੇ ਆਕਾਸ਼ ਵਿਚ ਹੀ। ਪਤਾ ਨਹੀਂ ਉਡ ਵੀ ਸਕਿਆਂ ਕਿ ਨਹੀਂ?"

*(ਚਲਦਾ)*

---

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

# ਪੱਥਰ ਦਾ ਦਿਲ

ਭਾਵੇਂ ਮਨੁੱਖ ਪੱਥਰ ਯੁੱਗ ਤੋਂ ਬਹੁਤ ਅੱਗੇ ਨਿਕਲ ਚੁਕਾ ਹੈ, ਫਿਰ ਵੀ ਇਸ ਕਰੜੇ, ਠੋਸ ਮਾਦੇ ਬਿਨਾ ਉਸ ਦਾ ਗੁਜ਼ਾਰਾ ਨਹੀਂ ਹੁੰਦਾ। ਪੱਥਰ ਦੀਆਂ ਮੂਰਤੀਆਂ ਨੂੰ ਪੂਜਣਾ ਤਾਂ ਇਕ ਧਰਮ ਦੀ ਜ਼ਰੂਰੀ ਰੀਤੀ ਹੀ ਬਣੀ ਹੋਈ ਹੈ। ਕਹਿੰਦੇ ਹਨ, ਧੰਨੇ ਨੇ ਪੱਥਰ 'ਚੋਂ ਹੀ ਭਗਵਾਨ ਪਾ ਲਏ ਸਨ। ਪੱਥਰ ਨਾਲ ਪੱਥਰ ਮਾਰ ਕੇ ਅੱਗ ਕੱਢੀ ਜਾਂਦੀ ਰਹੀ ਹੈ। ਇਸਾਰਤਸਾਜ਼ਾਂ ਦੇ ਕਰ ਕਮਲ ਪੱਥਰ ਦੀ ਨੀਂਹ ਰੱਖਣ ਲਈ ਹਮੇਸ਼ਾ ਉਤਾਵਲੇ ਰਹਿੰਦੇ ਹਨ। ਆਪਣੀਆਂ ਮੰਗਾਂ ਲਈ ਮੁਜ਼ਾਹਰਾ ਕਰ ਰਹੇ ਲੋਕ ਗੁੱਸੇ ਵਿਚ ਆ ਕੇ ਪੁਲਿਸ ਅਤੇ ਵਾਹਨਾਂ 'ਤੇ ਪਥਰਾਓ ਕਰ ਕੇ ਆਪਣੇ ਗੁੱਸੇ ਦਾ ਇਜ਼ਹਾਰ ਕਰਦੇ ਹਨ। ਅੱਜ ਕਲ੍ਹ ਘਰਾਂ ਦੇ ਫਰਸ਼ਾਂ ਜੇ ਕੀਮਤੀ ਪੱਥਰਾਂ ਨਾਲ ਨਾ ਜੜੇ ਹੋਣ ਤਾਂ ਸਮਾਜ ਵਿਚ ਨੱਕ ਨਹੀਂ ਰਹਿੰਦਾ। ਮੀਲ ਪੱਥਰ ਹੀ ਇਹ ਜਾਣਕਾਰੀ ਦਿੰਦੇ ਹਨ ਕਿ ਕਿੰਨਾ ਪੈਂਡਾ ਤੈਅ ਹੋ ਗਿਆ ਤੇ ਕਿੰਨਾ ਬਾਕੀ ਹੈ। ਪੱਥਰ ਦੇ ਕੋਲੇ ਬਿਨਾ ਕਈ ਘਰਾਂ ਵਿਚ ਰੋਟੀ ਨਹੀਂ ਪੱਕ ਸਕਦੀ। ਪੱਥਰ ਚੱਟ ਮੱਛੀ ਤੇ ਪੱਥਰ ਚੱਟ ਜੜ੍ਹੀ-ਬੂਟੀ (ਪਖਾਨ ਬੇਦ) ਵੀ ਖੂਬ ਕੰਮ ਦੀਆਂ ਦਾਤਾਂ ਹਨ। ਜੇ ਕਈਆਂ ਦਾ ਦਿਲ ਪੱਥਰ ਹੋ ਜਾਂਦਾ ਹੈ ਤਾਂ ਕਈਆਂ ਦੇ ਜਿਗਰ ਵਿਚ ਪਥਰੀ ਹੀ ਵੜ ਜਾਂਦੀ ਹੈ।

ਪੱਥਰ ਦੀ ਮਹਿਮਾ ਸਿਰਫ ਭੌਤਿਕ ਸੰਸਾਰ ਵਿਚ ਹੀ ਨਹੀਂ, ਭਾਵੁਕ ਜਗਤ ਵਿਚ ਵੀ ਹੈ। ਭਾਵ ਪੱਥਰ ਦੀ ਮੁਹਾਵਰਈ ਅਤੇ ਲਾਖਣਿਕ ਵਰਤੋਂ ਵੀ ਬਥੇਰੀ ਹੁੰਦੀ ਹੈ। ਨਿਰਭਾਵ ਵਿਅਕਤੀ ਨੂੰ ਪੱਥਰ ਦਿਲ, ਪੱਥਰ ਚਿੱਤ ਜਾਂ ਨਿਰਾ ਪੱਥਰ ਹੀ ਕਹਿ ਦਿੱਤਾ ਜਾਂਦਾ ਹੈ। ਰੁਮਾਂਟਿਕ ਸ਼ਾਇਰੀ ਤੇ ਗ਼ਜ਼ਲਾਂ ਪੱਥਰ ਤੋਂ ਬਿਨਾ ਜਾਣੋ ਪੱਥਰ ਹੀ ਹਨ। ਸੁਰਿੰਦਰ ਸੋਹਲ ਪੜ੍ਹ ਵੇਖਦੇ ਹਾਂ,

ਇਕ ਤਰਫ ਤਾਂ ਲੋਕ  
ਸਿੱਲਾਂ-ਪੱਥਰਾਂ ਵਿਚ ਵਟ ਰਹੇ ਨੇ,  
ਇਕ ਤਰਫ ਪੱਥਰ 'ਚੋਂ  
ਹੱਸਦੀ ਮੂਰਤੀ ਨਿਕਲ ਰਹੀ ਹੈ।  
ਸੁਰਜੀਤ ਪਾਤਰ ਸੁਣ ਲਓ,  
ਮੁੜ ਤਾਂ ਆਈਆਂ ਮਛਲੀਆਂ  
ਆਖਰ ਨੂੰ ਪੱਥਰ ਚੱਟ ਕੇ।  
ਪਰ ਉਨ੍ਹਾਂ ਦੇ ਮੁੜਨ ਤੱਕ  
ਪਾਣੀ ਵੀ ਪੱਥਰ ਹੋ ਗਿਆ ਸੀ।  
ਤੇ ਜਗਤਾਰ,  
ਸ਼ੀਸ਼ਿਆਂ ਵਾਲੇ ਘਰਾਂ ਵਿਚ  
ਰੌਸ਼ਨੀ ਜੋ ਦਿਸ ਰਹੀ,  
ਹੋਠ ਕਚ ਦੇ ਤੇ ਅੱਖਾਂ ਸੀ ਪੱਥਰ ਦੀਆਂ।

ਕਵਿਤਾ ਵਿਚ ਪਾਣੀ ਪਥਰਾ ਜਾਂਦੇ ਹਨ ਤੇ ਪੱਥਰ ਪਿਘਲ ਜਾਂਦੇ ਹਨ। ਖੁਲ੍ਹੇ-ਡੁਲ੍ਹੇ ਦਿਹਾਤੀ ਪਰਿਵੇਸ਼ ਵਿਚ ਪਲੇ ਕਵੀ ਕਿਧਰੇ ਸ਼ਹਿਰ ਚਲੇ ਜਾਣ ਤਾਂ ਸ਼ਹਿਰ ਉਨ੍ਹਾਂ ਨੂੰ ਪੱਥਰ ਹੀ ਜਾਪਦਾ ਹੈ, 'ਪੱਥਰਾਂ ਦੇ ਇਸ ਸ਼ਹਿਰ ਵਿਚ ਸ਼ੀਸ਼ਾ ਕਿਧਰ ਗਿਆ।' ਪੱਥਰ ਸ਼ਬਦ ਨਾਲ ਓਤਪੋਤ ਰਚੀਆਂ ਕਵਿਤਾਵਾਂ ਦਾ ਲੇਖਾ ਕਰਨਾ ਮੁਸ਼ਕਿਲ ਹੀ ਹੈ। ਸ਼ਾਇਰ ਕੀ, ਲੋਕ ਮਾਨਸ ਵਿਚ ਵੀ ਪੱਥਰ ਘਰ ਕਰੀ ਬੈਠੇ ਹਨ: 'ਇੱਟ ਚੁੱਕਦੀ ਨੂੰ ਪੱਥਰ ਤਿਆਰ' ਨਾਲ ਨਹੀਂ ਸਰਿਆ, ਕਹਿੰਦੇ 'ਇੱਟ ਦਾ ਜਵਾਬ ਪੱਥਰ ਨਾਲ ਦੇਣਾ ਹੈ।' ਪਾਣੀ 'ਤੇ ਲੀਕ ਤਾਂ ਐਵੇਂ



ਛਿਣ ਭੰਗਰੀ ਹੈ, ਅਸਲੀ ਸਥਾਈ ਲੀਕ ਪੱਥਰ 'ਤੇ ਲੀਕ ਹੈ। ਕਈ ਲੋਕ ਪੱਥਰਾਂ 'ਚੋਂ ਪਾਣੀ ਕੱਢ ਲੈਂਦੇ ਹਨ ਤੇ ਭਗਤੀ ਕੀਤਿਆਂ ਪੱਥਰ ਵੀ ਤਰ ਜਾਂਦੇ ਹਨ। ਲਾਹ ਪਾਹ ਬਰਦਾਸ਼ਤ ਕਰਨ ਲਈ ਹਿੱਕ 'ਤੇ ਪੱਥਰ ਰੱਖਣਾ ਪੈਂਦਾ ਹੈ। ਪਰ ਜਿਹੜੇ ਪੱਥਰਾਂ ਨੂੰ ਰੁਆ ਸਕਦੇ ਹਨ, ਉਨ੍ਹਾਂ ਦਾ ਕੀ ਕਹਿਣਾ!

ਗੁਰੂਆਂ-ਭਗਤਾਂ ਨੇ ਵੀ ਪੱਥਰਾਂ ਦਾ ਖੂਬ ਰਾਗ ਛੇੜਿਆ ਹੈ। 'ਪਥਰ ਕੀ ਬੇੜੀ ਜੇ ਚੜੈ ਭਰਿ ਨਾਲਿ ਬੁਡਾਵੈ॥' (ਗੁਰੂ ਨਾਨਕ ਦੇਵ)। ਗੁਰਮਤਿ ਅਨੁਸਾਰ ਪਰਮਾਤਮਾ ਨੇ ਹਰ ਪ੍ਰਾਣੀ ਦੀ ਉਪਜੀਵਿਕਾ ਦਾ ਪ੍ਰਬੰਧ ਕੀਤਾ ਹੈ, 'ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥', 'ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥ ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ॥' (ਗੁਰੂ ਅਰਜਨ ਦੇਵ)

ਬੁਲ੍ਹੇ ਸ਼ਾਹ ਨੂੰ ਵੀ ਪੱਥਰ ਨਾਲ ਘਟ ਲਗਾਉ ਨਹੀਂ,

ਪੱਥਰ ਕਦੇ ਗੁਲਾਬ ਨੀ ਹੁੰਦੇ,  
ਕੋਰੇ ਵਰਕੇ ਕਿਤਾਬ ਨਹੀਂ ਹੁੰਦੇ।  
ਜੇਕਰ ਲਾਈਏ ਯਾਰੀ ਬੁੱਲ੍ਹਿਆ,  
ਫੇਰ ਯਾਰਾਂ ਨਾਲ ਹਿਸਾਬ ਨਹੀਂ ਹੁੰਦੇ।

ਪੱਥਰ ਪਹਾੜਾਂ 'ਚੋਂ ਅਤੇ ਧਰਤੀ ਦੀਆਂ ਖਾਣਾਂ 'ਚੋਂ ਮਿਲਦੇ ਹਨ। ਵਿਗਿਆਨਕ ਤੌਰ 'ਤੇ ਰਵੇਦਾਰ ਚੱਟਾਨ ਨੂੰ ਪੱਥਰ ਕਿਹਾ ਜਾਂਦਾ ਹੈ। ਸਾਡੀ ਦਿਲਚਸਪੀ ਹੈ, 'ਪੱਥਰ' ਸ਼ਬਦ ਵਿਚ। ਪੱਥਰ ਸ਼ਬਦ ਦਾ ਪੁਰਾਣਾ ਰੂਪ ਹੈ, 'ਪ੍ਰਸਤਰ' ਜੋ 'ਪ੍ਰ' ਅਗੇਤਰ ਦੇ ਅੱਗੇ 'ਸਤਰ' ਸ਼ਬਦ ਲੱਗ ਕੇ ਬਣਿਆ ਹੈ, ਅਰਥਾਤ ਪ੍ਰ+ਸਤਰ। 'ਪ੍ਰ' ਇਕ ਬਹੁਤ ਹੀ ਆਮ ਵਰਤਿਆ ਜਾਣ ਵਾਲਾ ਅਗੇਤਰ ਹੈ। ਮੋਟੇ ਤੌਰ 'ਤੇ ਇਸ ਅਗੇਤਰ ਵਿਚ ਅੱਗੇ ਦਾ ਭਾਵ ਹੈ। ਇਸ ਤੋਂ ਪ੍ਰਗਤੀ, ਪ੍ਰਕਾਰ, ਪ੍ਰਯੋਗ ਆਦਿ ਸ਼ਬਦ ਬਣੇ। ਸਤਰ ਵਿਚ ਖਿੰਡਾਉਣ, ਫੈਲਾਉਣ ਦੇ ਭਾਵ ਹਨ। ਸਤਰ ਦਾ ਅਰਥ ਤਹਿ, ਪਰਤ; ਸਤਹ, ਤਲ ਵੀ ਹੈ। ਸਤਰ ਦੇ ਅੱਗੇ 'ਵਿ' ਅਗੇਤਰ ਲਾ ਕੇ ਵਿਸਤਰ ਸ਼ਬਦ ਬਣਿਆ ਜਿਸ ਵਿਚ ਫੈਲਣ, ਖਿੰਡਣ ਦੇ ਭਾਵ ਹਨ। ਅਸੀਂ ਇਸ ਨੂੰ ਵਿਸਤਾਰ ਜਾਂ ਵਿਸਥਾਰ ਦੇ ਰੂਪ ਵਿਚ ਜਾਣਦੇ ਹਾਂ। ਟਾਟਾ ਦੀ ਇਕ ਹਵਾਈ ਜਹਾਜ਼ ਕੰਪਨੀ ਦਾ ਨਾਂ 'ਵਿਸਤਰ' ਹੈ। ਸਤਰ ਤੋਂ ਹੀ ਥਰ ਸ਼ਬਦ ਬਣਿਆ ਜਿਸ ਦਾ ਅਰਥ ਵੀ ਤਹਿ, ਪਰਤ ਹੁੰਦਾ ਹੈ। ਇਸ ਤਰ੍ਹਾਂ ਪ੍ਰਸਤਰ ਸ਼ਬਦ ਦਾ ਅੱਖਰੀ ਅਰਥ ਹੈ, ਜੋ ਅੱਗੇ ਨੂੰ ਵਿਛਾਇਆ ਜਾਂ ਫੈਲਾਇਆ ਗਿਆ ਹੈ। ਸ਼ਬਦ ਦਾ ਇਕ ਅਰਥ ਕੋਈ ਵਿਛਾਈ ਹੋਈ ਚੀਜ਼ ਜਿਵੇਂ ਸੱਥਰ, ਵਿਛਾਇਆ ਘਾਹ ਜਾਂ ਵਿਛਾਉਣਾ ਵੀ ਹੈ। ਇਸ ਤੋਂ ਅੱਗੇ ਇਸ ਸ਼ਬਦ ਦੇ ਅਰਥ ਪੱਧਰ, ਸਮਤਲ, ਸਪਾਟ, ਮੈਦਾਨ ਆਦਿ ਵਿਕਸਿਤ ਹੁੰਦੇ ਹਨ। ਫਿਰ ਇਹ ਪੱਥਰ, ਸਿਲ੍ਹ ਦੇ ਅਰਥ ਧਾਰਨ ਕਰਦਾ ਹੈ।

ਸਾਡੇ ਮਨ ਵਿਚ ਪੱਥਰ ਦਾ ਬਿੰਬ ਇਕ ਅਣਘੜਤ ਜਿਹੇ ਸਖਤ ਪਿੰਡ ਦਾ ਹੈ ਪਰ ਵਾਸਤਵ ਵਿਚ ਚੱਟਾਨੀ ਪੱਥਰ ਫੱਟੇ ਵਰਗੇ ਤਹਿਦਾਰ ਹੁੰਦੇ ਹਨ। ਸੋ ਪ੍ਰਸਤਰ ਸ਼ਬਦ ਵਿਚ ਜੇ ਇਕ ਦੂਜੇ ਤੋਂ ਵਿਰੋਧੀ ਗੁਣਾਂ ਵਾਲੇ ਮੈਦਾਨ ਅਤੇ ਪੱਥਰ ਜਿਹੇ ਦੋਵੇਂ ਅਰਥ ਵਿਦਮਾਨ ਹਨ ਤਾਂ ਕੋਈ ਹੈਰਾਨੀ ਨਹੀਂ। ਪ੍ਰਸਤਰ ਵਿਚ ਮਣੀ ਜਾਂ ਥੇਵੇ ਦਾ ਵੀ ਭਾਵ ਹੈ। ਚਕਮਕ ਲਈ ਸੰਸਕ੍ਰਿਤ ਵਿਚ ਅਗਨਿ-ਪ੍ਰਸਤਰ ਸ਼ਬਦ ਹੈ।

ਖੈਰ! ਪ੍ਰਸਤਰ ਤੋਂ ਬਣੇ ਪੱਥਰ ਸ਼ਬਦ ਵਿਚ ਏਨੇ ਭਾਵ ਨਹੀਂ, ਇਹ ਆਮ ਤੌਰ 'ਤੇ ਸਿਰਫ ਸਿਲ ਦਾ ਅਰਥ ਹੀ ਦਿੰਦਾ ਹੈ। ਪਾਲੀ ਪ੍ਰਾਕ੍ਰਿਤ ਵਿਚ ਵੀ ਪੱਥਰ ਸ਼ਬਦ ਦਾ ਇਹੋ ਅਰਥ ਹੈ। ਕੁਝ ਭਾਸ਼ਾਵਾਂ ਵਿਚ ਇਸ ਦੇ ਪਾਥਰ, ਪਾਥੁਰ, ਪੱਥਲ ਰੂਪ ਵੀ ਮਿਲਦੇ ਹਨ। ਫਾਰਸੀ ਵਿਚ ਬਤਰਾ ਸ਼ਬਦ ਦਾ ਅਰਥ ਪੱਥਰ, ਚੱਟਾਨ, ਪਹਾੜ ਹੈ ਤੇ ਫਤਰ ਦਾ ਅਰਥ ਗਿਟਕ ਹੈ। ਸੰਭਵ ਹੈ, ਇਨ੍ਹਾਂ ਦਾ ਪ੍ਰਸਤਰ ਨਾਲ ਸਬੰਧ ਹੋਵੇ।

ਨਾਮੀ ਨਿਰੁਕਤਸ਼ਾਸਤਰੀ ਗ. ਸ. ਰਿਆਲ ਨੇ 'ਪੰਜਾਬੀ ਭਾਸ਼ਾ ਦੇ ਨਿਰੁਕਤ ਕੋਸ਼' ਵਿਚ ਪਹਾੜ ਸ਼ਬਦ ਦੀ ਵਿਉਤਪਤੀ 'ਪ੍ਰਸਤਰ' ਤੋਂ ਦਰਸਾਈ ਹੈ ਅਰਥਾਤ ਪਹਾੜ ਨੂੰ ਇੱਕ ਫੈਲੀ ਹੋਈ ਜਾਂ ਵਿਸਤ੍ਰਿਤ ਧਰਤੀ ਦੇ ਰੂਪ ਵਿਚ ਪ੍ਰਤੀਤ ਕੀਤਾ ਗਿਆ ਹੈ। ਇਸ ਵਿਚ ਕਾਫੀ ਤਰਕ ਮਾਲੂਮ ਹੁੰਦਾ ਹੈ ਪਰ ਮੈਂ ਅਜੇ ਸ਼ੰਕੇ ਵਿਚ ਹਾਂ ਕਿਉਂਕਿ ਪਹਾੜ ਦੀ ਵਿਉਤਪਤੀ ਬਹੁਤਿਆਂ ਨੇ ਪਾਸ਼ਾਣ ਤੋਂ ਦਰਸਾਈ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਰਿਆਲ ਨੇ ਅੰਕਾਂ ਦਾ ਗੁਣਾਂ ਕਰਨ ਵਾਲੀ ਸੂਚੀ ਲਈ ਵਰਤਿਆ ਜਾਂਦਾ ਸ਼ਬਦ 'ਪਹਾੜਾ' ਵੀ ਪ੍ਰਸਤਰ ਤੋਂ ਵਿਉਤਪਤ ਹੋਇਆ ਦੱਸਿਆ ਹੈ। ਪਹਾੜਾ ਇਕ ਤਰ੍ਹਾਂ ਕਿਸੇ ਅੰਕ ਨੂੰ ਅੱਗੇ ਤੋਂ ਅੱਗੇ ਫੈਲਾਉਣ, ਵਧਾਉਣ ਦਾ ਕਰਮ ਹੀ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਇਕ ਹੋਰ ਦਲੀਲ ਵੀ ਦਿੱਤੀ ਗਈ ਹੈ ਕਿ ਮੋਨੀਅਮ ਵਿਲੀਅਮ ਨੇ ਪ੍ਰਸਤਰ ਸ਼ਬਦ ਦਾ ਇਕ ਅਰਥ 'ਕਿਸੇ ਛੰਦ ਦੀਆਂ ਦੀਰਘ ਤੇ ਲਘੂ ਮਾਤਰਾਵਾਂ ਦੀ ਸਾਰਣੀ (Tabular Representation)' ਦਿੱਤਾ ਹੈ। ਅੰਗਰੇਜ਼ੀ ਵਿਚ ਪਹਾੜਿਆਂ ਨੂੰ Tables ਕਿਹਾ ਜਾਂਦਾ ਹੈ। ਉਹ ਪਠਾਰ ਸ਼ਬਦ ਨੂੰ ਵੀ ਇਸੇ ਨਾਲ ਜੋੜਦੇ ਹਨ। ਅੰਗਰੇਜ਼ੀ ਵਿਚ ਪਠਾਰ ਨੂੰ Table Land ਕਿਹਾ ਜਾਂਦਾ ਹੈ। ਇਸ ਬਾਰੇ ਨਿਰਣਾ ਕੁਝ ਧੁਨੀ-ਵਿਗਿਆਨਕ ਤੇ ਹੋਰ ਦਿੱਕਤਾਂ ਦਾ ਸਮਾਧਾਨ ਕਰਕੇ ਕੀਤੀ ਜਾਵੇਗਾ।

ਇਥੇ ਅੰਗਰਜ਼ੀ ਸ਼ਬਦ ਪੈਟਰੋਲੀਅਮ ਦਾ ਜ਼ਿਕਰ ਕਰਨਾ ਬਣਦਾ ਹੈ। ਇਹ ਸ਼ਬਦ ਬਣਿਆ ਹੈ, ਪੱਥਰ ਦੇ ਅਰਥਾਂ ਵਾਲੇ ਪੈਟਰਾ ਅਤੇ ਤੇਲ ਦੇ ਅਰਥਾਂ ਵਾਲੇ ਓਲੀਅਮ ਸ਼ਬਦ ਜੁੜ ਕੇ ਯਾਨਿ ਪੈਟਰਾ+ਓਲੀਅਮ। ਪੈਟਰੋਲ ਧਰਤੀ ਦੇ ਪੱਥਰ 'ਚੋਂ ਹੀ ਨਿਕਲਦਾ ਹੈ। ਮਿੱਟੀ ਦੇ ਤੇਲ ਨੂੰ ਵੀ ਇਸੇ ਲਈ ਮਿੱਟੀ ਦਾ ਤੇਲ ਕਿਹਾ ਜਾਂਦਾ ਕਿਉਂਕਿ ਇਹ ਧਰਤੀ ਦੀ ਖਾਣ (ਮਿੱਟੀ) 'ਚੋਂ ਨਿਕਲਿਆ ਹੁੰਦਾ ਹੈ। ਅਸੀਂ ਇਥੇ ਪੱਥਰ ਦੇ ਅਰਥਾਂ ਵਾਲੇ ਪੈਟਰਾ ਸ਼ਬਦ ਦੀ ਗੱਲ ਕਰਨੀ ਹੈ ਜਿਸ ਦਾ ਅਰਥ ਤੇ ਧੁਨੀ ਸਾਡੇ 'ਪੱਥਰ' ਸ਼ਬਦ ਨਾਲ ਮਿਲਦੀ ਹੈ।

ਪੈਟਰਾ ਸ਼ਬਦ ਮੁਢਲੇ ਤੌਰ 'ਤੇ ਗਰੀਕ ਤੋਂ ਆਇਆ ਹੈ ਤੇ ਇਹ ਬਣਿਆ ਹੈ 'Per' ਅਗੇਤਰ ਦੇ ਨਾਲ 'Tra' ਲੱਗ ਕੇ ਯਾਨਿ Per-tra. 'Per' ਅਗੇਤਰ ਪ੍ਰਸਤਰ ਵਾਲਾ 'ਪ੍ਰ' ਹੀ ਹੈ, ਮਤਲਬ ਉਸ ਦਾ ਸਜਾਤੀ ਹੈ। 'Tra' ਬਾਰੇ ਕੁਝ ਖੋਜਣਾ ਰਹਿੰਦਾ ਹੈ ਕਿ ਕੀ ਇਹ ਵੀ ਸੰਸਕ੍ਰਿਤ 'ਸਤਰ' ਨਾਲ ਹੀ ਤਾਂ ਨਹੀਂ ਜਾ ਮਿਲਦਾ। ਵੈਸੇ ਇਕ ਭਾਰੋਪੀ ਮੂਲ 'Stere/Ster' ਹੈ ਜਿਸ ਦਾ ਅਰਥ ਫੈਲਾਉਣਾ, ਖਿੰਡਾਉਣਾ ਹੈ। ਇਸ ਤੋਂ ਬਣੇ ਅੰਗਰੇਜ਼ੀ ਦੇ ਕੁਝ ਸ਼ਬਦ ਹਨ- Stratum, Straw, Strategy, Structure ਆਦਿ। ਇਸ ਵਿਸ਼ੇ ਬਾਰੇ ਅਜੇ ਬਹੁਤ ਕੁਝ ਲਿਖਣਾ ਬਾਕੀ ਹੈ।



ਸ਼ੌਰਟ ਕੱਟ ਵਾਇਆ ਲੌਂਗ ਰੂਟ

22

ਅਮਰੀਕ ਸਿੰਘ ਬਲ
ਫੋਨ: 34602835897

# ਡੌਂਕੀਆਂ ਦੀ ਡੁਗ ਡੁਗ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 22ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਡੌਂਕੀਆਂ ਭਾਵੇਂ ਹੋਰ ਵੀ ਕਾਫੀ ਸਨ, ਪਰ ਮੌਜੂਦਾ ਹਾਲਾਤ ਵਿਚ ਸਾਨੂੰ ਬਹੁਤੀ ਉਮੀਦ ਕਿਸ਼ਤੀ ਵਾਲੀ ਡੌਂਕੀ ਦੀ ਹੀ ਸੀ। ਉਸ ਉਚੀ ਪਹਾੜੀ ਤੋਂ ਰਾਤ ਦੇ ਹਨੇਰੇ ਵਿਚ ਕਾਫੀ ਦੂਰ ਰੌਸ਼ਨੀਆਂ ਨਾਲ ਜਗਮਗਾਉਂਦਾ ਸਿਬਤਾ ਸ਼ਹਿਰ ਜ਼ਬਰਦਸਤ ਚੌਕਸੀ ਹੇਠ ਕਿਸੇ ਅਭੇਦ ਕਿਲ੍ਹੇ ਜਾਂ ਮੰਗਲ ਗ੍ਰਹਿ ਵਾਂਗ ਜਾਪਦਾ ਸੀ ਜਿਥੇ ਪਹੁੰਚਣਾ ਫਿਲਹਾਲ ਤਾਂ ਬਹੁਤ ਜ਼ਿਆਦਾ ਕਠਿਨ ਲੱਗਦਾ ਸੀ।

ਪੰਜਾਬੀਆਂ ਵਲੋਂ ਸਿਰਜਿਆ ਸ਼ਬਦ ਡੌਂਕੀ ਸਾਧਾਰਨ ਤੌਰ 'ਤੇ ਦੋ ਮੁਲਕਾਂ ਦੀ ਸਰਹੱਦ ਨੂੰ ਗ਼ੈਰਕਾਨੂੰਨੀ ਢੰਗ ਨਾਲ ਪਾਰ ਕਰਨ ਲਈ ਹੀ ਵਰਤਿਆ ਜਾਂਦਾ ਹੈ, ਪਰ ਵਕਤ ਦੇ ਨਾਲ ਨਾਲ ਇਸ ਦਾ ਫ਼ੈਲਾਓ ਆਮ ਛੋਟੀ-ਮੋਟੀ ਕਨੂੰਨੀ ਉਲੰਘਣਾ ਜਾਂ ਰੋਟੀ-ਪਾਣੀ ਦੀ ਚੋਰੀ ਤਕ ਹੋ ਗਿਆ ਸੀ; ਨਹੀਂ ਤਾਂ ਇਸ ਸ਼ਬਦ ਦਾ ਸ਼ਤ-ਪ੍ਰਤੀਸ਼ਤ ਅਰਥ ਆਖਰੀ ਸਰਹੱਦ ਪਾਰ ਕਰਵਾਉਣ ਦੇ ਅੰਤਿਮ ਯਤਨਾਂ ਨਾਲ ਹੀ ਸਾਰਥਕ ਹੁੰਦਾ ਹੈ।

ਜੇ ਕੋਈ ਜਣਾ ਕੋਈ ਨਿਯਮ, ਬੰਦਿਸ਼ਾਂ ਤੈਅ ਕਰ ਦਿੰਦਾ ਹੈ ਤਾਂ ਦੂਸਰਾ ਉਨ੍ਹਾਂ ਦੀ ਕਾਟ ਅਤੇ ਉਲੰਘਣਾ ਦੇ ਤਰੀਕੇ ਵੀ ਖੋਜ ਲੈਂਦਾ ਹੈ। ਰੂਸ ਵੱਲ ਡੌਂਕੀ ਆਮ ਤੌਰ 'ਤੇ ਪੈਦਲ, ਗੱਡੀਆਂ ਰਾਹੀਂ, ਬਰਫ਼ੀਲੇ ਮੌਸਮ ਦੀ ਆੜ ਜਾਂ ਹਨੇਰਿਆਂ ਵਿਚ ਕੰਮ ਕਰਦੀ ਹੈ, ਪਰ ਮੋਰੱਕੋ ਅਤੇ ਸਿਬਤਾ-ਮਲੀਲੀਆ ਵਿਚਾਲੇ ਘੱਟ ਫਾਸਲਿਆਂ ਕਰ ਕੇ ਡੌਂਕੀ ਦੇ ਨਵੇਂ ਨਵੇਂ, ਦੰਗ ਕਰ ਦੇਣ ਵਾਲੇ ਰਸਤੇ ਅਤੇ ਤਰੀਕੇ ਈਜਾਦ ਕਰ ਲਏ ਗਏ ਹਨ।

ਸਭ ਤੋਂ ਪਹਿਲੀ, ਮੁੱਖ ਤੇ ਸਦੀਆਂ ਤੋਂ ਪ੍ਰਚਲਿਤ ਡੌਂਕੀ, ਸਮੁੰਦਰ ਜ਼ਰੀਏ ਘੁਸਪੈਠ ਹੀ ਹੈ। ਨੀਗਰੋ ਹਮੇਸ਼ਾ ਕਿਸ਼ਤੀਆਂ/ਬੇੜੀਆਂ ਰਾਹੀਂ ਯੂਰਪ ਦੇ ਪਾਣੀਆਂ ਵਿਚ ਦਾਖ਼ਿਲ ਹੁੰਦੇ ਰਹੇ ਹਨ। ਕੌਮਾਂਤਰੀ ਤੇ ਯੂਰਪੀ ਸਹਾਇਤਾ ਕੈਂਪਾਂ ਨੇ ਤਾਂ ਉਨ੍ਹਾਂ ਦੇ ਪ੍ਰਵੇਸ਼ ਨੂੰ ਬਹੁਤ ਆਸਾਨ ਕਰ ਦਿੱਤਾ ਸੀ। ਦੋ ਕੁ ਸਾਲਾਂ ਤੋਂ ਏਸ਼ਿਆਈ ਏਜੰਟਾਂ ਨੇ ਵੀ ਇਹ ਰਸਤਾ ਇਖ਼ਤਿਆਰ ਕੀਤਾ ਸੀ।

ਮਾਲੀ ਵਿਚ ਇਹ ਭਿਣਕ ਪੈਂਦੀ ਸੀ: ਏਜੰਟਾਂ ਦੀ ਗੱਲ ਕਿਸੇ ਗੋਰੇ ਨਾਲ ਚੱਲ ਰਹੀ ਹੈ ਕਿ ਉਹ ਜਹਾਜ਼ ਰਾਹੀਂ 200-250 ਬੰਦੇ ਯੂਰਪ ਵਿਚ ਐਂਟਰ ਕਰਵਾਏਗਾ, ਪਰ ਪੈਸੇ ਦੀ ਸੈਟਲਮੈਂਟ ਸਿਰੇ ਨਾ ਚੜ੍ਹਨ ਕਰ ਕੇ ਗੱਲ ਆਈ-ਗਈ ਹੋ ਗਈ ਸੀ। ਲਾਈਜ਼ੋਨ, ਜਿਥੋਂ ਸਾਡੀ ਸ਼ੁਰੂਆਤੀ ਡੌਂਕੀ ਲੱਗਣੀ ਸੀ, ਤੋਂ ਸਪੇਨੀ ਜਜ਼ੀਰੇ ਕਨਾਰੀਆ ਤਕ 15-20 ਘੰਟੇ ਦਾ ਸਮੁੰਦਰੀ ਸਫ਼ਰ ਹੈ ਜੋ ਨਿਰੀ ਮੌਤ ਦੇ ਸਾਏ ਹੇਠ ਤੈਅ ਹੁੰਦਾ ਏ।

ਮਾਲਟਾ ਕਾਂਡ ਅਤੇ 4 ਦਸੰਬਰ 2004 ਵਾਲੇ ਗਰੁਪ ਦੇ ਡੁੱਬਣ ਦੀਆਂ ਮਿਸਾਲਾਂ ਸਾਹਮਣੇ ਹਨ। ਦੋ-ਚਾਰ ਜਣਿਆਂ ਦੇ ਡੁੱਬਣ ਵਾਲਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਫਿਰ ਤਕਰੀਬਨ ਸਾਰਾ ਅਫ਼ਰੀਕਾ ਇਸੇ ਤਰ੍ਹਾਂ ਪਲਾਇਨ ਕਰਦਾ ਹੈ। ਉਨ੍ਹਾਂ ਦੇ ਸਮੁੰਦਰ ਵਿਚ ਗਰਕ ਹੋ ਜਾਣ ਵਾਲਿਆਂ ਦਾ ਹਿਸਾਬ ਤਾਂ ਸ਼ਾਇਦ ਕਈ ਹਜ਼ਾਰਾਂ ਤਕ ਪਹੁੰਚ ਗਿਆ ਹੋਵੇ। ਸਿਬਤਾ-ਮਲੀਲੀਆ ਤਕ ਦੀ ਪਾਣੀ ਦੀ ਡੌਂਕੀ ਵੱਡੇ ਪੱਧਰ 'ਤੇ ਜਾਂ ਲਗਾਤਾਰ ਸਫ਼ਲ ਨਹੀਂ ਹੁੰਦੀ, ਕਿਉਂਕਿ ਹਰ ਪਾਸੇ ਨਿਗਰਾਨੀ ਬਹੁਤ ਸਖ਼ਤ ਰਹਿੰਦੀ ਹੈ। ਕਦੇ-ਕਦਾਈਂ ਹੀ ਇਸ ਤਰੀਕੇ ਨਾਲ ਜ਼ਿਆਦਾ ਬੰਦੇ ਪਾਰ ਪਹੁੰਚਦੇ ਨੇ, ਨਹੀਂ ਤਾਂ ਇਕ ਇਕ ਦੋ ਦੋ ਕਰ ਕੇ ਹੀ ਇਥੇ ਪਾਣੀ ਦੀ ਡੌਂਕੀ ਨੂੰ ਹੱਥ ਪਾਇਆ ਜਾਂਦਾ ਸੀ। ਇਹ ਬਹੁਤ ਵੱਡੀ ਗੱਲ ਅਤੇ ਸਫ਼ਲਤਾ ਸੀ ਕਿ ਸਾਡੇ ਗਰੁਪ ਦੇ 12 ਜਣਿਆਂ ਦੀ ਕਿਸ਼ਤੀ ਨੂੰ ਸਿਬਤਾ ਵਿਚ ਪ੍ਰਵੇਸ਼ ਮਿਲ ਗਿਆ ਸੀ, ਨਹੀਂ ਤਾਂ ਜ਼ਿਆਦਾਤਰ ਮੌਕਿਆਂ 'ਤੇ ਪੁਲਿਸ ਵਲੋਂ ਕੁੱਟ-ਮਾਰ ਕਰ ਕੇ ਬੰਦੇ ਮੋਰੱਕੋ ਦੀ ਪੁਲਿਸ ਹਵਾਲੇ ਕਰ ਦਿੱਤੇ ਜਾਂਦੇ ਸਨ।

ਫਿਰ ਆਉਂਦੀਆਂ ਨੇ ਜ਼ਮੀਨੀ ਡੌਂਕੀਆਂ। ਪਹਿਲੀ ਹੈ, ਬਲੇਡਾਂ ਵਰਗੀਆਂ ਤੇਜ਼ਧਾਰ ਸੰਘਣੀਆਂ ਤਾਰਾਂ ਕੱਟ ਕੇ ਸਰਹੱਦ ਲੰਘਾਉਣਾ। ਤਾਰਾਂ ਹੱਥਾਂ ਨਾਲ ਫੜ ਕੇ ਚੜ੍ਹਨਾ ਮੁਮਕਿਨ ਨਹੀਂ, ਇਹ ਉਚੀਆਂ ਵੀ 10-12 ਫੁੱਟ ਤੋਂ ਜ਼ਿਆਦਾ ਹੁੰਦੀਆਂ ਨੇ। ਉਤੇ ਚੜ੍ਹਿਆ ਬੰਦਾ ਬੜੀ ਦੂਰੋਂ ਵੀ ਨਿਗ੍ਹਾ ਵਿਚ ਆ ਜਾਂਦਾ ਹੈ। ਮਿਥੀ ਵਕਤੀ ਮਿਆਦ ਨਾਲ ਗਸ਼ਤੀ ਗੱਡੀਆਂ ਦਾ ਦੋ-ਚਾਰ ਮਿੰਟ ਬਾਅਦ ਲਗਾਤਾਰ ਪਹਿਰਾ ਹੋਰ ਵੀ ਜ਼ਿਆਦਾ ਮੁਸ਼ਕਿਲਾਂ ਖੜ੍ਹੀਆਂ ਕਰਦਾ ਹੈ। ਦੂਰ ਤਕ ਖੁੱਲ੍ਹੇ ਮੈਦਾਨਾਂ ਵਿਚ ਘੁਸਪੈਠੀਏ ਝਟ ਨਜ਼ਰੀਂ ਪੈ ਜਾਂਦੇ ਨੇ; ਬਸ, ਫਿਰ ਰਬੜ ਦੀਆਂ ਗੋਲੀਆਂ ਦੀ ਵਾਛੜ ਬੰਦੇ ਨੂੰ ਡਿੱਗਣ 'ਤੇ ਮਜਬੂਰ ਕਰ ਦਿੰਦੀ ਏ। ਉਸ ਤੋਂ ਬਾਅਦ ਦੁਬਾਰਾ ਮੋਰੱਕੋ ਦੀਆਂ ਜੇਲ੍ਹਾਂ ਵਿਚ। ਡੌਂਕਰ ਬਹੁਤ ਲਾਜਵਾਬ ਟਾਇਮਿੰਗ ਤੇ ਬੇਮਿਸਾਲ ਫੁਰਤੀ ਨਾਲ ਜਾਂ ਬਹੁਤ ਦੁਰਲੱਭ ਸੈਟਿੰਗ ਜ਼ਰੀਏ ਤਾਰਾਂ ਕੱਟ ਕੇ ਬੰਦੇ ਪਾਰ ਲੰਘਾ ਦਿੰਦੇ ਹਨ। ਜਿਹੜੇ ਖ਼ਾਲੀ ਮੈਦਾਨ ਪਾਰ ਕਰ ਕੇ ਅਗਾਂਹ ਕਿਤੇ ਛੁਪ ਗਏ ਤਾਂ ਸਮਝੋ ਸਪੇਨ ਪ੍ਰਵੇਸ਼ ਹੋ ਗਿਆ। 2-4 ਤੋਂ 10-12 ਤਕ ਦੀ ਨਫ਼ਰੀ ਇਸ ਡੌਂਕੀ ਲਈ ਨਿਸ਼ਚਿਤ ਰਹਿੰਦੀ ਹੈ। ਮਸ਼ਹੂਰ ਸੀ ਕਿ ਯੂਸਫ਼ ਨਾਂ ਦੇ ਡੌਂਕਰ ਨੇ ਤਾਰਾਂ ਵਾਲੀ ਡੌਂਕੀ ਜ਼ਰੀਏ ਇੱਕੋ ਵਾਰੀ 50-52 ਰਿਕਾਰਡ ਗਿਣਤੀ ਦੀ ਘੁੱਸਪੈਠ ਵਾਲੀ ਅੰਨ੍ਹੀ ਪਾ ਦਿੱਤੀ ਸੀ, ਪਰ ਇਹੀ ਥੋੜੀ ਪੁਰਾਣੀ ਗੱਲ ਸੀ। ਨਵੀਂ ਗੱਲ ਇਹ ਸੀ ਕਿ ਫਿਲਹਾਲ ਇਸ ਡੌਂਕੀ ਦੀ ਕੋਸ਼ਿਸ਼ ਸੌ ਫ਼ੀਸਦ ਖ਼ੁਦਕੁਸ਼ੀ ਸਾਬਤ ਹੁੰਦੀ ਹੈ।

ਨੀਗਰੋ ਵੀ ਪਾਣੀ ਤੋਂ ਬਾਅਦ ਤਾਰਾਂ ਵਾਲੀ ਡੌਂਕੀ ਹੀ ਲਾਉਂਦੇ ਨੇ। ਉਹ ਉਮੂਮਨ ਤਾਰਾਂ ਨੇੜਲੇ ਜੰਗਲਾਂ-ਪਹਾੜੀਆਂ ਵਿਚ ਛੁਪੇ ਰਹਿੰਦੇ ਅਤੇ ਮੌਕਾ ਤਾੜ ਕੇ ਹਰ ਮੁਮਕਿਨ ਤਰੀਕੇ ਨਾਲ ਦਾਖ਼ਲ ਹੋ ਜਾਂਦੇ। ਤਾਰਾਂ ਕੱਟ ਕੇ, ਪੌੜੀ ਲਾ ਕੇ ਕੁੱਦ ਜਾਂਦੇ (ਲੱਤਾਂ ਵੀ ਤੁੜਵਾ ਲੈਂਦੇ), ਪਰ ਬਹੁਤੇ ਜਣੇ ਡਿਗਦਿਆਂ ਹੀ ਬੋਚ ਲਏ ਜਾਂਦੇ ਸਨ। ਨਿਗਰਾਨੀ, ਚੌਕਸੀ ਹੀ ਇੰਨੀ ਸਖ਼ਤ ਸੀ।

ਆਖ਼ਰੀ ਦਿਨਾਂ ਵਿਚ ਸੈਂਕੜੇ ਇਕੱਠੇ ਹੋਏ ਕਾਲਿਆਂ ਨੇ ਉਹ ਕਮਾਲ ਕਰ ਛੱਡਿਆ ਜਿਸ ਬਾਰੇ ਕੋਈ ਸੋਚ ਵੀ ਨਹੀਂ ਸੀ ਸਕਦਾ। ਹਨੇਰੇ ਵਿਚ ਤਾਰਾਂ ਨੇੜਲੇ ਦੋ ਕੁ ਰੁੱਖਾਂ ਨੂੰ ਬੜੀ ਚੌਕਸੀ ਨਾਲ ਕੱਟ ਕੇ ਤਾਰਾਂ ਉਪਰ ਸੁੱਟ ਦਿੱਤਾ। ਤਾਰਾਂ ਜ਼ਮੀਨ 'ਤੇ ਵਿਛ ਗਈਆਂ। ਫਿਰ 'ਕਾਲਾ ਹੜ੍ਹ' ਸਿਬਤਾ ਵੱਲ ਵਗ ਪਿਆ। ਇਕੋ ਵਾਰ 400-450 ਨੀਗਰੋ ਸਿਬਤਾ ਵਿਚ ਐਂਟਰ ਹੋ ਗਏ। ਮੁੱਠੀ ਭਰ ਪੁਲਸੀਏ ਬੇਵਸ ਖੜ੍ਹੇ ਦੇਖਦੇ ਰਹਿ ਗਏ; ਹਾਲਾਂਕਿ ਇਸ ਤੇਜ਼ਧਾਰ ਘੁਸਪੈਠ, ਹਫੜਾ-ਦਫ਼ੜੀ ਵਿਚ 2-3 ਕਾਲੇ ਮਰ ਵੀ ਗਏ ਸਨ, ਤੇ ਲਗਭਗ ਸਾਰੇ ਤਿੱਖੀਆਂ ਤਾਰਾਂ ਨਾਲ ਵੱਢੇ-ਟੁੱਕੇ ਗਏ ਸਨ... ਪਰ ਇਹ ਬਹੁਤ ਮਾਮੂਲੀ ਕੀਮਤ ਸੀ, ਅਸੰਭਵ ਨਜ਼ਰ ਆਉਂਦੇ ਸਪੇਨ ਪ੍ਰਵੇਸ਼ ਦੀ। ਵੱਡੇ ਪੱਧਰ 'ਤੇ ਹੋਈ ਘੁਸਪੈਠ ਕਾਰਨ ਸਪੇਨ ਵਿਚ ਹੰਗਾਮਾ ਹੋ ਗਿਆ ਸੀ। ਸਾਰਾ ਮੀਡੀਆ ਅਤੇ ਸਰਕਾਰੀ ਅਮਲਾ ਸਿਬਤਾ ਵੱਲ ਦੌੜਿਆ, ਪਰ ਆਖਿਰ ਸਭ ਨੂੰ ਪਨਾਹ ਮਿਲ ਗਈ ਸੀ।

ਫਿਰ ਸੀ ਪਾਈਪਾਂ ਵਾਲੀ ਡੌਂਕੀ। ਪਾਣੀ ਦੀ ਨਿਕਾਸੀ ਲਈ ਇਸਤੇਮਾਲ ਕੀਤੇ ਜਾਂਦੇ ਵੱਡੇ-ਵੱਡੇ ਪਾਈਪ ਕਿਤੇ-ਕਿਤੇ ਓਟ ਵਿਚ ਸਨ। ਇਹ ਭਾਵੇਂ ਲੋਹੇ ਦੀਆਂ ਜਾਲੀਆਂ ਜਾਂ ਸਰੀਏ ਨਾਲ ਬੰਦ ਹੁੰਦੇ ਹਨ, ਪਰ ਡੌਂਕਰ ਤੇਜ਼ ਔਜ਼ਾਰਾਂ ਨਾਲ ਕੱਟ ਕੇ 2-4 ਬੰਦੇ ਪਾਰ ਕਰਵਾ ਦਿੰਦੇ ਸਨ। ਫਿਰ ਇਸ ਦਾ ਸੌਖਾ ਇਲਾਜ ਲੱਭ ਲਿਆ ਗਿਆ। ਪਾਈਪਾਂ ਵਿਚ ਕੈਮਰੇ ਲਾ ਦਿੱਤੇ ਗਏ। ਕਿਸੇ ਤਰ੍ਹਾਂ ਦੀ ਗੜਬੜੀ ਦੀ ਸ਼ੱਕ ਦੇ ਜਵਾਬ ਵਿਚ ਪੁਲਿਸ ਫੌਰਨ ਮੌਕੇ 'ਤੇ ਜਾ ਪਹੁੰਚਦੀ; ਯਾਨੀ, ਹੁਣ ਇਹ ਰਸਤਾ ਵੀ ਬੰਦ।

ਤੈਰਾਕ ਮੁੰਡਿਆਂ ਨੂੰ ਡੌਂਕਰ ਰਾਤ ਦੇ ਹਨੇਰੇ ਦੀ ਓਟ ਵਿਚ ਅਜਿਹੇ ਥਾਂ ਤੋਂ ਨਾਲ ਲੈ ਜਾ ਕੇ ਸਿਬਤਾ ਛੱਡ ਕੇ ਮੁੜ ਆਉਂਦੇ ਸੀ, ਜਿਥੋਂ ਦੋਹਾਂ ਜ਼ਮੀਨਾਂ ਦਰਮਿਆਨ ਪਾਣੀ ਦਾ ਫ਼ੈਲਾਓ 25-30 ਮੀਟਰ ਹੀ ਸੀ। ਪੁਲਿਸ ਦਾ ਪਹਿਰਾ ਭਾਵੇਂ ਰਹਿੰਦਾ ਸੀ, ਪਰ ਅਜਿਹੇ ਅਕਾਊ, ਸੁਸਤ ਪਲ ਆ ਹੀ ਜਾਂਦੇ ਸਨ, ਜਦ ਪਹਿਰੇਦਾਰ ਢਿੱਲੇ ਪੈ ਜਾਂਦੇ ਸਨ; ਡੌਂਕਰ ਤਾਂ ਚੁਸਤ-ਦਰੁਸਤ ਤੇ ਮੁਸਤੈਦ ਹੀ ਹੁੰਦੇ ਹਨ। ਸਾਡੇ ਗਰੁਪ ਵਾਲੇ ਅਤਿ ਨਾਜ਼ੁਕ, ਪਤਲੇ ਸਰੀਰ ਵਾਲੇ ਪ੍ਰਤਾਪ ਨੂੰ ਦੋ ਡੌਂਕਰ ਬਾਂਹਾਂ ਤੋਂ ਫੜ ਕੇ ਤੈਰਦੇ ਸਿਬਤਾ ਵਾਲੇ ਕਿਨਾਰੇ 'ਤੇ ਛੱਡ ਕੇ ਚੁਪ-ਚਾਪ ਵਾਪਸ ਆ ਗਏ ਸਨ; ਪਰ ਇਹ ਰਸਤਾ, ਇਹ ਤਰੀਕਾ ਬਹੁਤ ਘੱਟ ਵਰਤਿਆ ਜਾਂਦਾ ਸੀ, ਕਿਉਂਕਿ ਇਹ ਕਾਫੀ ਜੋਖ਼ਮ ਭਰਿਆ ਸੀ।

ਫਿਰ ਮੱਛੀਆਂ ਫੜਨ ਦੇ ਬਹਾਨੇ ਛੋਟੀ ਕਿਸ਼ਤੀ ਵਿਚ ਇਕ-ਦੋ ਪਤਲੇ/ਛੋਟੇ ਮੁੰਡੇ ਲਕੋ ਕੇ, ਕੋਈ ਢੁਕਵਾਂ ਮੌਕਾ ਜਾਚ ਕੇ ਪਾਰ ਉਤਾਰਾ ਕਰਵਾ ਦਿੱਤਾ ਜਾਂਦਾ ਸੀ, ਪਰ ਇਹ ਵੀ ਵਿਰਲੀ ਡੌਂਕੀ ਸੀ, ਨਿਰੰਤਰ ਤੇ ਰੋਜ਼ ਚੱਲਣ ਵਾਲੀ ਨਹੀਂ।

ਇਕ ਸੀ 'ਆਈਡੈਂਟਿਟੀ ਕਾਰਡ' ਜਾਂ 'ਪਾਸਪੋਰਟ' ਵਾਲੇ ਅਨੁਮਾਨਿਤ ਸੁਣੇ ਨਾਂਵਾਂ ਵਾਲੀ ਡੌਂਕੀ। ਮੋਰੱਕੀਆਂ ਨਾਲ ਰਲਦੇ-ਮਿਲਦੇ ਰੰਗ-ਰੂਪ ਵਾਲੇ ਮੁੰਡਿਆਂ ਨੂੰ ਹਰ ਸੰਭਵ ਬਿਹਤਰ ਹੁਲੀਏ ਵਿਚ ਉਸ ਦੀ ਫੋਟੋ, ਨਾਂ-ਪਤਾ, ਨਕਲੀ ਸਪੇਨਿਸ਼ ਰੈਜੀਡੈਂਸੀ, 'ਆਈਡੈਂਟਿਟੀ ਕਾਰਡ' ਜ਼ਰੀਏ ਸਿਬਤਾ ਵਾਸੀ ਜਾਂ ਮੁਲਾਜ਼ਮ ਸਾਬਤ ਕਰ ਕੇ ਐਂਟਰ ਕਰਵਾਇਆ ਜਾਂਦਾ ਸੀ। ਇਹ ਡੌਂਕੀ ਜ਼ਿਆਦਾ ਮਹਿੰਗੀ ਪੈਂਦੀ ਸੀ, ਫਿਰ ਸਖ਼ਤੀ ਵੀ ਜ਼ਿਆਦਾ ਹੋ ਗਈ ਸੀ। ਸਾਡੇ ਗਰੁਪ ਦੇ ਸਭ ਤੋਂ ਪਹਿਲੇ ਤਿੰਨ ਮੁੰਡੇ- ਸੋਢੀ, ਬਿੱਲਾ ਤੇ ਸੁੱਖਾ, ਇਸੇ ਡੌਂਕੀ ਰਾਹੀਂ ਸਿਬਤਾ ਵਿਚ ਐਂਟਰ ਹੋਏ ਸਨ, ਪਰ ਹੁਣ ਖ਼ਾਨ ਨੇ ਦੋ ਕਾਰਨਾਂ ਕਰ ਕੇ ਇਸ ਡੌਂਕੀ ਤੋਂ ਮੂੰਹ ਮੋੜ ਲਿਆ ਸੀ: ਇਕ ਮਹਿੰਗੀ ਸੀ, ਦੂਜੇ ਦੋ-ਤਿੰਨ ਬੰਦੇ ਫੜੇ ਵੀ ਗਏ ਸਨ। ਸ਼ੁਰੂ ਵਿਚ ਜਦ ਹਾਲੇ ਮੇਰਾ ਰੰਗ ਸਾਫ਼ ਸੀ ਤਾਂ ਲੋਪੋ-ਪਨੂੰ ਹੋਰੀਂ ਕਹਿੰਦੇ ਕਿ ਪਾਸਪੋਰਟ ਵਾਲੀ ਡੌਂਕੀ ਵਿਚ ਮੈਂ ਚੱਲ ਜਾਵਾਂਗਾ, ਪਰ ਹੁਣ ਤਾਂ ਮੈਂ ਕਾਲਿਆਂ ਦੇ ਸ਼ਨਾਖ਼ਤੀ ਕਾਰਡ 'ਤੇ ਹੀ ਜਾਣ ਵਾਲਾ ਰਹਿ ਗਿਆ ਸਾਂ।

ਫਿਰ ਬਚਦੀਆਂ ਡੌਂਕੀਆਂ ਸਨ, ਅਲੱਗ-ਅਲੱਗ ਤਰ੍ਹਾਂ ਦੀਆਂ ਗੱਡੀਆਂ-ਕਾਰਾਂ ਵਿਚ ਅਲੱਗ ਅਲੱਗ ਢੰਗਾਂ ਨਾਲ ਲਕੋ ਕੇ ਸਿਬਤਾ ਐਂਟਰੀ। ਸਬਜ਼ੀਆਂ, ਫਲਾਂ ਲੱਦੇ ਟਰੱਕਾਂ, ਟੈਂਪੂਆਂ ਵਿਚ ਗਹਿਰਾ ਲਕੋ ਕੇ ਘੁਸਪੈਠ ਕਰਵਾਈ ਜਾਂਦੀ ਸੀ। ਕਿਸੇ ਵਿਸ਼ੇਸ਼ ਕਾਰ ਦੀ ਡਿੱਕੀ ਅਤੇ ਪਿਛਲੀ ਸੀਟ ਦਰਮਿਆਨ ਗੁਪਤ ਖੋਖਲੀ ਥਾਂ ਵਿਚ ਇਕਹਿਰੇ, ਛੋਟੇ ਸਰੀਰ ਵਾਲੇ ਨੂੰ ਲੁਕੋ ਕੇ ਐਂਟਰੀ ਕਰਾਉਣੀ। ਇਹ ਡੌਂਕੀ ਟਾਵੀਂ-ਟਾਵੀਂ ਚੱਲਦੀ ਰਹੀ ਸੀ।

ਫਿਰ ਮਰਸਡੀਜ਼ ਕਾਰ ਦੇ ਔਸਤਨ ਵੱਡੇ ਡੈਸ਼ਬੋਰਡ ਅੰਦਰ ਅਤੇ ਇੰਜਣ ਦੇ ਪਿਛਲੇ ਪਾਸੇ ਯਤਨਾਂ ਨਾਲ ਖ਼ਾਲੀ ਥਾਂ ਬਣਾ ਕੇ ਡੌਂਕੀ ਨੂੰ ਅਤਿ ਹੈਰਾਨੀਜਨਕ ਢੰਗ ਦੀ ਨਿਵੇਕਲੀ, ਬਿਹਤਰੀਨ ਤੇ ਕਾਮਯਾਬ ਬਣਾ ਲਿਆ ਗਿਆ ਸੀ। ਇਹ ਡੌਂਕੀ ਪੁਲਿਸ ਦੀਆਂ ਨਿਗਾਹਾਂ ਵਿਚ ਬਹੁਤ ਦੇਰ ਬਾਅਦ ਆਈ ਸੀ। ਆਖਰੀ ਦਿਨਾਂ ਵਿਚ ਤਾਂ ਡੌਂਕਰਾਂ ਨੇ ਇਸ ਡੌਂਕੀ ਵਾਲੀਆਂ ਹਨੇਰੀਆਂ ਹੀ ਲਿਆ ਦਿੱਤੀਆਂ ਸਨ।

ਉਨ੍ਹਾਂ ਆਖਰੀ ਦਿਨਾਂ ਵਿਚ ਹੀ ਪਾਣੀ ਵਾਲੇ ਸਕੂਟਰ ਦੀ ਡੌਂਕੀ (ਵਾਟਰ-ਬਾਈਕ) ਵੀ ਬੜੀ ਚਰਚਿਤ ਹੋਈ ਸੀ। ਡੌਂਕਰ ਸਮੁੰਦਰੀ ਪਾਣੀ 'ਤੇ ਦੌੜਨ ਵਾਲੇ ਸਕੂਟਰ ਰੂਪੀ ਵਾਹਨ 'ਤੇ ਬੰਦੇ ਨੂੰ ਲੈ ਜਾ ਕੇ ਸਿਬਤਾ ਦੇ ਸਮੁੰਦਰੀ ਕਿਨਾਰਿਆਂ 'ਤੇ ਲੱਗੀ ਲੋਕਾਂ, ਸੈਲਾਨੀਆਂ ਦੀ ਭੀੜ ਵਿਚ ਛੱਡ ਆਉਂਦਾ ਸੀ।

ਫਿਰ ਅਖ਼ੀਰ ਵਿਚ ਤਜਰਬੇ ਵਜੋਂ ਦੋ ਹੋਰ ਕਮਾਲ ਦੀਆਂ ਡੌਂਕੀਆਂ ਵਜੂਦ ਵਿਚ ਆਈਆਂ। ਅਪਾਹਿਜ ਬੰਦੇ ਦੀ ਸਪੈਸ਼ਲ ਵ੍ਹੀਲ ਚੇਅਰ ਥੱਲੇ ਬਣਾਏ ਸਪੈਸ਼ਲ ਖ਼ਾਨੇ ਵਿਚ ਛੋਟੇ/ਪਤਲੇ ਸਰੀਰ ਵਾਲੇ ਮੁੰਡੇ ਨੂੰ ਲੁਕੋ ਕੇ ਸਪੇਨ ਐਂਟਰ ਕਰਾਉਣਾ। ਦੂਜੀ ਡੌਂਕੀ ਸੀ, ਮੋਰੱਕੀ ਔਰਤ ਖੁੱਲ੍ਹਾ-ਵੱਡਾ ਘੱਗਰਾ ਪਹਿਨ ਕੇ ਕਾਰ ਚਲਾਉਂਦੀ ਸਿਬਤਾ ਵਿਚ ਅਧਿਕਾਰਤ ਤੌਰ 'ਤੇ ਪ੍ਰਵੇਸ਼ ਕਰਦੀ ਸੀ। ਹੈਰਤਅੰਗੇਜ਼ ਤਰੀਕੇ ਨਾਲ ਇਕ ਮੁੰਡਾ ਉਸ ਦੇ ਘੱਗਰੇ ਥੱਲੇ ਉਸ ਦੀਆਂ ਲੱਤਾਂ ਵਿਚ ਲੁਕਿਆ ਹੁੰਦਾ ਸੀ। ਵਾਕਈ ਮਜ਼ੇਦਾਰ ਡੌਂਕੀ!

**(ਚਲਦਾ)**

***ਆਖ਼ਰੀ ਦਿਨਾਂ ਵਿਚ ਸੈਂਕੜੇ ਇਕੱਠੇ ਹੋਏ ਕਾਲਿਆਂ ਨੇ ਉਹ ਕਮਾਲ ਕਰ ਛੱਡਿਆ ਜਿਸ ਬਾਰੇ ਕੋਈ ਸੋਚ ਵੀ ਨਹੀਂ ਸੀ ਸਕਦਾ। ਹਨੇਰੇ ਵਿਚ ਤਾਰਾਂ ਨੇੜਲੇ ਦੋ ਕੁ ਰੁੱਖਾਂ ਨੂੰ ਬੜੀ ਚੌਕਸੀ ਨਾਲ ਕੱਟ ਕੇ ਤਾਰਾਂ ਉਪਰ ਸੁੱਟ ਦਿੱਤਾ। ਤਾਰਾਂ ਜ਼ਮੀਨ 'ਤੇ ਵਿਛ ਗਈਆਂ। ਫਿਰ 'ਕਾਲਾ ਹੜ੍ਹ' ਸਿਬਤਾ ਵੱਲ ਵਗ ਪਿਆ। ਇਕੋ ਵਾਰ 400-450 ਨੀਗਰੋ ਸਿਬਤਾ ਵਿਚ ਐਂਟਰ ਹੋ ਗਏ। ਮੁੱਠੀ ਭਰ ਪੁਲਸੀਏ ਬੇਵਸ ਖੜ੍ਹੇ ਦੇਖਦੇ ਰਹਿ ਗਏ; ਹਾਲਾਂਕਿ ਇਸ ਤੇਜ਼ਧਾਰ ਘੁਸਪੈਠ, ਹਫੜਾ-ਦਫ਼ੜੀ ਵਿਚ 2-3 ਕਾਲੇ ਮਰ ਵੀ ਗਏ ਸਨ, ਤੇ ਲਗਭਗ ਸਾਰੇ ਤਿੱਖੀਆਂ ਤਾਰਾਂ ਨਾਲ ਵੱਢੇ-ਟੁੱਕੇ ਗਏ ਸਨ... ਪਰ ਇਹ ਬਹੁਤ ਮਾਮੂਲੀ ਕੀਮਤ ਸੀ, ਅਸੰਭਵ ਨਜ਼ਰ ਆਉਂਦੇ ਸਪੇਨ ਪ੍ਰਵੇਸ਼ ਦੀ।***



*ਸਪੇਨ ਦੇ ਸ਼ਹਿਰ ਸਿਬਤਾ ਦਾ ਅੰਬਰੀ ਨਜ਼ਾਰਾ।*





*ਸਪੇਨ-ਮੋਰੱਕੋ ਸਰਹੱਦ ਉਤੇ ਮਲੀਲੀਆ ਅੰਦਰ ਵੜਨ ਲਈ ਦੀਵਾਰ ਪਾਰ ਕਰਨ ਦਾ ਯਤਨ ਕਰਦੇ ਹੋਏ ਮੋਰੱਕੀ ਨੌਜਵਾਨ ਅਤੇ (ਸੱਜੇ) ਦੀਵਾਰ ਦੇ ਸਿਖਰ ਉਤੇ ਪੁੱਜੇ ਨੌਜਵਾਨਾਂ ਦੀ ਨੇੜਿਓਂ ਖਿੱਚੀ ਤਸਵੀਰ।*

# ਮਾਂ! ਦਰਦ ਨਾ ਬਣ ਜਾਈਂ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ "ਮਾਂ ਹੁੰਦੀ ਏ ਮਾਂ, ਦੁਨੀਆਂ ਵਾਲਿਓ" ਦਾ ਹੋਕਾ ਦਿੰਦਿਆਂ ਮਾਂ ਦੀ ਮਮਤਾ ਬਾਰੇ ਬਹੁਤ ਹੀ ਜਜ਼ਬਾਤੀ ਮਾਹੌਲ ਸਿਰਜਿਆ ਹੈ। ਪਰਦੇਸੀਂ ਆ ਵੱਸੇ ਪੁੱਤਰਾਂ ਦੇ ਹਉਕੇ ਨੂੰ ਉਨ੍ਹਾਂ ਇਨ੍ਹਾਂ ਸ਼ਬਦਾਂ ਵਿਚ ਚਿਤਰਿਆ ਹੈ, "ਸੁੱਖ ਅਤੇ ਧਨ ਦੀ ਲਾਲਸਾ 'ਚ ਹੋਇਆ ਸੀ, ਤੇਰਾ ਪੁੱਤ ਪਰਦੇਸੀ, ਤੇ ਇਨ੍ਹਾਂ ਸੁੱਖਾਂ ਦੀ ਤਲਬ ਨੇ ਉਸ ਨੂੰ ਆਪਣੇ ਆਪ ਕੋਲੋਂ ਹੀ ਪਰਦੇਸੀ ਕਰ ਦਿੱਤਾ ਏ।...ਮਾਂ! ਪਤਾ ਨਹੀਂ ਤੇਰੀ ਕਿਹੜੀ ਦੁਆ ਲੱਗੀ ਕਿ ਮੈਂ ਪਰਦੇਸੀ ਹੋ ਗਿਆ। ਵਾਸਤਾ ਈ! ਰੱਬ ਕੋਲੋਂ ਆਪਣੀ ਦੁਆ ਵਾਪਸ ਲੈ ਲੈ ਤਾਂ ਕਿ ਮੈਂ ਤੇਰੇ ਕੋਲ ਆ ਕੇ ਤੇਰੀਆਂ ਝੁਰੜੀਆਂ ਭਰੇ ਹੱਥਾਂ ਦੀ ਕੋਮਲਤਾ ਨੂੰ ਮਾਣ ਸਕਾਂ ਅਤੇ ਅਸੀਸਾਂ ਨਾਲ ਆਪਣਾ ਉਦਾਰ ਕਰ ਸਕਾਂ।" -ਸੰਪਾਦਕ***

ਮਾਂ! ਬੜਾ ਜੀਅ ਕਰਦਾ ਏ, ਤੈਨੂੰ ਚਿੱਠੀ ਲਿਖਾਂ। ਤੇਰੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਾਂ। ਨਿੱਕੇ ਨਿੱਕੇ ਹੁੰਗਾਰਿਆਂ ਨਾਲ ਆਪਣੇ ਜੀਵਨ ਵਿਚ ਪਸਰੀ ਖੁਸ਼ਕ ਰੁੱਤ ਨੂੰ ਤਰ ਕਰਾਂ। ਤੇਰੇ ਨਿੱਘੇ ਬੋਲਾਂ ਦਾ ਤਰੌਂਕਾ ਇਨ੍ਹਾਂ ਯੱਖ ਸਮਿਆਂ ਦੇ ਨਾਮ ਕਰਾਂ। ਤੇਰੇ ਮੋਹ ਦਾ ਮੁਜੱਸਮਾ ਇਸ ਮਰਨ-ਹਾਰੀ ਰੁੱਤ ਦੇ ਨਾਮ ਕਰਾਂ ਅਤੇ ਸਹਿਜ ਪਲਾਂ ਨੂੰ ਸੂਖਮ ਸੋਚ ਵਿਚ ਧਰਾਂ।

ਮਾਂ! ਪਰ ਕੀ ਕਰਾਂ? ਇਸ ਤਰਤੀਬੇ ਮਾਹੌਲ ਨੇ ਮੈਨੂੰ ਬੇਤਰਤੀਬ ਕਰ ਦਿੱਤਾ ਏ। ਅੰਦਰਲੀ ਬੇਚੈਨੀ ਦੇ ਆਲਮ ਵਿਚ ਗੁਜਰਦਾ, ਆਪਣੇ ਆਪ ਦੇ ਰੂ-ਬ-ਰੂ ਹੁੰਦਾ ਹਾਂ। ਆਪ ਹੀ ਪ੍ਰਸ਼ਨ ਅਤੇ ਆਪ ਹੀ ਜਵਾਬ। ਇਹ ਸਿਰਫ ਮੇਰੀ ਹੀ ਤਕਦੀਰ ਨਹੀਂ, ਹਰ ਉਸ ਸ਼ਖਸ ਦੀ ਤਕਦੀਰ ਏ, ਜਿਸ ਨੇ ਸੋਹਲ ਭਾਵਾਂ ਨਾਲ ਸਾਂਝ ਪਾਈ ਹੋਈ ਏ-ਜੋ ਅਨੁਭਵ ਦੇ ਕੋਮਲ ਅਹਿਸਾਸਾਂ ਨਾਲ ਜਿਉਣ ਦਾ ਆਦੀ ਏ, ਜੋ ਨਿੱਕੇ ਨਿੱਕੇ ਹਾਦਸਿਆਂ ਦੇ ਵੱਡੇ ਵੱਡੇ ਅਰਥ ਤਲਾਸ਼ਦਾ, ਆਪ ਇਕ ਨਿਰਮੋਹਿਆ ਅਰਥ ਬਣ ਜਾਂਦਾ ਏ, ਜਿਸ ਦੀ ਮਾਨਸਿਕ ਪੀੜਾ ਨੂੰ ਸਮਝਣ ਦੀ ਕੋਈ ਲੋੜ ਹੀ ਨਹੀਂ ਸਮਝਦਾ।

ਮਾਂ! ਅੱਜ ਯਾਦ ਆਉਂਦਾ ਏ ਸਿਆਲ ਦੇ ਦਿਨਾਂ 'ਚ ਪੜ੍ਹਦਿਆਂ ਪੜ੍ਹਦਿਆਂ ਨੀਂਦ ਦਾ ਝੋਂਕਾ ਆਉਣਾ ਅਤੇ ਤੇਰਾ ਸੌਣ ਲਈ ਕਹਿਣਾ। ਪਰ ਮੈਂ ਅੱਖ ਝਪਕੀ ਤੋਂ ਬਾਅਦ ਗਿਆਨ ਦੇ ਹਰਫਾਂ 'ਚ

***ਮਾਂ! ਅੱਜ ਯਾਦ ਆਉਂਦਾ ਏ ਸਿਆਲ ਦੇ ਦਿਨਾਂ 'ਚ ਪੜ੍ਹਦਿਆਂ ਪੜ੍ਹਦਿਆਂ ਨੀਂਦ ਦਾ ਝੋਂਕਾ ਆਉਣਾ ਅਤੇ ਤੇਰਾ ਸੌਣ ਲਈ ਕਹਿਣਾ। ਪਰ ਮੈਂ ਅੱਖ ਝਪਕੀ ਤੋਂ ਬਾਅਦ ਗਿਆਨ ਦੇ ਹਰਫਾਂ 'ਚ ਲੀਨ ਹੋ ਜਾਂਦਾ ਸੀ। ਕਿੰਨਾ ਫਿਕਰ ਹੁੰਦਾ ਸੀ, ਪੁੱਤ ਦੇ ਉਨੀਂਦਰੇ ਦਾ? ਪਰ ਤੈਨੂੰ ਦੱਸਾਂ, ਇਥੇ ਹਰ ਵਿਅਕਤੀ ਉਨੀਂਦਰਾ ਭੋਗਦਾ ਏ। ਦੋਹਰੀਆਂ-ਤੀਹਰੀਆਂ ਸ਼ਿਫਟਾਂ ਲਾਉਂਦਾ, ਕਈ ਪਰਤਾਂ ਵਿਚ ਜਿਉਂਦਾ ਏ ਅਤੇ ਉਸ ਨੂੰ ਵੀਕ-ਐਂਡ ਦੀ ਹਮੇਸ਼ਾ ਉਡੀਕ ਰਹਿੰਦੀ ਏ ਤਾਂ ਕਿ ਨੀਂਦ ਦਾ ਲਾਹਾ ਲਿਆ ਜਾ ਸਕੇ। ਸਨਿਚਰ ਤੇ ਐਤਵਾਰ ਲੋਕ ਦੁਪਹਿਰ ਵੇਲੇ ਜਾਗਦੇ ਨੇ। ਵੈਸੇ ਇਨ੍ਹਾਂ ਦਾ ਕੋਈ ਕਸੂਰ ਨਹੀਂ। ਘਰਾਂ ਦੀ ਮਾਰਟਗੇਜ, ਕਾਰਾਂ ਦੀਆਂ ਕਿਸ਼ਤਾਂ ਅਤੇ ਬਿਲਾਂ ਦੀ ਅਦਾਇਗੀ, ਉਨੀਂਦਰੇ ਮਾਰੇ ਲੋਕਾਂ ਦੀ ਹੋਣੀ ਬਣ ਗਈ ਏ।***

ਲੀਨ ਹੋ ਜਾਂਦਾ ਸੀ। ਕਿੰਨਾ ਫਿਕਰ ਹੁੰਦਾ ਸੀ, ਪੁੱਤ ਦੇ ਉਨੀਂਦਰੇ ਦਾ? ਪਰ ਤੈਨੂੰ ਦੱਸਾਂ, ਇਥੇ ਹਰ ਵਿਅਕਤੀ ਉਨੀਂਦਰਾ ਭੋਗਦਾ ਏ। ਦੋਹਰੀਆਂ-ਤੀਹਰੀਆਂ ਸ਼ਿਫਟਾਂ ਲਾਉਂਦਾ, ਕਈ ਪਰਤਾਂ ਵਿਚ ਜਿਉਂਦਾ ਏ ਅਤੇ ਉਸ ਨੂੰ ਵੀਕ-ਐਂਡ ਦੀ ਹਮੇਸ਼ਾ ਉਡੀਕ ਰਹਿੰਦੀ ਏ ਤਾਂ ਕਿ ਨੀਂਦ ਦਾ ਲਾਹਾ ਲਿਆ ਜਾ ਸਕੇ। ਸਨਿਚਰ ਤੇ ਐਤਵਾਰ ਲੋਕ ਦੁਪਹਿਰ ਵੇਲੇ ਜਾਗਦੇ ਨੇ। ਵੈਸੇ ਇਨ੍ਹਾਂ ਦਾ ਕੋਈ ਕਸੂਰ ਨਹੀਂ। ਘਰਾਂ ਦੀ ਮਾਰਟਗੇਜ, ਕਾਰਾਂ ਦੀਆਂ ਕਿਸ਼ਤਾਂ ਅਤੇ ਬਿਲਾਂ ਦੀ ਅਦਾਇਗੀ, ਉਨੀਂਦਰੇ ਮਾਰੇ ਲੋਕਾਂ ਦੀ ਹੋਣੀ ਬਣ ਗਈ ਏ।

ਮਾਂ! ਤੇਰੀ ਸੱਟ ਲੱਗੀ ਦਾ ਪਤਾ ਤਾਂ ਲੱਗ ਗਿਆ ਸੀ, ਪਰ ਜ਼ਿੰਦਗੀ ਦੀ ਭੱਜ-ਦੌੜ 'ਚੋਂ ਤੈਨੂੰ ਫੋਨ ਕਰਨ ਦਾ ਵਿਹਲ ਨਾ ਕੱਢ ਸਕਿਆ। ਕੀ ਏ ਪੁੱਤਰਾਂ ਦੀ ਇਹ ਨਸੀਬੀ? ਕਿਉਂ ਰੁੱਸ ਗਿਆ ਏ ਮੋਹ? ਕਿਉਂ ਨਹੀਂ ਪੈਂਦੀ ਕਾਲਜੇ ਵਿਚ ਖੋਹ? ਕਿਉਂ ਨਹੀਂ ਚਸਕਦੀ ਸਾਹਾਂ ਦੀ ਤੰਦੀ? ਬੜਾ ਬੇ-ਲਿਹਾਜ ਹੋਈ ਜਾ ਰਿਹਾ ਏ ਵਕਤ ਅਤੇ ਇਸ ਦੇ ਬਾਸ਼ਿੰਦੇ। ਭਲਾ! ਜੇ ਆਪਣਿਆਂ ਦੇ ਨੇੜੇ, ਆਪਣੇ ਹੀ ਨਹੀਂ ਲੱਗਣਗੇ ਤਾਂ ਆਪਣਿਆਂ ਦੇ ਕੀ ਅਰਥ ਰਹਿ ਜਾਣਗੇ!

ਮਾਂ! ਤੇਰੇ ਕਦਮਾਂ ਵਿਚ ਦੁਨੀਆਂ ਦੀ ਜੰਨਤ ਵੀ ਛੋਟੀ ਜਿਹੀ ਏ। ਤੇਰੀ ਉਦਾਰਤਾ ਦਾ ਕੋਈ ਸਾਨੀ ਨਹੀਂ। ਤੇਰੀ ਦੇਣ ਦਾ ਕੋਈ ਪਾਰਾਵਾਰ ਨਹੀਂ। ਤੇਰੀ ਕੁਰਬਾਨੀ ਨੂੰ ਕੀ ਨਾਂ ਦੇਵਾਂ? ਮਾਂ ਵਿਚ ਵਸਦੀ ਏ ਕਾਇਨਾਤ ਅਤੇ ਉਸ ਦਾ ਸਮੁੱਚਾ ਪਸਾਰਾ। ਮਾਂ ਇਕ ਸੋਚ, ਇਕ ਫਰਜ਼, ਇਕ ਅਹਿਸਾਸ, ਇਕ ਨਿਰਵੈਰਤਾ ਅਤੇ ਇਕ ਸਹਿਜ। ਸਿਆਣਪਾਂ-ਸੰਦੀ ਲੋਰ ਅਤੇ ਜੀਵਨ ਦੇ ਨਾਂਵੇਂ ਕਰਦੀ ਸੁਰ-ਤਾਲੀ ਤੋਰ।

ਮਾਂ! ਤੈਨੂੰ ਦਸਾਂ, ਮੈਂ ਪੜ੍ਹ ਰਿਹਾ ਸਾਂ ਕਿ ਇਕ ਬੇਟਾ ਆਪਣੀ ਮਾਂ ਨੂੰ ਅਪੰਗ ਬਣਾ ਕੇ, ਉਸ ਦੀ ਵ੍ਹੀਲ ਚੇਅਰ 'ਚ ਹੈਰੋਇਨ ਸਮਗਲ ਕਰਕੇ, ਕੈਨੇਡਾ ਲਿਆ ਰਿਹਾ ਸੀ। ਹੋਰ ਅਮੀਰ ਹੋਣ ਲਈ ਅਮੀਰ ਪੁੱਤਰਾਂ ਵਲੋਂ ਇਕ ਨਵੀਨਤਮ ਤਰੀਕਾ! ਕੀ ਇਹ ਹੈ, ਆਪਣੀ ਜਣਨੀ ਦੇ ਕਰਜ਼ੇ ਦੀ ਦੇਣਦਾਰੀ? ਅਣਭੋਲ ਮਾਂ ਏਅਰਪੋਰਟ 'ਤੇ ਪਕੜੇ ਜਾਣ ਪਿਛੋਂ ਜੇਲ੍ਹ ਵਿਚ ਰੁਲ ਰਹੀ ਏ। ਪਰ ਪੁੱਤਰ ਆਪਣੀ ਅਮੀਰੀ ਦੀਆਂ ਡੀਂਗਾਂ ਮਾਰ ਰਿਹਾ ਏ। ਕੀ ਮਾਂ ਦਾ ਕਰਜ਼ਾ ਇਸੇ ਤਰ੍ਹਾਂ ਮੋੜਿਆ ਜਾਂਦਾ ਏ? ਪੁੱਤਰ ਦੀ ਕਮੀਨਗੀ ਦੀ ਇੰਤਹਾ ਏ, ਮਾਂ ਦੀ ਅਪੰਗਤਾ 'ਚੋਂ ਡਾਲਰ ਕਮਾਉਣਾ।

ਮਾਂ! ਮੈਨੂੰ ਪਤਾ ਏ ਕਿ ਤੂੰ ਬਹੁਤ ਉਡੀਕਦੀ ਏਂ। ਤੇਰੀ ਉਡੀਕ ਨਿਰਛਲ ਏ। ਕੋਈ ਲੋਭ ਨਹੀਂ। ਤੇਰੀ ਉਡੀਕ 'ਚ ਪੁੱਤਰ-ਮੋਹ ਭਾਰੂ ਏ। ਭਾਵੇਂ ਹੋਰਨਾਂ ਦੀ ਉਡੀਕ ਵਿਚ ਕੋਈ ਨਾ ਕੋਈ ਮਕਸਦ ਛੁਪਿਆ ਹੁੰਦਾ ਏ। ਪਰ ਕੀ ਕਰਾਂ! ਮਜਬੂਰੀਆਂ ਵਿਚ ਮਜਬੂਰ ਹਾਂ ਤੇ ਇਉਂ ਜਾਪਦਾ ਏ ਕਿ ਜਿਵੇਂ ਜਿਉਣਾ ਵੀ ਮਜਬੂਰੀ ਬਣ ਗਿਆ ਏ। ਵਿਦੇਸ਼ ਤੋਰਨ ਲੱਗਿਆਂ, ਤੇਰੇ ਦੀਦਿਆਂ ਵਿਚ ਲਟਕਦੇ ਸੁਪਨਿਆਂ ਦੀ ਤਾਸੀਰ ਨੂੰ ਯਾਦ ਕਰਦਾ ਹਾਂ ਤਾਂ ਉਨ੍ਹਾਂ ਤਿੜਕੇ ਸੁਪਨਿਆਂ ਦੀਆਂ ਕਿੱਚਰਾਂ ਅੱਖਾਂ ਵਿਚ ਰੜਕਦੀਆਂ ਨੇ ਅਤੇ ਫਿਰ ਨੈਣਾਂ ਦੀ ਲਾਲੀ ਵਿਚ ਜ਼ਿੰਦਗੀ ਅੰਤਹੀਣ ਤ੍ਰਿਕਾਲ ਬਣ ਜਾਂਦੀ ਹੈ।

ਮਾਂ! ਮੈਂ ਤਾਂ ਮਾਂ ਕਹਿਣ ਦਾ ਵੀ ਹੱਕ ਗਵਾ ਚੁਕਾ ਹਾਂ ਕਿਉਂਕਿ ਜਦ ਤੁਸੀਂ ਮਾਂ ਦੇ ਅਰਥਾਂ ਤੀਕ ਪਹੁੰਚ ਕੇ, ਉਸ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਨਹੀਂ ਬਣਾਉਂਦੇ, ਉਸ ਮੁਤਾਬਕ ਆਪਣੀ ਜ਼ਿੰਦਗੀ ਦੀ ਤਾਮੀਰਦਾਰੀ ਨਹੀਂ ਕਰਦੇ, ਫਰਜ਼ਾਂ ਤੋਂ ਕੁਤਾਹੀ ਕਰਦੇ ਹੋ ਅਤੇ ਆਪਣੀਆਂ ਜ਼ਿੰਮੇਵਾਰੀ ਤੋਂ ਦੂਰ ਭੱਜਦੇ ਹੋ ਤਾਂ ਤੁਹਾਡੇ ਮੂੰਹੋਂ ਨਿਕਲੇ ਮਾਂ ਦੇ ਅਰਥ ਨਿਅਰਥ ਹੋ ਜਾਂਦੇ ਨੇ।

ਮਾਂ! ਖੱਤ ਲਿਖਣਾ ਨਹੀਂ ਸੀ ਚਾਹੁੰਦਾ ਕਿਉਂਕਿ ਤੈਨੂੰ ਪੜ੍ਹ ਕੇ ਠੇਸ ਤਾਂ ਲੱਗੇਗੀ। ਪਰ ਕੀ ਕਰਾਂ! ਲਿਖਣ ਤੋਂ ਬਿਨਾ ਰਹਿ ਹੀ ਨਹੀਂ ਹੋਇਆ। ਤੈਨੂੰ ਦੱਸਾਂ ਅਸੀਂ ਤੇਰੀਆਂ ਗਾਲ੍ਹਾਂ ਦਾ ਬੁਰਾ ਨਹੀਂ ਮਨਾਉਂਦੇ ਸੀ। ਤੇਰੀਆਂ ਝਿੜਕਾਂ ਨੂੰ ਹੱਸ ਕੇ ਜਰਦੇ ਸਾਂ। ਤੇਰੀਆਂ ਨਸੀਹਤਾਂ ਦਾ ਪੱਲਾ ਫੜ੍ਹਦੇ ਸਾਂ ਅਤੇ ਤੇਰੇ ਦੀਦਿਆਂ ਵਿਚੋਂ ਦੁਨੀਆਂਦਾਰੀ ਦਾ ਸਬਕ ਪੜ੍ਹਦੇ ਸਾਂ। ਪਰ ਸਾਡੀ ਔਲਾਦ, ਸਾਥੋਂ ਬਹੁਤ ਦੂਰ ਜਾ ਚੁਕੀ ਏ। ਵਧ ਗਈਆਂ ਨੇ ਵਿੱਥਾਂ, ਪੈ ਗਈਆਂ ਨੇ ਦਰਾੜਾਂ। ਰਿਸ਼ਤਿਆਂ ਵਿਚ ਵੱਧ ਗਈ ਏ ਖਿਚੋਤਾਣ। ਘਰ ਦੇ ਸੁੱਚੇ ਅਰਥ ਹੰਝੂ ਬਣ ਕੇ ਹਰ ਦਰ 'ਤੇ ਡੋਲ੍ਹਿਆ ਹੋਇਆ ਪਾਣੀ। ਮੁਲੰਮੇ ਦੀ ਜ਼ਿੰਦਗੀ ਜਿਉਂਦਾ ਘਰ, ਮੁਲੰਮੇਧਾਰੀ ਸ਼ਖਸੀਅਤ ਸੰਗ ਮੁਲੰਮਿਆਂ ਦੀ ਸਿਰਜਣਾ 'ਚ ਮਸ਼ਰੂਫ।

ਮਾਂ! ਮਾਂ ਦੇ ਅਰਥ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਤਬਦੀਲ ਨਹੀਂ ਹੁੰਦੇ ਕਿਉਂਕਿ ਮਾਂ ਤਾਂ ਮਾਂ ਹੀ ਹੁੰਦੀ ਏ। ਪਰ ਖੁੱਲ੍ਹੀ ਆਬੋ-ਹਵਾ ਵਿਚ ਜੀਵਨ ਮਾਣ ਚੁਕੀ ਜਦ ਕੋਈ ਮਾਂ ਬੇਸਮੈਂਟ ਦੀ ਸਲ੍ਹਾਬ ਵਿਚ ਸੈਲਾਬ ਬਣਦੀ ਏ, ਮਰਨਹਾਰੀ ਉਮਰੇ ਵੇਅਰ ਹਾਊਸਾਂ 'ਚ ਕੰਮ ਕਰਦੀ ਏ ਤਾਂ ਦੁਖੀ ਹੁੰਦਾ ਹਾਂ ਕਿ ਕੁੱਖੋਂ ਜਾਏ ਹੀ ਉਸ ਨੂੰ ਕੱਖੋਂ ਹੌਲਾ ਕਰਨ 'ਤੇ ਤੁਲੇ ਹੋਏ ਨੇ। ਉਸ ਦੀਆਂ ਲੋਰੀਆਂ 'ਚ ਮਰਸੀਆ ਕੌਣ ਧਰ ਗਿਆ ਏ?

ਮਾਂ! ਤੈਨੂੰ ਦੱਸਾਂ, ਮੈਨੂੰ ਬਹੁਤ ਹੀ ਚੰਗਾ ਲੱਗਾ ਜਦ ਇਕ ਜਾਣਕਾਰ ਨੇ ਦੱਸਿਆ ਕਿ ਮੇਰੀ ਮਾਂ ਦਾ ਅਪਰੇਸ਼ਨ ਹੋਣਾ ਏ। ਮਾਂ ਤਾਂ ਕਹਿੰਦੀ ਸੀ ਕਿ ਨਾ ਆਵੀਂ। ਪਰ ਮੈਂ ਉਸ ਨੂੰ ਦੱਸੇ ਬਗੈਰ ਕੱਲ ਹੀ ਇੰਡੀਆ ਜਾ ਰਿਹਾ ਹਾਂ। ਭਲਾ! ਉਸ ਮਾਂ ਨੂੰ ਕਿੰਨਾ ਮਾਨਸਿਕ ਧੀਰਜ ਮਿਲੇਗਾ ਜਦ ਉਸ ਦਾ ਬੇਟਾ, ਉਸ ਦੇ ਦਰਦ ਵਿਚ ਸ਼ਰੀਕ ਹੋ, ਉਸ ਦੀ ਪੀੜਾ ਘਟਾਉਣ ਲਈ ਉਸ ਦੇ ਮੰਜੇ ਦੀ ਬਾਹੀ 'ਤੇ ਬੈਠਾ ਹੋਵੇਗਾ? ਇਕ ਸਕੂਨ, ਇਕ ਤਸੱਲੀ, ਇਕ ਸੰਪੂਰਨਤਾ ਦਾ ਅਹਿਸਾਸ ਜਦ ਮਾਂ ਦਾ ਨਸੀਬ ਬਣੇਗਾ ਤਾਂ ਉਸ ਦੀ ਤੰਦਰੁਸਤੀ ਲਈ ਰੱਬ ਧਰਤੀ 'ਤੇ ਉਤਰ ਆਵੇਗਾ। ਪਰ ਕਿੰਨੇ ਕੁ ਰਹਿ ਗਏ ਨੇ ਇੰਨੇ ਸੰਵੇਦਨਸ਼ੀਲ ਲੋਕ? ਰਿਸ਼ਤਿਆਂ ਨੂੰ ਤਰਜੀਹ ਦੇਣ ਵਾਲੇ। ਸਾਂਝਾਂ ਨੂੰ ਨਿਭਾਉਣ ਵਾਲੇ ਅਤੇ ਇਨ੍ਹਾਂ ਰਿਸ਼ਤਿਆਂ 'ਚੋਂ ਜ਼ਿੰਦਗੀ ਦੀ ਸਦੀਵਤਾ ਦਾ ਨਕਸ਼ ਉਲੀਕਣ ਵਾਲੇ।

ਮਾਂ! ਜਦ ਮਨੁੱਖ ਅੰਦਰੋਂ ਟੁੱਟਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਆਪਣੇ ਨਜ਼ਦੀਕੀਆਂ ਨਾਲੋਂ ਟੁੱਟਦਾ ਹੈ ਅਤੇ ਇਹ ਟੁੱਟਣ ਪ੍ਰਕ੍ਰਿਆ ਉਦੋਂ ਤੱਕ ਜਾਰੀ ਰਹਿੰਦੀ ਏ ਜਦੋਂ ਤੱਕ ਇਕ ਮਨੁੱਖ ਕਿਣਕਾ ਕਿਣਕਾ ਨਹੀਂ ਹੋ ਜਾਂਦਾ। ਅੱਜ ਕੱਲ ਹਰ ਮਨੁੱਖ ਇਸ ਪ੍ਰਕ੍ਰਿਆ ਵਿਚੋਂ ਗੁਜ਼ਰ ਰਿਹਾ ਏ, ਜਿਨ੍ਹਾਂ ਵਿਚੋਂ ਤੇਰਾ ਲਾਡਲਾ ਵੀ ਇਕ ਏ।

ਮਾਂ! ਵੈਸੇ ਫਿਕਰ ਨਾ ਕਰੀਂ। ਦਵਾਈ ਲੈਂਦੀ ਰਹੀਂ। ਠੀਕ ਤਾਂ ਤੂੰ ਹੋ ਹੀ ਜਾਣਾ ਏ। ਤੇਰੀਆਂ ਦੁਆਵਾਂ ਨਾਲ ਤਾਂ ਦੁਨੀਆਂ ਦਾ ਹਰ ਸ਼ਖਸ ਰਾਜੀ ਹੁੰਦਾ ਏ। ਮਾਂਵਾਂ ਬਿਮਾਰ ਨਾ ਹੋਣ। ਉਨ੍ਹਾਂ ਦੀ ਤੰਦਰੁਸਤੀ 'ਚੋਂ ਜਦ ਬੱਚੇ ਆਪਣੀ ਤੰਦਰੁਸਤੀ ਨੂੰ ਪਰਿਭਾਸ਼ਤ ਕਰਦੇ ਹਨ ਤਾਂ ਜ਼ਿੰਦਗੀ ਦੇ ਅਰਥਾਂ ਵਿਚ ਸੁੱਚਮਤਾ ਭਰ ਜਾਂਦੀ ਹੈ।

ਮਾਂ! ਤੇਰਾ ਨਿਰਮੋਹਾ ਪੁੱਤ, ਜ਼ਿੰਦਗੀ ਦੀ ਨੀਰਸਤਾ 'ਚੋਂ ਜਦ ਜੀਵਨ ਪੈੜਾਂ ਦੀ ਨਿਸ਼ਾਨਦੇਹੀ ਕਰਨ ਲਈ ਮਜਬੂਰ ਹੋ ਜਾਵੇ ਤਾਂ ਮੁਆਫੀ ਲਈ ਅਰਜ ਕੌਣ ਕਰੇਗਾ! ਤੇਰੇ ਛਿੰਦੇ ਪੁੱਤ ਦੀ ਜ਼ਿੰਦਗੀ ਇਨ੍ਹਾਂ ਬਰਫੀਲੇ ਮੌਸਮਾਂ ਦੀ ਭੇਟਾ ਚੜ੍ਹ ਗਈ ਏ। ਪਰ ਜੀਵਨ-ਮੁੱਲਾਂ ਦਾ ਖੁਰਾ ਖੋਜ ਕਿਤੋਂ ਨਹੀਂ ਥਿਆਇਆ। ਸੁੱਖ ਅਤੇ ਧਨ ਦੀ ਲਾਲਸਾ 'ਚ ਹੋਇਆ ਸੀ, ਤੇਰਾ ਪੁੱਤ ਪਰਦੇਸੀ, ਤੇ ਇਨ੍ਹਾਂ ਸੁੱਖਾਂ ਦੀ ਤਲਬ ਨੇ ਉਸ ਨੂੰ ਆਪਣੇ ਆਪ ਕੋਲੋਂ ਹੀ ਪਰਦੇਸੀ ਕਰ ਦਿੱਤਾ ਏ। ਹੁਣ ਤੂੰ ਹੀ ਦੱਸ ਕਿਹੜਾ ਏ ਉਸ ਦਾ ਦੇਸ਼ ਅਤੇ ਕੀ ਏ ਉਸ ਦਾ ਪਰਦੇਸ? ਕੀ ਏ ਗਰਾਂ ਅਤੇ ਕੀ ਏ ਨਾਂ? ਉਸ ਨੂੰ ਤਾਂ ਖੁਦ ਨੂੰ ਹੀ ਨਹੀਂ ਪਤਾ ਕਿਉਂਕਿ ਗਵਾਚੇ ਲੋਕ ਆਪਣੇ ਸਿਰਨਂਵੇਂ ਵੀ ਗਵਾ ਬਹਿੰਦੇ ਨੇ।

ਮਾਂ! ਇਸ ਨਾਲਾਇਕ ਪੁੱਤ ਨੂੰ 'ਕੇਰਾਂ ਮੁਆਫ ਕਰ ਦਈਂ। ਸ਼ਾਇਦ ਮੈਂ ਤੇਰੀ ਚਰਨ-ਛੋਹ ਨੂੰ ਤਰਸਦਾ ਤਰਸਦਾ, ਮੌਤ ਲਈ ਤਰਸ ਦਾ ਪਾਤਰ ਹੀ ਬਣ ਜਾਵਾਂ। ਜੇ ਤੂੰ ਮੁਆਫ ਨਾ ਕੀਤਾ ਤਾਂ ਰੱਬ ਕਿਵੇਂ ਮੁਆਫ ਕਰੇਗਾ?

ਮਾਂ! ਪਤਾ ਨਹੀਂ ਤੇਰੀ ਕਿਹੜੀ ਦੁਆ ਲੱਗੀ ਕਿ ਮੈਂ ਪਰਦੇਸੀ ਹੋ ਗਿਆ। ਵਾਸਤਾ ਈ! ਰੱਬ ਕੋਲੋਂ ਆਪਣੀ ਦੁਆ ਵਾਪਸ ਲੈ ਲੈ ਤਾਂ ਕਿ ਮੈਂ ਤੇਰੇ ਕੋਲ ਆ ਕੇ ਤੇਰੀਆਂ ਝੁਰੜੀਆਂ ਭਰੇ ਹੱਥਾਂ ਦੀ ਕੋਮਲਤਾ ਨੂੰ ਮਾਣ ਸਕਾਂ ਅਤੇ ਅਸੀਸਾਂ ਨਾਲ ਆਪਣਾ ਉਦਾਰ ਕਰ ਸਕਾਂ।

ਮਾਂ! ਤੈਨੂੰ ਦੱਸਾਂ, ਇਸ ਮੁਲਕ ਵਿਚ ਹਰ ਕੋਈ ਆਪਣੀ ਮਾਂ ਤੋਂ ਸ਼ਰਮਸ਼ਾਰ ਨਹੀਂ ਹੋਣਾ ਚਾਹੁੰਦਾ ਕਿਉਂਕਿ ਉਨ੍ਹਾਂ ਲਈ ਮਾਂਵਾਂ ਪੁਰਾਣੀ ਪੀੜ੍ਹੀ ਦਾ ਪਰਛਾਂਵਾਂ ਹਨ ਅਤੇ ਕੌਣ ਇਨ੍ਹਾਂ ਪਰਛਾਂਵਿਆਂ ਦੀ ਪ੍ਰਵਾਹ ਕਰਦੇ ਨੇ। ਹਰ ਕੋਈ ਚਾਨਣ ਦੀ ਕਾਤਰ ਪਕੜਨ ਦੀ ਕੋਸ਼ਿਸ਼ ਵਿਚ ਏ, ਭਾਵੇਂ ਉਹ ਟੁੱਟਦੇ ਤਾਰੇ ਦੀ ਛਿਣ-ਭੰਗਰੀ ਲਕੀਰ ਹੀ ਕਿਉਂ ਨਾ ਹੋਵੇ।

ਮਾਂ! ਵੈਸੇ ਮੇਰਾ ਜੀਅ ਕਰਦਾ ਏ ਕਿ ਜੇ ਮੈਂ ਨਾ ਆ ਸਕਿਆ ਤਾਂ ਤੈਨੂੰ ਹੀ ਇਥੇ ਬੁਲਾ ਲਵਾਂ, ਪਰ ਡਰਦਾ ਹਾਂ ਕਿ ਇਸ ਮਾਹੌਲ ਵਿਚ ਤੇਰੇ ਲਈ ਸਾਹਾਂ ਦੀ ਗਿਣਤੀ ਦਾ ਕੋਟਾ ਨਿਰਧਾਰਤ ਹੋ ਜਾਣਾ ਏ ਅਤੇ ਫਿਰ ਇਸ ਫਿਜ਼ਾ ਵਿਚ ਤੇਰਾ ਦਮ ਘੁੱਟਣ ਲੱਗ ਪੈਣਾ ਏ। ਮੈਂ ਨਹੀਂ ਚਾਹੁੰਦਾ ਕਿ ਕੋਈ ਪੁੱਤ ਆਪਣੀ ਮਾਂ ਦੀ ਅੰਤਿਮ ਅਰਦਾਸ ਬਣੇ। ਮੁਆਫ ਕਰੀਂ। ਮਾਂਵਾਂ ਪੁੱਤਰਾਂ ਬਾਰੇ ਪੁੱਤਰਾਂ ਨਾਲੋਂ ਵੱਧ ਜਾਣਦੀਆਂ ਹੁੰਦੀਆਂ ਹਨ।

ਮਾਂ! ਇਸ ਬੇਵਕਤੀ ਸਾਹਾਂ ਦੀ ਕਬਰ ਉਸਾਰਦਾ ਉਸਾਰਦਾ, ਮੈਂ ਕਬਰਾਂ ਵਿਚ ਚਿਣਿਆ ਜਾ ਰਿਹਾ ਹਾਂ ਅਤੇ ਮੈਂ ਨਹੀਂ ਚਾਹੁੰਦਾ ਕਿ ਮੈਨੂੰ ਦੇਖ ਮਾਂ ਇਕ ਧਾਹ ਬਣ ਜਾਵੇ। ਇਸੇ ਲਈ ਤਾਂ ਕਹਿੰਦੇ ਨੇ, ਕਈ ਵਾਰ ਦੂਰੀਆਂ ਵਰਦਾਨ ਬਣ ਜਾਂਦੀਆਂ ਨੇ।

ਮੇਰੇ ਹਉਕਿਆਂ ਦੀ ਤਲੀ 'ਤੇ ਇਕ ਹਾਸਾ ਧਰਨ ਵਾਲੀਏ ਮਾਏ! ਇਨ੍ਹਾਂ ਸਮਿਆਂ ਦੀ ਕੇਹੀ ਹੋਣੀ ਹੰਢਾਉਣ ਲਈ ਮਜਬੂਰ ਹਾਂ ਕਿ ਮਾਂਵਾਂ ਪੁੱਤਰ ਦੇ ਪਰਦੇਸ ਜਾਣ ਲਈ ਸੁੱਖਣਾਂ ਸੁੱਖਦੀਆਂ ਨੇ। ਇਹ ਜਾਣਦਿਆਂ ਕਿ ਘਰੋਂ ਬਾਹਰ ਨੂੰ ਜਾਂਦੀਆਂ ਪੈੜਾਂ, ਬਹੁਤ ਘੱਟ ਵਾਰ ਘਰਾਂ ਨੂੰ ਵਾਪਸ ਪਰਤਦੀਆਂ ਨੇ। ਬਹੁਤੀਆਂ ਪੈੜਾਂ ਨੂੰ ਤਾਂ ਰਾਹ ਹੀ ਹਜ਼ਮ ਕਰ ਜਾਂਦੇ ਨੇ।

***ਮਾਂ! ਤੈਨੂੰ ਦਸਾਂ, ਮੈਂ ਪੜ੍ਹ ਰਿਹਾ ਸਾਂ ਕਿ ਇਕ ਬੇਟਾ ਆਪਣੀ ਮਾਂ ਨੂੰ ਅਪੰਗ ਬਣਾ ਕੇ, ਉਸ ਦੀ ਵ੍ਹੀਲ ਚੇਅਰ 'ਚ ਹੈਰੋਇਨ ਸਮਗਲ ਕਰਕੇ, ਕੈਨੇਡਾ ਲਿਆ ਰਿਹਾ ਸੀ। ਹੋਰ ਅਮੀਰ ਹੋਣ ਲਈ ਅਮੀਰ ਪੁੱਤਰਾਂ ਵਲੋਂ ਇਕ ਨਵੀਨਤਮ ਤਰੀਕਾ! ਕੀ ਇਹ ਹੈ, ਆਪਣੀ ਜਣਨੀ ਦੇ ਕਰਜ਼ੇ ਦੀ ਦੇਣਦਾਰੀ? ਅਣਭੋਲ ਮਾਂ ਏਅਰਪੋਰਟ 'ਤੇ ਪਕੜੇ ਜਾਣ ਪਿਛੋਂ ਜੇਲ੍ਹ ਵਿਚ ਰੁਲ ਰਹੀ ਏ। ਪਰ ਪੁੱਤਰ ਆਪਣੀ ਅਮੀਰੀ ਦੀਆਂ ਡੀਂਗਾਂ ਮਾਰ ਰਿਹਾ ਏ। ਕੀ ਮਾਂ ਦਾ ਕਰਜ਼ਾ ਇਸੇ ਤਰ੍ਹਾਂ ਮੋੜਿਆ ਜਾਂਦਾ ਏ? ਪੁੱਤਰ ਦੀ ਕਮੀਨਗੀ ਦੀ ਇੰਤਹਾ ਏ, ਮਾਂ ਦੀ ਅਪੰਗਤਾ 'ਚੋਂ ਡਾਲਰ ਕਮਾਉਣਾ।***

ਮਾਂ! ਇਨ੍ਹਾਂ ਮਾਂਵਾਂ ਨੂੰ ਕਹਿ, ਪੁੱਤਰਾਂ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਦੀ ਥਾਂ ਇਨ੍ਹਾਂ ਨੂੰ ਖਾਰੇ ਪਾਣੀਆਂ ਦੀ ਉਮਰ ਭਰ ਦੀ ਸਜ਼ਾ ਨਾ ਸੁਣਾਉਣ। 'ਕੇਰਾਂ ਕੀਤੀਆਂ ਦੁਆਵਾਂ ਮਾਂਵਾਂ ਫਿਰ ਵਾਪਸ ਨਹੀਂ ਲੈ ਸਕਣਗੀਆਂ।

ਮਾਂ! ਕਿਤੇ ਦਰਦ ਨਾ ਬਣ ਜਾਵੀਂ। ਬੜਾ ਔਖਾ ਹੁੰਦਾ ਹੈ, ਗਮ ਸਹਿਣਾ, ਆਪਣੇ ਅੰਦਰ 'ਚ ਉਤਰ ਕੇ ਬਹਿਣਾ, ਕੁਝ ਨਾ ਸੁਣਨਾ ਅਤੇ ਨਾ ਕੁਝ ਕਹਿਣਾ। ਬਸ ਜੀਣਾ ਹੀ ਪੈਣਾ।

ਮਾਂ! ਜੀਅ ਤਾਂ ਬਹੁਤ ਕਰਦਾ ਏ, ਅੱਜ ਦਿਲ ਦਾ ਸਾਰਾ ਭਾਰ ਕਾਗਜ਼ 'ਤੇ ਉਤਾਰ ਕੁਝ ਤਾਂ ਹੌਲਾ ਹੋ ਜਾਵਾਂ। ਪਰ ਕੀ ਕਰਾਂ! ਰਾਤ ਦੇ ਦੋ ਵੱਜ ਗਏ ਨੇ ਅਤੇ ਪੰਜ ਵਜੇ ਦੇ ਅਲਾਰਮ ਦਾ ਹਥੌੜਾ ਹੁਣ ਤੋਂ ਵੱਜਣਾ ਸ਼ੁਰੂ ਹੋ ਗਿਆ ਏ।

ਅੱਛਾ ਮਾਂ! ਇਨ੍ਹਾਂ ਹਰਫਾਂ 'ਚੋਂ ਹੀ ਆਪਣੇ ਪੁੱਤ ਦੇ ਗਵਾਚੇ ਨਕਸ਼ ਲੱਭਣ ਦੀ ਕੋਸ਼ਿਸ਼ ਕਰੀਂ ਪਰ ਸ਼ਾਇਦ ਤੈਨੂੰ ਉਹ ਵੀ ਅੱਖਾਂ ਦੇ ਧੁੰਧਲਕੇ ਵਿਚੋਂ ਨਜ਼ਰ ਨਹੀਂ ਆਉਣੇ।

ਤੇਰੀ ਡੰਗੋਰੀ ਦੀ ਮੁਥਾਜੀ
ਤੇਰਾ ਪਰਦੇਸੀ ਪੁੱਤ...।

## ਬੰਦਾ ਬੰਦਾ ਬਣਿਆ ਨਾ

ਕਲਜੁਗ ਆਇਆ ਕਾਲਖ ਤੋਂ ਵੀ, ਕਾਲਾ ਹੋ ਗਿਆ ਬੰਦਾ।
ਤਨ 'ਤੇ ਪਾਵੇ ਚਿੱਟੇ ਵਸਤਰ, ਪਰ ਅੰਦਰੋਂ ਬਾਹਲਾ ਗੰਦਾ।
ਕੇਸ ਕਾਲਿਓਂ ਚਿੱਟੇ ਹੋ ਗਏ, ਅੱਖੀਓਂ ਵਗਦਾ ਪਾਣੀ।
'ਵਾਜ ਗਲੇ 'ਚੋਂ ਬਾਹਰ ਨਾ ਨਿਕਲੇ, ਤੜਪੇ ਜਿੰਦ ਨਿਮਾਣੀ।

ਕੰਨ ਸੁਣਨ ਤੋਂ ਮੁਨਕਰ ਹੋ ਗਏ, ਨੈਣੀਂ ਪੈ ਗਏ ਫੋਲੇ।
ਜ਼ਿੰਦਗੀ ਦੇ ਸਭ ਸਾਥੀ ਛੱਡ ਗਏ, ਬਣ ਕੇ 'ਵਾ ਵਰੋਲੇ।
ਤਨ ਦੇ ਬੰਦ ਬੰਦ ਵਿਚ ਪੀੜਾ, ਦਰਦ ਕਲੇਜੇ ਹੋਵੇ।
ਗੋਡੇ ਦੁਖਦੇ ਤੇ ਮੋਢੇ ਦੁਖਦੇ, ਕੌਣ ਚੈਨ ਨਾਲ ਸੋਵੇ!

ਤਨ ਤੇਰੇ ਦੀਆਂ ਹੱਡੀਆਂ ਉਤੋਂ, ਮਾਸ ਹੋ ਗਿਆ ਵੱਖਰਾ।
ਲੱਤਾਂ ਕੰਬਣ, ਬਾਹਵਾਂ ਕੰਬਣ, ਅਜੇ ਦਿਖਾਵੇਂ ਨਖਰਾ।
ਮੂੰਹ ਵਿਚ ਰੋਟੀ ਪਾਵਣ ਲੱਗਿਆਂ, ਡਿਗ ਪੈਂਦੀ ਏ ਥੱਲੇ।
ਅਜੇ ਵੀ ਚਾਹਵੇਂ ਦੁਨੀਆਂ ਦੇ ਵਿਚ, ਹੋਵੇ ਬੱਲੇ ਬੱਲੇ।

ਵਾਂਗ ਘੜੇ ਦੇ ਢਿੱਡ ਹੈ ਵਧਿਆ, ਲੱਤਾਂ ਵਾਂਗਰ ਤੀਲੇ।
ਇਧਰ-ਉਧਰ ਤਾੜਨ ਦੇ ਲਈ, ਅਜੇ ਵੀ ਕਰਦੈਂ ਹੀਲੇ।
ਨੂੰਹਾਂ-ਧੀਆਂ ਵੇਖ ਤੇਰੇ ਵਲ, ਚੋਰੀ ਚੋਰੀ ਹੱਸਣ।
ਬੁੱਢੇ ਉਤੇ ਚੜ੍ਹੀ ਜਵਾਨੀ, ਇਕ ਦੂਜੀ ਨੂੰ ਦੱਸਣ।

ਬੁੱਢੇ ਤਾਈਂ ਬੁਢਾਪੇ ਦੀ, ਪਰ ਸ਼ਰਮ ਰਤਾ ਨਾ ਆਵੇ।
ਹਫਤੇ ਮਗਰੋਂ ਮੂੰਹ ਕਰ ਕਾਲਾ, ਨੌਜਵਾਨ ਬਣ ਜਾਵੇ।
ਲੱਗਿਆ ਠੇਡਾ ਡਿਗ ਪਿਆ ਥੱਲੇ, ਬੈਕ ਬੋਨ ਸੀ ਹਿੱਲੀ।
ਵੇਖ ਬੁੱਢੇ ਦੇ ਕਰਮ, ਉਡਾਵੇ ਸਾਰਾ ਟੱਬਰ ਖਿੱਲੀ।

ਆਇਆ ਬੁਢਾਪਾ ਮੁੜਦਾ ਨਾ, ਇਸ ਨੂੰ ਗਲ ਨਾਲ ਲਾਈਏ।
ਸੰਜਮ ਸੁਹਜ ਸਿਆਣਪ ਨਾਲ, ਆਪਣਾ ਵਕਤ ਲੰਘਾਈਏ।
ਕਿਵੇਂ ਮੁਕਾਵਾਂ ਜਗ ਦੇ ਝੇੜੇ, ਗੱਲ ਮੈਂ ਦਿਲ ਦੀ ਕਹੀ।
ਅੱਗਾ ਨੇੜੇ ਆਇਆ ਤੱਕ 'ਸੁਰਜੀਤ' ਨੂੰ ਆਪਣੀ ਪਈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਚਲੋ ਵੇਖਦੇ ਆਂ

ਸੁਣਿਐ ਉਸ ਨੂੰ ਕਿਤਾਬਾਂ ਤੇ ਸ਼ਾਇਰੀ ਨਾਲ ਲਗਾਓ ਹੈ
ਸੋ ਆਪਾਂ ਲਾਇਬ੍ਰੇਰੀਅਨ ਡਿਪਲੋਮਾ ਕਰਕੇ ਵੇਖਦੇ ਆਂ।

ਸੁਣਿਐ ਉਸ ਦੇ ਨਸ਼ੀਲੇ ਨੈਣ ਤਾਂ ਕਿਆਮਤ ਨੇ
ਤਾਂਈਂ ਕਾਜ਼ੀ ਮੈਖਾਨੇ 'ਚ ਜਾਮ ਭਰਦੇ ਦੇਖਦੇ ਆਂ।

ਸੁਣਿਐ ਕਿਆਮਤ ਨੇ ਉਸ ਦੇ ਤੋਤਾ-ਚਸ਼ਮ ਮ੍ਰਿਗ ਨੈਣ
ਤਾਂਈਂ ਤੋਤੇ-ਹਿਰਨ ਉਸ ਨੂੰ ਜੰਗਲ ਭਰ ਦੇ ਵੇਖਦੇ ਆਂ।

ਸੁਣਿਐ ਉਸ ਦੇ ਹੋਠਾਂ 'ਤੇ ਗੁਲਾਬ ਜਲ ਪੱਤੀਆਂ ਮਹਿਕਣ
ਸੋ ਹੁਣ ਬਹਾਰਾਂ 'ਤੇ ਇਲਜ਼ਾਮ ਧਰ ਕੇ ਵੇਖਦੇ ਆਂ।

ਸੁਣਿਐ ਅੰਧੇਰੀ ਰਾਤ ਤੋਂ ਵੀ ਕਾਲੀਆਂ ਉਸ ਦੀਆਂ ਜ਼ੁਲਫਾਂ
ਤਾਂਈਂ ਸ਼ਾਮ ਨੂੰ ਉਸ ਨੂੰ ਪਰਛਾਂਵੇਂ ਗੁਜ਼ਰ ਕੇ ਵੇਖਦੇ ਆਂ।

ਸੁਣਿਐ ਦਿਨ ਨੂੰ ਤਿਤਲੀਆਂ ਸਤਾਉਂਦੀਆਂ ਨੇ ਉਸ ਨੂੰ
ਤਾਂਈਂ ਜੁਗਨੂੰ ਬਣ ਕੇ ਰਾਤ ਭਰ ਠਹਿਰ ਕੇ ਵੇਖਦੇ ਆਂ।

ਸੁਣਿਐ ਉਸ ਦੇ ਦਰ 'ਤੇ ਗਾਰਦ, ਗਲੀ 'ਚ ਪੁਲਿਸ ਨਾਕਾ
ਕੁਝ ਦਿਨ ਉਸ ਦੇ ਜ਼ਾਲਿਮ ਸ਼ਹਿਰ ਠਹਿਰ ਕੇ ਵੇਖਦੇ ਆਂ।

ਸੁਣਿਐ ਉਸ ਨੂੰ ਆਦਤ ਹੈ ਘੂਰ ਕੇ ਤਬਾਹ ਕਰਨ ਦੀ
ਸੋ ਖੁਦ ਨੂੰ ਉਸ ਲਈ ਹੁਣ ਬਰਬਾਦ ਕਰਕੇ ਵੇਖਦੇ ਆਂ।

ਸੁਣਿਐ ਮਰੀਚਕਾ ਜਿਹੀ ਸੂਰਤ-ਸੀਰਤ ਜਾਦੂਈ ਉਸ ਦੀ
ਐ ਜੁਗਰਾਜ! ਲਛਮਣ ਰੇਖਾ ਪਾਰ ਕਰਕੇ ਵੇਖਦੇ ਆਂ।

ਹਾਰੇ ਸ਼ਾਹੀ ਕਿਲੇ 'ਚ ਨੌਕਰੀ ਤਾਂਈਂ ਚਲਿੱਤਰੀ ਠਾਠਾਂ ਨੇ
ਗਿੱਲ ਜਿਹੇ ਸਾਦੇ ਵੀ ਉਸ ਨੂੰ ਬਣ ਸੰਵਰ ਕੇ ਵੇਖਦੇ ਆਂ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

ਕਹਾਣੀ

# ਹਾਊਸ-ਵਾਈਫ

***ਕੈਨੇਡਾ ਵੱਸਦੇ ਕਹਾਣੀਕਾਰ ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਦਾ ਸਮੁੱਚਾ ਬਿਰਤਾਂਤ ਭਾਵੇਂ ਕੈਨੇਡਾ ਵਾਲਾ ਹੁੰਦਾ ਹੈ, ਪਰ ਆਪਣੀਆਂ ਰਚਨਾਵਾਂ ਵਿਚ ਉਹ ਪੰਜਾਬ ਦੀਆਂ ਗੱਲਾਂ ਅਛੋਪਲੇ ਜਿਹੇ ਛੋਹ ਲੈਂਦਾ ਹੈ। ਉਸ ਦਾ ਨਵਾਂ ਕਹਾਣੀ ਸੰਗ੍ਰਿਹ 'ਪ੍ਰਿਜ਼ਮ' ਹੁਣੇ ਹੁਣੇ ਛਪ ਕੇ ਆਇਆ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁਕੇ ਹਨ। 'ਪੰਜਾਬ ਟਾਈਮਜ਼' ਦੇ ਪਾਠਕ ਟੈਕਸੀ ਡਰਾਈਵਰਾਂ ਬਾਰੇ ਉਸ ਦੀ ਲੜੀਵਾਰ ਲਿਖਤ 'ਟੈਕਸੀਨਾਮਾ' ਕੁਝ ਸਮਾਂ ਪਹਿਲਾਂ ਪੜ੍ਹ ਚੁਕੇ ਹਨ। 'ਹਾਊਸ-ਵਾਈਫ' ਨਾਂ ਦੀ ਇਸ ਕਹਾਣੀ ਵਿਚ ਉਸ ਨੇ ਬੰਦੇ ਦੇ ਮਨ ਅੰਦਰਲੀਆਂ ਪਰਤਾਂ ਅਤੇ ਬਣਦੀਆਂ-ਵਿਗਸਦੀਆਂ ਘੁੰਡੀਆਂ ਦੀ ਬਾਤ ਬਹੁਤ ਸੋਹਣੇ ਤਰੀਕੇ ਨਾਲ ਖੋਲ੍ਹੀ ਹੈ। -ਸੰਪਾਦਕ***

'ਪਤਾ ਨ੍ਹੀਂ ਮਨਮੀਤ ਨੂੰ ਕੀ ਹੋ ਜਾਂਦੈ ਕਦੇ-ਕਦੇ?' ਇਹ ਪ੍ਰਸ਼ਨ ਅੱਜ ਦਿਨੇ ਕੰਮ 'ਤੇ ਵੀ ਕਈ ਵਾਰ ਮੇਰੇ ਮਨ ਵਿਚ ਆਇਆ ਸੀ। ਕੰਮ ਤੋਂ ਘਰ ਆਉਂਦੇ ਵਕਤ ਵੀ ਮੈਨੂੰ ਉਸ ਦੀ ਚੁੱਪ ਚੁਭਦੀ ਰਹੀ। ਮਨਮੀਤ ਹੀ ਮੈਨੂੰ ਕੰਮ 'ਤੇ ਛੱਡ ਕੇ ਆਉਂਦਾ ਹੈ ਤੇ ਉਹ ਹੀ ਲੈ ਕੇ ਆਉਂਦਾ ਹੈ। ਅਸੀਂ ਇਕ ਕਾਰ ਹੀ ਅਫੋਰਡ ਕਰ ਸਕਦੇ ਹਾਂ। ਆਮ ਤੌਰ 'ਤੇ ਉਹ ਮੇਰੇ ਕਾਰ ਵਿਚ ਬੈਠਣ ਸਾਰ ਹੀ ਪੁੱਛੇਗਾ ਕਿ ਕਿਵੇਂ ਰਹੀ ਦਿਹਾੜੀ? ਜਾਂ ਕਹੇਗਾ ਕਿ ਥੱਕ ਗਈ ਹੋਵੇਂਗੀ? ਜਾਂ ਜੇ ਕਦੇ ਮੈਂ ਉਸ ਨੂੰ ਮੇਰੇ ਯੂਨਿਟ ਵਿਚ ਕਿਸੇ ਨਵੇਂ ਆਏ ਨੱਕ-ਚੜ੍ਹੇ ਮਰੀਜ਼ ਬਾਰੇ ਦੱਸ ਦਿਆਂ ਤਾਂ ਅਗਲੇ ਦਿਨ ਮੈਨੂੰ ਕੰਮ ਤੋਂ ਲੈਣ ਆਇਆ, ਉਸ ਮਰੀਜ਼ ਬਾਰੇ ਪੁੱਛੇਗਾ ਕਿ ਉਸ ਨੇ ਤੰਗ ਤਾਂ ਨਹੀਂ ਕੀਤਾ। ਮੇਰਾ ਹਾਲ-ਚਾਲ ਪੁੱਛ ਕੇ ਮੇਰੇ ਮੂਡ ਮੁਤਾਬਕ ਉਹ ਆਪਣੀ ਬੀਤੀ ਦਿਹਾੜੀ ਬਾਰੇ ਦੱਸੇਗਾ। ਜੇ ਮੈਂ ਜ਼ਿਆਦਾ ਥੱਕੀ ਹੋਵਾਂ ਤਾਂ ਉਹ ਬੜੇ ਹੀ ਉਤਸ਼ਾਹ ਨਾਲ ਦੱਸੇਗਾ ਕਿ ਉਸ ਦਿਨ ਸਾਡੇ ਬੱਚੇ ਕੈਵਿਨ ਨੇ ਨਵਾਂ ਕੀ ਸਿੱਖਿਆ। ਜੇ ਮੈਂ ਮਿਸਾਲ ਦੇਣੀ ਹੋਵੇ ਤਾਂ ਬਹੁਤ ਸਾਰੀਆਂ ਹੋਣਗੀਆਂ ਪਰ ਇਸ ਵਕਤ ਮੇਰੇ ਦਿਮਾਗ



**ਹਰਪ੍ਰੀਤ ਸੇਖਾ**
**ਫੋਨ: 778-231-1189**

ਵਿਚ ਉਸ ਦਿਨ ਵਾਲੀ ਘਟਨਾ ਆ ਰਹੀ ਹੈ, ਜਿਸ ਦਿਨ ਕੈਵਿਨ ਨੇ ਆਟੇ ਵਾਲੇ ਪੀਪੇ ਖਾਲੀ ਕਰ ਦਿੱਤੇ ਸਨ।

ਉਸ ਦਿਨ ਮੇਰੇ ਮੁਰਝਾਏ ਚਿਹਰੇ ਨੂੰ ਦੇਖ ਕੇ ਉਸ ਨੇ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਮੇਰੀ ਜਾਨ ਮਰੀਜ਼ਾਂ ਨੇ ਬਾਰਾਂ ਘੰਟੇ ਸੂਲੀ ਟੰਗੀ ਰੱਖੀ ਹੋਵੇਗੀ। ਇਹ ਮੇਰੀ ਕਮਜ਼ੋਰੀ ਹੈ ਕਿ ਮੈਥੋਂ ਅਕੇਵਾਂ-ਥਕੇਵਾਂ ਲੁਕਾਅ ਨਹੀਂ ਹੁੰਦਾ ਤੇ ਮਨਮੀਤ ਦੀ ਖੂਬੀ ਹੈ ਕਿ ਮੇਰੀ ਹਾਲਤ ਮੇਰਾ ਚਿਹਰਾ ਦੇਖ ਕੇ ਬੁਝ ਲੈਂਦਾ ਹੈ। ਉਸ ਨੇ ਕਾਰ ਦਾ ਟਰੰਕ ਖੋਲ੍ਹ ਕੇ ਸੇਬ ਕੱਢਿਆ ਅਤੇ ਮੈਨੂੰ ਫੜ੍ਹਾ ਕੇ ਬੋਲਿਆ, "ਲੈ, ਐਪਲ ਖਾਹ, ਥੱਕੀ ਲਗਦੀ ਐਂ।" ਫੇਰ ਕਾਰ ਤੋਰਦਿਆਂ ਬੋਲਿਆ, "ਗਰੌਸਰੀ ਮੁੱਕੀ ਹੋਈ ਸੀ। ਮੈਂ ਲੈ ਆਇਆਂ। ਸੋਚਿਆ, ਕੈਵਿਨ ਦੀ ਆਊਟਿੰਗ ਹੋ ਜਾਵੇਗੀ...ਆਪਣਾ ਕੈਵਿਨ ਬਹੁਤ ਕਰੀਏਟਿਵ ਐ ਨੀਨੂੰ। ਬਹੁਤ ਜੀਨੀਅਸ। ਵੱਡਾ ਹੋ ਕੇ ਜ਼ਰੂਰ ਕੁਛ ਖਾਸ ਬਣੂ, ਦੇਖ ਲੀਂ। ਇਹਦੀ ਗੱਲ ਮੈਂ ਬਾਅਦ 'ਚ ਸੁਣਾਊਨਾਂ, ਪਹਿਲਾਂ ਮੈਨੂੰ ਆਪਣੀ ਸ਼ੇਖੀ ਮਾਰ ਲੈਣ ਦੇਹ। ਅੱਜ ਮੈਂ ਯੂ-ਟਿਊਬ ਤੋਂ ਮੈਕਸੀਕਨ ਡਿਸ਼ ਬਣਾਉਣੀ ਸਿੱਖੀ ਐ। ਬਹੁਤ ਸਵਾਦ ਬਣੀ ਐ। ਮੈਂ ਕਹਿਨਾਂ, ਪਹਿਲਾਂ ਘਰ ਜਾ ਕੇ ਉਹੀ ਖਾਈਂ, ਚਾਹ ਫੇਰ ਪੀ ਲਵੀਂ।" ਮਨਮੀਤ ਦੀਆਂ ਇਨ੍ਹਾਂ ਗੱਲਾਂ ਨਾਲ ਮੇਰਾ ਅਕੇਵਾਂ-ਥਕੇਵਾਂ ਮਿੰਟਾਂ ਸਕਿੰਟਾਂ ਅੰਦਰ ਦੂਰ ਹੋਣ ਲੱਗਾ।

"ਮੇਰੇ ਏਸ ਗੁੱਗੂ ਨੇ ਕੀ ਕਰੀਏਟਿਵ ਕੀਤਾ ਅੱਜ?" ਮੈਂ ਕੈਵਿਨ ਦਾ ਨੱਕ ਫੜ੍ਹਦੀ ਨੇ ਪੁੱਛਿਆ। "ਉਹ ਐਕਸਪਲੇਨ ਕਰਨ ਵਾਲੀ ਗੱਲ ਨਹੀਂ, ਦੇਖ ਕੇ ਹੀ ਪਤਾ ਲੱਗਦਾ। ਪਤਾ ਨ੍ਹੀਂ ਇਹਦਾ ਐਨਾ ਦਿਮਾਗ ਕਿਵੇਂ ਆ, ਕਿਵੇਂ ਸੁਝਦੀਆਂ ਏਸ ਨੂੰ ਇਸ ਤਰ੍ਹਾਂ ਦੀਆਂ ਸ਼ਰਾਰਤਾਂ?" ਮਨਮੀਤ ਬੋਲਿਆ।

ਮੇਰਾ ਜੀਅ ਕਰਨ ਲੱਗਾ ਕਿ ਮੀਤ ਛੇਤੀ ਦੱਸੇ ਪਰ ਮੈਨੂੰ ਲੱਗਾ ਕਿ ਉਹ ਪਹਿਲਾਂ ਮੇਰਾ ਮੂਡ ਠੀਕ ਕਰਨਾ ਚਾਹੁੰਦਾ ਸੀ। ਉਹ ਕੁਝ ਦੇਰ ਏਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ ਤੇ ਮੇਰੇ ਦੁਬਾਰਾ ਪੁੱਛਣ 'ਤੇ ਉਸ ਨੇ ਦੱਸਿਆ ਕਿ ਜਦ ਉਹ ਯੂ-ਟਿਊਬ 'ਤੇ ਮੈਕਸੀਕਨ ਡਿਸ਼ ਸਿੱਖ ਰਿਹਾ ਸੀ, ਉਸ ਵੇਲੇ ਕੈਵਿਨ ਨੇ ਕਪਬੋਰਡ 'ਚ ਪਏ ਆਟੇ ਵਾਲੇ ਪੀਪੇ ਦਾ ਢੱਕਣ ਕਿਸੇ ਤਰ੍ਹਾਂ ਖੋਲ੍ਹ ਲਿਆ। ਪੀਪੇ ਵਿਚ ਪਈ ਕੌਲੀ ਨਾਲ ਆਟਾ ਪਲੇਟ ਵਿਚ ਪਾਇਆ, ਫਿਰ ਉਸ ਨਾਲ ਖੇਡਣ ਲੱਗ ਪਿਆ। ਆਟੇ ਦੀ ਮੁੱਠੀ ਭਰ ਕੇ ਉਪਰ ਉਛਾਲੇ ਤੇ ਫੇਰ ਖਿੜ-ਖਿੜਾ ਕੇ ਹੱਸ ਪਵੇ। ਫੇਰ ਹੋਰ ਆਟਾ ਪੀਪੇ ਵਿਚੋਂ ਕੱਢ ਲਵੇ। ਜਦ ਮਨਮੀਤ ਦਾ ਧਿਆਨ ਉਧਰ ਗਿਆ ਤਾਂ ਉਹ ਆਪਣੇ ਫੋਨ ਨਾਲ ਕੈਵਿਨ ਦੀ ਇਉਂ ਕਰਦੇ ਦੀ ਮੂਵੀ ਬਣਾਉਣ ਲੱਗ ਪਿਆ। ਮਨਮੀਤ ਨੇ ਆਪਣਾ ਫੋਨ ਮੈਨੂੰ ਦਿੱਤਾ ਅਤੇ ਮੂਵੀ ਦੇਖਣ ਲਈ ਕਿਹਾ। ਮੂਵੀ ਵਿਚ ਕੈਵਿਨ ਨੂੰ ਇਸ ਤਰ੍ਹਾਂ ਹੱਸਦਾ ਦੇਖ ਕੇ ਮੈਨੂੰ ਵੀ ਹਾਸਾ ਆ ਗਿਆ। ਜੇ ਮੀਤ ਦੀ ਥਾਂ ਮੈਂ ਘਰ ਹੁੰਦੀ, ਮੈਨੂੰ ਇਹ ਸਭ ਕਰੀਏਟਿਵ ਨਹੀਂ ਸੀ ਲੱਗਣਾ, ਤੇ ਨਾ ਹੀ ਮੈਂ ਇਹ ਮੂਵੀ ਬਣਾ ਸਕਣੀ ਸੀ। ਮੈਂ ਕੈਵਿਨ ਨੂੰ ਦੋਹਾਂ ਮੋਢਿਆਂ ਤੋਂ ਫੜ੍ਹ ਕੇ ਚੁੱਕਣਾ ਸੀ ਅਤੇ ਵਾਸ਼ਰੂਮ ਵਿਚ ਲਿਜਾ ਜੇ ਟਾਇਲਟ ਸੀਟ 'ਤੇ ਬਿਠਾ ਦੇਣਾ ਸੀ। ਫਿਰ ਉਸ ਨੂੰ ਅੱਖਾਂ ਦਿਖਾ ਕੇ ਉਸ ਦੀ ਕਲਾਸ ਲਾਉਣੀ ਸੀ। ਬਾਅਦ ਵਿਚ ਆਟਾ ਸਾਫ ਕਰਦੀ ਨੇ ਮਨਮੀਤ ਨੂੰ ਸ਼ਲੋਕ ਸੁਣਾਉਣੇ ਸਨ ਕਿ ਉਸ ਨੇ ਆਟੇ ਵਾਲੇ ਪੀਪੇ ਦਾ ਢੱਕਣ ਸੰਵਾਰ ਕੇ ਕਿਉਂ ਨਹੀਂ ਸੀ ਲਾਇਆ। ਮਨਮੀਤ ਨੇ ਸਾਰਾ ਆਟਾ ਸਾਫ ਵੀ ਕੀਤਾ। ਕੈਵਿਨ ਨੂੰ ਵੀ ਦੁਬਾਰਾ ਨੁਹਾਇਆ ਅਤੇ ਮੈਕਸੀਕਨ ਡਿਸ਼ ਵੀ ਬਣਾਈ, ਗਰੌਸਰੀ ਵੀ ਖਰੀਦ ਲਿਆਇਆ ਤੇ ਬਾਅਦ ਵਿਚ ਮੇਰਾ ਮੂਡ ਠੀਕ ਕਰਨ ਖਾਤਰ ਕੈਵਿਨ ਦੀ ਇਸ ਸ਼ਰਾਰਤ ਨੂੰ ਕਰੀਏਟਿਵ ਵੀ ਦੱਸਿਆ।

ਇਹ ਤਾਂ ਕਿਸੇ ਹੋਰ ਦਿਨ ਦੀ ਗੱਲ ਸੀ ਪਰ ਅੱਜ ਉਸ ਨੇ ਕੋਈ ਵੀ ਗੱਲ ਨਹੀਂ ਸੀ ਕੀਤੀ। ਮੈਂ ਜਦ ਕਾਰ ਵਿਚ ਬੈਠੀ, ਉਸ ਨੇ ਚੁੱਪ ਚਾਪ ਕਾਰ ਤੋਰ ਲਈ। ਘਰ ਪਹੁੰਚ ਕੇ ਉਸ ਨੇ ਕੈਵਿਨ ਨੂੰ ਵੀ ਕਾਰ ਦੀ ਮਗਰਲੀ ਸੀਟ 'ਤੇ ਲੱਗੀ ਬੇਬੀ ਸੀਟ ਵਿਚੋਂ ਨਹੀਂ ਕੱਢਿਆ। ਕਾਰ ਦਾ ਸਟੇਅਰਿੰਗ ਫੜ੍ਹੀ ਬੈਠਾ ਰਿਹਾ। ਬੋਲਿਆ, "ਮੈਂ ਕਿਸੇ ਦੀ ਕਾਰ ਦੀ ਇੰਸ਼ੋਰੈਂਸ ਕਰਨ ਜਾਣਾ। ਚਾਹ ਬਣੀ ਪਈ ਐ, ਜੇ ਠੰਢੀ ਹੋ ਗਈ ਤਾਂ ਮਾਈਕਰੋਵੇਵ 'ਚ ਗਰਮ ਕਰ ਲਵੀਂ।"

ਮੈਂ ਕੈਵਿਨ ਨੂੰ ਸੀਟ 'ਚੋਂ ਕੱਢਿਆ ਅਤੇ ਥੱਕੇ ਪੈਰੀਂ ਘਰ ਅੰਦਰ ਚਲੀ ਗਈ। ਆਮ ਦਿਨੀਂ ਤਾਂ ਮਨਮੀਤ ਨੇ ਹੀ ਕੈਵਿਨ ਨੂੰ ਬਾਹਰ ਕੱਢਣਾ ਸੀ। ਮੈਂ ਸਿੱਧਾ ਵਾਸ਼ਰੂਮ ਵਿਚ ਜਾਣਾ ਸੀ। ਨਹਾ ਕੇ ਕੱਪੜੇ ਬਦਲਣੇ ਸਨ। ਫਿਰ ਕੈਵਿਨ ਨਾਲ ਲਾਡ ਕਰਨਾ ਸੀ। ਉਸ ਤੋਂ ਬਾਅਦ ਆਰਾਮ ਨਾਲ ਬੈਠ ਕੇ ਮੈਂ ਤੇ ਮਨਮੀਤ ਨੇ ਚਾਹ ਪੀਣੀ ਸੀ। ਕੰਮ ਵਾਲੇ ਕੱਪੜਿਆਂ ਨਾਲ ਕੈਵਿਨ ਨਾਲ ਖੇਡਣਾ ਮੈਨੂੰ ਚੰਗਾ ਨ੍ਹੀਂ ਲਗਦਾ। ਮੈਨੂੰ ਲਗਦਾ ਰਹਿੰਦਾ ਹੈ ਕਿ ਇਨ੍ਹਾਂ ਕੱਪੜਿਆਂ ਵਿਚ ਅਨੇਕਾਂ ਮਰੀਜ਼ਾਂ ਦੇ ਅਨੇਕਾਂ ਜਰਮ ਹੋਣਗੇ, ਪਰ ਮਨਮੀਤ ਅੱਜ ਇਨ੍ਹਾਂ ਗੱਲਾਂ ਦੀ ਪ੍ਰਵਾਹ ਕੀਤੇ ਬਿਨਾ ਚਲਾ ਗਿਆ। ਮੈਨੂੰ ਮਨਮੀਤ 'ਤੇ ਖਿਝ ਆਈ। ਚਿੱਤ 'ਚ ਆਈ ਕਿ ਉਹ ਕੁਝ ਠਹਿਰ ਕੇ ਨਹੀਂ ਸੀ ਜਾ ਸਕਦਾ? ਹੁਣ ਕਿਵੇਂ ਨਹਾਵਾਂ? ਕੈਵਿਨ ਨੂੰ ਇਕੱਲਾ ਵੀ ਤਾਂ ਨਹੀਂ ਛੱਡਿਆ ਜਾ ਸਕਦਾ। ਇਸ ਨੇ ਤਾਂ ਸਕਿੰਟਾਂ ਵਿਚ ਹੇਠਲੀ ਉਤੇ ਕਰ ਦੇਣੀ ਹੁੰਦੀ ਹੈ। ਚਿੱਤ 'ਚ ਆਈ ਕਿ ਇਸ ਨੂੰ ਨਾਲ ਹੀ ਵਾਸ਼ਰੂਮ ਵਿਚ ਲੈ ਜਾਵਾਂ। ਇਹ ਖਿਆਲ ਮੈਂ ਝਟਕ ਦਿੱਤਾ। ਮਹੀਨਾ ਕੁ ਪਹਿਲਾਂ ਮੈਂ ਇਸ ਨੂੰ ਇਉਂ ਵਾਸ਼ਰੂਮ ਵਿਚ ਨਾਲ ਲਿਜਾਣਾ ਛੱਡ ਦਿੱਤਾ ਹੈ। ਇਹ ਮੇਰੇ ਸਰੀਰ ਨੂੰ ਦੇਖ ਕੇ ਅਜੀਬ ਪ੍ਰਸ਼ਨ ਪੁਛਣ ਲੱਗਦਾ ਸੀ। ਮੈਨੂੰ ਬੜਾ ਅਨਕੰਫਰਟੇਬਲ ਮਹਿਸੂਸ ਹੁੰਦਾ।

ਕੈਵਿਨ ਨੂੰ ਵਾਸ਼ਰੂਮ ਦੇ ਦਰਵਾਜ਼ੇ ਕੋਲ ਬਿਠਾਇਆ, ਆਪਣੇ ਆਈ ਫੋਨ 'ਤੇ ਗੇਮ ਦੇ ਆਹਰ ਲਾ ਕੇ ਮੈਂ ਸ਼ਾਵਰ ਲੈਣ ਲੱਗੀ। ਵਿਚ ਵਿਚ ਮੈਂ ਕੈਵਿਨ ਨੂੰ ਵੀ ਆਵਾਜ਼ ਮਾਰ ਲੈਂਦੀ, ਇਹ ਪੱਕਾ ਕਰਨ ਲਈ ਕਿ ਉਹ ਉਥੇ ਹੀ ਬੈਠਾ ਹੈ। ਛੇਤੀ ਛੇਤੀ ਨਹਾ ਕੇ ਮੈਂ ਬਾਹਰ ਆਈ। ਕਿਚਨ ਵਾਲਾ ਸਿੰਕ ਲਿਬੜੇ ਭਾਂਡਿਆਂ ਨਾਲ ਭਰਿਆ ਪਿਆ ਸੀ। ਫਰਿਜ ਖੋਲ੍ਹ ਕੇ ਦੇਖੀ। ਸ਼ਾਮ ਦੇ ਖਾਣੇ ਦਾ ਵੀ ਕੋਈ ਪ੍ਰਬੰਧ ਨਹੀਂ ਸੀ ਕੀਤਾ ਲਗਦਾ। ਮੇਰੇ ਅੰਦਰ ਖਿਝ ਚੜ੍ਹਨ ਲੱਗੀ। ਮੈਂ ਆਪਣੇ ਆਪ ਨੂੰ ਕੰਟਰੋਲ ਕੀਤਾ। ਚਾਹ ਵਾਲਾ ਕੱਪ ਚੁੱਕਿਆ ਅਤੇ ਫੈਮਲੀ ਰੂਮ ਵਿਚ ਜਾ ਬੈਠੀ। ਚਾਹ ਪੀਂਦੀ ਸੋਚਣ ਲੱਗੀ, 'ਚੱਕਰ ਕੀ ਹੈ?' ਮੈਂ ਸੋਚੀਂ ਪੈ ਗਈ। ਪਿਛਲੇ ਦਿਨੀਂ ਕੋਈ ਖਾਸ ਗੱਲ ਵੀ ਤਾਂ ਨਹੀਂ ਸੀ ਹੋਈ। ਕੋਈ ਬਹਿਸ ਵੀ ਨਹੀਂ ਸੀ ਹੋਈ। ਮੈਂ ਵੀ ਖਿਝ ਕੇ ਕੋਈ ਗੱਲ ਮੂੰਹ 'ਤੇ ਨਹੀਂ ਸੀ ਮਾਰੀ।

ਹਾਂ, ਮਨਮੀਤ ਦੇ ਦੋਸਤ, ਰਿੰਕੂ ਦਾ ਵੱਡਾ ਭਰਾ ਜਸਦੇਵ ਦੋ ਕੁ ਦਿਨ ਸਾਡੇ ਕੋਲ ਰਹਿ ਕੇ ਗਿਆ ਸੀ। ਉਹ ਇੰਡੀਆ ਤੋਂ ਆਇਆ ਸੀ, ਟੋਰਾਂਟੋ ਕਿਸੇ ਪੰਜਾਬੀ ਕਾਨਫਰੰਸ ਵਿਚ ਔਰਤਾਂ ਦੀ ਬਰਾਬਰੀ ਦੇ ਹੱਕ ਵਿਚ ਕੋਈ ਪੇਪਰ ਵਗੈਰਾ ਪੜ੍ਹਨ। ਟੋਰਾਂਟੋ ਤੋਂ ਏਧਰ ਘੁੰਮਣ-ਫਿਰਨ ਵੈਨਕੂਵਰ ਆ ਗਿਆ, ਪਰ ਉਸ ਨਾਲ ਤਾਂ ਮਨਮੀਤ ਖੁਸ਼ ਸੀ। ਉਸ ਨੂੰ ਤਾਂ 'ਵੀਰ ਜੀ ਵੀਰ ਜੀ' ਕਰਦਾ ਸੀ। 'ਸ਼ਾਇਦ ਉਸ ਨੂੰ ਮਿਸ ਕਰਦਾ ਹੋਵੇ?' ਮੇਰੇ ਮਨ ਵਿਚ ਆਇਆ। ਜੇ ਮਿਸ ਕਰਦਾ ਹੁੰਦਾ ਤਾਂ ਉਸ ਨੇ ਮੇਰੇ ਨਾਲ ਇਸ ਤਰ੍ਹਾਂ ਦਾ ਕਿਉਂ ਵਿਹਾਰ ਕਰਨਾ ਸੀ। ਇਹ ਤਾਂ ਨ੍ਹੀਂ ਕੋਈ ਗੱਲ, ਕੋਈ ਹੋਰ ਕਾਰਨ ਹੋਵੇਗਾ? ਮੈਂ ਸੋਚਿਆ। ਕੱਲ੍ਹ ਦੀ ਰਾਤ ਵੀ ਇਸ ਦੀ ਚੁੱਪ ਨੇ ਬਰਬਾਦ ਕਰ ਦਿੱਤੀ ਸੀ।

ਕੱਲ੍ਹ ਮੇਰੀ ਕੰਮ ਤੋਂ ਛੁੱਟੀ ਦਾ ਦਿਨ ਸੀ। ਮੈਂ ਕੈਵਿਨ ਨੂੰ ਜਲਦੀ ਸੰਵਾ ਕੇ ਜਕੂਜ਼ੀ ਪਾਣੀ ਨਾਲ ਭਰੀ ਸੀ। ਪਾਣੀ ਵਿਚ ਗੁਲਾਬ ਦੀ ਮਹਿਕ ਵਾਲੀ ਝੱਗ ਬਣਾਈ ਸੀ। ਮੋਮਬੱਤੀ ਬਾਲੀ ਸੀ। ਹਲਕਾ ਜਿਹਾ ਸੰਗੀਤ ਫੋਨ 'ਤੇ ਚਲਾਇਆ ਸੀ। ਆਪਣੇ ਕੇਸਾਂ ਨੂੰ ਸਿਰ ਉਪਰ ਜੂੜਾ ਬਣਾ ਕੇ ਬੰਨ੍ਹਿਆ ਸੀ। ਇਹ ਸਭ ਮੈਂ ਹੌਲੀ ਹੌਲੀ ਤਿਆਰੀ ਕੀਤੀ ਸੀ। ਕੈਵਿਨ ਨੇ ਸੌਣ ਲਈ ਦੇਰ ਲਾ ਦਿੱਤੀ ਸੀ। ਮਨਮੀਤ ਵੀ ਬਿਸਤਰੇ ਵਿਚ ਵੜ ਗਿਆ ਸੀ, ਪਰ ਉਸ ਦਾ ਮੈਨੂੰ ਪਤਾ ਸੀ ਕਿ ਉਹ ਤਾਂ ਇਹ ਸਭ ਦੇਖ ਕੇ ਰਜਾਈ ਵਗਾਹ ਮਾਰੇਗਾ, ਪਰ ਉਸ ਨੇ ਇਸ ਤਰ੍ਹਾਂ ਨਹੀਂ ਸੀ ਕੀਤਾ। ਉਸ ਨੇ ਤਾਂ ਪਾਸਾ ਪਰਤ ਲਿਆ। ਮੈਨੂੰ ਯਕੀਨ ਹੀ ਨਹੀਂ ਸੀ ਹੋਇਆ। ਸਾਰੀ ਤਿਆਰੀ ਤੋਂ ਬਾਅਦ ਮੈਂ ਉਸ ਦੇ ਕੰਨ ਨੂੰ ਚੁੰਮ ਕੇ ਕਿਹਾ ਸੀ, "ਮੇਰੇ ਮੀਤ, ਮਾਈ ਲਵ ਅੱਖਾਂ ਖੋਲ੍ਹ।" ਮਨਮੀਤ ਨੇ ਅੱਖਾਂ ਖੋਲ੍ਹੀਆਂ। ਮੈਂ ਛੋਟੇ ਕੱਪੜਿਆਂ ਵਿਚ ਸੀ। ਮੈਂ ਵਾਸ਼ਰੂਮ ਵੱਲ ਇਸ਼ਾਰਾ ਕੀਤਾ, ਜਿਥੇ ਜਕੂਜ਼ੀ ਵਿਚ ਪਾਣੀ ਖੌਲ ਰਿਹਾ ਸੀ। ਪਿਘਲ ਰਹੀ ਮੋਮਬੱਤੀ ਦੀ ਮਹਿਕ ਸੀ। ਮਨਮੀਤ ਨੇ ਇਕ ਵਾਰ ਉਧਰ ਦੇਖਿਆ, ਫਿਰ ਬੋਲਿਆ, "ਮੇਰਾ ਸਿਰ ਦੁਖਦਾ।"

"ਲਿਆ ਦਬਾ ਦਿਆਂ", ਆਖਦੀ ਮੈਂ ਉਸ ਦੇ ਨੇੜੇ ਹੋਈ, ਪਰ ਉਸ ਨੇ 'ਪਲੀਜ਼...' ਆਖਦੇ ਨੇ ਪਾਸਾ ਪਰਤ ਲਿਆ। ਉਸ ਦੀ ਇਹ ਲੰਮੀ 'ਪਲੀਜ਼' ਮੈਨੂੰ ਲੱਗਾ ਜਿਵੇਂ ਆਖ ਰਿਹਾ ਹੋਵੇ, 'ਲੀਵ ਮੀ ਅਲੋਨ।' ਮੈਂ ਅਵਾਕ ਖੜ੍ਹੀ ਰਹੀ। ਮਨਮੀਤ ਦਾ ਇਸ ਤਰ੍ਹਾਂ ਦਾ ਰੀਐਕਸ਼ਨ ਤਾਂ ਮੈਂ ਚਿਤਵਿਆ ਹੀ ਨਹੀਂ ਸੀ। ਫਿਰ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਯੂ ਆਰ ਬੋਰਿੰਗ।" ਉਸ ਨੇ ਰਜਾਈ ਆਪਣੇ ਕੰਨਾਂ ਉਪਰ ਕਰ ਲਈ। ਸ਼ੁਕਰ ਹੈ ਕਿ ਮੇਰੇ ਐਵੋਲੂਸ਼ਨ ਵਾਲੇ ਦਿਨ ਚੱਲ ਰਹੇ ਹਨ। ਇਨ੍ਹਾਂ ਦਿਨਾਂ ਵਿਚ ਮੈਨੂੰ ਬਹੁਤੀ ਖਿਝ ਨਹੀਂ ਚੜ੍ਹਦੀ। ਜੇ ਕਿਤੇ ਪੀਰੀਅਡ ਵਾਲੇ ਦਿਨ ਹੁੰਦੇ ਤਾਂ ਮੈਂ ਇਸ ਦੀ ਰਜਾਈ ਪਰ੍ਹਾਂ ਵਗਾਹ ਮਾਰਨੀ ਸੀ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦਿਨਾਂ ਵਿਚ ਮੈਂ ਇਹ ਸਾਰਾ ਪ੍ਰਬੰਧ ਵੀ ਨਹੀਂ ਸੀ ਕਰਨਾ।

ਮੈਂ ਵਾਪਸ ਵਾਸ਼ਰੂਮ ਵਿਚ ਗਈ। ਸੁਗੰਧ ਵਾਲੀ ਮੋਮਬੱਤੀ ਨੂੰ ਫੂਕ ਮਾਰੀ। ਜਕੂਜ਼ੀ ਦੇ ਖੌਲ ਰਹੇ ਪਾਣੀ ਨੂੰ ਜਕੂਜ਼ੀ ਦੀ ਮੋਟਰ ਬੰਦ ਕਰ ਕੇ ਸ਼ਾਂਤ ਕੀਤਾ ਤੇ ਝੱਗ ਵਾਲੇ ਪਾਣੀ ਨੂੰ ਡਰੇਨ ਕਰ ਦਿੱਤਾ। ਮੈਨੂੰ ਆਪਣਾ ਆਪ ਹਾਰਿਆ ਹੋਇਆ ਲੱਗਾ। ਨਾਈਟੀ ਪਾ ਕੇ ਮੈਂ ਫੈਮਲੀ ਰੂਮ ਵਿਚ ਟੀ. ਵੀ. ਮੂਹਰੇ ਜਾ ਬੈਠੀ। ਜੀਅ ਕੀਤਾ ਕਿ ਮਨਮੀਤ ਨੂੰ ਝੰਜੋੜ ਕੇ ਬਿਸਤਰੇ ਵਿਚੋਂ ਕੱਢਾਂ ਤੇ ਪੁੱਛਾਂ ਕਿ ਮੇਰਾ ਦਿਨ ਕਿਉਂ ਖਰਾਬ ਕੀਤਾ? ਮਸਾਂ ਪੰਜਾਂ ਦਿਨਾਂ ਬਾਅਦ ਛੁੱਟੀ ਆਈ ਸੀ, ਕੰਮ 'ਤੇ ਬਾਰਾਂ ਘੰਟੇ ਦੀ ਸ਼ਿਫਟ ਕਰਦਿਆਂ। ਦਿਨੇ ਸਾਰਾ ਦਿਨ ਕੈਵਿਨ ਨੇ ਭੂਤਨੀ ਭੁਲਾ ਦਿੱਤੀ ਸੀ। 'ਟੈਰੀਬਲ ਟੂ' ਵਾਲੀ ਅਖਾਣ ਮੈਨੂੰ ਲਗਦਾ ਕਿਸੇ ਨੇ ਕੈਵਿਨ ਵਰਗੇ ਨਿਆਣੇ ਨੂੰ ਵੇਖ ਕੇ ਹੀ ਬਣਾਈ ਹੋਵੇਗੀ। ਕੈਵਿਨ ਆਪਣੀ ਉਮਰ ਦਾ ਦੂਜਾ ਵਰ੍ਹਾ ਪਾਰ ਕਰ ਗਿਆ ਹੈ। ਹੁਣ ਸਗੋਂ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਸ਼ਰਾਰਤੀ ਹੋ ਗਿਆ ਹੈ। ਮੈਂ ਸਵੇਰੇ ਬਿਸਤਰੇ ਵਿਚ ਹੋਰ ਪਈ ਰਹਿਣਾ ਚਾਹੁੰਦੀ ਸਾਂ। ਸਾਰੇ ਹਫਤੇ ਦੀ ਨੀਂਦ ਪੂਰੀ ਕਰਨਾ ਚਾਹੁੰਦੀ ਸਾਂ। ਅੰਗ ਅਲਸਾਏ ਪਏ ਸੀ, ਪਰ ਇਹ ਆਪਣੇ ਕਰਿਬ ਵਿਚ ਬੈਠਾ ਖਿਡੌਣਿਆਂ ਨਾਲ ਖੇਡਣ ਲੱਗਾ। ਇਹ ਖਿਡੌਣੇ ਬਾਰਨੀ ਦੇ ਢਿੱਡ ਨੂੰ ਹੱਥ ਲਾਉਂਦਾ, ਉਹ ਆਵਾਜ਼ ਕੱਢਦਾ, 'ਹਗ ਮੀ ਅਗੇਨ।' ਇਹ ਫਿਰ ਉਸ ਦੇ ਹੱਥ ਲਾਉਂਦਾ, ਉਹ ਹੋਰ ਆਵਾਜ਼ ਕੱਢਦਾ, 'ਯੂ ਆਰ ਸੁਪਰ ਡੀ ਡੁਪਰ।' ਇਹ ਫਿਰ ਹੱਥ ਲਾਉਂਦਾ, ਉਹ ਹੋਰ ਆਵਾਜ਼ ਕੱਢਦਾ, 'ਯੂ ਆਰ ਸਟੂਪੈਂਡਿਸ।'

ਮੇਰੀ ਨੀਂਦ ਖੁਲ੍ਹ ਗਈ ਸੀ, ਪਰ ਮੈਂ ਉਵੇਂ ਹੀ ਪਈ ਰਹੀ। ਪਹਿਲਾਂ ਸਵੇਰੇ ਵੀ ਤਿੰਨ ਵਜੇ ਨੀਂਦ ਖੁਲ੍ਹੀ ਸੀ, ਜਦੋਂ ਮੀਤ ਕੰਮ 'ਤੇ ਜਾਣ ਲਈ ਤਿਆਰ ਹੁੰਦਾ ਸੀ। ਹੁਣ ਇਸ ਬਾਂਦਰ ਨੇ ਜਗਾ ਦਿੱਤਾ। ਪਈ ਪਈ ਕੈਵਿਨ ਨੂੰ ਖੇਡਦੇ ਨੂੰ ਦੇਖਦੀ ਰਹੀ। ਫਿਰ ਉਹ ਬਾਰਨੀ ਦੇ ਮਾਰਨ ਲੱਗ ਪਿਆ। ਬਾਰਨੀ ਨੇ ਪਹਿਲੀ ਆਵਾਜ਼ ਪੂਰੀ ਵੀ ਨਾ ਕੀਤੀ ਹੁੰਦੀ, ਇਹ ਉਸ ਦੇ ਹੋਰ ਮਾਰ ਦਿੰਦਾ। ਇਸ ਤਰ੍ਹਾਂ ਆਵਾਜ਼ਾਂ ਇਕ ਦੂਜੀ ਵਿਚ ਰਲਗਡ ਹੋ ਰਹੀਆਂ ਸਨ ਤੇ ਕੈਵਿਨ ਖਿੜ ਖਿੜਾ ਕੇ ਹੱਸ ਰਿਹਾ ਸੀ। ਜਦੋਂ ਉਹ ਇਸ ਤੋਂ ਅੱਕ ਗਿਆ ਤਾਂ ਉਸ ਨੇ ਛੋਟੀ ਬਾਲ ਚੁੱਕ ਲਈ। ਇਸ ਦਾ ਇਹ ਭੋਰਾ ਵਿਸਾਹ ਨਹੀਂ ਖਾਂਦਾ। ਇਹ ਛੋਟੀ ਤੇ ਪੋਲੀ ਜਿਹੀ ਹੈ, ਜਦੋਂ ਇਸ ਨੂੰ ਨੱਪੋ, ਇਹ ਮੀਂ ਮੀਂ ਦੀ ਆਵਾਜ਼ ਕੱਢਦੀ ਹੈ। ਬਾਲ ਦੀ ਦੋ ਕੁ ਵਾਰ ਮੀਂ ਮੀਂ ਕਰਵਾ ਕੇ ਉਸ ਨੇ ਗੇਂਦ ਮੇਰੇ ਵੱਲ ਸੁੱਟ ਦਿੱਤੀ। ਇਹ ਤਾਂ ਮੈਂ ਜਾਗਦੀ ਸਾਂ, ਨਹੀਂ ਤਾਂ ਆ ਕੇ ਅੱਖ-ਮੂੰਹ 'ਤੇ ਵੱਜਣੀ ਸੀ। ਮੈਂ ਉਸ ਨੂੰ ਕਰਿਬ ਵਿਚੋਂ ਕੱਢ ਕੇ ਆਪਣੇ ਨਾਲ ਪਾ ਲਿਆ, ਪਰ ਇਹ ਆਪਣੀ ਨੀਂਦ ਪੂਰੀ ਕਰ ਚੁਕਾ ਸੀ, ਇਸ ਨੇ ਕਿਥੇ ਸੌਣਾ ਸੀ। ਮੇਰੀ ਛਾਤੀ 'ਤੇ ਉਂਗਲ ਲਾ ਕੇ ਉਵੇਂ ਹੀ 'ਮੀਂ ਮੀਂ' ਦੀ ਆਵਾਜ਼ ਕੱਢਣ ਲੱਗਾ, ਜਿਵੇਂ ਗੇਂਦ ਆਵਾਜ਼ ਕੱਢਦੀ ਸੀ। ਥੋੜ੍ਹੇ ਦਿਨਾਂ ਤੋਂ ਪਤਾ ਨ੍ਹੀਂ ਇਸ ਨੂੰ ਕੀ ਨਵੀਂ ਖੇਡ ਲੱਭੀ ਹੈ, ਮੈਨੂੰ ਉਠਣਾ ਹੀ ਪਿਆ। ਜਦ ਇਸ ਨੂੰ ਨਵ੍ਹਾਉਣ ਲੱਗੀ, ਇਹ ਪਾਣੀ ਨਾਲ ਖੇਡਣ ਲੱਗ ਪਿਆ। 'ਆਪੇ ਆਪੇ' ਆਖ ਕੇ ਮੇਰਾ ਹੱਥ ਪਰ੍ਹਾਂ ਕਰਨ ਲੱਗਾ। ਟੱਬ 'ਚੋਂ ਮਸਾਂ ਕੱਢਿਆ ਤਾਂ ਜਾ ਕੇ ਵਾਸ਼ਿੰਗ ਮਸ਼ੀਨ ਦੀ ਸਵਿਚ ਮਰੋੜਨ ਲੱਗ ਪਿਆ। ਜਿਸ ਦਿਨ ਦਾ ਇਸ ਨੇ ਚਲਦੀ ਮਸ਼ੀਨ ਦਾ ਢੱਕਣ ਖੋਲ੍ਹਿਆ ਸੀ, ਉਸ ਦਿਨ ਤੋਂ ਅਸੀਂ ਮਸ਼ੀਨਾਂ ਵਰਤ ਕੇ ਉਨ੍ਹਾਂ ਦੇ ਪਲੱਗ ਕੱਢ ਦਿੰਨੇ ਹਾਂ, ਪਰ ਇਹ ਬਟਨ ਨੱਪਣੋਂ ਨਹੀਂ ਹਟਦਾ।

ਇਕ ਦਿਨ ਮਨਮੀਤ ਦੱਸੇ ਕਿ ਇਹ ਓਵਨ ਵਿਚ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਸ ਦਿਨ ਮਨਮੀਤ ਨੇ ਹੋਮ ਡੀਪੋ ਵਿਚੋਂ ਟਾਈਆਂ ਲਿਆ ਕੇ ਫਰਿਜ ਅਤੇ ਓਵਨ ਦੇ ਡੋਰਾਂ ਨੂੰ ਲਾਈਆਂ। ਨਾਲੇ ਸਾਰੇ ਬਿਜਲੀ ਦੇ ਪਲੱਗ ਕਵਰ ਕੀਤੇ। ਕੈਵਿਨ ਪਲੱਗਾਂ ਵਿਚ ਪੈਨੀਆਂ ਤੁੰਨਣ ਦੀ ਕੋਸ਼ਿਸ਼ ਕਰਦਾ। ਲਾਂਡਰੀ ਰੂਮ ਵਿਚੋਂ ਕੁਝ ਦੇਰ ਬਾਅਦ ਉਧਰੋਂ ਆਇਆ ਤਾਂ ਕਲੋਜ਼ਿਟਾਂ ਵਿਚੋਂ ਕੱਪੜੇ ਕੱਢਣ ਲੱਗ ਪਿਆ। ਫਿਰ ਕਪਬੋਰਡਾਂ ਵਿਚੋਂ ਭਾਂਡੇ। ਜਦੋਂ ਹਟਾਉਣ ਲਈ ਇਸ ਵੱਲ ਭੱਜੋ ਤਾਂ ਇਹ ਖਿੜ ਖਿੜਾ ਕੇ ਹੱਸਦਾ ਹੈ, ਨਾਲੇ ਮੂਹਰੇ ਭੱਜ ਲੈਂਦਾ ਹੈ। ਇਕ ਵਾਰ ਤਾਂ ਖਿੜੀ ਤੋਂ ਕੈਵਿਨ ਦਾ ਕੰਨ ਵੀ ਪੁੱਟਿਆ ਗਿਆ। ਉਸ ਨੇ ਚੀਕਾਂ ਮਾਰ ਕੇ ਛੱਤ ਸਿਰ 'ਤੇ ਚੁੱਕ ਲਈ। ਸ਼ਾਮ ਤਕ ਮਸਾਂ ਲੋਗੋ ਨਾਲ ਖੇਡਣ ਲਾਇਆ। ਉਦੋਂ ਤਕ ਮੇਰੀ ਬੱਸ ਹੋ ਗਈ ਸੀ। 'ਮੀਤਾ ਪਤਾ ਨ੍ਹੀਂ ਕਿਵੇਂ ਨਿੱਤ ਇਸ ਨਾਲ ਨਜਿੱਠਦਾ ਹੈ', ਇਹ ਸੋਚਦਿਆਂ ਮੇਰਾ ਮਨ ਮੀਤ ਲਈ ਪਿਆਰ ਨਾਲ ਭਰ ਗਿਆ।

ਤੇ ਫਿਰ ਮੈਂ ਸੁਪਨੇ ਬੁਣਨ ਲੱਗੀ, ਉਸ ਸ਼ਾਮ ਲਈ ਮਨਮੀਤ ਦੇ ਸੰਗ। ਸੋਚਿਆ ਕਿ ਮਨਮੀਤ ਨੂੰ ਪੁੱਛਾਂ ਕਿ ਉਹ ਕਦੋਂ ਕੁ ਆ ਰਿਹਾ ਹੈ। ਉਸ ਨੂੰ ਫੋਨ ਕੀਤਾ ਤਾਂ ਉਸ ਨੇ 'ਬਿਜ਼ੀ ਹਾਂ' ਆਖ ਕੇ ਫੋਨ ਰੱਖ ਦਿੱਤਾ, ਪਰ ਇੰਨਾ ਜ਼ਰੂਰ ਦੱਸ ਦਿੱਤਾ ਕਿ ਰਾਤ ਵਾਲਾ ਡਰਾਈਵਰ ਦੋ ਕੁ ਘੰਟੇ ਲੇਟ ਲੱਗੇਗਾ, ਇਸ ਲਈ ਉਹ ਦੋ ਘੰਟੇ ਲੇਟ ਆਵੇਗਾ।

ਜਦੋਂ ਚੌਦਾਂ ਘੰਟੇ ਟੈਕਸੀ ਚਲਾ ਕੇ ਮਨਮੀਤ ਘਰ ਆਇਆ ਤਾਂ ਕੈਵਿਨ ਉਸ ਨੂੰ ਚੁੰਬੜ ਹੀ ਗਿਆ। ਮਨਮੀਤ ਨੇ ਉਸ ਨੂੰ ਆਪਣੇ ਨਾਲ ਘੁੱਟ ਲਿਆ, ਜਿਵੇਂ ਬਹੁਤ ਦੇਰ ਬਾਅਦ ਮਿਲਿਆ ਹੋਵੇ। ਮੇਰੇ ਵੱਲ ਉਸ ਨੇ ਦੇਖਿਆ ਵੀ ਨਾ। ਕੈਵਿਨ ਉਸ ਨੂੰ ਲੋਗੋ ਨਾਲ ਬਣਾਇਆ ਘਰ ਦਿਖਾਉਣ ਲੱਗਾ। ਮਨਮੀਤ ਨੇ 'ਗੁੱਡ ਜੌਬ' ਕਿਹਾ ਅਤੇ ਘਰ ਵੱਲ ਦੇਖਣ ਲੱਗਾ। ਫਿਰ ਬੋਲਿਆ, "ਕੈਵਿਨ ਤੂੰ ਇਸ ਪਾਸੇ ਪਿੰਕ ਕਲਰ ਦੇ ਬਹੁਤੇ ਲੋਗੋ ਲਾਏ ਆ, ਦੂਜੇ ਪਾਸੇ ਬਲੂ ਕਲਰ ਦਾ ਇਕ ਹੀ ਲਾਇਆ।" ਇਹ ਆਖ ਕੇ ਉਹ ਫਾਇਰ ਪਲੇਸ ਦੇ ਪਾਸੀਂ ਬਣੇ ਥਮਲਿਆਂ ਵੱਲ ਦੇਖਣ ਲੱਗਾ। ਇਹ ਥਮਲੇ ਸਫੇਦ ਹੀ ਹਨ।

ਜਦ ਮਨਮੀਤ ਦੀ ਮੰਮੀ ਇੰਡੀਆ ਤੋਂ ਸੁਪਰ ਵੀਜ਼ੇ 'ਤੇ ਆਈ ਸੀ ਤਾਂ ਉਸ ਨੇ ਇਨ੍ਹਾਂ ਥਮਲਿਆਂ ਵੱਲ ਦੇਖ ਕੇ ਕਈ ਵਾਰ ਕਿਹਾ ਸੀ ਕਿ ਇਹ ਤਾਂ ਉਨ੍ਹਾਂ ਦੇ ਇੰਡੀਆ ਵਾਲੇ ਘਰ ਦੇ ਥਮਲਿਆਂ ਵਰਗੇ ਹੀ ਹਨ। ਫਿਰ ਇਕ ਦਿਨ ਕਹਿੰਦੀ, "ਇਹ ਚਿੱਟੇ ਓਪਰੇ ਜਿਹੇ ਲਗਦੇ ਆ, ਏਨ੍ਹਾਂ ਵਿਚ ਹੋਰ ਰੰਗ ਦੀਆਂ ਧਾਰੀਆਂ ਜਿਹੀਆਂ ਪਵਾ ਲਵੋ।" ਮੈਂ ਝੱਟ ਹੀ ਕਿਹਾ ਸੀ, "ਨਹੀਂ, ਏਦਾਂ ਹੀ ਸੋਹਣੇ ਲਗਦੇ ਆ ਸਾਨੂੰ ਤਾਂ।" ਆਪਣੀ ਮੰਮੀ ਦੇ ਪਾਸੇ ਹੋਏ ਤੋਂ ਮਨਮੀਤ ਕਹਿੰਦਾ, "ਜਦੋਂ ਅਸੀਂ ਇੰਡੀਆ ਵਾਲੇ ਘਰ 'ਤੇ ਪੇਂਟ ਕਰਦੇ ਸੀ, ਉਦੋਂ ਮੰਮੀ ਵਿਚਾਰੇ ਆ ਕੇ ਕਹਿ ਬੈਠੇ ਕਿ ਏਨ੍ਹਾਂ ਥਮਲਿਆਂ 'ਤੇ ਭਾਵੇਂ ਰੰਗਦਾਰ ਧਾਰੀਆਂ ਬਣਵਾ ਲਵੋ। ਡੈਡੀ ਰੰਗ ਕਰਨ ਵਾਲਿਆਂ ਦੇ ਸਾਹਮਣੇ ਹੀ ਮੰਮੀ ਨੂੰ ਭੱਜ ਕੇ ਪਏ, ਕਹਿੰਦੇ, ਜਾਹ ਤੂੰ ਆਵਦੀਆਂ ਰੋਟੀਆਂ ਪਕਾ ਉਧਰ



***(ਬਾਕੀ ਅਗਲੇ ਸਫੇ 'ਤੇ)***

ਜਾ ਕੇ।"

"ਨਹੀਂ, ਆਪਾਂ ਨੂੰ ਬਣਾਉਣੀਆਂ ਰੇਨਬੋ ਜਿਹੀਆਂ, ਮੈਨੂੰ ਨੂੰ ਸੋਹਣੀਆਂ ਲੱਗਦੀਆਂ।" ਮੈਂ ਕਿਹਾ। ਮਨਮੀਤ ਨੇ ਇਕ ਪਲ ਮੇਰੇ ਵੱਲ ਦੇਖਿਆ, ਫਿਰ ਟੀ. ਵੀ. ਵੱਲ ਦੇਖਣ ਲੱਗ ਪਿਆ। ਕੁਝ ਦੇਰ ਬਾਅਦ ਬੋਲਿਆ, "ਮੰਮੀ ਨੇ ਸਾਰੀ ਉਮਰ ਏਦਾਂ ਹੀ ਕੱਢ'ਤੀ। ਕਦੇ ਆਵਦੀ ਮਰਜ਼ੀ ਨ੍ਹੀਂ ਕਰ ਸਕੇ। ਨਾਲੇ ਡੈਡੀ ਦੇ ਬਰਾਬਰ ਤਨਖਾਹ ਸੀ।"

"ਸਾਡੀਆਂ ਮਾਂਵਾਂ ਨੇ ਚਮਲਾਏ ਹੋਏ ਸੀ ਸਾਡੇ ਪਿਉ। ਨਾ ਜੇ ਮੰਮੀ ਅੜ ਜਾਂਦੇ ਕਿ ਮੇਰਾ ਘਰ ਐ, ਮੈਂ ਤਾਂ ਏਦਾਂ ਹੀ ਪੇਂਟ ਕਰਵਾਉਣੈ ਤਾਂ ਕੀ ਕਰ ਲੈਂਦੇ ਡੈਡੀ। ਪਿਛਲੀ ਜਨਰੇਸ਼ਨ ਦੀਆਂ ਐਵੇਂ ਡਰਦੀਆਂ ਰਹਿੰਦੀਆਂ ਸੀ, ਘਰਵਾਲਿਆਂ ਤੋਂ।"

ਮੀਤ ਚੁੱਪ ਕਰ ਗਿਆ। ਏਹੀ ਇਹਦੀ ਖਰਾਬੀ ਹੈ ਕਿ ਚੁੱਪ ਕਰ ਜਾਂਦਾ ਹੈ, ਮੂਹਰੋਂ ਬੋਲਦਾ ਨਹੀਂ। ਇਕ ਵਾਰ ਮੈਂ ਬਾਹੋਂ ਫੜ ਕੇ ਕਿਹਾ ਕਿ ਮੂੰਹੋਂ ਬੋਲ ਕੁਛ, ਚੁੱਪ ਨਾ ਕਰ, ਤਾਂ ਕਹਿੰਦਾ, ਜੇ ਤੇਰੇ ਵਾਂਗੂ ਕੜਕ ਕੇ ਬੋਲਿਆ ਤਾਂ ਲੜਾਈ ਪਊ, ਕੀ ਫਾਇਦਾ। ਦੋ ਕੁ ਦਿਨ ਚੁੱਪ ਵੱਟ ਕੇ ਫਿਰ ਆਪ ਹੀ ਠੀਕ ਹੋ ਜਾਂਦਾ ਹੈ, ਪਰ ਜਦੋਂ ਮੰਮੀ ਦਾ ਸੁਪਰ ਵੀਜ਼ੇ ਲਈ ਅਪਲਾਈ ਕੀਤਾ ਸੀ, ਉਦੋਂ ਇਹ ਆਪਣੇ ਆਪ ਠੀਕ ਨਹੀਂ ਸੀ ਹੋਇਆ, ਸਗੋਂ ਇਸ ਨੇ ਕਰੜੀ ਆਵਾਜ਼ ਵਿਚ ਕਿਹਾ ਸੀ, "ਮੰਮੀ ਦਾ ਅਪਲਾਈ ਕਰਨਾ ਹੈ।" ਇਹ ਇਸ ਨੇ ਦੋ ਕੁ ਦਿਨਾਂ ਦੀ ਚੁੱਪ ਤੋਂ ਬਾਅਦ ਕਿਹਾ ਸੀ। ਉਦੋਂ ਇਸ ਦੀ ਚੁੱਪ ਦਾ ਕਾਰਨ ਮੈਨੂੰ ਸਮਝ ਨਹੀਂ ਸੀ ਆਇਆ, ਬਾਅਦ ਵਿਚ ਆਇਆ ਸੀ।

ਮੈਂ ਕੇਵਿਨ ਦੇ ਜਨਮ ਤੋਂ ਬਾਅਦ ਸਾਲ ਭਰ ਘਰ ਰਹਿ ਕੇ ਕੰਮ 'ਤੇ ਜਾਣਾ ਸ਼ੁਰੂ ਕੀਤਾ ਸੀ ਤੇ ਕੁਝ ਦਿਨਾਂ ਬਾਅਦ ਸਾਨੂੰ ਸਟੋਰ ਵਿਚ ਮੇਰਾ ਕੁਲੀਗ ਨਰਸ ਟਰੈਵਰ ਮਿਲ ਪਿਆ। ਜਦੋਂ ਮੈਂ ਮਨਮੀਤ ਨਾਲ ਉਸ ਦੀ ਇੰਟਰੋ ਕਰਵਾਈ ਤਾਂ ਉਹ ਬੋਲਿਆ, "ਸੋ ਯੂ ਆਰ ਦਾ ਲੱਕੀ ਮੈਨ!" ਸੁਣ ਕੇ ਮਨਮੀਤ ਦਾ ਚਿਹਰਾ ਬੁਝ ਗਿਆ ਸੀ। ਮੈਨੂੰ ਲੱਗਾ ਕਿ ਮਨਮੀਤ ਦੇ ਅੰਦਰ ਈਰਖਾ ਪੈਦਾ ਹੋਈ ਹੋਵੇਗੀ। ਇੰਡੀਅਨ ਬੰਦੇ ਆਪਣੀ ਘਰ ਵਾਲੀ ਦੀ ਤਾਰੀਫ ਪਰਾਏ ਮਰਦ ਦੇ ਮੂੰਹੋਂ ਕਦੋਂ ਸਹਾਰਦੇ ਆ! ਪਰ ਮਨਮੀਤ ਦੇ ਅੰਦਰ ਤਾਂ ਕਿਸੇ ਹੋਰ ਤਰ੍ਹਾਂ ਦੀ ਚੋਟ ਵੱਜੀ ਸੀ। ਉਸ ਨੇ ਚੁੱਪ ਵੱਟ ਲਈ। ਦੋ ਕੁ ਦਿਨਾਂ ਬਾਅਦ ਉਸ ਨੇ ਮੰਮੀ ਦੇ ਅਪਲਾਈ ਕਰਨ ਬਾਰੇ ਕਿਹਾ ਸੀ। ਮੈਨੂੰ ਇਸ ਗੱਲ ਦੀ ਸਮਝ ਨਾ ਲੱਗੀ ਕਿ ਮਨਮੀਤ ਮੈਨੂੰ ਮੰਮੀ ਨੂੰ ਬੁਲਵਾਉਣ ਬਾਰੇ ਦੱਸ ਰਿਹਾ ਹੈ, ਜਾਂ ਮੇਰੀ ਸਲਾਹ ਪੁੱਛ ਰਿਹਾ ਹੈ। ਇਹ ਤਾਂ ਇਸ ਤਰ੍ਹਾਂ ਨਹੀਂ ਦੱਸਦਾ। ਹਰ ਗੱਲ ਸਲਾਹ ਨਾਲ ਕਰਦਾ ਹੈ। ਮੈਂ ਉਸ ਵੱਲ ਦੇਖਦੀ ਰਹੀ, ਇਹ ਫਿਰ ਬੋਲਿਆ, "ਮੰਮੀ ਕੇਵਿਨ ਦੀ ਲੁੱਕ ਆਫਟਰ ਕਰਗੀ।"

"ਰੀਮੈਂਬਰ? ਆਪਾਂ ਕੀ ਡੀਸਾਈਡ ਕੀਤਾ ਸੀ?"

"ਹਾਂ, ਚੇਤੇ ਆ, ਪਰ ਮੰਮੀ ਕੇਵਿਨ ਦੀ ਉਸੇ ਤਰ੍ਹਾਂ ਲੁਕਆਫਟਰ ਕਰੂ ਜਿਵੇਂ ਅਸੀਂ ਕਹਾਂਗੇ।"

"ਮੀਤ, ਦੁਬਾਰਾ ਸੋਚ। ਉਨ੍ਹਾਂ ਨੇ ਆਪਣੇ ਤਰੀਕੇ ਨਾਲ ਬੱਚੇ ਨੂੰ ਹੈਂਡਲ ਕਰਨਾ। ਲੋਲੋ-ਪੋਪੋ ਕਰ ਕੇ ਕੇਵਿਨ ਦੀਆਂ ਆਦਤਾਂ ਵਿਗਾੜ ਦੇਣੀਆਂ।"

"ਮੈਂ ਦੋ ਦਿਨ ਇਹੀ ਸੋਚਦਾ ਰਿਹਾਂ। ਟਰਾਈ ਜ਼ਰੂਰ ਕਰਨੀ ਹੈ। ਜੇ ਆਪਾਂ ਨੂੰ ਠੀਕ ਨਾ ਲੱਗਾ ਤਾਂ ਉਨ੍ਹਾਂ ਨੂੰ ਵਾਪਸ ਭੇਜ ਦੇਵਾਂਗੇ।"

"ਓ ਕੇ, ਜੇ ਤੂੰ ਸੋਚ ਹੀ ਲਿਆ ਤਾਂ।" ਮੈਂ ਅਣਮੰਨੇ ਜਿਹੇ ਮਨ ਨਾਲ ਆਖ ਤਾਂ ਦਿੱਤਾ, ਪਰ ਮੈਨੂੰ ਲਗਦਾ ਸੀ ਕਿ ਇਹ ਠੀਕ ਨਹੀਂ ਹੋਣਾ।

ਉਹੀ ਗੱਲ ਹੋਈ। ਚਾਰ ਕੁ ਮਹੀਨਿਆਂ ਬਾਅਦ ਹੀ ਮੰਮੀ ਆਖਣ ਲੱਗ ਪਏ ਕਿ ਉਨ੍ਹਾਂ ਦਾ ਜੀਅ ਨਹੀਂ ਲਗਦਾ। ਉਹ ਕੇਵਿਨ ਨੂੰ ਆਪਣੇ ਨਾਲ ਇੰਡੀਆ ਲਿਜਾਣ ਦੀ ਗੱਲ ਵੀ ਕਰਨ ਲੱਗੇ, ਪਰ ਕੇਵਿਨ ਨੂੰ ਇਸ ਤਰ੍ਹਾਂ ਇੰਡੀਆ ਭੇਜਣਾ ਤਾਂ ਮੈਨੂੰ ਕਿਸੇ ਤਰ੍ਹਾਂ ਵੀ ਮਨਜ਼ੂਰ ਨਹੀਂ ਸੀ। ਬੱਚੇ ਨਾਲ ਬੌਂਡਿੰਗ ਕਿਵੇਂ ਬਣੂੰ, ਆਪਣੇ ਤੋਂ ਪਾਸੇ ਕਰ ਕੇ। ਮੈਨੂੰ ਨ੍ਹੀਂ ਚਾਹੀਦੀ ਇਹੋ ਜਿਹੀ ਕਮਾਈ। ਇਹ ਵੀ ਚੰਗਾ ਹੀ ਹੋਇਆ ਕਿ ਮੰਮੀ ਦਾ ਜੀਅ ਨਹੀਂ ਲੱਗਾ। ਕੁਝ ਕੁਝ ਤਣਾਅ ਮੰਮੀ ਨਾਲ ਪਰਾਈਵੇਸੀ ਨੂੰ ਫਰਕ ਪੈਣ ਕਰ ਕੇ ਵੀ ਸੀ। ਮੀਤ ਨੇ ਆਪ ਹੀ ਆਖ ਦਿੱਤਾ ਇਕ ਦਿਨ, "ਆਪਾਂ ਮੰਮੀ ਨੂੰ ਵਾਪਸ ਭੇਜ ਦਿੰਨੇ ਆਂ, ਉਨ੍ਹਾਂ ਦਾ ਜੀਅ ਤਾਂ ਲਗਦਾ ਨਹੀਂ, ਨਾਲੇ ਇੰਡੀਆ ਭਾਬੀ ਹੋਰਾਂ ਦਾ ਨਹੀਂ ਸਰਦਾ।"

"ਤੇ ਕੇਵਿਨ...?" ਮੈਂ ਕਿਹਾ। ਅੰਦਰੋਂ ਮੈਂ ਖੁਸ਼ ਸੀ।

"ਮੈਂ ਸੰਭਾਲ ਲਿਆ ਕਰੂੰ। ਤੇਰੇ ਡੇਅ ਔਫ 'ਤੇ ਟੈਕਸੀ ਚਲਾ ਲਿਆ ਕਰੂੰ।"

"ਵੇਖ ਲੈ?"

"ਮੰਮੀ ਦੇ ਆਉਣ ਤੋਂ ਪਹਿਲਾਂ ਵੀ ਤਾਂ ਸੰਭਾਲਦਾ ਹੀ ਸੀ। ਨਾਲੇ ਹੁਣ ਤਾਂ ਇੰਸ਼ੋਰੈਂਸ ਦਾ ਲਾਈਸੈਂਸ ਵੀ ਮਿਲ ਗਿਆ ਹੈ, ਕੋਈ ਨਾ ਕੋਈ ਕਲਾਇੰਟ ਮਿਲ ਹੀ ਜਾਇਆ ਕਰੂ।"

"ਕਿਸੇ ਡੇਅ ਕੇਅਰ 'ਚ ਪੁੱਛ ਲਈਏ?"

"ਡੇਅ ਕੇਅਰ 'ਚ ਪਹਿਲਾਂ ਵੀ ਤਾਂ ਟਰਾਈ ਕੀਤਾ ਹੀ ਸੀ। ਮੇਰੀ ਕਮਾਈ ਨਾਲੋਂ ਜ਼ਿਆਦਾ ਤਾਂ ਉਨ੍ਹਾਂ ਦਾ ਖਰਚਾ ਆ ਜਿਆ ਕਰਨਾ। ਨਾਲੇ ਉਲਾਂਭੇ ਨਿਤ ਨਿਤ ਦੇ।"

"ਠੀਕ ਐ, ਜੇ ਕਰ ਲਵੇਂਗਾ ਤਾਂ।" ਕੇਵਿਨ ਨੂੰ ਅਸੀਂ ਡੇਅ ਕੇਅਰ ਵਿਚ ਪਹਿਲਾਂ ਵੀ ਮਹੀਨਾ ਕੁ ਪਾਇਆ ਸੀ। ਪਹਿਲੇ ਦਿਨ ਹੀ ਫਲੂ ਕਰਵਾ ਲਿਆਇਆ। ਬੱਚੇ ਇਕ-ਦੂਜੇ ਤੋਂ ਵਾਇਰਸ ਵੀ ਤਾਂ ਛੇਤੀ ਕੈਚ ਕਰ ਲੈਂਦੇ ਆ। ਜਦੋਂ ਸ਼ਾਮ ਨੂੰ ਉਸ ਨੂੰ ਲੈਣ ਜਾਣਾ, ਡੇਅ ਕੇਅਰ ਵਾਲੀ ਨੇ ਕਹਿਣਾ, ਤੁਹਾਡਾ ਮੁੰਡਾ ਬਹੁਤ ਤੰਗ ਕਰਦੈ। ਦੂਜੇ ਬੱਚਿਆਂ ਨੂੰ ਮਾਰਦਾ। ਟਿਕ ਕੇ ਨਹੀਂ ਬੈਠਦਾ। ਨਿਤ ਨਿਤ ਦੇ ਉਲਾਂਭਿਆਂ ਤੋਂ ਤੰਗ ਆਇਆ ਮਨਮੀਤ ਇਕ ਦਿਨ ਆਪਣੇ ਫੋਨ ਦੇ ਕੈਲਕੂਲੇਟਰ ਵਾਲੇ ਐਪ ਨੂੰ ਖੋਲ੍ਹ ਕੇ ਬੈਠ ਗਿਆ। ਕੁਝ ਦੇਰ ਹਿਸਾਬ-ਕਿਤਾਬ ਜਿਹਾ ਕਰ ਕੇ ਕਹਿੰਦਾ, "ਨੀਨੂੰ, ਆਪਾਂ ਕੇਵਿਨ ਨੂੰ ਡੇਅ ਕੇਅਰ ਭੇਜਦੇ ਹੀ ਨਹੀਂ।"

"ਹੋਰ?"

"ਮੇਰੀ ਕਮਾਈ ਨਾਲੋਂ ਤਾਂ ਜ਼ਿਆਦਾ ਆਪਾਂ ਡੇਅ ਕੇਅਰ ਨੂੰ ਪੇਅ ਕਰ ਦਿੰਨੇ ਆਂ। ਮੈਂ ਘਰ ਰਿਹਾ ਕਰੂੰ। ਜਦੋਂ ਤੇਰਾ ਡੇਅ ਔਫ ਹੋਊਗਾ, ਮੈਂ ਟੈਕਸੀ ਚਲਾ ਲਿਆ ਕਰੂੰ।"

"ਇਕ ਅੱਧੇ ਦਿਨ ਦੀ ਗੱਲ ਹੋਰ ਹੁੰਦੀ ਐ, ਨਿਤ ਨਿਤ ਬੱਚੇ ਨਾਲ ਘਰੇ ਰਹਿਣਾ ਐਨਾ ਸੌਖਾ ਨ੍ਹੀਂ?"

"ਨਹੀਂ ਮੈਂ ਰਹਿ ਪਊਂ, ਏਦਾਂ ਹੀ ਠੀਕ ਆਉਂਦਾ। ਤੇਰੀ ਗੌਰਮਿੰਟ ਦੀ ਜੌਬ ਐ। ਘਰ ਦੇ ਨੇੜੇ ਐ। ਇਹੋ ਜਿਹੀਆਂ ਜੌਬਾਂ ਨਿਤ ਨਿਤ ਨ੍ਹੀਂ ਮਿਲਦੀਆਂ। ਮੈਂ ਪੂਰਾ ਕੈਲਕੂਲੇਟ ਕਰ ਲਿਐ।"

ਮੈਨੂੰ ਇਸ ਦੀ ਕੈਲਕੂਲੇਸ਼ਨ 'ਤੇ ਭਰੋਸਾ ਹੈ। ਹਿਸਾਬ-ਕਿਤਾਬ 'ਚ ਪੂਰਾ ਮਾਹਿਰ ਹੈ। ਕੇਵਿਨ ਦੇ ਜਨਮ ਤੋਂ ਢਾਈ-ਤਿੰਨ ਮਹੀਨੇ ਪਹਿਲਾਂ ਵੀ ਇਹ ਇਸੇ ਤਰ੍ਹਾਂ ਹੀ ਕੈਲਕੂਲੇਟਰ ਲੈ ਕੇ ਬੈਠ ਗਿਆ ਸੀ; ਤੇ ਫਿਰ ਬੋਲਿਆ, "ਨੀਨੂੰ, ਆਪਾਂ ਆਵਦਾ ਘਰ ਨਾ ਲੈ ਲਈਏ, ਘਰਾਂ ਦੀਆਂ ਕੀਮਤਾਂ ਨਿਤ ਵਧੀ ਜਾਂਦੀਆਂ। ਹੁਣ ਤਾਂ ਆਪਾਂ ਨੂੰ ਮਾਰਟਗੇਜ ਮਿਲ ਜਾਵੇਗੀ, ਤੂੰ ਕੰਮ ਕਰਦੀ ਹੈਂ। ਜਦੋਂ ਤੂੰ ਮੈਟਰਨਿਟੀ ਲੀਵ 'ਤੇ ਚਲੀ ਗਈ, ਫੇਰ ਆਪਾਂ ਨੂੰ ਮਾਰਟਗੇਜ ਨ੍ਹੀਂ ਮਿਲਣੀ। ਬੇਸਮੈਂਟ ਰੈਂਟ 'ਤੇ ਦੇ ਦੇਵਾਂਗੇ। ਜਿੰਨਾ ਹੁਣ ਰੈਂਟ ਦਿੰਨੇ ਆਂ, ਓਨਾ ਕੁ ਹੀ ਆਪਣਾ ਖਰਚਾ ਆਇਆ ਕਰਨਾ।"

ਤੇ ਅਸੀਂ ਘਰ ਲੈ ਲਿਆ ਸੀ। ਸਾਡੀ ਗੱਡੀ ਵਧੀਆ ਚੱਲ ਨਿਕਲੀ ਸੀ। ਮੰਮੀ ਦੇ ਇੰਡੀਆ ਮੁੜਨ ਤੋਂ ਬਾਅਦ ਵੀ ਸਾਰਾ ਕੁਝ ਠੀਕ ਚੱਲ ਪਿਆ ਸੀ। ਮੇਰੀ ਕੰਮ 'ਤੇ ਤਿੰਨ ਦਿਨ ਦੀ ਬਾਰਾਂ ਘੰਟੇ ਦੀ ਸ਼ਿਫਟ ਹੁੰਦੀ। ਫਿਰ ਤਿੰਨ ਛੁੱਟੀਆਂ ਹੁੰਦੀਆਂ। ਉਨ੍ਹਾਂ ਤਿੰਨਾਂ ਛੁੱਟੀਆਂ ਵਿਚੋਂ ਦੋ ਦਿਨ ਮੈਂ ਓਵਰਟਾਈਮ ਕਰ ਲੈਂਦੀ। ਇਨ੍ਹਾਂ ਦੋ ਦਿਨਾਂ ਦੇ ਓਵਰਟਾਈਮ ਨਾਲ ਮਨਮੀਤ ਦੇ ਸੱਤ ਦਿਨ ਟੈਕਸੀ ਚਲਾਉਣ ਨਾਲੋਂ ਵੀ ਜ਼ਿਆਦਾ ਕਮਾਈ ਹੁੰਦੀ। ਇਹ ਵੀ ਮਨਮੀਤ ਦੀ ਹੀ ਕੈਲਕੂਲੇਸ਼ਨ ਸੀ। ਮੇਰੇ ਇਕ ਦਿਨ ਛੁੱਟੀ ਵਾਲੇ ਦਿਨ ਮਨਮੀਤ ਟੈਕਸੀ ਚਲਾ ਆਉਂਦਾ। ਹਫਤੇ ਵਿਚ ਇਕ-ਦੋ ਕਾਰਾਂ ਦੀ ਇੰਸ਼ੋਰੈਂਸ ਆ ਜਾਂਦੀ। ਜਦੋਂ ਉਸ ਨੂੰ ਕੁਝ ਸਮਾਂ ਮਿਲਦਾ, ਉਹ ਰੀਅਲ ਐਸਟੇਟ ਏਜੰਟ ਦੇ ਐਗਜ਼ਾਮ ਦੀ ਤਿਆਰੀ ਕਰ ਲੈਂਦਾ। ਇਹੀ ਉਸ ਦਾ ਵਿਚਾਰ ਸੀ ਕਿ ਜਿੰਨੀ ਦੇਰ ਕੇਵਿਨ ਸਕੂਲ ਨਹੀਂ ਜਾਣ ਲੱਗ ਜਾਂਦਾ, ਉਨੀ ਦੇਰ ਉਹ ਰੀਅਲ ਐਸਟੇਟ ਏਜੰਟ ਅਤੇ ਮਾਰਟਗੇਜ ਬਰੋਕਰ ਦਾ ਲਾਈਸੈਂਸ ਲੈ ਲਵੇਗਾ। ਸਾਰਾ ਕੁਝ ਠੀਕ ਚੱਲ ਰਿਹਾ ਸੀ ਕਿ ਮਨਮੀਤ ਦੀ ਚੁੱਪ ਨੇ ਮੈਨੂੰ ਡਰਾ ਦਿੱਤਾ।

ਮੈਂ ਸੋਚਿਆ ਕਿ ਮਨਮੀਤ ਦੀ ਚੁੱਪ ਕਿਤੇ ਉਸ ਅੰਦਰ ਕੋਈ ਗੰਢ ਨਾ ਬਣਾ ਦੇਵੇ। ਖਾਸ ਕਰ ਕੇ ਉਸ ਦੀ ਰਾਤ ਵਾਲੀ ਪਾਸਾ ਵੱਟਣ ਵਾਲੀ ਘਟਨਾ ਨੇ ਮੈਨੂੰ ਸੋਚੀਂ ਡੋਬ ਦਿੱਤਾ ਸੀ। 'ਅੱਜ ਪਤਾ ਕਰ ਕੇ ਰਹਿਣਾ', ਮੈਂ ਆਪਣੇ ਆਪ ਨਾਲ ਫੈਸਲਾ ਕਰ ਲਿਆ। ਮਨਮੀਤ ਦੇਰ ਕਰ ਰਿਹਾ ਸੀ। ਐਨੀ ਦੇਰ ਤਾਂ ਉਸ ਨੇ ਕਦੇ ਵੀ ਨਹੀਂ ਸੀ ਲਾਈ, ਇੰਸ਼ੋਰੈਂਸ ਕਰਨ ਗਏ ਨੇ। ਮੈਨੂੰ ਫਿਕਰ ਹੋਣ ਲੱਗਾ। ਮੈਂ ਉਸ ਨੂੰ ਫੋਨ ਕੀਤਾ। ਉਹ ਅੱਗਿਉਂ ਬੋਲਿਆ, "ਮੈਂ ਆ ਰਿਹਾਂ।"

ਘਰ ਆਉਣ ਸਾਰ ਬੋਲਿਆ, "ਸੌਰੀ ਨੀਨੂੰ, ਕੋਈ ਕੰਮ ਕਰਨ ਲਈ ਦਿਨੇ ਮੇਰਾ ਜੀਅ ਨ੍ਹੀਂ ਕੀਤਾ, ਚੱਲ ਅੱਜ ਰੈਸਟੋਰੈਂਟ 'ਚ ਖਾਣਾ ਖਾਣ ਚਲਦੇ ਹਾਂ।"

"ਗਿਵ ਮੀ ਟੂ ਮਿੰਟਸ", ਮੈਂ ਉਸ ਦੇ ਵਿਹਾਰ 'ਤੇ ਹੈਰਾਨ ਸੀ। ਕੋਈ ਹੋਰ ਸਮਾਂ ਹੁੰਦਾ ਤਾਂ ਮੈਂ ਸ਼ਾਇਦ ਬਾਹਰ ਜਾਣ ਲਈ ਐਡੀ ਛੇਤੀ ਤਿਆਰ ਨਾ ਹੁੰਦੀ। ਕੰਮ ਤੋਂ ਵਾਪਸ ਆ ਕੇ ਮੇਰੇ ਵਿਚ ਕਿਤੇ ਵੀ ਜਾਣ ਦੀ ਸੱਤਿਆ ਨਹੀਂ ਰਹਿੰਦੀ। ਮੈਨੂੰ ਲੱਗਾ ਕਿ ਇਸ ਤੋਂ ਚੰਗਾ ਮੌਕਾ ਹੋਰ ਕੀ ਹੋਵੇਗਾ, ਮਨਮੀਤ ਦੇ ਵਿਹਾਰ ਬਾਬਤ ਜਾਣਨ ਬਾਰੇ।

ਅਸੀਂ ਰੈਸਟੋਰੈਂਟ ਚਲੇ ਗਏ। ਕੇਵਿਨ ਉਥੇ ਜਾ ਕੇ ਕੁਝ ਦੇਰ ਲਈ ਕਰੀਆਨ ਨਾਲ ਕਾਰਟੂਨਾਂ ਵਿਚ ਰੰਗ ਭਰਨ ਲੱਗ ਜਾਂਦਾ ਹੈ; ਸਗੋਂ ਜਾਣ ਸਾਰ ਆਪ ਮੰਗਦਾ ਹੈ। ਘਰ ਇਹ ਰੰਗਦਾਰ ਪੈਨਸਿਲਾਂ ਵੱਲ ਦੇਖਦਾ ਵੀ ਨਹੀਂ। ਕੇਵਿਨ ਨੂੰ ਰੁਝਿਆ ਦੇਖ ਮੈਂ ਮਨਮੀਤ ਨਾਲ ਗੱਲ ਛੇੜਨ ਦੇ ਇਰਾਦੇ ਨਾਲ ਪੁੱਛ ਲਿਆ, "ਕੀਹਦੀ ਕਾਰ ਦੀ ਇੰਸ਼ੋਰੈਂਸ ਕਰਨ ਗਿਆ ਸੀ ਮੀਤ?"

"ਜੇਮਜ਼ ਦੀ।"

"ਫਿਲਪੀਨੋ ਜੇਮਜ਼, ਜਿਹੜਾ ਪਾਰਕ ਵਿਚ ਬੱਚੇ ਖਿਡਾਉਣ ਲਿਆਉਂਦਾ ਹੁੰਦਾ?"

"ਹਾਂ।"

"ਐਨਾ ਚਿਰ ਲੱਗ ਗਿਆ? ਆਈ ਵਾਜ਼ ਵਰੀਡ।"

"ਉਹ ਬੱਚਿਆਂ ਦੀਆਂ ਗੱਲਾਂ ਸੁਣਾਉਣ ਲੱਗ ਪਿਆ। ਟਾਈਮ ਦਾ ਪਤਾ ਈ ਨ੍ਹੀਂ ਲੱਗਿਆ। ਦੇਖ ਲਾ ਤਿੰਨ ਨਿਆਣੇ ਸੰਭਾਲਦਾ। ਵਾਈਫ ਉਹਦੀ ਸੱਤੇ ਦਿਨ ਕੰਮ ਕਰਦੀ ਐ।"

"ਮੇਰੇ ਨਾਲ ਵੀ ਇਕ ਫਿਲਪੀਨੋ ਕੁੜੀ ਕੰਮ ਕਰਦੀ ਐ। ਉਹ ਤਾਂ ਸਗੋਂ ਦੋ ਜੌਬਾਂ ਕਰਦੀ ਐ। ਉਹਦਾ ਘਰਵਾਲਾ ਵੀ ਇਸੇ ਤਰ੍ਹਾਂ ਬੱਚੇ ਸੰਭਾਲਦਾ। ਮੇਰੇ ਵਾਲੇ ਯੂਨਿਟ ਵਿਚ ਨਰਸ ਐ ਨਾ ਟਰੈਵਰ, ਉਹ ਵੀ ਲਾਈਕ ਕਰਦਾ ਘਰ ਰਹਿ ਕੇ ਬੱਚੇ ਸੰਭਾਲਣਾ, ਪਰ ਉਹਦੀ ਵਾਈਫ ਨ੍ਹੀਂ ਮੰਨਦੀ। ਚੱਲ ਛੱਡ, ਤੂੰ ਐਨਾ ਚੁੱਪ ਚੁੱਪ ਕਿਉਂ ਐਂ। ਮੈਨੂੰ ਤੇਰੀ ਚੁੱਪ ਤੋਂ ਬਹੁਤ ਡਰ ਲੱਗਦੈ। ਜੇ ਕੋਈ ਗੱਲ ਐ ਤਾਂ ਦੱਸ?"

ਉਹ ਕੁਝ ਦੇਰ ਤਾਂ ਟਾਲ-ਮਟੋਲ ਕਰਦਾ ਰਿਹਾ, ਪਰ ਮੇਰੇ ਜ਼ੋਰ ਪਾਉਣ 'ਤੇ ਬੋਲਿਆ, "ਕਦੇ ਕਦੇ ਮੇਰੇ ਅੰਦਰਲਾ ਪੰਜਾਬੀ ਬੰਦਾ ਜਾਗ ਪੈਂਦਾ, ਬੱਸ ਹੋਰ ਕੁਛ ਨ੍ਹੀਂ।"

"ਕਿਤੇ ਮੈਂ ਤਾਂ ਨ੍ਹੀਂ ਜਗਾਇਆ?"

ਉਹ ਮੁਸਕਰਾਇਆ, ਫਿਰ ਬੋਲਿਆ, "ਜਸਦੇਵ ਨੀ ਸੀ ਆਇਆ? ਜਾਣ ਲੱਗਾ ਕਹਿੰਦਾ, 'ਤੇਰਾ ਤਾਂ ਕੈਨੇਡਾ ਆ ਕੇ ਸੈਕਸ ਚੇਂਜ ਹੋ ਗਿਆ ਲਗਦਾ।' ਮੈਂ ਸੋਚਿਆ ਕਿ ਐਵੇਂ ਮਖੌਲ ਕਰਦੈ। ਉਹ ਫਿਰ ਕਹਿੰਦਾ, 'ਤੂੰ ਤਾਂ ਹਾਊਸ-ਵਾਈਫ ਬਣ ਕੇ ਰਹਿ ਗਿਆਂ। ਜੇ ਕੋਈ ਚੰਗੀ ਜੌਬ ਨ੍ਹੀਂ ਮਿਲਦੀ ਤਾਂ ਕੋਈ ਬਿਜਨਸ ਵਗੈਰਾ ਕਰ ਲੈ। ਤੇਰੇ ਬੇਲੀ ਰਿੰਕੂ ਨੇ ਤਾਂ ਆਵਦਾ ਬਿਜਨਸ ਸ਼ੁਰੂ ਕਰ ਲਿਐ। ਸਕੂਲ ਖੋਲ੍ਹ ਲਿਆ ਆਵਦਾ, ਮੌਜ ਕਰਦਾ।' ਉਹਦੀਆਂ ਗੱਲਾਂ ਸੁਣ ਕੇ ਦੋ ਕੁ ਦਿਨ ਤਾਂ ਮੈਨੂੰ ਲਗਦਾ ਰਿਹਾ, ਜਿਵੇਂ ਮੈਂ ਕੋਈ ਲੂਜ਼ਰ ਹੋਵਾਂ, ਪਰ ਅੱਜ ਜੇਮਜ਼ ਨਾਲ ਗੱਲਾਂ ਕਰ ਕੇ ਲੱਗਾ ਜਿਵੇਂ...।"

ਮਨਮੀਤ ਨੇ ਆਪਣੀ ਗੱਲ ਹਾਲੇ ਪੂਰੀ ਵੀ ਨਹੀਂ ਸੀ ਕੀਤੀ ਕਿ ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਕੰਮ ਜਾਂ ਬਿਜਨਸ ਤਾਂ ਰਿੰਕੂ ਜਾਂ ਜਸਦੇਵ ਵਰਗਾ ਜਣਾ-ਖਣਾ ਕਰ ਲਊ, ਪਰ ਹਾਊਸ-ਵਾਈਫ ਬਣ ਕੇ ਦਿਖਾਵੇ ਕੋਈ।"

ਮਨਮੀਤ ਨੇ ਮੇਰਾ ਹੱਥ ਆਪਣੇ ਹੱਥਾਂ ਵਿਚ ਘੁੱਟ ਲਿਆ। ਸਾਡੀਆਂ ਅੱਖਾਂ ਮਿਲੀਆਂ, ਹੱਥ ਹੋਰ ਘੁੱਟੇ ਗਏ ਅਤੇ ਅਸੀਂ ਕੇਵਿਨ ਨੂੰ ਰੰਗਾਂ ਨਾਲ ਖੇਡਦਾ ਦੇਖਣ ਲੱਗੇ।

# ਧਰਤੀ ਮਾਤਾ, ਬ੍ਰਹਿਮੰਡੀ ਵਿਸਮਾਦ ਤੇ ਮਾਨਵੀ ਵਿਗਾਸ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਗਿਆਨ ਆਸ਼ਰਮ ਪ੍ਰਕਾਸ਼ਨ ਦਾ ਛਾਪਿਆ ਬ੍ਰਹਿਮੰਡ ਅਤੇ ਮਾਨਵ ਜਾਤੀ ਦਾ ਸਾਬਤ ਸਿਧਾਂਤ 'ਵਿਸਮਾਦ: ਤੀਸਰਾ ਬਦਲ' ਪਿਆ ਹੈ। ਭਾਈ ਹਰਿਸਿਮਰਨ ਸਿੰਘ ਅਨੰਦਪੁਰ ਸਾਹਿਬ ਇਸ ਦੇ ਰਚੈਤਾ ਹਨ। 1156 ਪੰਨਿਆਂ ਵਿਚ ਫੈਲਿਆ ਇਹ ਵੱਡ ਆਕਾਰੀ ਗ੍ਰੰਥ ਤਿੰਨ ਜਿਲਦਾਂ ਵਿਚ ਵੰਡਿਆ ਹੋਇਆ ਹੈ। ਮੂਲ ਮੰਤਵ ਪ੍ਰਕਿਰਤੀ ਦੇ ਵਿਸਮਾਦ ਨੂੰ ਮਾਨਵ ਜਾਤੀ ਦੇ ਵਿਕਾਸ ਤੇ ਵਿਗਾਸ ਨਾਲ ਜੋੜ ਕੇ ਭਰੋਸੇਯੋਗ ਅਤੇ ਹੰਢਣਸਾਰ ਮਾਰਗ ਪੇਸ਼ ਕਰਨਾ ਹੈ। ਅਜਿਹਾ ਕਰਨ ਲਈ ਲੇਖਕ ਨੇ ਭਗਤ ਬਾਣੀ ਤੇ ਗੁਰਬਾਣੀ ਨੂੰ ਆਪਣਾ ਸੋਮਾ ਬਣਾਇਆ ਹੈ।

'ਆਗਾਹ ਕੂ ਤ੍ਰਾਂਘਿ ਪਿਛਾ ਫੇਰਿ ਨਾ ਮੁਹਡੜਾ' ਅਨੁਸਾਰ ਬੀਤ ਚੁਕੇ ਵਰਤਾਰੇ ਨੂੰ ਨਕਾਰਨ ਜਾਂ ਉਸ ਉਤੇ ਝੂਰਨ ਦੀ ਥਾਂ ਅਗਲੇਰੇ ਸਫਰ ਦੇ ਲਾਹੇਵੰਦ ਨਤੀਜੇ ਪ੍ਰਾਪਤ ਕਰਨ ਲਈ ਸਾਕਾਰਾਤਮਕ ਸੋਚ ਤੇ ਚਿੰਤਨ ਨੂੰ ਆਪਣਾ ਆਧਾਰ ਬਣਾਉਣਾ ਚਾਹੀਦਾ ਹੈ। ਇਹ ਤਦ ਹੀ ਸੰਭਵ ਹੈ ਜੇ ਅਸੀਂ ਬ੍ਰਹਿਮੰਡ ਦੇ ਨਿਯਮਾਂ ਦੀ ਥਾਹ ਪਾ ਸਕੀਏ। ਸਾਰੇ ਗ੍ਰਹਿਆਂ ਦਾ ਧੁਰਾ ਸੂਰਜ ਹੈ। ਸਾਡੀ ਧਰਤੀ ਨੂੰ ਹਰ ਚੜ੍ਹਦੇ ਸੂਰਜ ਇਹ ਚਿੰਤਾ ਹੁੰਦੀ ਹੈ ਕਿ ਇਸ ਨੇ ਇਸ ਧੁਰੇ ਉਤੇ ਘੁੰਮਦਿਆਂ 24 ਘੰਟਿਆਂ ਵਿਚ ਆਪਣਾ ਚੱਕਰ ਕਿਵੇਂ ਪੂਰਾ ਕਰਨਾ ਹੈ? ਇਹ ਵੀ ਕਿ 365 ਦਿਨਾਂ ਵਿਚ ਵਿਸ਼ਾਲ ਚੱਕਰ ਲਾ ਕੇ ਅਗਲੇ ਵਿਸ਼ਾਲ ਚੱਕਰ ਲਈ ਕਿਵੇਂ ਉਸ ਸਥਾਨ ਉਤੇ ਪਹੁੰਚਣਾ ਹੈ, ਜਿਥੋਂ ਇਸ ਨੇ ਪਹਿਲਾ ਚੱਕਰ ਸ਼ੁਰੂ ਕੀਤਾ ਸੀ।

ਸਧਾਰਨ ਮਨੁੱਖ ਦੀ ਜੀਵਨ ਯਾਤਰਾ ਵਿਚ ਏਨੀਆਂ ਰੋਕਾਂ, ਬੰਧਨ ਤੇ ਝੰਜਟ ਹਨ ਕਿ ਇਨ੍ਹਾਂ ਨੂੰ ਸਹਿਜ ਬਣਾਈ ਰੱਖਣ ਲਈ ਧਰਤੀ ਮਾਤਾ ਦੇ ਉਸ ਸਫਰ ਤੋਂ ਚਾਨਣ ਲੈਣਾ ਚਾਹੀਦਾ ਹੈ ਜਿਸ ਦਾ ਧਰਤੀ ਮਾਤਾ ਸੈਂਕੜੇ, ਕਰੋੜਾਂ ਤੇ ਅਰਬਾਂ ਵਰ੍ਹਿਆਂ ਤੋਂ ਨਿਯਮਬੱਧ ਪਾਲਣ ਕਰਦੀ ਆ ਰਹੀ ਹੈ। ਸਿਰਜਣਾਤਮਕ ਸ਼ਕਤੀਆਂ ਦੇ ਨਿਯਮਤ ਵਹਾਅ ਅਧੀਨ ਵੱਡੀ ਊਰਜਾ ਵਾਲੇ ਤਾਰਿਆਂ ਦੀ ਵਧੀਕੀ ਤੋਂ ਬ੍ਰਹਿਮੰਡ ਸਿਰਜਣ ਵਾਲੀ ਅਦੁੱਤੀ ਸ਼ਕਤੀ ਛੋਟੀ ਊਰਜਾ ਵਾਲੇ ਤਾਰਿਆਂ ਦਾ ਬਚਾਅ ਨਿਤ ਵਿਧ ਕਰਦੀ ਆ ਰਹੀ ਹੈ। ਮਨੁੱਖੀ ਜੀਵਨ ਵਿਚ ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇ ਜ਼ਿੰਦਗੀ ਦੇ ਵਿਕਾਸ ਤੇ ਆਰਥਕ ਸੁਰੱਖਿਆ ਲਈ ਨਿਯਮਾਂ ਅਨੁਸਾਰ ਚਲਣ ਵਾਲੀ ਰਾਜ ਵਿਵਸਥਾ ਪ੍ਰਾਪਤ ਹੋਵੇ। ਇਸ ਸਭ ਕਾਸੇ ਦਾ ਠੀਕ ਸੁਮੇਲ ਹੀ ਵਿਕਾਸ ਤੇ ਵਿਗਾਸ ਦਾ ਰਾਹ ਪੱਧਰਾ ਕਰਦਾ ਹੈ।

ਇਸ ਤ੍ਰੈਜਿਲਦੀ ਗ੍ਰੰਥ ਦੀ ਅਸਲ ਧਾਰਨਾ ਇਹ ਹੈ ਕਿ ਸੰਸਾਰ ਦੇ ਸਾਰੇ ਦੇਸ਼ 'ਇੱਕ ਦੇਸ਼ ਆਧਾਰਤ' ਬਣਤਰ ਤੋਂ ਉਪਰ ਉਠ ਕੇ ਆਪੋ ਆਪਣੇ ਭੂਗੋਲਿਕ ਖੇਤਰ ਵਿਚ ਆਪਣੀ ਇਕੱਸੁਰਤਾ ਵਧਾ ਕੇ ਦੂਜੇ ਦੇਸ਼ਾਂ ਦੇ ਸਭਿਆਚਾਰ ਨੂੰ ਪਛਾਣਨ ਤੇ ਉਨ੍ਹਾਂ ਦੀ ਰੱਖਿਆ ਲਈ ਇਸੇ ਤਰ੍ਹਾਂ ਵਚਨਬੱਧ ਹੋਣ ਜਿਵੇਂ ਨਿਜੀ ਹਿੱਤਾਂ ਤੇ ਆਪਣੇ ਸਭਿਆਚਾਰ ਲਈ ਹੁੰਦੇ ਹਨ। ਇਹਦੇ ਲਈ ਬ੍ਰਹਿਮੰਡ ਨਿਯਮਾਵਲੀ ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ। ਮਿੱਟੀ ਦਿਵਸ ਮੌਕੇ ਭਾਈ ਹਰਿਸਿਮਰਨ ਸਿੰਘ ਵਲੋਂ ਪੇਸ਼ ਕੀਤਾ ਤੀਜਾ ਬਦਲ ਧਿਆਨ ਮੰਗਦਾ ਹੈ।

ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥

**ਰੁਪਏ ਦਾ ਨੋਟ ਇੱਕ ਮੁੱਦਤ ਪਹਿਲਾਂ:** ਇੱਕ ਰੁਪਏ ਦਾ ਨੋਟ ਸੌ ਸਾਲ ਦਾ ਹੋ ਗਿਆ ਹੈ। ਇਸ ਨੋਟ ਦੇ 101ਵੇਂ ਵਰ੍ਹੇ ਵਿਚ ਪੈਰ ਧਰਨ ਨੇ ਮੈਨੂੰ ਆਪਣੇ ਸਕੂਲ-ਕਾਲਜ ਵਿਚ ਪੜ੍ਹਨ ਦਾ ਸਮਾਂ ਚੇਤੇ ਕਰਵਾ ਦਿੱਤਾ ਹੈ। 1950-51 'ਚ ਗਰਮੀ ਦੇ ਮੌਸਮ ਵਿਚ ਮੇਰੇ ਇੱਕ ਜਮਾਤੀ ਨੇ ਮਲਮਲ ਦਾ ਕੁੜਤਾ ਪਹਿਨਿਆ ਤਾਂ ਉਹ ਅਗਲੀ ਜੇਬ ਵਿਚ ਇੱਕ ਰੁਪਏ ਦਾ ਨੋਟ ਇਸ ਤਰ੍ਹਾਂ ਪਾ ਕੇ ਲਿਆਇਆ ਕਿ ਬਾਕੀ ਦੇ ਮੁੰਡਿਆਂ ਨੂੰ ਦੂਰੋਂ ਦਿਖਾਈ ਦੇਵੇ। ਉਹ ਮੁੰਡਾ ਜਮਾਤਣਾਂ ਕੋਲੋਂ ਵੀ ਛਾਤੀ ਤਾਣ ਕੇ ਲੰਘਦਾ। ਉਸ ਦੇ ਇਸ ਦਿਖਾਵੇ ਦਾ ਸਾਡੇ ਇੱਕ ਹੋਰ ਵਿਦਿਆਰਥੀ ਉਤੇ ਵੀ ਅਸਰ ਪਿਆ ਤਾਂ ਉਸ ਨੇ ਵੀ ਮਲਮਲ ਦੀ ਕੁੜਤੀ ਸੰਵਾਈ ਤੇ ਉਹਦੇ ਵਿਚ ਇੱਕ ਇੱਕ ਰੁਪਏ ਦੇ ਦੋ ਨੋਟ ਪਹਿਲੇ ਮੁੰਡੇ ਵਾਂਗ ਪਾ ਕੇ ਲਿਆਉਣੇ ਸ਼ੁਰੂ ਕਰ ਦਿੱਤੇ। ਇੱਕ ਰੁਪਏ ਦੇ ਨੋਟ ਨੂੰ ਜਨਮ ਦਿਨ ਮੁਬਾਰਕ!

**ਮੰਦਿਰਾ ਬੇਦੀ ਅਤੇ ੴ:** ਜਾਣੀ-ਪਛਾਣੀ ਮਾਡਲ ਤੇ ਅਦਾਕਾਰਾ ਮੰਦਿਰਾ ਬੇਦੀ ਨੇ ਆਪਣੀ ਹਾਲੀਆ ਚੰਡੀਗੜ੍ਹ ਫੇਰੀ ਸਮੇਂ ਇਕ ਬੜੀ ਅਜੀਬ ਗੱਲ ਦੱਸੀ। ਉਹ ਬੇਦੀ ਕੁੱਲ ਵਿਚੋਂ ਹੈ ਜਿਸ ਵਿਚੋਂ ਗੁਰੂ ਨਾਨਕ ਦੇਵ ਸਨ। ਉਸ ਨੇ ਆਪਣੀ ਪਿੱਠ ਉਤੇ ਧੌਣ ਤੋਂ ਥੋੜ੍ਹਾ ਨੀਵਾਂ 'ਇੱਕ ਓਂਕਾਰ' ਦਾ ਮਹਾਨ ਚਿੰਨ੍ਹ ਖੁਣਵਾਇਆ ਹੋਇਆ



ਹੈ ਜੋ ਹਰ ਕਿਸੇ ਨੂੰ ਸਾਫ ਦਿਖਾਈ ਦੇਵੇ। ਉਹ ਪੰਜਾਬ ਦੀ ਜੰਮਪਲ ਹੈ ਭਾਵੇਂ ਲੰਮੇ ਅਰਸੇ ਤੋਂ ਮੁੰਬਈ ਰਹਿੰਦੀ ਹੈ। ਉਸ ਨੂੰ ਬੇਦੀ ਕੁੱਲ ਦੀ ਪੰਜਾਬਣ ਹੋਣ ਉਤੇ ਮਾਣ ਹੈ।

ਹੋਇਆ ਇਹ ਕਿ ਗਰਦਨ ਉਤੇ ੴ ਖੁਣਿਆ ਦੇਖ ਕੇ ਸਿੱਖੀ ਮਰਿਆਦਾ ਵਾਲੇ ਲੋਕ ਹੀ ਉਸ ਦਾ ਮਜ਼ਾਕ ਉਡਾਉਣ ਲੱਗੇ। ਇਥੋਂ ਤੱਕ ਕਿ ਜਦੋਂ ਉਸ ਨੇ ਇੱਕ ਵਾਰੀ ਚੰਡੀਗੜ੍ਹ ਆਉਣਾ ਸੀ ਤਾਂ ਉਸ ਨੂੰ ਆਪਣੀ ਧੌਣ ਉਤੇ ਪੱਟੀ ਬੰਨ੍ਹਣੀ ਪਈ। ਉਸ ਨੇ ਹੱਸਦਿਆਂ ਹੱਸਦਿਆਂ ਇਹ ਗੱਲ ਵੀ ਕਹੀ ਕਿ ਸ਼ਾਇਦ ਉਹ ਦੇਖਣ ਨੂੰ ਪੂਰੀ ਪੰਜਾਬਣ ਨਹੀਂ ਲਗਦੀ ਕਿਉਂਕਿ ਤਾਮਿਲ ਭਾਸ਼ਾ ਵਿਚ ਫਿਲਮਾਂ ਬਣਾਉਣ ਵਾਲੇ ਉਸ ਨੂੰ ਵਧੇਰੇ ਮਾਣ ਤੇ ਸਤਿਕਾਰ ਦਿੰਦੇ ਹਨ। ਜਿਥੋਂ ਤੱਕ ੴ ਦਾ ਸਬੰਧ ਹੈ, ਉਸ ਨੇ ਇੱਕ ਪੜਾਅ ਉਤੇ ਇਸ ਚਿੰਨ੍ਹ 'ਤੇ ਵਡੇਰਾ ਅਫਰੀਕੀ ਚਿੰਨ੍ਹ ਉਕਰਵਾ ਕੇ ਇਸ ਨੂੰ ਸਦਾ ਲਈ ਢਕ ਲਿਆ ਹੈ, ਜਿਸ ਦੀ ਉਸ ਨੂੰ ਸੱਚ ਮੁੱਚ ਨਿਰਾਸ਼ਾ ਹੈ।

ਮੈਂ ਉਨ੍ਹਾਂ ਸਿੱਖਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਆਪਣੇ ਪੱਟ ਉਤੇ ੴ ਖੁਣਵਾਇਆ ਹੋਇਆ ਸੀ। ਉਹ ਵਧੀਆ ਖਿਡਾਰੀ ਸਨ। ਮੇਰਾ ਇਕ ਜਾਣੂ ਤਾਂ ਪਹਿਲਵਾਨੀ ਕਰਦਾ ਸੀ। ਮੰਦਿਰਾ ਬੇਦੀ ਵਲੋਂ ਰੀੜ੍ਹ ਦੀ ਹੱਡੀ ਦੀ ਸਿਖਰ ਉਤੇ ਖੁਣਵਾਏ ਮਹਾਨ ਚਿੰਨ੍ਹ ਨੂੰ ਮਿਟਾਉਣਾ (ਵਿਗਾੜਨ ਦਾ ਅਵਸਰ ਪੈਦਾ ਕਰਨਾ) ਮਰਦਾਵੀਂ ਨਜ਼ਰ ਉਤੇ ਲਾਹਨਤ ਵੀ ਮੰਗਦੀ ਹੈ।

**ਅੰਤਿਕਾ: (ਸਿਆਣਿਆਂ ਦਾ ਕਥਨ)**

ਜੁੱਤੀ-ਸੋਟੀ ਬਿਨਾ ਤੁਰੀਏ ਨਾ ਰਾਤ ਨੂੰ,
ਕਰੀਏ ਨਾ ਟਿੱਚਰ ਮਿਰਾਸੀ ਜਾਤ ਨੂੰ।
ਵੱਧ ਖਾਣੇ ਮੂਹਰੇ ਲੰਘੀਏ ਨਾ ਊਠ ਦੇ,
ਜੁੱਤੀਆਂ ਨਾ ਮਾਰੀਏ ਜਵਾਨ ਪੂਤ ਦੇ।
ਫੁੱਲਾਂ ਉਤੇ ਆਈ ਪੁੱਟੀਏ ਨਾ ਵੱਲ ਜੀ,
ਸਭਾ ਵਿਚ ਬੈਠ ਟੋਕੀਏ ਨਾ ਗੱਲ ਜੀ।

## ਵਿਰਸਾ

ਹਰ ਸਾਲ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਕਰਵਾਉਣ ਵਾਲੀ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ। "ਦੇਖੋ ਵੀਰੋ, ਏਸ ਵਾਰ ਆਪਾਂ ਪੰਜਾਬੀ ਬੋਲੀ ਤੇ ਆਪਣੇ ਪੰਜਾਬੀ ਵਿਰਸੇ ਨੂੰ ਪ੍ਰਫੁਲਿਤ ਕਰਨ ਲਈ ਸਾਰੇ ਵਰਗ ਦੀਆਂ ਖੇਡਾਂ, ਗਿੱਧੇ-ਭੰਗੜੇ ਦੇ ਨਾਲ ਨਾਲ ਸਾਫ ਸੁਥਰਾ ਗਾਉਣ ਵਾਲਾ ਸਿੰਗਰ ਸੱਦਣਾ।" ਕਮੇਟੀ ਪ੍ਰਧਾਨ ਨੇ ਆਪਣੀ ਰਾਏ ਦਿੱਤੀ।

ਕੈਸ਼ੀਅਰ ਨੇ ਪ੍ਰੋਗਰਾਮ 'ਤੇ ਹੋਣ ਵਾਲੇ ਖਰਚੇ ਦਾ ਹਿਸਾਬ ਲਾ ਕੇ ਦੱਸਿਆ, "ਮੈਂਬਰ ਸਾਹਿਬਾਨ! ਦੇਖੋ, ਦੋਹਾਂ ਵਿਚੋਂ ਇਕ ਹੀ ਕਰ ਸਕਦੇ ਆਂ, ਜੇ ਖਰਚਾ ਪੂਰਾ ਕਰਨਾ, ਫੇਰ ਸਾਫ ਸੁਥਰੇ ਸਿੰਗਰ ਨਾਲ ਟਿਕਟਾਂ ਨਹੀਂ ਵਿਕਣੀਆਂ ਤੇ ਜੇ ਵੇਚਣੀਆਂ, ਫਿਰ ਤਾਂ ਕੋਈ ਅੱਜ ਕੱਲ ਵਾਲਾ ਕੰਜਰ ਸਿੰਗਰ ਈ ਬੁਲਾਉਣਾ ਪੈਣਾ।"

ਸਾਰੇ ਸੋਚੀਂ ਪੈ ਗਏ, ਵਿਰਸਾ ਸੰਭਾਲੀਏ ਜਾਂ ਟਿਕਟਾਂ ਵੇਚ ਕੇ ਖਰਚਾ ਪੂਰਾ ਕਰੀਏ?

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

**ਪ੍ਰਸੰਗ ‘ਐਸ ਦੁਰਗਾ’ ਤੇ ‘ਪਦਮਾਵਤੀ’**

ਪਿਛਲੇ ਕੁਝ ਸਮੇਂ ਦੌਰਾਨ ਫਿਲਮ ‘ਪਦਮਾਵਤੀ’ ਅਤੇ ‘ਐਸ ਦੁਰਗਾ’ ਮੀਡੀਆ ਵਿਚ ਖੂਬ ਛਾਈਆਂ ਰਹੀਆਂ ਹਨ। ‘ਪਦਮਾਵਤੀ’ ਫਿਲਮ ਪਹਿਲੀ ਦਸੰਬਰ ਨੂੰ ਰਿਲੀਜ਼ ਹੋਣੀ ਸੀ, ਪਰ ਕੁਝ ਕੱਟੜਪੰਥੀਆਂ ਦੇ ਅੰਨ੍ਹੇ ਵਿਰੋਧ ਕਾਰਨ ਫਿਲਹਾਲ ਇਸ ਫਿਲਮ ਨੂੰ ਰਿਲੀਜ਼ ਕਰਨ ਦਾ ਮਾਮਲਾ ਅਗਾਂਹ ਪੈ ਗਿਆ ਹੈ। ‘ਐਸ ਦੁਰਗਾ’ ਫਿਲਮ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਉਣ ਲਈ ਚੁਣੀ ਗਈ ਸੀ, ਪਰ ਇਕ ਵਾਰ ਫਿਰ ਕੱਟੜਪੰਥੀਆਂ ਦੇ ਦਖਲ ਕਾਰਨ ਇਹ ਫਿਲਮ ਮੇਲੇ ਵਿਚੋਂ ਬਾਹਰ ਕਰ ਦਿੱਤੀ ਗਈ। ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਇਸ ਫਿਲਮ ‘ਤੇ ਸੈਂਸਰ ਜਾਰੀ ਰਿਹਾ। ਇਸ ਸਾਰਾ ਕੁਝ ਉਸ ਕੋਝੀ ਸਿਆਸਤ ਦਾ ਹਿੱਸਾ ਹੈ ਜਿਸ ਤਹਿਤ ਵਿਰੋਧ ਦੀ ਹਰ ਆਵਾਜ਼ ਬੰਦ ਕੀਤੀ ਜਾ ਰਹੀ ਹੈ। ਐਤਕੀਂ ਇਨ੍ਹਾਂ ਦੋਹਾਂ ਫਿਲਮਾਂ ਬਾਰੇ ਕੁਝ ਗੱਲਾਂ ਇਸ ਸਫੇ ‘ਤੇ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। -ਸੰਪਾਦਕ

# ਅੱਧੀ ਦੁਨੀਆਂ ਦਾ ਦੇਸ਼ ਕੋਈ ਨਾ...

**ਅਨੁਸ੍ਰੀ ਮਜੂਮਦਾਰ**

ਫਿਲਮ ‘ਐਸ ਦੁਰਗਾ’ ਤੋਂ ਭਲਾ ਕਿਸ ਨੂੰ ਡਰ ਲਗਦਾ ਹੈ? ਫਰਵਰੀ ਵਿਚ ਜਦੋਂ ਤੋਂ ਮਲਿਆਲੀ ਫਿਲਮਸਾਜ਼ ਸਨਲ ਕੁਮਾਰ ਸ਼ਸ਼ੀਧਰਨ ਦੀ ਇਹ ਫਿਲਮ ਆਈ ਹੈ, ਕਈ ਲੋਕ ਬੜੇ ਔਖੇ ਹੋਏ ਪਏ ਹਨ। ਇਸ ਤੋਂ ਪਹਿਲਾਂ ਇਤਰਾਜ਼ ਇਸ ਫਿਲਮ ਦੇ ਨਾਂ ‘ਸੈਕਸੀ ਦੁਰਗਾ’ ਉਤੇ ਹੋਇਆ ਸੀ। ਮਗਰੋਂ ਇਸ ਫਿਲਮ ਦਾ ਨਾਂ ‘ਐਸ ਦੁਰਗਾ’ ਰੱਖ ਦਿੱਤਾ ਗਿਆ, ਪਰ ਇੰਨੇ ਨਾਲ ਤਸੱਲੀ ਨਾ ਹੋਈ। ਭਾਰਤ ਦੇ ਕੌਮਾਂਤਰੀ ਫਿਲਮ ਮੇਲੇ ਵਿਚ ਕੁਝ ਜੱਜਾਂ ਨੇ ਵੀ ਇਸ ਫਿਲਮ ’ਤੇ ਇਤਰਾਜ਼ ਕੀਤਾ। ਇਹ ਫਿਲਮ ਪਹਿਲਾਂ ਇਸ ਮੇਲੇ ਵਿਚ ਦਿਖਾਉਣ ਲਈ ਚੁਣੀ ਗਈ ਸੀ, ਪਰ ਮਗਰੋਂ ਇਸ ਨੂੰ ਮੇਲੇ ਤੋਂ ਬਾਹਰ ਕਰ ਦਿੱਤਾ ਗਿਆ। ਮੈਂ ਇਹ ਫਿਲਮ ਅਕਤੂਬਰ ਵਿਚ ਮੁੰਬਈ ਵਿਚ ਹੋਏ 19ਵੇਂ ‘ਮਾਮੀ’ ਫਿਲਮ ਮੇਲੇ ਵਿਚ ਦੇਖੀ ਸੀ। ਇਸ ਇਸ ਫਿਲਮ ਦੀ ਕੋਈ ਪਟਕਥਾ, ਕੋਈ ਕਹਾਣੀ ਨਹੀਂ। ਇਹ ਅਸਲ ਵਿਚ ਦਸਤਾਵੇਜ਼ੀ ਹੈ ਜਿਸ ਵਿਚ ਨੌਜਵਾਨ ਤੇ ਬੁੱਢੇ ਬਥੇਰੇ ਕਿਰਦਾਰ ਹਨ ਜੋ ਕੇਰਲ ਦੀ ਇਕ ਧਾਰਮਿਕ ਸਮਾਗਮ ਵਿਚ ਸ਼ਿਰਕਤ ਜਾ ਰਹੇ ਹਨ।



ਇਸ ਫਿਲਮ ਦਾ ਪਲਾਟ ਉਦੋਂ ਆਰੰਭ ਹੁੰਦਾ ਹੈ ਜਦੋਂ ਦੁਰਗਾ (ਰਾਜਸ੍ਰੀ ਦੇਸ਼ਪਾਂਡੇ) ਅੱਧੀ ਰਾਤੀਂ ਆਪਣੇ ਘਰੋਂ ਕਬੀਰ (ਕਾਨਨ ਨਾਇਰ) ਨੂੰ ਮਿਲਣ ਨਿਕਲਦੀ ਹੈ। ਜਾਪਦਾ ਹੈ, ਜਿਵੇਂ ਉਹ ਘਰੋਂ ਭੱਜ ਰਹੀ ਹੈ, ਪਰ ਇਸ ਬਾਰੇ ਫਿਲਮ ਵਿਚ ਕੁਝ ਸਪਸ਼ਟ ਨਹੀਂ। ਰਾਤ ਨੂੰ ਆਵਾਜਾਈ ਦਾ ਕੋਈ ਸਾਧਨ ਨਹੀਂ ਹੈ, ਇਸ ਲਈ ਉਹ ਦੋਵੇਂ ਜਦੋਂ ਇਕ ਮਾਰੂਤੀ ਕਾਰ ਅੱਗੇ ਹੱਥ ਦਿੰਦੇ ਹਨ ਤਾਂ ਕਿ ਉਹ ਰੇਲਵੇ ਸਟੇਸ਼ਨ ਤੱਕ ਲਿਫ਼ਟ ਲੈ ਸਕਣ।

ਕਾਰ ਵਿਚ ਬੈਠਣ ਤੋਂ ਬਾਅਦ ਜੋ ਕਹਾਣੀ ਸ਼ੁਰੂ ਹੁੰਦੀ ਹੈ, ਉਹ ਸੁੰਨ ਕਰ ਦੇਣ ਵਾਲੀ ਹੈ। ਕਾਰ ਅੰਦਰ ਬੈਠੇ ਲੋਕਾਂ ਦੇ ਇਰਾਦੇ ਨੇਕ ਨਹੀਂ ਜਾਪਦੇ। ਜਦੋਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਦੁਰਗਾ ਤਾਂ ਉਤਰ ਭਾਰਤ ਦੀ ਸੈਕਸੀ ਕੁੜੀ ਹੈ ਤਾਂ ਉਨ੍ਹਾਂ ਦਾ ਵਿਹਾਰ ਇਕਦਮ ਬਦਲ ਜਾਂਦਾ ਹੈ। ਉਹ ਇਸ ਜੋੜੇ ਨੂੰ ਸਵਾਲ ਕਰਦੇ ਹਨ, ਟਿਪਣੀਆਂ ਵੀ ਕਰਦੇ ਹਨ ਅਤੇ ਲਗਾਤਾਰ ਛੇੜਦੇ ਹਨ। ਇਕ ਸਮਾਂ ਉਹ ਵੀ ਆ ਜਾਂਦਾ ਹੈ ਕਿ ਇਹ ਜੋੜਾ ਕਾਰ ਵਿਚੋਂ ਬਚ ਨਿਕਲਦਾ ਹੈ, ਪਰ ਅਗਾਂਹ ਉਨ੍ਹਾਂ ਨੂੰ ਸਕੂਟੀ ਉਤੇ ਜਿਹੜੇ ਦੋ ਮਲਿਆਲੀ ਅੰਕਲ ਟੱਕਰਦੇ ਹਨ, ਉਨ੍ਹਾਂ ਦਾ ਵਿਹਾਰ, ਕਾਰ ਵਾਲਿਆਂ ਨਾਲੋਂ ਵੀ ਭਿਅੰਕਰ ਹੈ। ਇਸ ਲਈ ਉਹ ਇਕ ਵਾਰ ਫਿਰ ਕਾਰ ਵਿਚ ਬੈਠਣ ਲਈ ਮਜਬੂਰ ਹਨ।

ਆਮ ਦਰਸ਼ਕ ਫਿਲਮ ਦੇਖਦਿਆਂ ਇਹ ਮਹਿਸੂਸ ਕਰੇਗਾ ਕਿ ‘ਐਸ ਦੁਰਗਾ’ ਵਿਚ ਹੁੰਦਾ ਤਾਂ ਕੁਝ ਵੀ ਨਹੀਂ ਹੈ, ਉਨ੍ਹਾਂ ਲਈ ਇਹ ਧਰਮ ਅਤੇ ਰਵਾਇਤਾਂ ਉਤੇ ਮਾਰੀ ਕੋਈ ਚੋਟ ਹੈ। ਇਹ ਲੋਕ ਇਸ ਫਿਲਮ ਵਿਚ ਪੇਸ਼ ਕੀਤੀ ਗਈ ਕਥਿਤ ਮਰਦਾਨਗੀ ਬਾਰੇ ਸ਼ਸ਼ੀਧਰਨ ਨੂੰ ਸ਼ਾਬਾਸ਼ ਨਹੀਂ ਦਿੰਦੇ। ਇਨ੍ਹਾਂ ਨੇ ਆਪਣੀ ਕਾਰ ਦੇ ਡੈਸ਼ਬੋਰਡ ’ਤੇ ਦੇਵੀ ਦਾ ਪਲਾਸਟਿਕ ਦਾ ਬੁੱਤ ਲਾਇਆ ਹੁੰਦਾ ਹੈ ਅਤੇ ਹੱਡ-ਮਾਸ ਦੀ ਔਰਤ ਦੀ ਇਹ ਲੋਕ ਕਦਰ ਨਹੀਂ ਕਰਦੇ। ਕਾਰ ਦੀ ਪਿਛਲੀ ਸੀਟ ’ਤੇ ਬੈਠੀ ਦੁਰਗਾ ਸੈਕਸੀ ਹੈ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਘਰੋਂ ਭੱਜੀ ਇਸ ਔਰਤ ’ਤੇ ਉਨ੍ਹਾਂ ਦਾ ਵੀ ਹੱਕ ਬਣ ਗਿਆ ਹੈ।



ਫਿਲਮਸਾਜ਼ ਸਨਲ ਕੁਮਾਰ ਸ਼ਸ਼ੀਧਰਨ

ਦਰਅਸਲ ਸ਼ਸ਼ੀਧਰਨ ਨੇ ਆਪਣੀ ਇਸ ਫਿਲਮ ਵਿਚ ਮਰਦਾਂ ਵੱਲੋਂ ਔਰਤਾਂ ਉਤੇ ਕੀਤੀ ਜਾਂਦੀ ਹਿੰਸਾ ਦੀ ਗੱਲ ਬਹੁਤ ਬਰੀਕੀ ਨਾਲ ਕੀਤੀ ਹੈ। ਇਸ ਹਿੰਸਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਉਹ ਦੁਰਗਾ ਵੱਲ ਕਬਜ਼ਾ ਕਰਨ ਦੇ ਹਿਸਾਬ ਨਾਲ ਹੀ ਦੇਖਦੇ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ‘ਐਸ ਦੁਰਗਾ’ ਦਾ ਵਿਰੋਧ ਕਰਨ ਵਾਲੇ ਵੀ ਉਹੀ ਹਨ, ਜਿਹੜੇ ਆਪਣੇ ਆਪ ਨੂੰ ਭਾਰਤੀ ਸਭਿਆਚਾਰ ਦੇ ਠੇਕੇਦਾਰ ਸਮਝਦੇ ਹਨ; ਪਰ ਸ਼ਸ਼ੀਧਰਨ ਦੀ ਫਿਲਮ ਉਨ੍ਹਾਂ ਨੂੰ ਚੰਗੀ ਤਰ੍ਹਾਂ ਸ਼ੀਸ਼ਾ ਦਿਖਾਉਂਦੀ ਹੈ। ਯਾਦ ਰਹੇ ਕਿ ਇਹ ਫਿਲਮ ਸ਼ਸ਼ੀਧਰਨ ਨੇ ਪੰਜ ਸਾਲ ਪਹਿਲਾਂ ਨਵੀਂ ਦਿੱਲੀ ਵਿਚ 16 ਦਸੰਬਰ ਨੂੰ ਇਕ ਵਿਦਿਆਰਥਣ ਨਾਲ ਹੋਏ ਸਮੂਹਿਕ ਬਲਤਾਕਾਰ ਤੋਂ ਪੀੜ ਪੀੜ ਹੋ ਕੇ ਬਣਾਈ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਮਰਦਾਂ ਦੇ ਨਜ਼ਰੀਏ ਵਿਚ ਕਿਤੇ ਕੋਈ ਤਬਦੀਲੀ ਨਹੀਂ ਆਈ ਹੈ।

# ...ਹੋਰ ਮਹਾਨ ਹੋ ਗਿਆ ਮੁਲਕ

**ਆਮਨਾ ਕੌਰ**




ਸਵਰਾ ਭਾਸਕਰ

ਫਿਲਮ ‘ਪਦਮਾਵਤੀ’ ਬਾਰੇ ਸ਼ੁਰੂ ਹੋਏ ਵਿਵਾਦ ਬਾਬਤ ਬੜਾ ਕੁਝ ਕਿਹਾ ਅਤੇ ਲਿਖਿਆ ਗਿਆ ਹੈ। ਫਿਲਮੀ ਦੁਨੀਆਂ ਵਿਚੋਂ ਹੀ ਬਹੁਤ ਸਾਰੇ ਲੋਕ ਇਸ ਮਸਲੇ ਬਾਰੇ ਖਾਮੋਸ਼ੀ ਧਾਰ ਗਏ ਅਤੇ ਕੁਝ ਕੁ ਨੇ ਆਵਾਜ਼ ਬੁਲੰਦ ਕਰ ਕੇ ਆਪਣੇ ਜਿਊਂਦੇ ਹੋਣ ਦਾ ਸਬੂਤ ਦਿੱਤਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਅਹਿਮ ਟਿਪਣੀ ਅਦਾਕਾਰਾ ਸਵਰਾ ਭਾਸਕਰ ਦੀ ਹੈ। ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਪੜ੍ਹੀ ਸਵਰਾ ਭਾਸਕਰ ਪਹਿਲਾਂ ਵੀ ਅਜਿਹੇ ਮੁੱਦਿਆਂ ਅਤੇ ਮਸਲਿਆਂ ਬਾਰੇ ਆਪਣੇ ਵਿਚਾਰ ਠੋਕ ਵਜਾ ਕੇ ਪ੍ਰਗਟ ਕਰਦੀ ਰਹੀ ਹੈ। ਕੱਟੜਪੰਥੀਆਂ ਨੇ ਉਸ ਦਾ ਵਿਰੋਧ ਵੀ ਬਥੇਰਾ ਕੀਤਾ, ਪਰ ਹਰ ਵੇਲੇ ਇਸੇ ਤਰ੍ਹਾਂ ਕਾਇਮ ਹੋਣ ਦਾ ਸਬੂਤ ਦਿੰਦੀ ਹੈ। ਇਸ ਵਾਰ ਉਸ ਨੇ ਫਿਰ ਸਪਸ਼ਟ ਕਿਹਾ ਹੈ ਕਿ ‘ਪਦਮਾਵਤੀ’ ਬਾਰੇ ਖਾਮੋਸ਼ ਰਹਿ ਕੇ ਮੋਦੀ ਸਰਕਾਰ ਨੇ ਜ਼ਾਹਿਰ ਕਰ ਦਿੱਤਾ ਹੈ ਕਿ ਇਸ ਨੂੰ ਆਮ ਲੋਕਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮਾਸ ਦੇ ਮਾਮਲੇ ’ਤੇ ਕੋਈ ਤੁਹਾਨੂੰ ਕਤਲ ਕਰ ਕੇ ਸਾਫ਼ ਬਚ ਸਕਦਾ ਹੈ ਅਤੇ ਕਿਸੇ ਇਤਿਹਾਸਕ ਫਿਲਮ ਵਿਚ ਪਦਮਾਵਤੀ ਵਰਗਾ ਕੋਈ ਕਿਰਦਾਰ ਨਿਭਾਉਣ ਕਰ ਕੇ ਤੁਹਾਨੂੰ ਮੌਤ ਦੀ ਸਜ਼ਾ ਵੀ ਸੁਣਾਈ ਜਾ ਸਕਦੀ ਹੈ। ਉਸ ਨੇ ਹੈਰਾਨੀ ਪ੍ਰਗਟ ਕੀਤੀ ਕਿ ਨਿੱਕੀਆਂ ਨਿੱਕੀਆਂ ਗ਼ੱਲਾਂ ’ਤੇ ਟਵੀਟ ਕਰਨ ਵਾਲੇ ਲੀਡਰ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਸ਼ਾਮਲ ਹਨ, ਇਸ ਮਸਲੇ ਬਾਰੇ ਇਕ ਵੀ ਸ਼ਬਦ ਨਹੀਂ ਬੋਲ ਸਕੇ। ਉਸ ਨੇ ਕਿਹਾ ਕਿ ਹੁਣ ਤਾਂ ਬੋਲਣ ਵਾਲਿਆਂ ਦੀ ਗਿਣਤੀ ਵੀ ਘੱਟ ਰਹੀ ਹੈ। ਮਾਸ ਵਾਲੇ ਮਾਮਲੇ ‘ਤੇ ਆਮਿਰ ਖਾਨ ਅਤੇ ਸ਼ਾਹਰੁਖ ਖਾਨ ਬੋਲੇ ਸਨ ਤਾਂ ਕੱਟੜਪੰਥੀ ਉਨ੍ਹਾਂ ਦੇ ਪਿਛੇ ਪੈ ਗਏ ਸਨ। ਸ਼ਾਹਰੁਖ ਖਾਨ ਦੀ ਕਾਰ ਉਤੇ ਤਾਂ ਪੱਥਰ ਵੀ ਸੁੱਟੇ ਗਏ। ਉਸ ਨੇ ਸਵਾਲ ਕੀਤਾ ਕਿ ਸਾਡੇ ਲੀਡਰ ਅਜਿਹੇ ਮੌਕਿਆਂ ’ਤੇ ਖਾਮੋਸ਼ ਰਹਿ ਕੇ ਆਖਿਰ ਕਿਸ ਤਰ੍ਹਾਂ ਦੀ ਸਿਆਸਤ ਨੂੰ ਹੱਲਾਸ਼ੇਰੀ ਦੇ ਰਹੇ ਹਨ? ਇਸ ਮਾਮਲੇ ਵਿਚ ਸ਼ਬਾਨਾ ਆਜ਼ਮੀ ਅਤੇ ਕੰਗਣਾ ਰਣੌਤ ਦਾ ਇਕ ਵੱਖਰਾ ਮਾਮਲਾ ਸਾਹਮਣੇ ਆਇਆ ਹੈ। ਕੰਗਣਾ ਰਣੌਤ ਵੀ ਬੜੇ ਧੜੱਲੇ ਨਾਲ ਫਿਲਮ ਜਗਤ ਵਿਚ ਵਿਚਰ ਰਹੀ ਹੈ ਅਤੇ ਸ਼ਬਾਨਾ ਆਜ਼ਮੀ ਦਾ ਮੁਕਾਮ ਵੀ ਕੋਈ ਘੱਟ ਅਹਿਮ ਨਹੀਂ। ਸ਼ਬਾਨਾ ਆਜ਼ਮੀ ਨੇ ਫਿਲਮ ‘ਪਦਮਾਵਤੀ’ ਦੀ ਨਾਇਕਾ ਦੀਪਿਕਾ ਪਾਦੂਕੋਣ ਦੇ ਹੱਕ ਵਿਚ ‘ਦੀਪਿਕਾ ਬਚਾਓ’ ਮੁਹਿੰਮ ਚਲਾਈ ਤਾਂ ਅਨੁਸ਼ਕਾ ਸ਼ਰਮਾ, ਜਯਾ ਬਚਨ, ਪ੍ਰਿਯੰਕਾ ਚੌਪੜਾ ਵਰਗੀਆਂ ਕਲਾਕਾਰਾਂ ਨੇ ਉਸ ਦਾ ਸਮਰਥਨ ਕੀਤਾ, ਪਰ ਕੰਗਣਾ ਰਣੌਤ ਨੇ ਇਹ ਕਹਿ ਕੇ ਇਸ ਮੁਹਿੰਮ ਦੀ ਹਮਾਇਤ ਕਰਨ ਤੋਂ ਨਾਂਹ ਕਰ ਦਿੱਤੀ ਕਿ ਜਦੋਂ ਕੁਝ ਲੋਕ ਉਸ ਦੇ ਮਗਰ ਪਏ ਹੋਏ ਸਨ, ਤਾਂ ਉਦੋਂ ਸ਼ਬਾਨਾ ਆਜ਼ਮੀ ਕਿਥੇ ਸੀ? ਉਦੋਂ ਤਾਂ ਸਗੋਂ ਸ਼ਬਾਨਾ ਆਜ਼ਮੀ ਨੇ ਉਸ ਦੀ ਕਿਰਦਾਰਕੁਸ਼ੀ ਕੀਤੀ ਸੀ। ਉਸ ਮੁਤਾਬਕ, ਨਾਲੇ ਸ਼ਬਾਨਾ ਸਦਾ ਖੱਬੇ ਪੱਖੀ ਬਨਾਮ ਸੱਜੇ ਪੱਖੀ ਸਿਆਸਤ ਦੇ ਹਿਸਾਬ ਨਾਲ ਹੀ ਕੋਈ ਸਰਗਰਮੀ ਕਰਦੀ ਹੈ। ਇਸ ਲਈ ਉਹ ਪਾਦੂਕੋਣ ਨੂੰ ਮਿਲ ਰਹੀਆਂ ਧਮਕੀਆਂ ਦਾ ਤਾਂ ਜ਼ੋਰਦਾਰ ਵਿਰੋਧ ਕਰਦੀ ਹੈ, ਪਰ ਸ਼ਬਾਨਾ ਆਜ਼ਮੀ ਦੀ ‘ਦੀਪਿਕਾ ਬਚਾਓ’ ਮੁਹਿੰਮ ਦੀ ਉਹ ਹਮਾਇਤ ਨਹੀਂ ਕਰੇਗੀ। ਅਸਲ ਵਿਚ ਅਜਿਹੇ ਮੁੱਦਿਆਂ ’ਤੇ ਫਿਲਮ ਜਗਤ ਨੂੰ ਇਕੱਠੇ ਜੂਝਣਾ ਚਾਹੀਦਾ ਸੀ, ਪਰ ਵੱਖ-ਵੱਖ ਖਾਨਿਆਂ ਵਿਚ ਵੰਡੇ ਹੋਣ ਅਤੇ ਸਿਆਸਤ ਨਾਲ ਜੁੜੇ ਹੋਣ ਕਾਰਨ ਸਾਰੇ ਆਪੋ-ਆਪਣੀ ਡਫ਼ਲੀ ਵਜਾ ਰਹੇ ਹਨ।



ਸ਼ਬਾਨਾ ਆਜ਼ਮੀ



ਦੀਪਿਕਾ ਪਾਦੂਕੋਣ



ਕੰਗਣਾ ਰਣੌਤ

# ਕਦੋਂ ਮੁੜਾਂਗੇ ਮੈਰਿਜ ਪੈਲਸਾਂ ਤੋਂ ਜੰਞ ਘਰਾਂ ਵੱਲ



**ਕੇਹਰ ਸ਼ਰੀਫ਼**
ਫੋਨ: 0049-173-354-6050

ਪੰਜਾਬੀ ਸਮਾਜ ਅੱਜ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਨਾਲ ਦੋ-ਚਾਰ ਹੋ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਵਿਚੋਂ ਕਈ ਨੱਕ ਦੀ ਲਾਜ ਰੱਖਣ ਵਾਲੀ ਹਓਮੈ ਭਰੀ ਮੂਰਖਤਾ ਕਰ ਕੇ ਸਮਾਜ ਵਲੋਂ ਆਪ ਵੀ ਪੈਦਾ ਕੀਤੀਆਂ ਹੋਈਆਂ ਹਨ ਅਤੇ ਇਸ ਦੇ ਨਾਲ ਹੀ ਰਾਜ ਸਰਕਾਰਾਂ ਵਲੋਂ ਘੜੀਆਂ ਤੇ ਅਪਣਾਈਆਂ ਜਾ ਰਹੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਪੇਂਡੂ ਅਰਥਚਾਰੇ ਨੂੰ ਤਬਾਹ ਕਰਨ ਵਾਸਤੇ ਇਨਾਂ ਦੇ ਵਧਣ-ਫੁਲਣ ਵਿਚ ਸਹਾਈ ਵੀ ਹੋਈਆਂ ਹਨ। ਸਿੱਟੇ ਵਜੋਂ ਸਮਾਜ ਅਸਾਵੇਂ ਵਿਕਾਸ ਦੇ ਰਾਹੇ ਪੈ ਗਿਆ, ਤੇ ਪੰਜਾਬ ਰਸਾਤਲ ਵਲ ਵਧ ਗਿਆ। ਸਮੱਸਿਆਵਾਂ ਬਹੁਤ ਹਨ ਇਨ੍ਹਾਂ ਵੱਲ ਸਾਂਝੇ ਤੌਰ 'ਤੇ ਧਿਆਨ ਦੇ ਕੇ ਇਨ੍ਹਾਂ ਨੂੰ ਸੁਲਝਾਉਣ ਦੇ ਜਤਨ ਕਰਨੇ ਹੀ ਪੈਣਗੇ।

ਜਦੋਂ ਅਸੀਂ ਸਮਾਜਿਕ ਕਾਰਜਾਂ ਦੀ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਪਹਿਲੇ ਸਮਿਆਂ ਵਿਚ ਵਿਆਹ ਬਹੁਤ ਮਹਿੰਗੇ ਨਹੀਂ ਸਨ ਹੁੰਦੇ। ਅਜਿਹੇ ਸਮੇਂ ਸਾਰਾ ਪਿੰਡ ਆਪਣੇ ਵਿਤ ਅਨੁਸਾਰ ਵਿਆਹ ਵਾਲੇ ਘਰ ਦੀ ਮਦਦ ਵੀ ਕਰਦਾ ਸੀ। ਵਿਆਹ ਦੀ ਰਸਮ, ਭਾਵ ਲਾਵਾਂ ਜਾਂ ਫੇਰੇ (ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਅਨੰਦ ਕਾਰਜ ਦੀ ਰਸਮ ਜਾਂ ਹਿੰਦੂ ਰਸਮਾਂ ਨਿਭਾਉਣ ਵਾਲਿਆਂ ਦੀਆਂ ਵੇਦੀ ਹੇਠ ਅੱਗ ਦੁਆਲੇ ਹੁੰਦੇ ਫੇਰੇ) ਆਮ ਕਰ ਕੇ ਵਿਆਹ ਵਾਲੇ ਘਰ ਦੇ ਵਿਹੜੇ ਵਿਚ ਹੀ ਹੁੰਦੇ ਸਨ ਜਿਸ ਦਾ ਕਾਰਨ ਇਹ ਵੀ ਕਿਹਾ ਜਾਂਦਾ ਸੀ ਕਿ ਵਿਹੜਾ ਸੁੰਨਾ ਨਾ ਰਹਿ ਜਾਵੇ। ਕਾਰਜ ਪੂਰਾ ਹੋਣ ਪਿਛੋਂ 'ਵਿਹੜਾ ਵਿਆਹਿਆ ਗਿਆ' ਦੱਸਿਆ ਜਾਂਦਾ ਸੀ। ਇਸੇ ਕਰ ਕੇ ਸਾਰੇ ਕਾਰਜ ਘਰ ਦੇ ਵਿਹੜੇ ਵਿਚ ਕੀਤੇ ਜਾਂਦੇ ਸਨ, ਘਰ ਨੂੰ 'ਭਾਗ' ਲਾਉਣ ਵਾਸਤੇ। ਕਾਰਜ ਆਰਥਿਕ ਪੱਖੋਂ ਵੀ ਸਸਤੇ ਹੁੰਦੇ ਸਨ ਅਤੇ ਇਨ੍ਹਾਂ ਕਾਰਜਾਂ (ਵਿਆਹ ਆਦਿ) ਦਾ ਸਾਦਗੀ ਮੁੱਖ ਗੁਣ ਹੁੰਦਾ ਸੀ। ਅਜੋਕੇ ਸਮੇਂ ਉਸ ਸਾਦਗੀ ਨੂੰ ਮੁੜ ਲੱਭਣ ਅਤੇ ਵਿਹਾਰਕ ਪੱਖੋਂ ਅਪਨਾਉਣ ਦੀ ਲੋੜ ਹੈ।

ਉਂਜ, ਵਿਆਹ ਹੁਣ ਵਿਆਹ ਨਹੀਂ, ਮੰਡੀ ਦਾ ਮਾਲ ਬਣ ਗਏ ਹਨ। ਅਫਸੋਸ ਨਾਲ ਕਹਿਣਾ ਪੈਂਦਾ ਕਿ ਸੌਦੇ ਹੁੰਦੇ ਹਨ, ਪੁੱਤਾਂ ਦੇ ਵੀ, ਧੀਆਂ ਦੇ ਵੀ। ਦਾਜ ਦਾ ਸਰੂਪ ਅਸਲੋਂ ਹੀ ਬਦਲ ਗਿਆ ਹੈ। ਦਾਜ ਦੇ ਲੋਭੀ ਧੀਆਂ ਦੇ ਮਾਪਿਆਂ ਦਾ ਰੁੱਗ ਭਰ ਕੇ ਕਾਲ਼ਜਾ ਕੱਢਦੇ ਹਨ, ਪਰ ਜ਼ਾਲਮ ਸੀਅ ਵੀ ਨਹੀਂ ਕਰਨ ਦਿੰਦੇ। ਲੋਕ, ਪੜ੍ਹੀਆਂ ਲਿਖੀਆਂ ਨੂੰਹਾਂ ਦੇ ਆਸਰੇ ਬਹੁਤ ਸਾਰੇ ਨਾਲਾਇਕ ਪੁੱਤਰਾਂ ਨੂੰ ਪਰਦੇਸਾਂ ਵਿਚ 'ਫਿੱਟ' ਕਰ ਰਹੇ ਹਨ। ਫਿਰ ਵੀ ਲੱਤ ਮੁੰਡੇ ਵਾਲਿਆਂ ਦੀ ਹੀ ਉਪਰ ਰਹਿੰਦੀ ਹੈ। ਕਿਉਂ? ਇਸੇ ਮਰਦਸ਼ਾਹੀ ਵਾਲੀ ਸੋਚ ਨੇ ਸਮਾਜ ਦਾ ਬੇੜਾ ਗਰਕ ਕੀਤਾ ਹੈ, ਲੋਕ ਜਾਗਦੇ ਨਹੀਂ, ਤੇ ਇਹ ਵਰਤਾਰਾ ਲਗਾਤਾਰ ਅੱਗੇ ਤੁਰ ਰਿਹਾ ਹੈ। ਪਤਾ ਨਹੀਂ, ਕਦੋਂ ਤੱਕ ਤੁਰਦਾ ਰਹੇਗਾ? ਸਵਾਲ ਕਰਨਾ ਬਣਦਾ ਹੈ ਕਿ ਕਦੋਂ ਜਾਗਣਗੇ ਲੋਕ?

ਜਦੋਂ ਸਾਰਾ ਸਮਾਜ ਹੀ ਮੰਡੀ ਦੀ ਜਕੜ ਵਿਚ ਹੈ ਤਾਂ ਸਮਾਜਿਕ ਕਾਰਜ ਇਸ ਤੋਂ ਕਿਵੇਂ ਪਿੱਛੇ ਰਹਿ ਜਾਂਦੇ। ਪੈਸੇ ਵਾਲਿਆਂ ਨੇ ਪੇਂਡੂ ਆਰਥਿਕਤਾ ਉਤੇ ਕਬਜ਼ਾ ਕਰ ਲਿਆ ਹੈ। ਪਿੰਡਾਂ ਅੰਦਰ ਸ਼ਹਿਰੀ ਤਰਜ਼ 'ਤੇ ਮੈਰਿਜ ਪੈਲਸ ਉਸਾਰ ਲਏ। ਉਨ੍ਹਾਂ ਨੂੰ ਮੁਨਾਫਾ ਜ਼ਰੂਰ ਦਿਸਿਆ ਹੋਵੇਗਾ, ਐਵੇਂ ਤਾਂ ਉਨ੍ਹਾਂ ਨੇ ਪਿੰਡ ਨੂੰ ਨਾਗਵਲ ਨਹੀਂ ਪਾਇਆ ਹੋਇਆ। ਕਿਹਾ ਜਾ ਰਿਹਾ ਸੀ ਕਿ ਪਿੰਡ ਤੇ ਸ਼ਹਿਰ ਦਾ ਫਰਕ ਮਿਟ ਰਿਹਾ ਹੈ। ਵਿਆਹ ਵਾਲਾ ਜੋ ਕਾਰਜ ਪਹਿਲਾਂ ਜੰਞ ਘਰਾਂ ਵਿਚ ਮੁਫਤ ਹੁੰਦਾ ਸੀ, ਇਨ੍ਹਾਂ ਮੈਰਿਜ ਪੈਲਸਾਂ 'ਤੇ ਹੁਣ ਪੰਡ ਪੈਸਿਆਂ ਦੀ ਲੱਗਣ ਲੱਗੀ। ਇਸ ਵਿਕਾਸ ਦੀ ਪਿੰਡ ਨੂੰ ਕਿੰਨੀ ਕੀਮਤ ਤਾਰਨੀ ਪੈ ਰਹੀ ਹੈ? ਕੋਈ ਹਿਸਾਬ ਨਹੀਂ। ਸ਼ਾਇਦ ਪਿੰਡ ਵੀ ਨਹੀਂ ਜਾਣਦਾ, ਪਰ ਇਸ ਦੇ ਸਿੱਟੇ ਬਹੁਤ ਮਾੜੇ ਹਨ।

ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਪੰਜਾਬ ਤੋਂ ਗਏ ਅਤੇ ਬਾਹਰਲੇ ਮੁਲਕੀਂ ਬਾਹਰ ਵਸਦੇ ਐਨ.ਆਰ.ਆਈ. ਵੀ ਇਸ ਕੁਹਜ ਨੂੰ ਪੈਦਾ ਕਰਨ ਅਤੇ ਇਸ ਦੇ ਵਧਣ-ਫੁਲਣ ਵਿਚ ਸਹਾਈ ਹੋਏ। ਠਾਠ-ਬਾਠ ਦਾ ਮਜਮਾ ਜੋ ਲਾਉਣਾ ਸੀ ਉਨ੍ਹਾਂ ਨੇ। ਉਨ੍ਹਾਂ ਉਦੋਂ ਸਾਦਗੀ ਭਰੀ ਪੇਂਡੂ ਜ਼ਿੰਦਗੀ ਨੂੰ ਅਲਵਿਦਾ ਆਖ ਤੜਕ-ਭੜਕ ਦੇ ਲੜ ਲੱਗ ਜਾਣਾ ਬਿਹਤਰ ਸਮਝਿਆ, ਪਰ ਇਹ ਨਾ ਸੋਚਿਆ ਕਿ ਪਿੰਡ ਵਿਚ ਰਹਿਣ ਵਾਲਾ ਛੋਟਾ ਕਿਸਾਨ, ਖੇਤ ਮਜ਼ਦੂਰ ਤੇ ਹੋਰ ਛੋਟੇ ਧੰਦਿਆਂ ਨਾਲ ਸਬੰਧਤ ਘਰ ਦੇ ਖਰਚੇ ਤੋਰਨ ਜੋਗੀ ਆਮਦਨ ਵਾਲੇ ਇਸ ਦਾ ਬੋਝ ਕਿਵੇਂ ਝੱਲਣਗੇ? ਧੀਆਂ-ਪੁੱਤਰਾਂ ਦੇ ਕਾਰਜ ਤਾਂ ਸਭ ਨੇ ਹੀ ਕਰਨੇ ਹਨ; ਉਹ ਇੰਨੇ ਖਰਚੇ ਕਿਥੋਂ ਲਿਆਉਣਗੇ। 'ਨੱਕ ਰੱਖਣ ਵਾਸਤੇ' ਰੀਸ ਦੀ ਘੜੀਸ ਨੇ ਪਤਲੀ ਆਰਥਿਕ ਹਾਲਤ ਵਾਲਿਆਂ ਨੂੰ ਵੀ ਮਜਬੂਰ ਕਰ ਦਿੱਤਾ ਤੇ ਲੋਕ 'ਨੱਕ ਦੀ ਲਾਜ' ਪਾਲਣ ਵਾਸਤੇ ਹੁਬਕੀਂ ਰੋਂਦੇ ਹੋਏ ਤੇ ਕਰਜ਼ਿਆਂ ਦੇ ਭਾਰ ਥੱਲੇ ਦਬਦੇ ਜਾਂਦੇ ਵੀ ਵਿਤੋਂ ਬਾਹਰੇ ਹੋ ਕੇ ਆਰਥਿਕ ਖਰਚੇ ਕਰ ਕੇ ਨਿਘਾਰ ਦੇ ਰਸਤੇ ਪੈ ਗਏ, ਜੋ ਹੁਣ ਵੀ ਜਾਰੀ ਹੈ। ਇਕੱਠੇ ਹੋ ਕੇ ਇਸ ਰਾਹ ਨੂੰ ਰੋਕਣ ਦੇ ਜਤਨ ਕਰਨੇ ਪੈਣਗੇ। ਬਰਬਾਦੀ ਤਾਂ ਸਾਹਮਣੇ ਕੰਧ 'ਤੇ ਲਿਖੀ ਨਜ਼ਰ ਆਉਂਦੀ ਹੈ, ਇਸ ਨੂੰ ਪੜ੍ਹਨਾ ਵੀ ਪਵੇਗਾ।

ਪੰਜਾਬੀ ਕਦੇ ਇਕ ਦੂਜੇ ਦੇ ਦਰਦ ਨੂੰ ਪਛਾਣਦੇ ਸਨ ਤੇ ਔਖੇ ਸਮੇਂ ਇਕ-ਦੂਜੇ ਦੇ ਕੰਮ ਵੀ ਆਉਂਦੇ ਸਨ। ਪੰਜਾਬ ਜੋ ਕਦੇ ਪੰਜ ਦਰਿਆਵਾਂ ਦੀ ਸਾਂਝ ਵਾਲਾ ਹੁੰਦਾ ਸੀ, ਹੁਣ ਨਿਤ ਦਿਨ ਇਸ ਦੀ ਅਣਹੋਂਦ ਵਲ ਵਧ ਰਿਹਾ ਹੈ। ਨਾਲ ਹੀ ਨਵੀਂ ਪੀੜ੍ਹੀ ਵਿਚੋਂ ਵੱਡੀ ਗਿਣਤੀ ਵਿਚ ਪੜ੍ਹੇ ਲਿਖਿਆਂ ਕੋਲੋਂ 'ਚਿੱਟੇ ਕੁੜਤਿਆਂ' ਵਾਲਿਆਂ ਵਲੋਂ ਪੈਦਾ ਕੀਤੇ 'ਫੁਕਰਾ ਸਭਿਆਚਾਰ' ਨੇ ਕਿਰਤ ਦੀ ਮਹਿਮਾ ਨੂੰ ਨਕਾਰਦਿਆਂ, ਕੰਮ ਦਾ ਸਭਿਆਚਾਰ ਤਿਆਗ ਕੇ ਹੁਣ 'ਫੁਕਰੇਪਣ' ਨੂੰ ਅਪਣਾ 'ਬਰੈਂਡ' ਬਣਾ ਲਿਆ ਹੈ। ਜਿਨ੍ਹਾਂ ਤੋਂ ਚੰਗੇ ਭਵਿਖ ਲਈ ਕੁਝ ਕਰਨ ਦੀ ਹਰ ਸਮਾਜ ਨੂੰ ਆਸ ਹੁੰਦੀ ਹੈ, ਉਹ ਆਪਣੇ ਹੀ ਭਵਿਖ ਵਲ ਪਿੱਠ ਕਰੀ ਖੜ੍ਹੇ ਹਨ। ਜਿਨ੍ਹਾਂ ਨੇ ਨਵੇਂ ਸਮਾਜ ਦੀ ਸਿਰਜਣਾ ਕਰਨੀ ਹੈ, ਉਨ੍ਹਾਂ ਦਾ ਇਹ ਹਾਲ ਹੈ! ਸੂਝਵਾਨਾਂ ਨੂੰ ਇਲਾਜ ਤਾਂ ਸੋਚਣਾ ਹੀ ਪਵੇਗਾ। ਆਪਣੀਆਂ ਨਰੋਈਆਂ ਭਾਈਚਾਰਕ ਕਦਰਾਂ-ਕੀਮਤਾਂ ਨੂੰ ਮਰਨੋਂ ਜ਼ਰੂਰ ਬਚਾਇਆ ਜਾਣਾ ਚਾਹੀਦਾ ਹੈ।

ਇਨ੍ਹਾਂ ਸਮਾਜੀ ਕਾਰਜਾਂ, ਖਾਸ ਕਰ ਕੇ ਵਿਆਹਾਂ ਵੇਲੇ ਫੁਕਰੇ ਜਿਹੇ ਟਪੂਸੀ ਮਾਰ ਗਾਇਕ/ਕਲਾਕਾਰਾਂ ਨੂੰ ਮਹਿੰਗੀਆਂ ਰਕਮਾਂ ਦੇ ਕੇ ਸੱਦਿਆ ਜਾਂਦਾ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਨਾ ਸੁਰ ਦਾ ਗਿਆਨ ਹੁੰਦਾ, ਨਾ ਰਾਗ ਦਾ। ਇਹ ਲੋਕ ਜਿਹੜੇ 'ਗੀਤ' ਗਾਉਂਦੇ ਹਨ, ਉਨ੍ਹਾਂ ਵਿਚ ਖਾਸ ਕਰ ਕੇ ਲੱਚਰਤਾ, ਨਸ਼ਿਆਂ ਦੀ ਹਵਾੜ ਤੇ ਹਥਿਆਰਾਂ ਦੀ ਗੱਲ ਕੀਤੀ ਗਈ ਹੁੰਦੀ ਹੈ। ਸੱਦਣ ਵਾਲੇ ਵੀ ਅਤਿ ਦੇ ਘਟੀਆ ਬੋਲਾਂ ਅਤੇ ਰੌਲ਼ੇ ਰੱਪੇ ਵਾਲੇ 'ਸੰਗੀਤ' ਦਾ ਬੇਸ਼ਰਮ ਹੋ ਕੇ 'ਆਨੰਦ' ਮਾਣਨ ਲਈ ਆਪਣੇ ਆਪ ਨੂੰ ਮਜਬੂਰ ਸਮਝਦੇ ਹਨ। ਪੱਲਿਉਂ ਪੈਸੇ ਦੇ ਕੇ ਆਪਣੀਆਂ ਹੀ ਧੀਆਂ/ਭੈਣਾਂ ਬਾਰੇ ਅਤਿ ਦੇ ਘਟੀਆਂ ਬੋਲਾਂ ਵਾਲੇ ਗੀਤਾਂ 'ਤੇ ਆਪ ਵੀ ਨੱਚਦੇ ਹਨ (ਪਤਾ ਨਹੀਂ ਪੰਜਾਬੀ ਗੀਤਕਾਰੀ ਵਿਚ ਇੰਨੇ ਘਟੀਆਂ ਗੀਤ ਲਿਖਣ ਵਾਲੀਆਂ ਕੰਜਰ ਕਲਮਾਂ ਕਿਵੇਂ ਪੈਦਾ ਹੋ ਗਈਆਂ? ਚੰਗਾ ਲਿਖਣ ਵਾਲਿਆਂ ਨੂੰ ਇਨ੍ਹਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ)। ਇਹ ਕਿਹੜਾ ਨਵਾਂ ਸਭਿਆਚਾਰ ਪੈਦਾ ਹੋ ਗਿਆ ਹੈ? ਕੀ ਇਸ ਨੇ ਸਮਾਜ ਅੰਦਰ ਵਿਗਾੜ ਨਹੀਂ ਪੈਦਾ ਕੀਤੇ? ਇਹ ਸੋਚਣਾ ਤਾਂ ਪਵੇਗਾ ਹੀ, ਹੋਰ ਕਿੰਨੀ ਕੁ ਦੇਰ ਉਡੀਕ ਕੀਤੀ ਜਾਵੇਗੀ? ਜੇ ਨੱਚਣਾ ਜ਼ਰੂਰੀ ਸਮਝਿਆ ਜਾਵੇ ਤਾਂ ਕੀ ਢੋਲ ਨਾਲ ਨਹੀਂ ਨੱਚਿਆ ਜਾ ਸਕਦਾ?

ਅਤਿ ਦਾ ਮਾੜਾ ਵਰਤਾਰਾ ਕਿ ਪਿਛਲੇ ਸਮੇਂ ਤੋਂ ਅਜਿਹੇ ਮੌਕਿਆਂ ਤੇ ਹਥਿਆਰਾ ਦੀ ਨੁਮਾਇਸ਼ ਨੇ ਬਹੁਤ ਲੋਕਾਂ ਦੀਆਂ ਜਾਨਾਂ ਲੈ ਲਈਆਂ, ਪਰਿਵਾਰ ਦਾ ਚੁੱਲ੍ਹਾ ਚਲਦਾ ਰੱਖਣ ਵਾਲੀਆਂ ਗਰੀਬ ਘਰਾਂ ਦੀਆਂ ਮਜਬੂਰੀਵਸ ਬਣੀਆਂ ਕਲਾਕਾਰ ਕੁੜੀਆਂ ਨੂੰ ਮਾਰਿਆ ਗਿਆ, ਅਣਭੋਲ ਬੱਚੇ ਹਥਿਆਰਾਂ ਦੀ ਨੁਮਾਇਸ਼ ਦਾ ਸ਼ਿਕਾਰ ਹੋ ਗਏ। ਘਰ-ਪਰਿਵਾਰ ਉਜੜ ਰਹੇ ਹਨ, ਮਾਵਾਂ ਦੀ ਗੋਦ ਖਾਲੀ ਕੀਤੀ ਜਾ ਰਹੀ ਹੈ। ਵਿਹੜਿਆਂ ਵਿਚ ਹਾਸਿਆਂ ਦੀ ਥਾਂ ਵੈਣ ਪੈ ਰਹੇ ਹਨ। ਹੁਣ ਇਨ੍ਹਾਂ ਮਾਸੜਾਂ, ਫੁੱਫੜਾਂ, ਮਾਮਿਆਂ ਦੇ ਨੱਥ ਪਾਉਣ ਦੀ ਲੋੜ ਹੈ। ਜਦੋਂ ਅਜਿਹੇ ਪਸ਼ੂ ਬਿਰਤੀ ਵਾਲੇ ਭੂਸਰ ਜਾਂਦੇ ਹਨ ਤਾਂ ਉਜਾੜਾ ਪੈਂਦਾ ਹੈ। ਪੰਜਾਬੀਓ! ਕਰੋ ਕੋਈ ਇਲਾਜ ਤੇ ਰੋਕੋ ਇਸ ਪੈ ਰਹੇ ਉਜਾੜੇ ਨੂੰ, ਤਾਂ ਕਿ ਹਾਸਿਆਂ ਵਾਲੇ ਵਿਹੜਿਆਂ ਵਿਚੋਂ ਵੈਣਾਂ ਦੀ ਰੁੱਤ ਖਤਮ ਹੋਵੇ। ਨਹੀਂ ਤਾਂ ਘਰਾਂ ਦੇ ਇਹ ਵਿਹੜੇ ਸੁੰਨੇ ਹੋ ਜਾਣਗੇ। ਵਿਆਹਾਂ ਵਿਚ ਹਥਿਆਰਾਂ ਦਾ ਕੀ ਕੰਮ? ਖੁਸ਼ੀ ਦੇ ਅਜਿਹੇ ਮੌਕੇ ਹਥਿਆਰ ਨਾਲ ਲੈ ਕੇ ਆਉਣ 'ਤੇ ਲਾਓ ਪਾਬੰਦੀ, ਮੈਰਿਜ ਪੈਲਸਾਂ ਵਾਲੇ ਕਿਉਂ ਨਾ ਇਸ ਲਈ ਜ਼ਿੰਮੇਵਾਰ ਹੋਣ ਜੋ ਥੱਬਾ ਰੁਪਈਆਂ ਦਾ ਲੈਂਦੇ ਹਨ? ਉਨ੍ਹਾਂ ਨੂੰ ਇਸ ਬਾਰੇ ਕਾਨੂੰਨੀ ਤੌਰ 'ਤੇ ਵੀ ਪਾਬੰਦ ਕਰਨਾ ਪਵੇਗਾ ਤਾਂ ਕਿ ਕੋਈ ਅਨਹੋਣੀ ਨਾ ਵਾਪਰੇ।

ਹੋਰ ਮਾੜਾ ਰਾਹ ਵੀ ਲੋਕਾਂ ਨੇ ਚੁਣਿਆਂ ਹੈ। ਘਰਾਂ ਦੇ ਵਿਹੜੇ ਇੰਨੇ ਛੋਟੇ ਤਾਂ ਅਜੇ ਨਹੀਂ ਹੋਏ, ਪਰ ਹੁਣ ਤਾਂ ਪੰਜਾਬ ਦੇ ਪਿੰਡਾਂ ਵਿਚ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਕੀਤੇ ਜਾਣ ਵਾਲੇ ਇਕੱਠ ਵੀ ਮੈਰਿਜ ਪੈਲਸਾਂ ਵਿਚ ਹੀ ਹੋਣ ਲੱਗ ਪਏ ਹਨ। ਇਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਦੁਖ ਦੇ ਅਜਿਹੇ ਸਮੇਂ ਕਿਉਂ ਅਜਾਈਂ ਆਰਥਿਕ ਬੋਝ ਥੱਲੇ ਆਇਆ ਜਾਵੇ। ਗੁਜ਼ਰ ਗਏ ਮਾਂ-ਬਾਪ ਨੂੰ ਸ਼ਰਧਾਂਜਲੀ ਪੇਸ਼ ਕਰਨ ਵਾਸਤੇ ਆਪਣਿਆਂ ਦੀ, ਸਕੇ ਸਬੰਧੀਆਂ ਤੇ ਰਿਸ਼ਤੇਦਾਰਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨਾਲ ਬੈਠ ਕੇ ਦੁੱਖ ਸਾਂਝਾ ਕੀਤਾ ਜਾਵੇ; ਪਰ ਹੁਣ ਬਹੁਤੇ ਥਾਈਂ ਤਾਂ ਸਿਆਸੀ ਲੀਡਰਾਂ ਦੀ ਉਡੀਕ ਕੀਤੀ ਜਾਂਦੀ ਹੈ। ਨਾ ਲੀਡਰ ਬਜ਼ੁਰਗਾਂ ਨੂੰ ਜਾਣੇ ਨਾ ਪਛਾਣੇ; ਬੱਸ ਵੋਟਾਂ ਇਕੱਠੀਆਂ ਹੋਈਆਂ ਵੇਖ ਲੀਡਰ ਵੀ ਆਪਣੇ ਲਾਮ-ਲਸ਼ਕਰ ਸਮੇਤ ਬੇਸ਼ਰਮਾਂ ਵਾਂਗ ਉਥੇ ਪਹੁੰਚ ਜਾਂਦੇ ਹਨ। ਲੋਕ ਉਨ੍ਹਾਂ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਸੱਦਾ ਦੇਣ ਵਾਲਾ ਪਰਿਵਾਰ ਵੀ ਉਸ ਇਕੱਠ ਵਿਚ 'ਪਿੰਡ ਦੇ ਵੱਗ ਵਿਚ ਬੂੜ੍ਹੀ ਦੀ ਵੱਛੀ' ਵਾਂਗ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ, ਇਸ ਤੋਂ ਵੱਧ ਕੁਝ ਵੀ ਨਹੀਂ। ਆਪਣੇ ਆਪ ਨੂੰ ਛੋਟਾ ਕਰਨ ਦਾ ਇਹ ਰਾਹ ਵੀ ਛੱਡਣਾ ਪਊ। ਆਪਣੇ ਹੱਥੀਂ ਆਪਣੀ ਹੀ ਕਦਰ ਘਟਾਈ ਜਚਦੀ ਨਹੀਂ।

ਲੋਕਾਂ ਨੂੰ ਸੋਚਣਾ ਪਵੇਗਾ। ਹੁਣ ਮੈਰਿਜ ਪੈਲਸਾਂ ਤੋਂ ਜੰਞ-ਘਰਾਂ ਵੱਲ ਮੁੜਨਾ ਹੀ ਪਵੇਗਾ ਤਾਂ ਕਿ ਆਪਣੇ ਵਿਰਸੇ ਨਾਲ ਵੀ ਜੁੜੇ ਰਹਿ ਸਕੀਏ ਅਤੇ ਝੂਠੀ ਸ਼ਾਨ ਖਾਤਰ ਕਰਜ਼ੇ ਚੁੱਕ ਚੁੱਕ ਕੇ ਧੀਆਂ ਦੇ ਵਿਆਹਾਂ ਦੇ ਕਾਰਜ ਨਿਭਾਏ ਜਾਣ ਕਰ ਕੇ ਚਾਦਰੋਂ ਬਾਹਰੇ ਪੈਰ ਪਸਾਰਨ ਤੋਂ ਬਾਅਦ ਆਪਣੀ ਕੀਤੀ ਮੂਰਖਤਾ ਉਤੇ ਪਛਤਾਉਣਾ ਨਾ ਪਵੇ ਅਤੇ ਕਈਆਂ ਨੂੰ ਆਤਮ ਹੱਤਿਆਵਾਂ ਨਾ ਕਰਨੀਆਂ ਪੈਣ। ਆਪਣੇ ਹੀ ਪਰਿਵਾਰਾਂ ਨੂੰ ਬੇਸਹਾਰਾ ਛੱਡ ਕੇ ਜੀਵਨ ਅਜਾਈਂ ਗੁਆ ਜਾਣ ਵਰਗੇ ਕਦਮ ਵੀ ਨਾ ਚੁੱਕਣੇ ਪੈਣ। ਇਸ ਕਠੋਰ ਮਜਬੂਰੀ ਤੱਕ ਪਹੁੰਚਣ ਦੇ ਕਾਰਨਾਂ ਦੀ ਨਿਸ਼ਾਨਦਹੀ ਹੀ ਨਾ ਕੀਤੀ ਜਾਵੇ, ਉਨ੍ਹਾਂ ਨੂੰ ਦੂਰ ਕਰਨ ਦੇ ਜਤਨ ਵੀ ਕੀਤੇ ਜਾਣੇ ਚਾਹੀਦੇ ਹਨ। ਇਸ ਬਾਰੇ ਕੋਈ ਸਾਂਝੀ ਸਮਾਜਿਕ ਲਹਿਰ (ਆਤਮ ਹੱਤਿਆਵਾਂ ਦੇ ਕਾਰਨ ਹੋਰ ਵੀ ਕਈ ਹਨ, ਪਰ ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ)। ਬਹਾਦਰ ਪੰਜਾਬੀਓ! ਇਸ ਲਾਅਨਤ ਤੋਂ ਬਚਣ ਦੇ ਹੀਲੇ ਸੋਚੋ। ਪਿੰਡਾਂ ਦੀਆਂ ਪੰਚਾਇਤਾਂ ਇਸ ਵਿਚ ਲੋਕਾਂ ਨੂੰ ਸਿਖਿਅਤ ਕਰ ਕੇ ਜਾਗਰੂਕ ਕਰਨ ਕਿ ਅਜਿਹੇ ਭਾਣੇ ਨਾ ਵਰਤਣ। ਵੈਣਾਂ ਤੋਂ ਛੁਟਕਾਰਾ ਮਿਲੇ, ਪਰ ਪੰਚਾਇਤਾਂ ਨੂੰ ਆਪਣੀ ਜ਼ਿੰਮੇਵਾਰੀ ਸਮਝ, ਅੱਗੇ ਹੋ ਕੇ ਅਜਿਹੀ ਸਮਾਜਿਕ ਲਹਿਰ ਦੀ ਅਗਵਾਈ ਕਰਨੀ ਪਵੇਗੀ।

ਪਿੰਡਾਂ ਵਿਚ ਨਵੇਂ ਜੰਞ ਘਰ ਉਸਾਰੇ ਜਾਣੇ ਚਾਹੀਦੇ ਹਨ। ਇਥੇ ਵਧੀਆ ਰਸੋਈ (ਕਿਚਨ) ਦਾ ਪ੍ਰਬੰਧ ਹੋਵੇ। ਜਿਸ ਨਾਲ ਮੈਰਿਜ ਪੈਲਸਾਂ ਵਿਚ ਵਰਤਾਈਆਂ ਜਾਂਦੀਆਂ ਖਾਣੇ ਦੀਆਂ ਮਹਿੰਗੀਆਂ ਥਾਲ਼ੀਆਂ ਤੋਂ ਛੁਟਕਾਰਾ ਮਿਲੇਗਾ। ਇਸ ਕਾਰਜ ਵਾਸਤੇ ਆਰਥਿਕ ਪੱਖੋਂ ਕਮਜ਼ੋਰ ਪੰਚਾਇਤਾਂ ਨੂੰ ਸਰਕਾਰ ਵਲੋਂ ਹਰ ਹੀਲੇ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ; ਖੈਰਾਤ ਸਮਝ ਕੇ ਨਹੀਂ, ਇਹ ਲੋਕਾਂ ਦਾ ਹੱਕ ਹੈ। ਐਨ.ਆਰ.ਆਈ. ਹੁਣ ਲੋਕਾਂ ਨੂੰ ਇਸ ਪਾਸੇ ਪ੍ਰੇਰਨ ਤਾਂ ਕਿ ਲੋਕ ਆਵਾਗੌਣ ਖਰਚਿਆਂ ਤੋਂ ਬਚ ਸਕਣ। ਜੰਞ ਘਰਾਂ ਵਲ ਮੁੜਨਾ ਪਿਛਾਂਹ ਮੁੜਨ ਦਾ ਕਦਮ ਨਹੀਂ ਦੇਖਿਆ ਜਾਣਾ ਚਾਹੀਦਾ, ਇਹ ਵਧੀਆ ਭਵਿਖ ਦਾ ਰਾਹ ਬਣ ਸਕਦਾ ਹੈ ਜਿਸ ਨਾਲ ਪਿੰਡਾਂ ਵਿਚ ਫਿਰ ਤੋਂ ਪਹਿਲਾਂ ਵਰਗੀ ਸਾਂਝ ਬਣੇਗੀ। ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਅਜਿਹੇ ਕਾਰਜਾਂ ਵਾਸਤੇ ਵੱਡੇ ਕਰਜ਼ੇ ਨਹੀਂ ਚੁੱਕਣੇ ਪੈਣਗੇ, ਉਨ੍ਹਾਂ ਲਈ ਵੱਡੀ ਰਾਹਤ ਹੋਵੇਗੀ। ਗਰੀਬ ਜਾਂ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਤੋਂ ਜੰਞ ਘਰਾਂ ਦੇ ਵਰਤਣ ਵਾਲੇ ਸਮੇਂ ਘੱਟ ਤੋਂ ਘੱਟ ਪੈਸੇ ਵਸੂਲੇ ਜਾਣ (ਜੇ ਹੋ ਸਕੇ, ਨਾ ਹੀ ਲਏ ਜਾਣ)। ਇਸ ਬਾਰੇ ਸੋਚਿਆ ਜਾਵੇ ਤਾਂ ਸੁਖਾਵਾਂ ਰਾਹ ਜ਼ਰੂਰ ਨਿਕਲ ਆਵੇਗਾ।

ਅੱਜ ਹਾਲਤ ਦੇਖਦੇ ਹਾਂ ਤਾਂ ਮਨ ਮਸੋਸ ਜਾਂਦਾ ਹੈ ਕਿ ਕੀ ਹੋ ਗਿਆ ਸਾਡੇ ਸਮਾਜੀ ਤਾਣੇ ਬਾਣੇ ਨੂੰ, ਕਿੰਨੇ ਫਿੱਕੇ ਹੋ ਗਏ ਹਨ ਸਾਡੇ ਸਮਾਜੀ ਰਿਸ਼ਤੇ? ਇਨ੍ਹਾਂ 'ਚੋਂ ਗੁਆਚ ਗਿਆ ਮੋਹ-ਪਿਆਰ, ਅਸੀਂ ਆਪਣਿਆਂ ਵਿਚ ਹੀ ਬੇਗਾਨੇ ਹੋ ਗਏ ਨਜ਼ਰ ਆ ਰਹੇ ਹਾਂ। ਉਚੇ ਕੱਦਾਂ ਦੀ ਝੂਠੀ ਸ਼ਾਨੋ-ਸ਼ੌਕਤ ਵਾਲੀ ਦੁਹਾਈ ਪਿੱਟਣ ਵਾਲੇ ਹੁਣ ਬੌਣੇ ਨਜ਼ਰ ਆਉਂਦੇ ਹਨ। ਬੌਣੇ ਹੀ ਆਪਣੇ ਆਪ ਨੂੰ ਸਮਾਜ ਦੇ ਆਗੂ ਸਮਝਦੇ ਹਨ। ਇਹ ਅੱਜ ਦਾ ਸਭ ਤੋਂ ਵੱਡਾ ਦੁਖਾਂਤ ਹੈ ਜਿਸ ਦਾ ਅੰਤ ਹੋਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਸਾਧਾਰਨ ਲੋਕ ਵੀ ਆਪਣੇ ਸਮਾਜਿਕ ਕਾਰਜਾਂ ਦਾ ਆਨੰਦ ਮਾਣ ਸਕਣ।

ਦਾਜ ਦੀ ਲਾਅਨਤ ਵੀ ਸਮਾਜ ਨੂੰ ਬਰਬਾਦ ਕਰ ਰਹੀ ਹੈ; ਆਖਰ ਵਿਚ ਇਹ ਬੇਨਤੀ ਬਚਦੀ ਹੈ ਜੋ ਕੀਤੀ ਜਾ ਸਕਦੀ ਹੈ: "ਪੰਜਾਬੀਉ! ਆਪਣੇ ਪੁੱਤ ਵੇਚਣੇ ਬੰਦ ਕਰ ਦਿਉ ਤਾਂ ਕਿ ਪੰਜਾਬ ਦੀਆਂ ਧੀਆਂ-ਭੈਣਾਂ ਤੇ ਮਾਪੇ ਸੁਖੀ ਵਸ ਸਕਣ।"






***ਵਿਆਹ ਹੁਣ ਵਿਆਹ ਨਹੀਂ, ਮੰਡੀ ਦਾ ਮਾਲ ਬਣ ਗਏ ਹਨ। ਅਫਸੋਸ ਨਾਲ ਕਹਿਣਾ ਪੈਂਦਾ ਕਿ ਸੌਦੇ ਹੁੰਦੇ ਹਨ, ਪੁੱਤਾਂ ਦੇ ਵੀ, ਧੀਆਂ ਦੇ ਵੀ। ਦਾਜ ਦਾ ਸਰੂਪ ਅਸਲੋਂ ਹੀ ਬਦਲ ਗਿਆ ਹੈ। ਦਾਜ ਦੇ ਲੋਭੀ ਧੀਆਂ ਦੇ ਮਾਪਿਆਂ ਦਾ ਰੁੱਗ ਭਰ ਕੇ ਕਾਲ਼ਜਾ ਕੱਢਦੇ ਹਨ, ਪਰ ਜ਼ਾਲਮ ਸੀਅ ਵੀ ਨਹੀਂ ਕਰਨ ਦਿੰਦੇ। ਲੋਕ, ਪੜ੍ਹੀਆਂ ਲਿਖੀਆਂ ਨੂੰਹਾਂ ਦੇ ਆਸਰੇ ਬਹੁਤ ਸਾਰੇ ਨਾਲਾਇਕ ਪੁੱਤਰਾਂ ਨੂੰ ਪਰਦੇਸਾਂ ਵਿਚ 'ਫਿੱਟ' ਕਰ ਰਹੇ ਹਨ। ਫਿਰ ਵੀ ਲੱਤ ਮੁੰਡੇ ਵਾਲਿਆਂ ਦੀ ਹੀ ਉਪਰ ਰਹਿੰਦੀ ਹੈ। ਕਿਉਂ?***

## ਮਿੰਨੀ ਕਹਾਣੀਆਂ

### ਬਰਾਬਰ ਸਿੱਖਿਆ

ਮੈਂ ਆਪਣੀ ਛੇ ਕੁ ਸਾਲ ਦੀ ਬੇਟੀ ਨੂੰ ਪਿੰਡ ਦੇ ਸਰਕਾਰੀ ਸਕੂਲ 'ਚ ਦਾਖਲ ਕਰਵਾਉਣ ਚੱਲਿਆ ਸਾਂ। ਰਸਤੇ ਵਿਚ ਮਹਿਲ ਨੁਮਾ ਪਬਲਿਕ ਸਕੂਲ ਵੇਖਦਿਆਂ ਬੇਟੀ ਬੋਲੀ, "ਪਾਪਾ, ਸਕੂਲ ਤਾਂ ਨੇੜੇ ਹੀ ਹੈ।" ਮੈਂ ਕਿਹਾ, "ਇਹ ਸਕੂਲ ਕੁਝ ਰਾਖਵੇਂ ਲੋਕਾਂ ਲਈ ਹੈ।"

ਰਾਖਵੇਂ ਸ਼ਬਦ ਦੇ ਮੇਰੇ ਮਤਲਬ ਤੋਂ ਅਣਜਾਣ ਉਹ ਬੋਲੀ, "ਕੀ ਆਪਾਂ ਦਲਿਤ ਰਾਖਵੇਂ ਨਹੀਂ?" ਮੈਂ ਉਸ ਦਾ ਧਿਆਨ ਹਟਾਉਣ ਲਈ ਕਿਹਾ, "ਪੁੱਤ, ਇਹ ਟੈਸਟ ਵੀ ਲੈਣਗੇ।"

ਉਹ ਝੱਟ ਬੋਲੀ, "ਅਧਿਆਪਕ ਮੈਨੂੰ ਪੜ੍ਹਾਉਣ ਤਾਂ ਸਹੀ, ਟੈਸਟ ਮੈਂ ਪਾਸ ਕਰ ਲਵਾਂਗੀ।" ਸੁਣ ਕੇ ਮੇਰੀਆਂ ਅੱਖਾਂ ਅੱਗੇ 'ਹਰ ਬੱਚੇ ਲਈ ਬਰਾਬਰ ਸਿੱਖਿਆ ਦਾ ਹੱਕ' ਸ਼ਬਦ ਘੁੰਮਣ ਲੱਗੇ। ਮੈਂ ਕੋਈ ਉਤਰ ਨਾ ਦੇ ਸਕਿਆ।

***-ਰਾਕੇਸ਼ ਰੀਤਾ***

---

### ਸਾਂਝੇ ਮਾਪੇ

ਕਲੀਨਿਕ ਜਾ ਕੇ ਮਰੀਜ ਵੱਧ ਬੀਮਾਰ ਮਹਿਸੂਸ ਕਰਨ ਲਗਦਾ ਹੈ, ਬਲੱਡ ਪ੍ਰੈਸ਼ਰ ਠੀਕ ਹੋਣ ਦੇ ਬਾਵਜੂਦ ਉਥੇ ਬੈਠਿਆਂ ਵੱਧ ਜਾਂਦਾ ਹੈ। ਡਾ. ਮੁਹੰਮਦ ਰਜਾ ਜਿਥੇ ਦਵਾਈ ਲਿਖ ਕੇ ਦਿੰਦੇ, ਨਾਲ ਹੀ ਤਾਈਦ ਕਰਦੇ, "ਏਹਨੂੰ ਸਮੇਂ ਸਿਰ ਖਾ ਲਈਂ, ਅਸਰ ਤਾਂ ਹੀ ਕਰਨਾ!"

ਸਹਿਜਦੀਪ ਦਾ ਚੈਕਅਪ ਕਰਦੀ ਨਰਸ ਕਮਲਪ੍ਰੀਤ ਕਹਿ ਰਹੀ ਸੀ, "ਜੇ ਇੰਜਣ ਦੀ ਮੁਰਮੰਤ ਸਮੇਂ ਸਿਰ ਨਾ ਹੋਵੇ ਤਾਂ ਕਈ ਨੁਕਸ ਪੈ ਜਾਂਦੇ ਹਨ। ਇਸੇ ਤਰ੍ਹਾਂ ਜੇ ਸਾਡੇ ਸਰੀਰ ਦਾ ਸਮੇਂ ਸਿਰ ਇਲਾਜ ਨਾ ਕੀਤਾ ਤਾਂ ਸਾਡਾ ਹਾਲ ਵੀ ਉਸ ਇੰਜਣ ਵਰਗਾ ਹੋਵੇਗਾ ਜਿਸ ਨੂੰ ਮਕੈਨਿਕ ਵੀ ਬਣਾਉਣ ਤੋਂ ਅਸਮਰਥਾ ਪ੍ਰਗਟ ਕਰਦਾ ਹੈ।"

ਸਹਿਜਦੀਪ ਨੂੰ ਆਪਣੇ ਕਿਰਲੋਸਕਰ ਇੰਜਣ ਦਾ ਚੇਤਾ ਆ ਗਿਆ ਜੋ ਸ਼ਰੀਕੇ ਨਾਲ ਸਾਂਝਾ ਸੀ। ਕੋਈ ਉਸ ਵੱਲ ਧਿਆਨ ਨਹੀਂ ਦਿੰਦਾ ਸੀ, ਛੋਟੇ ਜਿਹੇ ਨੁਕਸ ਤੋਂ ਵੱਡਾ ਨੁਕਸ ਪੈ ਗਿਆ ਤੇ ਉਸ ਦੀ ਕਿਸੇ ਕੋਲੋਂ ਵੀ ਮੁਰਮੰਤ ਨਾ ਹੋਈ। ਇਸ ਤਰ੍ਹਾਂ ਦਾ ਹਾਲ ਸਾਡੇ ਮਾਪਿਆਂ ਦਾ ਹੋ ਰਿਹਾ ਹੈ-ਵੱਡਾ ਮੁੰਡਾ ਕਹਿੰਦਾ, ਛੋਟਾ ਦਵਾਈ ਲਿਆ ਕੇ ਦੇਵੇ ਤੇ ਛੋਟਾ ਵੱਡੇ ਨੂੰ ਕਹੀ ਜਾਂਦਾ। ਮਾਪੇ ਤਾਂ ਮਾਪੇ ਨੇ ਪਰ ਅਸੀਂ ਉਸ ਸਾਂਝੇ ਇੰਜਣ ਵਾਂਗ ਮਾਂ-ਪਿਉ ਨੂੰ ਵੀ ਸਾਂਝੇ ਮਾਪੇ ਬਣਾ ਲਿਆ।

ਕਮਲਪ੍ਰੀਤ ਨੇ ਬਲੈਡ ਪ੍ਰੈਸ਼ਰ ਤੇ ਸ਼ੂਗਰ ਵੀ ਬਾਰਡਰ ਲਾਈਨ 'ਤੇ ਦੱਸੀ। ਸਹਿਜਦੀਪ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ ਕਿ ਕਦੋਂ ਡਾਕਟਰ ਸਾਬ੍ਹ ਦੁਬਾਰਾ ਚੈਕਅਪ ਕਰਨ।

***-ਪਰਵਿੰਦਰ ਸਿੰਘ ਢਿਲੋਂ***
***ਫੋਨ: 516-234-8545***

ੴ ਸਤਿਗੁਰ ਪ੍ਰਸਾਦਿ॥

ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ

# ਸ਼ਹੀਦੀ ਸਮਾਗਮ




## ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ (ਸ਼ਹੀਦੀ 7 ਦਸੰਬਰ 1705)

**16 ਦਸੰਬਰ 2017, ਸਨਿਚਰਵਾਰ**

ਸ਼ਾਮ 6 ਤੋਂ 8 ਵਜੇ ਤੱਕ ਬੱਦੋਵਾਲ ਵਾਲੀਆਂ ਬੀਬੀਆਂ ਢਾਡੀ ਵਾਰਾਂ ਪੇਸ਼ ਕਰਨਗੀਆਂ

**17 ਦਸੰਬਰ 2017, ਐਤਵਾਰ**

ਭੋਗ ਸ੍ਰੀ ਅਖੰਡ ਪਾਠ ਸਾਹਿਬ। ਉਪਰੰਤ ਕੀਰਤਨ ਸਮਾਗਮ 12 ਤੋਂ 2 ਵਜੇ ਤੱਕ ਬੱਦੋਵਾਲ ਵਾਲੀਆਂ ਬੀਬੀਆਂ ਢਾਡੀ ਵਾਰਾਂ ਪੇਸ਼ ਕਰਨਗੀਆਂ

## ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ (ਸ਼ਹੀਦੀ 12 ਦਸੰਬਰ 1705)

ਗੁਰੂ ਕਾ ਲੰਗਰ ਅਤੁੱਟ ਵਰਤੇਗਾ

**23 ਦਸੰਬਰ 2017, ਸਨਿਚਰਵਾਰ**

ਸ਼ਾਮ 6 ਤੋਂ 8 ਵਜੇ ਤੱਕ ਬੱਦੋਵਾਲ ਵਾਲੀਆਂ ਬੀਬੀਆਂ ਵਲੋਂ ਢਾਡੀ ਵਾਰਾਂ

**24 ਦਸੰਬਰ 2017, ਐਤਵਾਰ**

ਭੋਗ ਸ੍ਰੀ ਅਖੰਡ ਪਾਠ ਸਾਹਿਬ। ਉਪਰੰਤ ਕੀਰਤਨ ਸਮਾਗਮ
ਦੁਪਹਿਰ 12 ਤੋਂ 2 ਵਜੇ ਤੱਕ ਬੱਦੋਵਾਲ ਵਾਲੀਆਂ ਬੀਬੀਆਂ ਵਲੋਂ ਢਾਡੀ ਵਾਰਾਂ

ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ

ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ

**Sikh Religious Society of North West Indiana**

10005 Colorado St, Crown Point, IN 46307, Ph: 219-793-9446